31 ਅਕਤੂਬਰ-ਦਸੰਬਰ, 2013

ISSN 2321- 4449


# ਕਹਾਣੀ ਧਾਰਾ



ਮੁੱਲ : 30/-

Year: 8 Issue No. 31
'KAHANI DHARA'(PUNJABI QUARTERLY) Oct.-Dec., 2013 R.N.I. Regd No. PUN PUN 2006 / 19971



## ਪਰਵਾਜ਼ ਪ੍ਰਕਾਸ਼ਨ ਦੀਆਂ ਬਿਲਕੁਲ ਨਵੀਆਂ ਛਪੀਆਂ ਪੁਸਤਕਾਂ





ਮੁੱਲ: 340 ਰੁਪਏ, ਪੰਨੇ: 336




ਮੁੱਲ: 150 ਰੁਪਏ, ਪੰਨੇ: 144




ਮੁੱਲ: 180 ਰੁਪਏ, ਪੰਨੇ: 144




ਮੁੱਲ: 160 ਰੁਪਏ, ਪੰਨੇ: 112

ਪਰਵਾਜ਼ ਪ੍ਰਕਾਸ਼ਨ
Parwaz Parkashan
ਪਤਾ: ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-6
ਫੋਨ: 94170-64350
E.mail:
parwazparkashan@gmail.com
Mob. 94170-64350

*ਅਕਤੂਬਰ-ਦਸੰਬਰ, 2013 ਅੰਕ : 31*

KAHANI DHARA (Punjabi Quarterly)
R.N.I.Regd No.PUN PUN/2006/19971
ISSN 2321-4449

e-mail:
kahanidhara@gmail.com
kahani_dhara@yahoo.co.in
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
***KAHANI DHARA***
Vill. Dharampur, P.O. Khambra,
Distt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:30 ਰੁ.,10 ਅੰਕ:300 ਰੁ.,**
**10 ਅੰਕ: ਡਾਲਰ:35, ਤੇ ਪੌਂਡ: 30**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kishanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਅਕਤੂਬਰ, 2013)

ਅੰਦਰ ਪੜ੍ਹੋ:

**ਸੰਪਾਦਕੀ :**
ਨਵੇਂ ਰਸਤੇ ਦੀ ਤਲਾਸ਼ ਵਿਚ ਪੰਜਾਬੀ ਕਹਾਣੀ-2
**ਕਹਾਣੀਆਂ**
1. ਰੀਮਾ/ - ਸਰੂਪ ਸਿਆਲਵੀ-3
ਦੁਰਯੋਧਨ ਦਾ ਰਾਜ/
- ਮੋਹਨ ਲਾਲ ਫ਼ਿਲੌਰੀਆ-10
2. ਚਾਰ ਆਸ਼ਰਮ/
- ਜਸਵੀਰ ਕਲਸੀ-15
3. ਕੰਧ ਤੇ ਲਿਖਿਆ ਲਫ਼ਜ਼ /
-ਮਹਿੰਦਰ ਸਿੰਘ ਤਤਲਾ-21
4. ਅਣਸੁਣੀ ਚੀਕ /
- ਲਖਵੀਰ ਚੰਦ-41
5. ਲੌਂਗ ਡਰਾਈਵ /
- ਐਚ ਐਸ ਡਿੰਪਲ-45
**ਯਾਦਾਂ :**
ਲੂਟ ਸਕੇ ਤੋ ਲੂਟ ਲੇ.../ - ਬਲੀਜੀਤ-55

**ਜਨ ਬੋਧ**
ਮੁਲਾਕਾਤ :
"ਜ਼ਿੰਦਗੀ ਹੀ ਹੈ ਸਭ ਤੋਂ ਵੱਡਾ ਪ੍ਰੇਰਨਾ ਸਰੋਤ"
-ਗੈਬ੍ਰਿਅਲ ਗਾਰਸਿਆ ਮਾਰਖੇਜ਼-58

**ਆਲੋਚਨਾ :**
1. ਪੂੰਜੀਵਾਦੀ ਦੌਰ 'ਚ 'ਖੇਤਾਂ ਦਾ ਰੁਦਨ' /- ਡਾ. ਅੰਮ੍ਰਿਤਪਾਲ ਕੌਰ-64
2. ਕਰੂਰ ਯਥਾਰਥ ਦੇ ਰੂਬਰੂ : 'ਮੇਰਾ ਬਚਪਨ ਮੇਰੇ ਮੋਢੇ'/- ਐਚ ਐਸ ਡਿੰਪਲ-66
3. ਦੇਹ ਜੇ ਜ਼ਸਨ ਤੇਨੈਤਿਕਤਾ ਦੇ ਘਾਣ ਦਾ ਬਿਰਤਾਂਤ-ਅੰਗਾਰ-ਸੰਤੋਖ ਸਿੰਘ ਸੁੱਖੀ-80
4. ਬਹੁਪਾਸਾਰੀ ਕਥਾ ਬੋਧ : ਖ਼ੁਸ਼ਕ ਅੱਖ ਦਾ ਖ਼ਾਬ/ - ਡਾ. ਮਿਨਾਕਸ਼ੀ ਰਾਠੌਰ-84
5. ਆਫੀਆ ਸਦੀਕੀ ਦਾ ਜੇਹਾਦ /
-ਜਸਵੰਤ ਰਾਏ (ਡਾ.)-90

**ਪੁਸਤਕ ਪੜਚੋਲ :**

- ਭਗਵੰਤ ਰਸੂਲਪੁਰੀ-93

**ਟਾਇਟਲ ਪੇਟਿੰਗ: ਪੁਨੀਤ ਦੁਸਾਂਝ, ਜਲੰਧਰ 90414-59767**



ਸੰਪਾਦਕੀ

# ਨਵੇਂ ਰਸਤੇ ਦੀ ਤਲਾਸ਼ ਵਿਚ ਪੰਜਾਬੀ ਕਹਾਣੀ

ਪਿਛਲੇ ਪੰਜ-ਸੱਤ ਸਾਲ ਤੋਂ ਪੰਜਾਬੀ ਕਹਾਣੀ ਖੜੋਤ ਵਿਚ ਆ ਗਈ ਹੈ। ਇੰਝ ਲੱਗਣ ਲੱਗ ਪਿਆ ਹੈ ਪੰਜਾਬੀ ਕਹਾਣੀ ਆਪਣੇ ਆਪ ਨੂੰ ਦੁਹਰਾਉਣ ਲੱਗ ਪਈ ਹੈ। ਪੰਜਾਬੀ ਕਹਾਣੀਕਾਰ ਦਵੰਦ ਦਾ ਸ਼ਿਕਾਰ ਹੋ ਗਏ ਹਨ ਕਿ ਹੁਣ ਨਵਾਂ ਕੀ ਲਿਖਿਆ ਜਾਵੇ। ਇਸ ਦਵੰਧ ਵਿਚ ਮੇਰੇ ਸਮੇਤ ਹੋਰ ਲੇਖਕ ਫਸ ਗਏ ਹਨ, ਜਿਸ ਕਾਰਨ ਅਨੇਕਾਂ ਕਹਾਣੀਕਾਰ ਚੁੱਪ ਕਰ ਕੇ ਬੈਠ ਗਏ ਹਨ। ਪਿਛਲੇ ਤਿੰਨ ਸਾਲ ਵਿਚ ਤਾਂ ਕੋਈ ਵੀ ਮਾਰਕੇ ਵਾਲੀ ਕਹਾਣੀ ਸਾਹਮਣੇ ਹੀ ਨਹੀਂ ਆਈ, ਜਿਸ ਦੀ ਹਰ ਕੋਈ ਤਰੀਫ ਤੇ ਗੱਲ ਕਰਦਾ। ਪਾਠਕ ਘਸ ਚੁੱਕੀ ਪੇਂਡੂ, ਖਾਸ ਕਰਕੇ ਕਿਸਾਨੀ ਕਹਾਣੀ ਪੜ੍ਹ ਪੜ੍ਹ ਕੇ ਅੱਕ ਗਏ ਹਨ। ਪਰਵਾਸੀ ਕਹਾਣੀ ਵੀ ਆਪਣੇ ਆਪ ਨੂੰ ਦੁਹਰਾਉਣ ਲੱਗ ਪਈ ਹੈ। ਦਲਿਤ ਕਹਾਣੀ ਵਿਚ ਸੱਜਰੇ ਵਿਸ਼ਿਆ ਦੀ ਬਹੁਤ ਘਾਟ ਰੜਕਣ ਲੱਗ ਪਈ ਹੈ। ਪੰਜਾਬੀ ਵਿਚ ਕੋਈ ਲਹਿਰ ਨਹੀਂ ਚੱਲ ਰਹੀ ਜਿਸ ਤੋਂ ਪ੍ਰਭਾਵਿਤ ਹੋ ਕੇ ਕਹਾਣੀਕਾਰ ਉਸ ਤ੍ਰਾਸਦੀ ਨੂੰ ਕਹਾਣੀ ਵਿਚ ਲਿਖਦਾ। ਪੰਜਾਬ ਦੇ ਵੱਡੇ ਸ਼ਹਿਰਾਂ ਦੀ ਮਾਨਸਿਕਤਾ ਨੂੰ, ਉਥੇ ਰਹਿ ਰਹੀ ਨਵੀਂ ਪੀੜ੍ਹੀ ਦੇ ਕਲਚਰ ਨੂੰ ਸਾਡੇ ਪੁਰਾਣੇ ਕਹਾਣੀਕਾਰ ਜਾਂ ਮੇਰੀ ਪੀੜ੍ਹੀ ਦੇ ਕਹਾਣੀਕਾਰ ਐਨੀ ਸਿੱਦਤ ਨਾਲ ਫੜ੍ਹਨੋਂ ਕਤਰਾਉਂਦੇ ਹਨ ਜਾਂ ਉਨ੍ਹਾਂ ਦੇ ਇਹ ਵਰਤਾਰਾ ਸਮਝ ਵਿਚ ਨਹੀਂ ਆ ਰਿਹਾ। ਇਸ ਪੀੜ੍ਹੀ ਵਿਚੋਂ ਕੋਈ ਕਹਾਣੀਕਾਰ ਉੱਠ ਨਹੀਂ ਰਿਹਾ।

ਮੈਨੂੰ ਲੱਗਦਾ ਹੈ ਪੰਜਾਬੀ ਕਹਾਣੀ ਵਿਚ ਵਰਜਿਤ ਰਿਸ਼ਤਿਆਂ ਨੂੰ ਲੈ ਕੇ ਕਹਾਣੀ ਦਾ ਰੁਝਾਨ ਵਧੇਗਾ। ਪਿਓ-ਧੀ, ਭੈਣ-ਭਰਾ, ਸਹੁਰਾ-ਨੂੰਹ, ਦਿਓਰ-ਭਰਜਾਈ, ਜੇਠ-ਛੋਟੀ ਭਰਜਾਈ, ਪ੍ਰੇਮੀ-ਪ੍ਰੇਮਿਕਾ ਨੂੰ ਦੇ ਵਰਜਿਤ ਸਬੰਧਾਂ ਨੂੰ ਲੈ ਕੇ ਪੰਜਾਬੀ ਵਿਚ ਵੱਡੀ ਪੱਧਰ ਤੇ ਕਹਾਣੀ ਲਿਖੀ ਜਾਵੇਗੀ। ਨੈਤਿਕਤਾ ਦੀ ਦੁਹਾਈ ਪਾ ਕੇ ਸਾਡੇ ਪਹਿਲੀ ਪੀੜ੍ਹੀ ਦੇ ਕਹਾਣੀਕਾਰ ਇਨ੍ਹਾਂ ਰਿਸ਼ਤਿਆ ਦੇ ਇਰਦ-ਗਿਰਦ ਰਚੀ ਕਹਾਣੀ ਨੂੰ ਨਿੰਦਦੇ ਰਹੇ ਹਨ। ਇਨ੍ਹਾਂ ਰਿਸ਼ਤਿਆਂ ਦੀਆਂ ਜੜ੍ਹਾਂ ਸਾਡੇ ਮਿਥਿਹਾਸ ਤੇ ਇਤਿਹਾਸ ਦੇ ਗਰਭ ਵਿਚ ਪਈਆਂ ਹਨ। 'ਕਹਾਣੀ ਧਾਰਾ' ਦੇ ਇਸ ਅੰਕ ਵਿਚ ਪੰਜਾਬੀ ਦੇ ਕਹਾਣੀਕਾਰਾਂ ਨੇ ਇਨ੍ਹਾਂ ਰਿਸ਼ਤਿਆਂ ਨੂੰ ਲੈ ਕੇ ਵਰਜਿਤ ਸਬੰਧਾਂ ਦੀਆਂ ਕਹਾਣੀਆਂ ਲਿਖੀਆਂ ਹਨ। ਇਹ ਰਿਸ਼ਤੇ ਸਮਾਜ ਤੇ ਸਾਡੀ ਨੈਤਿਕਤਾ ਵਿਚ ਹਲਚਲ ਪੈਦਾ ਕਰਨ ਵਾਲੇ ਹਨ। ਪੂੰਜੀਵਾਦ ਦੇ ਇਸ ਦੌਰ ਵਿਚ ਪੰਜਾਬੀ ਮਾਨਸਿਕਤਾ 'ਚ ਢੇਰ ਸਾਰੀ ਤਬਦੀਲੀ ਆਈ ਹੈ। ਨੈਤਿਕਤਾ ਦੇ ਮਾਪਦੰਡ ਵੀ ਟੁੱਟ ਰਹੇ ਹਨ। ਅੱਜ ਦਾ ਪ੍ਰੇਮੀ ਨਾ ਤਾ ਹੀਰ-ਰਾਂਝੇ ਵਾਲਾ ਇਸ਼ਕ ਕਰਦਾ ਹੈ ਨਾ ਹੀ ਪਿਓ, ਭਰਾ, ਸਹੁਰਾ, ਜੇਠ, ਪ੍ਰੇਮੀ ਪੰਜਾਬੀਅਤ ਦੇ ਸੱਚੇ ਤੇ ਸੁੱਚੇ ਰਿਸ਼ਤੇ ਰੱਖਣੇ ਚਾਹੁੰਦੇ ਹਨ। ਬੰਦੇ ਦੀ ਮਾਨਸਿਕਤਾ ਦੇ ਬਦਲਣ ਦੇ ਕੀ ਕਾਰਨ ਹਨ?, ਉਨ੍ਹਾਂ ਪਿਛੇ ਕਿਹੜੀਆਂ ਸ਼ਕਤੀਆਂ ਕਾਰਜਸ਼ੀਲ ਹਨ?, ਔਰਤ ਅੰਦਰ ਬੈਠੀ ਔਰਤ ਦੇ ਕਿੰਨੇ ਕੁ ਰੂਪ ਹਨ? ਇਨ੍ਹਾਂ ਸਾਰੇ ਮੁੱਦਿਆਂ ਨੂੰ ਅਜੇ ਪੰਜਾਬੀ ਕਹਾਣੀਕਾਰਾਂ ਨੇ ਫੜ੍ਹਨਾ ਹੈ। ਵਰਜਿਤ ਰਿਸ਼ਤਿਆਂ ਦੇ ਇਸ ਰੁਝਾਨ ਨੂੰ ਕਿੰਨੀ ਕੁ ਮਾਨਤਾ ਮਿਲਦੀ ਹੈ ਇਹ ਗੱਲ ਇਤਿਹਾਸ ਦੇ ਗਰਭ ਵਿਚ ਹੈ।

ਹਿੰਦੀ ਸਾਹਿਤਕ ਜਗਤ ਵਿਚ ਦਬੰਗ ਲੇਖਕ **ਰਜਿੰਦਰ ਯਾਦਵ** ਪਿਛਲੇ ਦਿਨੀਂ ਵਿਛੋੜਾ ਦੇ ਗਏ ਹਨ। ਹਿੰਦੀ ਸਾਹਿਤ ਵਿਚ ਨਾਰੀਵਾਦ ਅਤੇ ਦਲਿਤਵਾਦ ਨੂੰ 'ਹੰਸ' ਪਰਚੇ ਰਾਹੀਂ ਦਲੇਰੀ ਨਾਲ ਉਭਾਰਨ ਵਿਚ ਯਾਦਵ ਦਾ ਅਹਿਮ ਯੋਗਦਾਨ ਹੈ। 'ਭਵਿੱਖ 'ਚ 'ਹੰਸ' ਦਾ ਵੀ ਉਹ ਮਿਆਰ ਨਹੀਂ ਰਹੇਗਾ। ਜੇਕਰ ਯਾਦਵ ਇਹ ਉਪਰਾਲਾ ਨਾ ਕਰਦਾ ਤਾਂ ਸਾਇਦ ਹਿੰਦੀ ਦੇ ਬਹੁਤ ਸਾਰੇ ਦਲਿਤ ਲੇਖਕ ਅਤੇ ਨਾਰੀ ਲੇਖਿਕਾਵਾਂ ਐਨੀ ਵੱਡੀ ਪੱਧਰ ਤੇ ਉਭਰ ਨਾ ਸਕਦੀਆਂ। ਤ੍ਰਸਦੀ ਇਹ ਹੈ ਕਿ ਯਾਦਵ ਦੇ ਵਿਛੋੜਾ ਬਾਰੇ 'ਜਨਸੱਤਾ' ਨੂੰ ਛੱਡ ਕੇ ਕਿਸੇ ਵੀ ਅਖ਼ਬਾਰ ਨੇ ਅਹਿਮੀਅਤ ਨਹੀਂ ਦਿੱਤੀ। ਕਿਉਂਕਿ ਉਹ ਹਿੰਦੀ ਕੱਟੜਵਾਦ ਅਤੇ ਸਾਹਿਤ ਦੇ ਜਥੇਦਾਰਾਂ, ਸਾਹਿਤਕ ਅਦਾਰਿਆ ਬਾਰੇ ਦਲੇਰੀ ਨਾਲ ਲਿਖਦਾ ਸੀ। ਇਸੇ ਦਲੇਰੀ ਨੇ ਉਸ ਨੂੰ ਭਾਰਤ ਦੇ ਵੱਡੇ ਐਵਾਰਡਾ ਤੋਂ ਦੂਰ ਕਰ ਦਿੱਤਾ। ਚੌਥੇ ਦਰਜੇ ਦੇ ਅਕੈਡਮੀ, ਗਿਆਨਪੀਠ ਜੇਤੂ ਐਵਾਰਡ ਲੇਖਕਾਂ ਤੋਂ ਯਾਦਵ ਦਾ ਕੱਦ ਬਹੁਤ ਵੱਡਾ ਹੈ।

**- ਭਗਵੰਤ ਰਸੂਲਪੁਰੀ**

## ਕਹਾਣੀ / ਰੀਮਾ/ - ਸਰੂਪ ਸਿਆਲਵੀ

ਅੰਤ ਅਖੀਰ ਨੂੰ ਸਧਾਰਨ ਜਿਹੀ ਕੁੜੀ ਰੀਮਾ ਨੇ ਹੀ ਸਾਧਾ ਸਿੰਘ ਦਾ ਘਰ ਵਸਾਇਆ ਸੀ।

ਜਦ ਕਿੰਨੀਆਂ ਹੀ ਚੁਸਤ-ਚਲਾਕ ਕੁੜੀਆਂ ਉਹਦਾ ਘਰ ਵਸਾਉਣ ਦੇ ਬਹਾਨੇ, ਉਹਦੇ ਕੋਲੋਂ ਖਾ ਪੀ ਕੇ, ਉਹਦੇ ਘਰ ਦੇ ਕੀਮਤੀ ਸਮਾਨ 'ਤੇ ਹੱਥ ਸਾਫ਼ ਕਰਕੇ ਉਹਦਾ ਘਰ ਉਜਾੜ ਕੇ ਭੱਜਦੀਆਂ ਰਹੀਆਂ ਤਾਂ ਸਾਧਾ ਸਿੰਘ ਨੇ ਸੋਚਿਆ ਕਿ ਕਿਉਂ ਨਾ ਉਹ ਆਪਣੇ ਲਈ ਆਪਣੇ ਵਰਗੀ ਸਾਧਾਰਨ ਬੁੱਧੀ ਵਾਲੀ ਕੰਨਿਆ ਦੀ ਤਲਾਸ਼ ਕਰੇ।

ਉਹਦੇ ਹਮਦਰਦ ਉਹਦੇ ਦਫ਼ਤਰ ਦੇ ਕੰਪਿਊਟਰ ਸੈੱਲ ਦੇ ਇੰਚਾਰਜ ਸੰਤੋਖ ਸਿੰਘ ਨੇ ਮੱਥੇ 'ਤੇ ਹੱਥ ਮਾਰਿਆ, "ਸਾਧਾ ਸਿਆਂ ! ਆਹ ਤੈਂ ਅਖ਼ਬਾਰ ਵਿਚ ਵਿਆਹ ਦਾ ਮੈਟਰੀਮੋਨੀਅਲ ਦੇ ਕੇ ਨਵਾਂ ਪੰਗਾ ਲੈ ਲਿਆ।" ਉਹਨੇ ਅਖ਼ਬਾਰ ਵਿਚ ਪੜ੍ਹਿਆ,

'ਕੰਪਿਊਟਰ ਕਲਰਕ ਸਾਧਾਰਨ ਬੁੱਧੀ ਵਰ ਲਈ ਸਾਧਾਰਨ ਬੁੱਧੀ ਕੰਨਿਆ ਦੀ ਲੋੜ ਹੈ, ਉਹਦੇ ਦਫ਼ਤਰ ਦੀਆਂ ਦੂਸਰੀਆਂ ਬ੍ਰਾਂਚਾ ਦੇ ਕਲਰਕ ਅਖ਼ਬਾਰ ਦੇ 'ਵਿਆਹ ਲਈ ਇਸ਼ਤਿਹਾਰ ਵਾਲੇ ਕਾਲਮ ਵਿਚੋਂ ਪੜ੍ਹਕੇ ਹਸਦਿਆਂ-ਹਸਦਿਆਂ ਲੋਟ-ਪੋਟ ਹੁੰਦੇ, ਮਜਾਕ ਕਰਦੇ, "ਬੁੱਧੂਆਂ ! ਜੇ ਅਕਲ ਘੱਟ ਹੈ, ਅਖ਼ਬਾਰ ਵਿਚ ਵਿਆਹ ਦਾ ਇਸ਼ਤਿਹਾਰ ਦੇਣ ਲੱਗਿਆ, ਕਿਸੇ ਅਮਾਤੜ ਸਾਥੀ, ਪੜ੍ਹੇ-ਲਿਖੇ ਬੰਦੇ ਦੀ ਰਾਇ ਲੈ ਲੈਂਦਾ। ਉਹ ਤੈਨੂੰ ਸਾਧਾਰਣ ਬੁੱਧੀ ਵਾਲਾ ਤਾਂ ਨਾ ਲਿਖਦਾ।" ਦੂਸਰਾ ਕਲਰਕ ਚਾਹ ਦੀਆਂ ਚੁਸਕੀਆਂ ਲੈਂਦਿਆਂ ਆਖਦਾ, "ਓ ਜੀ ਜਦ ਮੁੰਡਾ ਸੈਂਟਰ ਗੋਰਮਿੰਟ ਦੇ ਮਹਿਕਮੇ ਵਿਚ ਕੰਪਿਊਟਰ ਕਲਰਕ ਲੱਗਿਆ, ਉਹ ਰਿਸ਼ਤਾ ਭਾਲਦੀਆਂ ਕੁੜੀਆਂ ਦੇ ਮਾਪਿਆਂ ਦੀਆਂ ਨਜਰਾਂ ਵਿਚ ਸਾਧਾਰਨ ਬੁੱਧੀ ਵਾਲਾ ਕਿਵੇਂ ਹੋ ਗਿਆ? ਓ ਜੀ ਜੇ ਕੰਪਿਊਟਰ ਕਲਰਕ ਲੱਗੇ ਮੁੰਡੇ ਨੂੰ, ਕੁੜੀ ਦੇ ਮਾਪੇ ਸਾਧਾਰਨ ਬੁੱਧੀ ਵਾਲਾ ਕਹਿ ਵੀ ਦੇਣ ਤਾਂ ਮੁੰਡੇ ਦੇ ਮਾਪੇ ਟੁੱਟ ਕੇ ਪੈ ਜਾਂਦੇ ਨੇ। ਕੁੜੀ ਵਾਲਿਆਂ ਨੂੰ ਘਰੋਂ ਭਜਾ ਦਿੰਦੇ ਨੇ। ਮਾਰ ਸੇਵਾਦਾਰ ਮਾਣ ਨੀ। ਸਰਕਾਰੀ ਨੌਕਰੀ ਵਾਲੇ ਮੁੰਡੇ ਕਿਤੇ ਮਿਲਦੇ ਨੇ।"

ਸਾਹਮਣੇ ਵਾਲੀ ਸੀਟ 'ਤੇ ਬੈਠਾ ਕਲਰਕ ਉਹਨਾਂ ਨਾਲ ਵਾਪਰੀ ਹੱਡ-ਬੀਤੀ ਘਟਨਾ ਦੱਸਣ ਲੱਗਿਆ, "ਗੱਲ ਤੇਰੀ ਠੀਕ ਐ। ਸੇਵਾਦਾਰ ਲੱਗੇ ਮੁੰਡੇ ਮਿਲਦੇ ਨੀ ਹੈਗੇ। ਮੇਰੇ ਭਰਾ ਨੂੰ ਘੱਟ ਪੜ੍ਹਿਆ ਹੋਣ ਕਰਕੇ, ਅਸੀਂ ਸੇਵਾਦਾਰ ਦੀ ਪੋਸਟ 'ਤੇ ਲੁਆ ਦਿੱਤਾ। ਉਹਦੇ ਰਿਸ਼ਤੇ ਦੀ ਗੱਲ ਚੱਲੀ। ਮੇਰੀ ਪਤਨੀ ਨੇ ਆਪਣੇ ਪੇਕਿਆ ਨੂੰ ਫੋਨ ਕਰ ਦਿੱਤਾ ਹੋਣੈ। ਮੇਰੇ ਸਹੁਰੇ ਤਾਂ ਮੇਰੀ ਐਮ. ਏ. ਪੜ੍ਹੀ ਹੋਈ ਛੋਟੀ ਸਾਲੀ ਦਾ ਰਿਸ਼ਤਾ ਮੇਰੇ ਸੇਵਾਦਾਰ ਦੀ ਅਸਾਮੀ 'ਤੇ ਲੱਗੇ ਭਰਾ ਨੂੰ ਲੈ ਕੇ ਆ ਗਏ। ਅਸੀਂ ਰਿਸ਼ਤਾ ਮੋੜੀਏ ਕਿ ਕਲ੍ਹ ਨੂੰ ਤੁਹਾਡੀ ਕੁੜੀ ਮੇਰੇ ਭਰਾ ਨੂੰ ਉਸ ਤੋਂ ਘੱਟ ਪੜ੍ਹੇ-ਲਿਖੇ ਹੋਣ ਦੇ ਮਿਹਣੇ ਮਾਰੂੰਗੀ। ਉਹ ਆਖਣ ਕਿ ਉਹ ਕੁੜੀ ਨੂੰ ਪੁੱਛਕੇ ਆਏ ਨੇ। ਉਹ ਤਾਂ ਜੀ ਮੁੰਡੇ ਨੂੰ ਸ਼ਗਨ ਪਾ ਕੇ, ਰੋਕ ਕਰਕੇ ਹਿੱਲੇ।"

ਸਾਂਝੇ ਟੇਬਲ 'ਤੇ ਬੈਠੇ ਚੌਥੇ ਕਲਰਕ ਨੇ ਮਜਾਕ ਉਡਾਇਆ, "ਜੇ ਸੇਵਾਦਾਰ ਮੁੰਡੇ ਲਈ ਐਮ. ਏ. ਪਾਸ ਕੁੜੀ ਦਾ ਰਿਸ਼ਤਾ ਆਉਂਦਾ, ਫੇਰ ਕਲਰਕ ਲੱਗਿਆ ਮੁੰਡਾ ਤਾਂ ਡਬਲ ਐਮ. ਏ., ਟਰਿਪਲ ਐਮ. ਏ. ਪੜ੍ਹੀ ਹੋਈ ਕੁੜੀ ਦੀ ਝਾਕ ਰੱਖੂ।"

'ਓ ਜੀ' ਵਾਲਾ ਫੇਰ ਬੋਲਿਆ, "ਓ ਜੀ ਕੁੜੀ ਭਾਵੇਂ ਡਬਲ ਟਰਿਪਲ ਐਮ. ਏ. ਭਾਵੇਂ ਐਮ. ਫਿਲ ਪੜ੍ਹੀ ਹੋਵੇ... ਬੇਰੋਜ਼ਗਾਰ ਕੁੜੀ ਦੀ ਮੁੰਡਿਆਂ ਦੀ ਮੰਡੀ ਵਿਚ ਕੋਈ ਕੀਮਤ ਨਹੀਂ। ਓ ਜੀ ਜਾਂ ਫੇਰ ਕੁੜੀ ਦੇ ਮਾਪੇ ਪੰਜ, ਦਸ ਲੱਖ ਰੁਪਏ ਦਾ ਦਾਜ ਦੇਣ ਦੀ ਸਮਰੱਥਾ ਰੱਖਦੇ ਹੋਣ।"

ਓ ਜੀ ਵਾਲੇ ਕਲਰਕ ਨੂੰ ਉਹਨਾਂ ਦੇ ਦਫ਼ਤਰ ਦੇ ਕੰਪਿਊਟਰ ਸੈੱਲ ਵਾਲੇ, ਆਪਣੇ-ਆਪ ਨੂੰ ਸਾਧਾਰਣ ਬੁੱਧੀ ਵਾਲਾ, ਲਿਖਣ ਵਾਲੇ ਸਾਧਾ ਸਿੰਘ 'ਤੇ ਤਰਸ ਆਇਆ। ਉਹਨੇ ਨਾਲ ਬੈਠੇ ਕਲਰਕਾਂ ਨੂੰ ਸੁਣਾ ਕੇ



ਕਿਹਾ, "ਚਲੋ ਅੱਜ ਆਪਾਂ ਇਸਦੇ ਮਾਪਿਆਂ ਕੋਲ ਚੱਲਦੇ ਆ। ਉਹਨਾਂ ਨੂੰ ਸਮਝਾਵਾਗੇ ਕਿ ਆਪਣੇ ਕੰਪਿਊਟਰ ਕਲਰਕ ਲੱਗੇ ਮੁੰਡੇ ਨੂੰ ਸਾਧਾਰਨ ਬੁੱਧੀ ਵਾਲਾ ਨਾ ਆਖੋ, ਸਗੋਂ ਇਸਦਾ ਠੋਕ-ਵਜਾ ਕੇ ਰਿਸ਼ਤਾ ਲਓ। ਤੁਹਾਨੂੰ ਕੋਈ ਨੌਕਰੀ ਕਰਦੀ ਕੁੜੀ ਜਾ ਪੜ੍ਹੀ ਲਿਖੀ ਚੰਗਾ ਦਾਜ ਦਹੇਜ ਲੈ ਕੇ ਆਉਣ ਵਾਲੀ ਕੁੜੀ ਮਿਲ ਜਾਣੀ ਏ।"

ਪਰ ਓ ਜੀ ਵਾਲੇ ਕਲਰਕ ਨੂੰ ਨਾਲਦਿਆਂ ਨੇ ਦੱਸਿਆ ਕਿ ਡੁੱਬੀ ਤਾਂ ਹੀ ਜੇ ਸਾਹ ਨੀ ਆਇਆ। ਕੁੜੀਆਂ ਦੇ ਮਾਪੇ ਸਾਧਾ ਸਿੰਘ ਨੂੰ ਉਹਦੀ ਜਾਤੀ ਬਾਰੇ ਪੁੱਛਦੇ ਨੇ ਤਾਂ ਉਹ ਦੱਸਦਾ ਏ, ਕਿ ਉਹਦੇ ਦਾਦੇ ਹੁਰੀਂ ਕੋਹਲੂ 'ਚੋਂ ਤੇਲ ਕੱਢਕੇ ਵੇਚਦੇ ਹੁੰਦੇ ਸੀ ਤੇ ਉਹਦੇ ਮਾਪੇ, ਦੋ ਮੱਝਾਂ ਪਾਲ ਕੇ ਦੁੱਧ ਵੇਚਕੇ ਗੁਜ਼ਾਰਾ ਕਰਦੇ ਨੇ।

'ਸਾਧਾਰਨ ਵਰ ਲਈ ਸਾਧਾਰਨ ਕੰਨਿਆਂ ਦੀ ਤਲਾਸ਼' ਵਾਲਾ ਇਸ਼ਤਿਹਾਰ ਪੜ੍ਹ ਕੇ ਚੁਸਤ-ਚਲਾਕ ਕੁੜੀਆਂ ਦੇ ਮਾਪੇ, ਕੁੜੀਆਂ ਦੇ ਸਾਧਾਰਨ ਕਪੜੇ ਪੁਆ ਕੇ ਸਾਧਾ ਸਿੰਘ ਨੂੰ ਮਿਲਣ ਲਈ ਆਉਣ ਲਗ ਪਏ ਸਨ। ਰਿਸ਼ਤੇ ਲਈ ਆਈ, ਇਕ ਸਿੱਧੀ ਜਿਹੀ ਜਾਪਦੀ ਕੁੜੀ, ਸਾਧਾ ਸਿੰਘ ਵਾਂਗ ਚੁੱਪ ਵੱਟੀ ਉਹਦੇ ਕੋਲ ਬੈਠੀ ਰਹੀ। ਚੁਪ-ਚਾਪ ਰਸੋਈ ਵਿਚ ਜਾ ਕੇ ਉਹਦੇ ਲਈ ਖਾਣਾ ਤਿਆਰ ਕਰਨ ਲੱਗ ਪਈ ਸੀ। ਉਹਦੇ ਫਰਜ਼ੀ ਮਾਪੇ ਜਾ ਚੁੱਕੇ ਸਨ। ਉਹਨੂੰ ਕੁੜੀ ਨਾਲ ਇਕ ਰਾਤ ਸੌਣਾ ਮਹਿੰਗਾ ਪਿਆ। ਕੁੜੀ ਸਾਧਾ ਸਿੰਘ ਨੂੰ ਗਹਿਰੀ ਨੀਂਦ ਸੁਆ ਕੇ ਅੱਧੀ ਰਾਤ ਨੂੰ ਉਹਦਾ ਸੋਨੇ ਦਾ ਕੜਾ, ਮੁੰਦਰੀ, ਲੈਪਟਾਪ ਤੇ ਮਹੀਨੇ ਦੀ ਮਿਲੀ ਤਨਖਾਹ ਚੁੱਕ ਕੇ ਭੱਜ ਗਈ।

ਦੂਸਰੇ ਦਿਨ, ਦਫ਼ਤਰ ਗਿਆ ਸਾਧਾ ਸਿੰਘ ਬਹੁਤ ਦੁਖੀ ਸੀ। ਉਹ ਸੈਕਸ਼ਨ ਅਫਸਰ ਉਹਦੇ ਨਾਲ ਪੁਲਿਸ ਥਾਣੇ ਜਾ ਕੇ ਰਪਟ ਲਿਖਵਾਉਣ ਨੂੰ ਕਹਿਣ ਲਗਿਆ ਪਰ ਸਾਧਾ ਸਿੰਘ ਨੇ ਨਾ ਤਾਂ ਉਸ ਕੁੜੀ ਦਾ ਨਾਂ ਪੁੱਛਿਆ ਸੀ ਤੇ ਨਾ ਹੀ ਮਾਪਿਆਂ ਦਾ ਐਡਰੈਸ ਪਤਾ ਕੀਤਾ ਸੀ। ਰਿਪੋਰਟ ਕਿਸਦੇ ਵਿਰੁੱਧ ਲਿਖਵਾਉਂਦੇ? ਸੈਕਸ਼ਨ ਅਫਸਰ ਨੇ ਉਲਟਾ ਸਾਧਾ ਸਿੰਘ ਨੂੰ ਝਾੜਿਆ ਕਿ ਓਪਰੀ ਕੁੜੀ ਨੂੰ ਰਾਤ ਨੂੰ ਆਪਣੇ ਘਰ ਕਿਉਂ ਰਹਿਣ ਦਿੱਤਾ, ਮਾਪਿਆਂ ਦੇ ਨਾਲ ਹੀ ਕਿਉਂ ਨੀ ਤੋਰਿਆ?

ਵਿਚਾਰਾ ਸਾਧਾ ਸਿੰਘ 'ਸਾਧਾਰਨ ਵਰ ਲਈ ਸਾਧਾਰਨ ਕੰਨਿਆ ਦਾ ਇਸ਼ਤਿਹਾਰ ਦੇ ਕੇ ਵੀ ਸਾਧਾਰਨ ਕੁੜੀ ਲੱਭਣ ਵਿਚ ਅਸਫ਼ਲ ਰਿਹਾ ਸੀ। ਸਗੋਂ ਦੋ ਤਿੰਨ ਹੋਰ ਕੁੜੀਆਂ ਉਹਨੂੰ ਸਾਧਾਰਨ ਹੋਣ ਦਾ ਯਕੀਨ ਦੁਆ ਕੇ ਉਹਨੂੰ ਧੋਖਾ ਦੇ ਕੇ ਉਹਦੇ ਘਰ ਵਿਚਲਾ ਕੀਮਤੀ ਸਮਾਨ ਤੇ ਕੈਸ਼ ਚੁਕ ਕੇ ਭੱਜਦੀਆਂ ਰਹੀਆਂ ਸਨ। ਉਹਦੀ ਭੂਆ ਦਾ ਨਾਂ ਤੇ ਪਤਾ ਦੱਸਕੇ, ਉਹਦੀ ਭੂਆ ਨੇ ਭੇਜੀ ਆਖ ਇਕ ਕੁੜੀ ਉਹਨੂੰ ਬਹੁਤ ਚਾਅ ਨਾਲ ਮਿਲੀ ਸੀ। ਉਹ ਵੀ ਉਸ ਉੱਤੇ ਮੋਹਤ ਹੋ ਗਿਆ ਸੀ। ਉਹਨੂੰ ਪਤਾ ਹੀ ਨਾ ਲੱਗਿਆ ਕਿ ਉਹ ਕਦੋਂ ਉਹਦੀ ਡਾਇਰੀ ਵਿਚੋਂ ਏ. ਟੀ. ਐਮ. ਦਾ ਨੰਬਰ ਪੜ੍ਹ ਕੇ ਤੇ ਬੈਗ ਵਿਚੋਂ ਏ. ਟੀ. ਐਮ. ਚੁਕ ਕੇ ਉਹਨੂੰ ਬਾਏ.. ਬਾਏ ਕਰ ਗਈ। ਕੁਝ ਦਿਨਾਂ ਬਾਅਦ ਉਹਨੇ ਪਤਾ ਕੀਤਾ, ਉਹਦੇ ਬੈਂਕ ਅਕਾਊਂਟ ਵਿਚੋਂ ਲੱਖਾਂ ਰੁਪਏ ਕਢਵਾ ਲਏ ਗਏ ਸਨ। ਤੇ ਉਹਨੂੰ ਕੰਗਾਲ ਕਰ ਦਿੱਤਾ ਸੀ।

ਹੁਣ ਜਦੋਂ ਵੀ ਉਹਦੇ ਦਰਵਾਜ਼ੇ ਦੀ ਘੰਟੀ ਵੱਜਦੀ, ਉਹ ਅੰਦਰੋਂ ਹੀ ਕਹਿੰਦਾ ਆਉਂਦਾ, "ਓ ਭਾਈ ਕੋਈ ਰਿਸ਼ਤਾ ਕਰਨ ਵਾਲੇ ਤਾਂ ਨੀਂ? ਤੇ ਜੇ ਬਾਹਰ ਕੋਈ ਕੁੜੀ ਜਾਂ ਉਹਦੇ ਮਾਪੇ ਖੜ੍ਹੇ ਹੁੰਦੇ ਉਹ ਜ਼ੋਰ ਦੀ ਦਰਵਾਜ਼ਾ ਬੰਦ ਕਰਕੇ, ਕੁੰਡੀ ਲਾ ਕੇ ਅੰਦਰ ਵੜ ਜਾਂਦਾ। ਇਕ ਦਿਨ ਭੁਜੀਆ, ਚਾਹ-ਪੱਤੀ, ਦਾਲਾਂ ਤੇ ਰਸੋਈ ਦਾ ਹੋਰ ਸਮਾਨ ਦੇ ਪੈਕਟ ਘਰ ਘਰ ਘੁੰਮ ਕੇ ਵੇਚਣ ਵਾਲੀ ਕੁੜੀ ਨੇ ਉਹਦੇ ਘਰ ਦੀ ਬੈੱਲ ਕੀਤੀ, ਜਿਹਦੇ ਕੋਲੋਂ ਉਹ ਘਰ ਦਾ ਸਮਾਨ ਖਰੀਦਦਾ ਹੁੰਦਾ ਸੀ। ਉਹਨੇ ਦਰਵਾਜ਼ੇ ਨਾਲ ਦੀ ਨਿੱਕੀ ਤਾਕੀ ਵਿਚ ਨੂੰ ਬਾਹਰ ਦੇਖਿਆ ਤੇ ਨਾਂਹ ਕਰਨ ਲੱਗਿਆ। ਉਹ ਡਾਢੀ ਅਪਣੱਤ ਨਾਲ ਕਹਿਣ ਲੱਗੀ, "ਸਾਧਾ ਸਿੰਘ ਜੀ ਦਰਵਾਜ਼ਾ ਤਾਂ ਖੋਲ ਦਿਓ।" ਕੁੜੀ ਨੂੰ ਮਾਣ ਸੀ। ਕਿਉਂਕਿ ਸਾਧਾ ਸਿੰਘ ਉਸ ਨਾਲ ਹਾਸੀ-ਮਜ਼ਾਕ ਕਰਦਾ ਰਹਿੰਦਾ ਸੀ। ਉਹ ਥੱਲੇ ਪੀੜ੍ਹੀ 'ਤੇ ਬੈਠੀ ਬੈਗ ਵਿਚੋਂ ਪੈਕਟ ਕੱਢੀ ਜਾਂਦੀ, ਉਹ ਕੁਰਸੀ 'ਤੇ ਬੈਠਾ

ਉਹਦੀ ਅੱਧ-ਨੰਗੀ ਗੋਰੀ ਛਾਤੀ ਵੱਲ ਨੀਝ ਨਾਲ ਦੇਖੀ ਜਾਂਦਾ। ਉਹ ਪੈਕਟਾਂ ਦੇ ਜਿੰਨੇ ਪੈਸੇ ਮੰਗਦੀ ਦੇ ਦਿੰਦਾ ਤੇ ਪੰਦਰਾਂ ਦਿਨਾਂ ਬਾਅਦ ਫਿਰ ਗੇੜਾ ਮਾਰਨ ਨੂੰ ਕਹਿ ਕੇ ਦਰਵਾਜ਼ਾ ਬੰਦ ਕਰ ਲੈਂਦਾ। ਕੁੜੀ ਉਹਨੂੰ ਦਰਵਾਜ਼ਾ ਖੋਲ੍ਹਣ ਨੂੰ ਕਹਿੰਦੀ ਰਹੀ। ਉਹ ਅੰਦਰ ਡਰਿਆ ਖੜ੍ਹਾ ਉਂਗਲੀ ਹਿਲਾ ਕੇ 'ਨਾਂਹ' ਕਰਦਾ ਰਿਹਾ। ਉਹਨੂੰ ਹੁਣ ਹਰ ਕੁੜੀ ਤੋਂ ਡਰ ਲੱਗਣ ਲੱਗ ਪਿਆ ਸੀ। ਜਿਵੇਂ ਕੁੜੀ ਅੰਦਰ ਆ ਕੇ ਉਸ ਨਾਲ ਲਿਪਟ ਜਾਵੇਗੀ ਤੇ ਕਲ੍ਹ ਨੂੰ ਉਸ 'ਤੇ ਕੇਸ ਬਣਾ ਦੇਵੇਗੀ ਕਿ ਉਸ ਨਾਲ ਰੇਪ ਕੀਤਾ। ਉਹਨੂੰ ਅੰਦਰ ਕਰਵਾ ਦਵੇਗੀ। ਦਫ਼ਤਰ ਵਿਚ ਵੀ ਉਹਦੀਆਂ ਕੁਲੀਗ ਕੁੜੀਆਂ ਉਸ ਨਾਲ ਹਸ-ਹਸ ਮਜ਼ਾਕ ਕਰਦੀਆਂ ਰਹਿੰਦੀਆਂ ਸਨ। ਹੁਣ ਉਹ ਉਨ੍ਹਾਂ ਨਾਲ ਵੀ ਬੋਲਦਾ ਨਾ-ਗੁੰਮ-ਸੁੰਮ ਆਪਣੇ ਕੰਪਿਊਟਰ 'ਤੇ ਡਾਟਾ ਐਂਟਰੀ ਕਰੀ ਜਾਂਦਾ ਸੀ।

ਕੁਝ ਸਮੇਂ ਤੋਂ ਬਾਅਦ ਸਾਧਾ ਸਿੰਘ ਦਾ 'ਸਾਧਾਰਨ ਵਰ ਲਈ ਸਾਧਾਰਨ ਕੰਨਿਆ ਦੀ ਲੋੜ ਵਾਲਾ ਇਸ਼ਤਿਆਰ ਇਕ ਨਵੇਂ ਖੁਲ੍ਹੇ ਮੈਰਿਜ ਬਿਓਰੋ ਦੀ ਮਾਲਕ ਦੇ ਹੱਥ ਲੱਗ ਗਿਆ ਸੀ। ਉਹ ਸਾਧਾ ਸਿੰਘ ਨੂੰ ਉਹਦੇ ਦਫ਼ਤਰੋਂ ਛੁੱਟੀ ਹੁੰਦਿਆਂ ਹੀ ਕਾਰ ਵਿਚ ਬਿਠਾ ਕੇ ਆਪਣੇ ਮੈਰਿਜ ਬਿਓਰੋ ਦੇ ਦਫ਼ਤਰ ਲੈ ਗਈ ਤੇ ਦੱਸਿਆ, "ਮੇਰੀ ਇਕ ਘੱਟ-ਅਕਲ ਵਾਲੀ ਕੁੜੀ ਹੈ। ਤੇਰੇ ਨਾਲ ਕੋਈ ਧੋਖਾ ਨਹੀਂ ਹੋਵੇਗਾ, ਤੈਨੂੰ ਅਸੀਂ ਪੱਕਾ ਕਾਗਜ਼ ਬਣਾ ਕੇ ਦਿਆਗੇ।"

ਸਾਧਾ ਸਿੰਘ ਦੂਸਰੇ ਦਿਨ ਉਹਦੇ ਵਿਸ਼ਵਾਸ ਵਾਲੇ ਤੇ ਹਮਦਰਦ ਸੈਕਸ਼ਨ ਅਫਸਰ ਸੰਤੋਖ ਸਿੰਘ ਨੂੰ ਨਾਲ ਲੈ ਕੇ ਮੈਰਿਜ ਬਿਓਰੋ ਦੇ ਦਫ਼ਤਰ ਵਿਚ ਚਲਿਆ ਗਿਆ। ਮੈਰਿਜ ਬਿਓਰੋ ਦੀ ਮਾਲਕ ਮੈਡਮ ਮਨਜੀਤ ਕੌਰ ਨੇ, ਸੈਕਸ਼ਨ ਅਫਸਰ ਸੰਤੋਖ ਸਿੰਘ ਨੂੰ ਸਾਰੀ ਗੱਲ ਸਮਝਾਈ। ਸੰਤੋਖ ਸਿੰਘ ਨੇ ਆਪਣੇ ਅਕਾਊਂਟ ਵਿਚੋਂ ਇਕ ਲੱਖ ਰੁਪਏ ਦਾ ਚੈੱਕ ਕੱਟ ਕੇ ਮੈਡਮ ਮਨਜੀਤ ਕੌਰ ਨੂੰ ਦੇ ਦਿੱਤਾ ਤੇ ਆਖਿਆ ਕਿ ਉਹ ਸਾਧਾ ਸਿੰਘ ਤੋਂ ਆਪੇ ਕਿਸ਼ਤਾਂ ਵਿਚ ਪੈਸੇ ਲੈ ਲਵੇਗਾ।

ਉਸੇ ਸ਼ਾਮ ਮਨਜੀਤ ਕੌਰ ਆਪਣੀ ਕਮ-ਅਕਲ ਬੇਟੀ ਗੀਮਾ ਨੂੰ ਕਾਰ ਵਿਚ ਬਿਠਾ ਕੇ ਸਾਧਾ ਸਿੰਘ ਦੇ ਘਰ ਲੈ ਆਈ। ਉਹ ਗੀਮਾ ਨੂੰ ਸਾਧਾ ਸਿੰਘ ਦੇ ਘਰ ਦੇ ਸਾਰੇ ਕਮਰੇ, ਰਸੋਈ, ਬਾਥਰੂਮ ਆਦਿ ਦਿਖਾ ਕੇ ਸਮਝਾ ਕੇ ਉਹਦੇ ਘਰ ਛੱਡ ਗਈ। ਤੇ ਉਹਨੂੰ ਆਖ ਗਈ ਕਿ ਜੇ ਉਹਦੀ ਬੇਟੀ ਨੂੰ ਕੋਈ ਗੱਲ ਸਮਝ ਨਾ ਲੱਗੇ, ਪਤਾ ਨਾ ਲੱਗੇ ਉਹ ਆਪ ਆ ਕੇ ਸਮਝਾ ਜਾਵੇਗੀ।

ਸਾਧਾ ਸਿੰਘ ਨੂੰ ਜਿੰਨੀ ਕੁ ਸਮਝ ਸੀ ਉਹਦੇ ਅਨੁਸਾਰ ਸੋਚੀ ਗਿਆ। ਦੇਖੀ ਗਿਆ। ਉਹਦੀ ਪਤਨੀ ਗੀਮਾ ਗੋਰੀ ਚਿੱਟੀ ਸੋਹਣੀ-ਸਨੁੱਖੀ ਤਿਖੇ ਨਕਸ਼ਾਂ ਵਾਲੀ ਸੀ। ਉਹਦੀਆਂ ਅੱਖਾਂ, ਹੱਥ, ਪੈਰ ਸਰੀਰ ਦੇ ਕਿਸੇ ਅੰਗ ਵਿਚ ਕੋਈ ਕਜ਼-ਨੁਕਸ ਨਹੀਂ ਸੀ। ਉਹ ਠੁੰਮਕ-ਠੁੰਮਕ ਤੁਰਦੀ, ਝਾਂਜਰਾ ਝਣਕਾਉਂਦੀ ਉਹਦੇ ਘਰ ਵਿਚ ਏਧਰ-ਉਧਰ ਘੁੰਮ ਰਹੀ ਸੀ।

ਸਾਧਾ ਸਿੰਘ ਨੇ ਸੋਚਿਆ। ਫੇਰ ਇਹ ਕੁੜੀ ਅਲਪ ਬੁੱਧੀ ਵਾਲੀ ਹੋਵੇਗੀ। ਇਹਨੂੰ ਦਾਲ, ਸਬਜੀ ਰੋਟੀ ਨਹੀਂ ਬਣਾਉਣੀ ਆਉਂਦੀ ਹੋਵੇਗੀ। ਉਹਨੇ ਆਪ ਉਠ ਕੇ ਲਸਣ ਪਿਆਜ ਤੇ ਸਬਜੀ ਵਾਲੀ ਟੋਕਰੀ ਚੁੱਕੀ ਤੇ ਲਸਣ ਪਿਆਜ ਛਿਲਣ ਲੱਗਿਆ ਪਰ ਝੱਟ ਗੀਮਾ ਨੇ ਉਹਦੇ ਹੱਥੋਂ ਕਰਦ ਫੜ ਲਈ ਤੇ ਉਹਦੇ ਕੋਲ ਬੈੱਡ 'ਤੇ ਬਹਿ ਕੇ, ਉਹਦੇ ਨਾਲ ਹਾਸੇ-ਠੱਠੇ ਦੀਆਂ ਗੱਲਾਂ ਮਾਰਦਿਆਂ ਲਸਣ ਪਿਆਜ ਛਿੱਲਕੇ ਕੱਟਣ ਲੱਗ ਪਈ। ਉਹਨੇ ਫੁਰਤੀ ਨਾਲ ਸਬਜੀ ਬਣਾਈ ਤੇ ਆਟਾ ਗੁੰਨ੍ਹਕੇ ਰਤਾ ਟਿਕਣ ਲਈ ਰੱਖ ਦਿੱਤਾ। ਸਾਧਾ ਸਿੰਘ ਸੋਚਣ ਲੱਗਿਆ ਕਿ ਜਿਹੜਾ ਗੀਮਾ ਨੇ ਆਟਾ ਗੁੰਨ੍ਹਕੇ ਰੱਖ ਦਿੱਤਾ, ਉਹਨੂੰ ਗੋਲ ਰੋਟੀ ਬਣਾਉਣੀ ਤੇ ਰਾੜ੍ਹਨੀ ਨਹੀਂ ਆਉਂਦੀ ਹੋਵੇਗੀ। ਪਰ ਗੀਮਾ ਝੱਟ ਗੈਸ ਬਾਲ ਕੇ ਚੱਕਲੇ-ਵੇਲਣੇ ਤੇ ਗੋਲ ਰੋਟੀਆਂ ਵੇਲ ਕੇ ਤਵੇ 'ਤੇ ਪਾਉਣ ਲੱਗੀ। ਉਹ ਰੋਟੀਆਂ ਨਾ ਕੱਚੀਆਂ ਨਾ ਧੂੰਏ ਨਾਲ ਫੂਕ ਕੇ ਸਗੋਂ ਫੁਲਵੇਂ ਫੁਲਕੇ ਲਾਹ ਰਹੀ ਸੀ। ਸਾਧਾ ਸਿੰਘ ਉਹਨੂੰ ਦੇਖ ਕੇ ਖੁਸ਼ ਨਹੀਂ ਸੀ ਹੋ ਰਿਹਾ, ਉਹ ਤਾਂ ਸੋਚੀ ਪਿਆ ਹੋਇਆ ਸੀ ਕਿ ਫਿਰ ਗੀਮਾ ਕਮ-ਅਕਲ ਕਿਧਰੋਂ ਹੋਈ?



ਉਹਦਾ ਰਾਤ ਵਾਲਾ ਸ਼ੱਕ ਵੀ ਦੂਰ ਹੋ ਗਿਆ ਸੀ। ਟੀ. ਵੀ. ਦੇਖ ਕੇ ਗੀਮਾ ਉਹਦੇ ਨਾਲ ਬੈੱਡ 'ਤੇ ਲੇਟ ਗਈ। ਤੇ ਉਹਨੇ ਸਾਧਾ ਸਿੰਘ ਦੀ ਇੱਛਾ ਅਨੁਸਾਰ ਉਹਦੇ ਨਾਲ ਸਰੀਰਕ ਸਬੰਧ ਬਣਾਏ।

ਸਵੇਰੇ ਉਠ ਕੇ ਦਫ਼ਤਰ ਨੂੰ ਤਿਆਰ ਹੁੰਦਿਆਂ ਸਾਧਾ ਸਿੰਘ ਨੇ ਹਿਸਾਬ ਲਾਇਆ ਕਿ ਇਹ ਕੁੜੀ ਵੀ ਉਹਦੇ ਵਰਗੀ ਸਾਧਾਰਨ ਨਹੀਂ, ਚੁਸਤ-ਚਲਾਕ ਈ ਏ। ਤੇ ਇਹ ਵੀ ਉਹਦੇ ਘਰ ਦਾ ਸਮਾਨ ਚੁੱਕ ਕੇ, ਦਿਨ ਵਿਚ ਭੱਜਣ ਵਾਲੀ ਓ ਏ। ਫੇਰ ਵੀ ਉਹਦੇ ਦਫ਼ਤਰ ਦੇ, ਉਹਦੇ ਹਮਦਰਦ ਸੈਕਸ਼ਨ ਅਫ਼ਸਰ ਸੰਤੋਖ ਸਿੰਘ ਦੇ ਵਿਚ ਹੋਣ ਕਰਕੇ ਉਹ ਏਨੀ ਛੇਤੀ ਬੇ ਭਰੋਸਗੀ ਵੀ ਨਹੀਂ ਸੀ ਕਰ ਸਕਦਾ। ਉਹਨੇ ਦਫ਼ਤਰ ਨੂੰ ਤੁਰਨ ਲੱਗਿਆ ਗੀਮਾ ਨੂੰ ਸਮਝਾਇਆ ਕਿ ਬਾਹਰਲੇ ਦਰਵਾਜ਼ੇ ਦੀ ਕੁੰਡੀ ਅੰਦਰੋਂ ਬੰਦ ਰੱਖਣੀ ਏ। ਕੋਈ ਫੇਰੀ ਵਾਲਾ ਜਾਂ ਕੋਈ ਰਿਸ਼ਤੇਦਾਰ ਆਖ ਘੰਟੀ ਮਾਰੀ ਜਾਵੇ, ਦਰਵਾਜ਼ਾ ਨਹੀਂ ਖੋਲ੍ਹਣਾ। ਉਹਨੇ ਇਥੋਂ ਤੱਕ ਕਹਿ ਦਿੱਤਾ ਕਿ ਭਾਵੇਂ ਦਫ਼ਤਰੋਂ ਆ ਕੇ ਉਹ ਆਪ ਵੀ ਦਰਵਾਜ਼ੇ ਦੀ ਘੰਟੀ ਦਾ ਬਟਨ ਦੱਬੀ ਜਾਵੇ, ਦਰਵਾਜ਼ਾ ਨਹੀਂ ਖੋਲ੍ਹਣਾ। ਜਦ ਤੱਕ ਉਹ ਬਾਹਰੋਂ ਆਵਾਜ਼ ਨਹੀਂ ਮਾਰਦਾ, ਉਹਦੀ ਆਵਾਜ਼ ਪਛਾਣ ਕੇ ਹੀ ਦਰਵਾਜ਼ਾ ਖੋਲ੍ਹਣਾ ਹੈ।

ਉਹ ਦਫ਼ਤਰ ਬੈਠਾ ਵੀ ਇਹ ਦੇਖਣ ਲਈ ਕਈ ਵਾਰ ਘਰ ਫ਼ੋਨ ਕਰਦਾ ਰਿਹਾ, ਕਿ ਉਹਦੀ ਪਤਨੀ ਗੀਮਾ ਘਰ ਹੈ ਵੀ? ਤੇ ਪੰਜ ਵਜੇ ਦਫ਼ਤਰੋਂ ਛੁੱਟੀ ਕਰਕੇ, ਘਰ ਆ ਕੇ ਡੋਰ ਬੈੱਲ ਮਾਰੀ ਗਿਆ ਪਰ ਗੀਮਾ ਨੇ ਦਰਵਾਜ਼ੇ ਦੀ ਕੁੰਡੀ ਨਹੀਂ ਖੋਲ੍ਹੀ। ਜਦ ਉਸਨੇ ਆਵਾਜ਼ ਮਾਰ ਕੇ ਕਿਹਾ, "ਗੀਮਾ! ਦਰਵਾਜ਼ਾ ਖੋਲ੍ਹ ਦੇ, ਮੈਂ ਦਫ਼ਤਰੋਂ ਆ ਗਿਆ ਹਾਂ।" ਤਾਂ ਉਹਦੀਂ ਆਵਾਜ਼ ਪਛਾਣ ਕੇ ਹੀ ਗੀਮਾ ਨੇ ਦਰਵਾਜ਼ਾ ਖੋਲ੍ਹਿਆ। ਉਹ ਦੇਖਕੇ ਖੁਸ਼ ਹੋ ਗਿਆ। ਘਰ ਦਾ ਸਾਰਾ ਸਮਾਨ ਸੈੱਟ ਕਰਕੇ ਰੱਖਿਆ ਹੋਇਆ ਸੀ। ਗੀਮਾ ਨ੍ਹਾ ਧੋ ਕੇ ਮੇਕ-ਅੱਪ ਕਰਕੇ ਨਿਖਰੀ ਖੜ੍ਹੀ ਸੀ।

ਉਹਨੂੰ ਨੱਚਣਾ ਤਾਂ ਆਉਂਦਾ ਨਹੀਂ ਸੀ। ਖੁਸ਼ੀ ਵਿਚ ਖੜ੍ਹਾ ਡੱਡੂ-ਛੜੱਪੇ ਜਿਹੇ ਮਾਰੀ ਗਿਆ। ਗੀਮਾ ਟੀ. ਵੀ. ਤੇ ਚਲਦੇ ਗੀਤ ਦੀ ਧੁੰਨ 'ਤੇ ਨੱਚਦੀ-ਨੱਚਦੀ ਉਹਨੂੰ ਵੀ ਉਹਦੇ ਵਾਂਗ ਹੱਥ ਪੈਰ ਹਿਲਾਉਣ ਨੂੰ ਕਹਿਣ ਲੱਗੀ। ਉਹ ਆਪਣੇ ਭਾਰੀ ਲੱਕ ਨੂੰ ਗੀਮਾ ਵਾਂਗ ਹਿਲਾਉਣ ਦੀ ਕੋਸ਼ਿਸ਼ ਕਰਨ ਲੱਗਾ। ਗੀਮਾ ਉਹਨੂੰ ਦੇਖ-ਦੇਖ ਹਸ ਹਸ ਕੇ ਦੂਹਰੀ ਹੁੰਦੀ ਰਹੀ। ਸਾਧਾ ਸਿੰਘ ਨੇ ਉਹਨੂੰ ਕਲਾਵੇ ਵਿਚ ਲੈ ਕੇ ਬੈੱਡ ਤੇ ਟੇਢੀ ਕਰ ਲਿਆ ਸੀ। ਉਹ ਉੱਠ ਕੇ ਹੋਂਕਦੀ ਹੋਈ ਕਹਿਣ ਲੱਗੀ, "ਜਾਨ ਈ ਕੱਢ ਲਏਂਗਾ... ਸਾਰੀ ਰਾਤ ਪਈ ਏ।"

ਗੀਮਾ ਨੇ ਚਾਹ ਦਾ ਕੱਪ ਤੇ ਬਿਸਕੁਟ ਸਾਧਾ ਸਿੰਘ ਦੇ ਖਾਣ ਲਈ ਰੱਖ ਕੇ, ਆਪ ਇਹ ਆਖਦਿਆਂ ਕਿ ਉਹਨੇ ਹੁਣੇ ਚਾਹ ਪੀਤੀ ਏ, ਦੂਸਰੇ ਕਮਰੇ ਵਿਚ ਚਲੀ ਗਈ ਸੀ। ਰਾਤੀਂ ਵੀ ਉਹਨੇ ਸਾਧਾ ਸਿੰਘ ਨਾਲ ਬਹਿ ਕੇ ਰੋਟੀ ਨਹੀਂ ਸੀ ਖਾਧੀ, ਆਪਣੀ ਰੋਟੀ ਲੈ ਕੇ ਦੂਸਰੇ ਕਮਰੇ ਵਿਚ ਚਲੀ ਗਈ ਸੀ। ਉਹਦੀ ਮਾਂ ਨੇ ਦੱਸਿਆ ਜੁ ਸੀ, "ਸਾਧਾ ਸਿਆਂ, ਇਹ ਤੇਰੇ ਨਾਲ ਹਰ ਤਰ੍ਹਾਂ ਦੇ ਸਬੰਧ ਬਣਾਉਗੀ ਪਰ ਇਹ ਤੇਰੇ ਨਾਲੋਂ ਬਹੁਤ ਉੱਚੀ ਕੁੱਲ ਦੀ ਏ, ਰੋਟੀ ਤੇਰੇ ਨਾਲੋਂ ਅਲੱਗ ਬਹਿ ਕੇ ਹੀ ਖਾਊਗੀ।" ਸਾਧਾ ਸਿੰਘ ਨੂੰ ਇਸ ਨਾਲ ਕੀ ਫਰਕ ਪੈਂਦਾ ਸੀ, ਉਹਦੀ ਤਾਂ ਬੱਸ ਇਕੋ ਸ਼ਰਤ ਸੀ ਕਿ ਘਰ ਦਾ ਸਮਾਨ ਚੁੱਕ ਕੇ ਨੱਸਣ ਭੱਜਣ ਵਾਲੀ ਨਾ ਹੋਵੇ।

ਸਾਧਾ ਸਿੰਘ ਦੇ ਮਨ ਦਾ ਸ਼ੱਕ ਅਜੇ ਪੂਰੀ ਤਰ੍ਹਾਂ ਦੂਰ ਨਹੀਂ ਸੀ ਹੋਇਆ। ਉਹਨੂੰ ਡਰ ਸੀ, ਕਿਤੇ ਇਹ ਉਹਦਾ ਮਨ ਜਿੱਤ ਕੇ, ਕੁਝ ਦਿਨ ਰਹਿ ਕੇ ਘਰ ਦੇ ਕੀਮਤੀ ਸਮਾਨ ਦਾ ਭੇਤ ਪਾ ਕੇ, ਘਰ ਦਾ ਸਮਾਨ ਚੁੱਕ ਕੇ ਨਾ ਭੱਜ ਜਾਵੇ। ਅਜਿਹੀਆਂ ਖ਼ਬਰਾਂ ਜੁ ਉਹ ਅਖ਼ਬਾਰਾਂ ਵਿਚ ਨਿੱਤ ਪੜ੍ਹਦਾ ਰਹਿੰਦਾ ਸੀ, ਉਹਦੇ ਕੁਲੀਗ ਪੜ੍ਹ ਕੇ ਡਿਸਕਸ ਕਰਦੇ ਵੀ ਰਹਿੰਦੇ ਸਨ।

ਇਸ ਲਈ ਡਰ ਦਾ ਮਾਰਿਆ ਉਹ ਗੀਮਾ ਨੂੰ ਉਸ ਤੋਂ ਬਿਨਾ ਪੁਛੇ ਕਿਤੇ ਨਾ ਜਾਣ ਦੀ ਤੇ ਉਸ ਤੋਂ ਬਿਨਾ ਕਿਸੇ ਹੋਰ ਦੇ ਕੁੰਡਾ ਖੜਕਾਉਣ 'ਤੇ ਦਰਵਾਜ਼ਾ ਨਾ ਖੋਲ੍ਹਣ ਦੀ ਤਾਕੀਦ ਕਰਕੇ ਜਾਂਦਾ ਸੀ। ਉਸਦਾ ਆਪਣੀ ਪਤਨੀ ਗੀਮਾ 'ਤੇ ਸ਼ੱਕ ਘਟਦਾ ਜਾ ਰਿਹਾ ਸੀ ਤੇ ਉਸ ਨਾਲ ਸਨੇਹ ਵਧਦਾ ਜਾ ਰਿਹਾ ਸੀ।

ਗੀਮਾ ਉਹਨੂੰ ਹਾਸੇ-ਹਾਸੇ ਵਿਚ ਸਮਝਾਉਂਦੀ ਕਿ ਉਹ ਹਰ ਗੱਲ ਵਿਚ ਆਪਣੇ ਆਪ ਨੂੰ ਘਟੀਆ ਬੁੱਧੂ

ਤੇ ਘੱਟ ਸਮਝ ਰੱਖਣ ਵਾਲਾ ਕਿਉਂ ਕਹਿੰਦਾ ਰਹਿੰਦਾ ਏ? ਤੇ ਜਦ ਉਹ ਆਪਣੇ ਆਪ ਨੂੰ ਸਾਧਾਰਨ ਬੁੱਧੀ ਵਾਲਾ ਕਹਿੰਦਾ ਰਹਿੰਦਾ ਏ, ਫਿਰ ਉਹਦੇ ਦਫ਼ਤਰ ਵਾਲਿਆਂ ਨੇ ਤਾਂ ਉਹਨੂੰ 'ਬੁੱਧੂ' ਕਹਿਣਾ ਹੀ ਹੋਇਆ।

ਰੀਮਾ ਦੀ ਮੰਮੀ ਨੇ ਉਹਨੂੰ ਫੋਨ ਕਰਕੇ ਆਪਣੇ ਕੋਲ ਬੁਲਾਇਆ। ਉਹਨੂੰ ਹੇਅਰ ਡਰੈਸਰ ਕੋਲ ਲੈ ਗਈ। ਉਹਦੇ ਸਿਰ ਦੇ ਲੰਮੇ ਲੰਮੇ ਬੇਢਬੇ ਰੱਖੇ ਵਾਲਾਂ ਨੂੰ ਉਹਦੇ ਭਰਵੇਂ ਚਿਹਰੇ ਅਨੁਸਾਰ ਛੋਟੇ ਕਰਵਾਇਆ। ਉਹਨੂੰ ਰੈਡੀਮੇਡ ਦੀ ਦੁਕਾਨ ਤੋਂ ਪੰਜ, ਸੱਤ ਜੀਨ ਦੀਆਂ ਪੈਂਟਾਂ ਤੇ ਟੀ-ਸਰਟਾਂ ਕਲਰ ਮਿਲਾ ਕੇ ਖਰੀਦ ਕੇ ਦਿੱਤੀਆਂ। ਤੇ ਉਹਨੇ ਉਹਨਾਂ ਦੇ ਦਫ਼ਤਰ ਦੇ ਕੰਪਿਊਟਰ ਸੈਕਸ਼ਨ ਦੇ ਹੈੱਡ ਸੰਤੋਖ ਸਿੰਘ ਨੂੰ ਫੋਨ ਕਰ ਦਿੱਤਾ।

ਦੂਸਰੇ ਦਿਨ ਸੈਕਸ਼ਨ ਅਫਸਰ ਸੰਤੋਖ ਸਿੰਘ ਨੇ ਆਰਡਰ ਬੁੱਕ 'ਤੇ ਆਰਡਰ ਕੱਢ ਦਿੱਤਾ, "ਕੋਈ ਵੀ ਕਰਮਚਾਰੀ ਇਕ ਦੂਸਰੇ ਨੂੰ ਨੀਵਾਂ ਦਿਖਾਉਣ ਲਈ ਉਹਨੂੰ ਬੁਧੂ ਘੱਟ ਸਮਝ ਵਾਲਾ ਜਾਂ ਹੋਰ ਕੋਈ ਵੀ ਸ਼ਬਦ ਇਕ ਦੂਸਰੇ ਵਿਚ ਹੀਣ-ਭਾਵ ਪੈਦਾ ਕਰਨ ਵਾਲਾ ਨਹੀਂ ਵਰਤੇਗਾ।" ਕੰਪਿਊਟਰ ਸੈਕਸ਼ਨ ਦੇ ਕਰਮਚਾਰੀਆਂ ਨੇ ਪੁੱਛਿਆ, "ਜੇ ਕੋਈ ਆਪਣੇ-ਆਪ ਨੂੰ ਬੁੱਧੂ ਜਾਂ ਘੱਟ ਸਮਝ ਵਾਲਾ ਕਹੇ? " ਸੰਤੋਖ ਸਿੰਘ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ, "ਕੋਈ ਆਪਣੇ-ਆਪ ਨੂੰ ਬੁੱਧੂ ਆਦਿ ਕਹਿ ਕੇ ਆਪਣੇ ਆਪ ਵਿਚ ਵੀ ਹੀਣ ਭਾਵ ਪੈਦਾ ਨਹੀਂ ਕਰੇਗਾ।"

ਏਨੇ ਨੂੰ ਸਾਧਾ ਸਿੰਘ ਆਪਣੇ ਮੋਟਰ ਸਾਇਕਲ ਤੋਂ ਉਤਰਿਆ। ਉਹ ਪਛਾਣਿਆ ਨਹੀਂ ਸੀ ਜਾਂਦਾ। ਉਹ ਜੀਨਜ਼ ਪਾਈ। ਅੱਖਾਂ 'ਤੇ ਕਾਲੀਆਂ ਐਨਕਾਂ ਲਾਈ... ਟੌਅਰ ਨਾਲ ਆ ਰਿਹਾ ਸੀ। ਉਹ ਆਪਣੀ ਸੀਟ 'ਤੇ ਬੈਠਾ ਕੰਮ ਕਰਦਾ ਰਿਹਾ, ਆਪਣੇ ਕੁਲੀਗਾਂ ਨਾਲ ਮਤਲਬ ਦੀਓ ਗੱਲ ਕਰ ਰਿਹਾ ਸੀ। ਉਹਦੇ ਸਾਹਮਣੇ ਹੁਣ ਘਸੀਆਂ ਹੋਈਆਂ ਖੁਲ੍ਹੀ ਮੂਹਰੀ ਦੀਆਂ ਪੈਂਟਾ ਪਾਈ। ਬੇਮਤਲਬ ਗੱਲਾਂ ਕਰਕੇ ਹੱਸਦੇ ਕਲਰਕ ਸਾਧਾਰਨ ਜਾਪ ਰਹੇ ਸਨ।

ਸਾਧਾ ਸਿੰਘ ਦੇ ਆਲੇ-ਦੁਆਲੇ ਬੈਠੇ ਕਰਮ ਚਾਰੀ ਤੇ ਕਰਮਚਾਰਨਾਂ ਆਪਣੇ ਆਪਣੇ ਘਰ ਦੀ ਲੜਾਈ ਝਗੜੇ ਦੇ ਕਿੱਸੇ ਸੁਣਾਉਂਦੇ ਰਹਿੰਦੇ ਸਨ। ਉਹਦੀ ਸੀਟ ਦੇ ਸਾਹਮਣੇ ਸੀਟ 'ਤੇ ਬੈਠੀ ਸੁਨੈਨਾ, ਉਹਦੀ ਪੰਜ-ਸੱਤ ਦਿਨ ਬਾਅਦ ਹੁੰਦੀ ਮਾਰ-ਕਟਾਈ ਬਾਰੇ ਤਾਂ ਦੱਸਦੀ ਹੀ ਰਹਿੰਦੀ ਸੀ ਪਰ ਕਈ ਵਾਰ ਉਹ ਦੁਖੀ ਹੋਈ, ਨਿਰਲੱਜ, ਹੋਈ ਸਾੜ੍ਹੀ ਦਾ ਪੱਲਾ ਚੁੱਕ ਕੇ ਉਹਦੀਆਂ ਲੱਤਾਂ 'ਤੇ ਪਏ ਜ਼ਖ਼ਮਾਂ ਦੇ ਨਿਸ਼ਾਨ ਦਿਖਾਉਣ ਲੱਗ ਪੈਂਦੀ ਸੀ। ਤੇ ਸਾਰਿਆਂ ਦੇ ਚਿਹਰਿਆਂ 'ਤੇ ਉਹਦੇ ਲਈ ਉਮੜੀ ਹਮਦਰਦੀ ਦੇ ਭਾਵ ਦੇਖਦਿਆਂ ਸਿਸਕੀਆਂ ਭਰਦੀ ਆਖਦੀ ਕਿ ਉਹ ਆਪਣਾ ਬਲਾਉਜ਼ ਚੁੱਕ ਕੇ ਛਾਤੀ 'ਤੇ ਅਤੇ ਪਿੱਠ ਪਿਛੇ ਪਏ ਜ਼ਖ਼ਮਾਂ ਦੇ ਨਿਸ਼ਾਨ ਕੀ ਦਿਖਾਵੇ? ਤੇ ਉਹ ਸੇਵਾਦਾਰਨੀ ਨੂੰ ਆਪਣੇ ਨਾਲ ਬਾਥਰੂਮ ਵਿਚ ਲਿਜਾ ਕੇ ਗੁੱਝੀਆਂ ਸੱਟਾਂ ਤੇ ਜ਼ਖ਼ਮਾਂ 'ਤੇ ਮਲ੍ਹਮ ਲਗਾਉਣ ਲੱਗ ਪੈਂਦੀ ਸੀ। ਉਹ ਦੱਸਦੀ ਕਿ ਉਹਦਾ ਪਤੀ ਸ਼ੱਕ ਕਰਦਾ ਏ ਕਿ ਉਹਦੇ ਵਿਆਹ ਹੋਣ ਤੋਂ ਬਾਅਦ ਵੀ, ਉਹਦੇ ਵੱਡੇ ਜੀਜੇ ਨਾਲ ਨਜਾਇਜ਼ ਸਬੰਧ ਨੇ।

ਕੰਪਿਊਟਰ ਸੈਕਸ਼ਨ ਦੀਆਂ ਇਸਤਰੀ ਕਰਮਚਾਰੀ ਹੀ ਉਹਨਾਂ ਦੇ ਪਤੀਆਂ ਤੋਂ ਤੰਗ ਨਹੀਂ ਸਨ, ਬਲ ਕਿ ਲਗਭਗ ਸਾਰੇ ਮਰਦ ਕਰਮਚਾਰੀ ਵੀ ਉਹਨਾਂ ਦੀਆਂ ਪਤਨੀਆਂ ਦੀ ਨੋਕ-ਝੋਕ ਤੋਂ ਔਖੇ ਸਨ। ਜਿਸ ਦਿਨ ਦੋ ਤਿੰਨ ਲੇਡੀ ਸਟਾਫ-ਮੈਂਬਰ ਛੁੱਟੀ ਤੇ ਹੁੰਦੀਆਂ ਤੇ ਜਿਹੜੀ ਆਈ ਹੁੰਦੀ, ਉਹ ਕਿਸੇ ਬਹਾਨੇ ਫਰਲੋ ਤੇ ਚਲੀ ਜਾਂਦੀ ਤਾਂ ਪਿੱਛੇ ਜੈਂਟਸ-ਸਟਾਫ ਹੀ ਰਹਿ ਜਾਂਦਾ ਸੀ। ਉਹ ਤਾਂ ਬੈਂਡ-ਰੂਪ ਵਿਚ ਹੁੰਦੇ ਲੜਾਈ-ਝਗੜੇ ਵੀ ਡਿਸਕਸ ਕਰਨ ਲੱਗ ਪੈਂਦੇ ਸਨ। ਇਹ ਤਾਂ ਲਗਭਗ ਸਾਰਿਆਂ ਨੂੰ ਹੀ ਸਿਕਾਇਤ ਸੀ ਕਿ ਪਤਨੀਆਂ ਉਹਨਾਂ ਨਾਲ ਸੌਣ, ਸੰਬੰਧ ਬਣਾਉਣ ਨੂੰ ਕਹਿਣ 'ਤੇ ਆਪਣੀਆਂ ਫਰਮਾਇਸ਼ਾਂ ਅੱਗੇ ਰੱਖ ਦਿੰਦੀਆਂ ਹਨ। ਕਿਸੇ ਦੀ ਡੀਮਾਂਡ ਕਿਸੇ ਹੀਰੋਇਨ ਦੁਆਰਾ ਉਹਦੀ ਨਵੀਂ ਆਈ ਫਿਲਮ ਵਿਚ ਸ਼ਹਿਰ ਵਿਚ ਰਿਵਾਜ਼ ਵਜੋਂ ਪ੍ਰਚਲੱਤ ਹੋਏ ਸਲਵਾਰ ਕਮੀਜ਼ ਦੀ ਹੁੰਦੀ, ਕਿਸੇ ਦੀ ਡੀਮਾਂਡ ਸ਼ਹਿਰ ਦੇ ਸਵਰਨਕਾਰਾਂ ਦੁਆਰਾ ਬਣਾਏ ਅਖ਼ਬਾਰ ਤੇ ਟੀ. ਵੀ. ਵਿਚ ਦੇਖੇ ਨਵੇਂ ਡਿਜਾਇਨ ਦੇ ਗਹਿਣਿਆਂ ਦੀ। ਕੋਈ ਆਖਦੀ, "ਹੁਣ ਮਤਲਬ ਨੂੰ ਬੁਲਾਉਣ ਲੱਗ ਪਏ ਜਦ ਕਿਹਾ ਏ ਕਿ ਤਨਖਾਹ ਵਿਚੋਂ ਹਰ ਮਹੀਨੇ ਪੰਜ ਹਜ਼ਾਰ ਰੁਪਏ



ਦਿਆ ਕਰੋ ਜਿਵੇਂ ਮਰਜ਼ੀ ਖਰਚ ਕਰਾਂ।" ਕੋਈ ਆਖਦਾ, "ਨਾਂਹ ਨੁਕਰ, ਮਿਹਣੇ-ਤਾਅਨੇ ਏਨਾ ਮੂਡ ਖਰਾਬ ਹੋ ਜਾਂਦਾ ਏ ਕਿ ਪਤਨੀ ਕੋਲੋਂ ਉਠ ਕੇ ਦੂਸਰੇ ਕਮਰੇ ਵਿਚ ਚਲਿਆ ਜਾਵਾਂ ਜਾਂ ਉਹ ਉਠ ਕੇ ਚਲੀ ਜਾਵੇ। ਪਰ ਲੋਕ-ਲਾਜ ਵਿਚ ਬੰਨ੍ਹੇ। ਇਕ ਦੂਸਰੇ ਵੱਲ ਪਿੱਠ ਕਰਕੇ, ਇਕੋ ਬੈੱਡ ਤੇ ਸੌਣਾ ਪੈਂਦਾ ਏ।"

ਪਰ ਕੰਪਿਊਟਰ ਸੈਕਸ਼ਨ ਦੇ ਕਰਮਚਾਰੀ ਹੈਰਾਨ ਸਨ ਕਿ ਸਾਧਾ ਸਿੰਘ ਦੇ ਵਿਆਹ ਨੂੰ ਪੰਜ, ਛੇ ਸਾਲ ਹੋ ਗਏ ਸਨ ਪਰ ਉਹਨੇ ਕਦੇ ਪਤਨੀ ਨਾਲ ਕਿਸੇ ਕਿਸਮ ਦੀ ਹੋਈ ਆਣ-ਬਣ ਗੁੱਸੇ ਗਿਲੇ ਦੀ ਕੋਈ ਗੱਲ ਹੀ ਨਹੀਂ ਕੀਤੀ ਸੀ। ਉਹਨਾਂ ਦਾ ਕਦੇ ਲੜਾਈ ਝਗੜਾ ਹੀ ਨਹੀਂ ਹੋਇਆ ਸੀ। ਸਾਧਾ ਸਿੰਘ ਆਖਦਾ ਕਿ ਉਹਨਾਂ ਦੀ ਆਪਸ ਵਿਚ ਬਹੁਤ ਬਣਦੀ ਏ... ਉਹਦੀ ਪਤਨੀ ਨੇ ਕਦੇ ਸ਼ਿਕਾਇਤ ਦਾ ਮੌਕਾ ਹੀ ਨਹੀਂ ਦਿੱਤਾ ਸੀ।

ਉਹਦੇ ਕੁਲੀਗ, ਅੱਖਾਂ ਹੀ ਅੱਖਾਂ ਵਿਚ ਇਸ਼ਾਰੇ ਕਰਦੇ ਕਿ 'ਕਿਸੇ ਤਰ੍ਹਾਂ ਸਾਧਾ ਸਿੰਘ ਦੀ ਉਹਦੀ ਪਤਨੀ ਨਾਲ ਵੀ ਲੜਾਈ ਹੋਵੇ... ਅਸੀਂ ਵੀ ਇਹਨਾਂ ਦਾ ਤਮਾਸ਼ਾ ਦੇਖੀਏ... ਜਿਵੇਂ ਇਹ ਸਾਡੇ ਘਰਾਂ ਦੀਆਂ ਲੜਾਈ-ਝਗੜੇ ਦੀਆਂ ਗੱਲਾਂ ਸੁਣ ਕੇ ਹੱਸਦਾ ਰਹਿੰਦਾ ਏ... ਅਸੀਂ ਵੀ ਇਹਨਾਂ ਦੇ ਘਰ ਦੀ ਲੜਾਈ ਝਗੜੇ ਬਾਰੇ ਸੁਣ ਕੇ ਹੱਸੀਏ, ਮਜ਼ਾਕ ਉਡਾਈਏ। ਤੇ ਲੱਭਣ ਵਾਲੇ ਕੋਈ ਨਾ ਕੋਈ ਸੁਰਾਗ ਲੱਭ ਹੀ ਲੈਂਦੇ ਹਨ।

ਕੰਪਿਊਟਰ ਸੈਕਸ਼ਨ ਦੇ ਜਦ ਵੀ ਕਿਸੇ ਕਰਮਚਾਰੀ ਦੇ ਘਰ ਕੋਈ ਖੁਸ਼ੀ ਹੁੰਦੀ, ਉਹ ਆਪਣੇ ਕੁਲੀਗਜ਼ ਨਾਲ ਖੁਸ਼ੀ ਜ਼ਰੂਰ ਸਾਂਝੀ ਕਰਦਾ ਸੀ। ਜੇ ਕਿਸੇ ਦੇ ਘਰ ਮੁੰਡਾ ਜੰਮਦਾ ਉਹਨੇ ਤਾਂ ਪਾਰਟੀ ਕਰਨੀ ਓਏਂ ਬਦਲੇ ਹੋਏ ਸਮਾਜਿਕ ਹਾਲਾਤਾਂ ਅਨੁਸਾਰ ਜੇ ਕਿਸੇ ਦੇ ਘਰ ਕੁੜੀ ਵੀ ਪੈਦਾ ਹੁੰਦੀ ਤਾਂ ਵੀ ਬਰਾਂਚ ਵਿਚ ਖੁਸ਼ੀ ਮਨਾਈ ਜਾਂਦੀ, ਮਿਠਾਈ ਵੰਡੀ ਜਾਂਦੀ।

ਤੇ ਕੰਪਿਊਟਰ ਸੈਕਸ਼ਨ ਵਿਚ ਅਜਿਹੀ ਖੁਸ਼ੀ ਮਨਾਉਣ ਵੇਲੇ, ਸਾਧਾ ਸਿੰਘ ਨੂੰ ਜ਼ਰੂਰ ਛੇੜਿਆ ਜਾਂਦਾ, "ਹਾਂ ਜੀ !! ਸਾਧਾ ਸਿੰਘ ਜੀ !! ਸਾਡੇ ਘਰ ਤਾਂ ਚਾਰ, ਪੰਜ, ਸਾਲ ਵਿਚ ਦੋ ਦੋ ਬੱਚੇ ਹੋ ਗਏ ਸਨ। ਤੂੰ ਸਾਨੂੰ ਦੱਸਦਾ ਈ ਨੀਂ ਤੂੰ ਕਦੋਂ ਪਿਓ ਬਣਨ ਵਾਲਾ ਏ? " ਲੇਡੀਜ਼ ਤੇ ਜੈਂਟਸ ਸਟਾਫ਼ ਆਪਸ ਵਿਚ ਰਤਾ ਖੁੱਲ੍ਹੀਆਂ ਗੱਲਾਂ ਕਰ ਲੈਂਦੇ ਸਨ, ਝਾਕਾ ਖੁੱਲ੍ਹਿਆ ਹੋਇਆ ਸੀ। ਸੁਨੈਨਾ ਜਾਂ ਕੋਈ ਹੋਰ ਲੇਡੀ ਮੁਸਕੜੀਆਂ ਹੱਸਦੀ ਆਖਦੀ, "ਸਾਡਾ ਤਾਂ ਪਤਾ ਲੱਗ ਜਾਂਦਾ ਕਿ ਅਸੀਂ ਮਾਂ ਬਣਨ ਵਾਲੀਆਂ ਹਾਂ ਪਰ ਜੈਂਟਸ ਦਾ ਤਾਂ ਪਤਾ ਨਹੀਂ ਲਗਦਾ ਕਿ ਉਹ ਪਿਓ ਬਣਨ ਵਾਲੇ ਨੇ? ਇਹ ਤਾਂ ਹੁਣ ਸਾਧਾ ਸਿੰਘ ਦੇ ਘਰ ਜਾ ਕੇ ਭਰਜਾਈ ਨੂੰ ਪੁੱਛ ਕੇ ਪਤਾ ਲੱਗੂ ਕਿ ਉਹ ਕਦ ਮਾਂ ਬਣਨ ਵਾਲੀ ਏ? " ਉਹ ਸਾਧਾ ਸਿੰਘ ਨੂੰ ਨਸੀਹਤ ਦਿੰਦੀਆਂ, "ਭਰਜਾਈ ਨੂੰ ਪੁੱਛ ਤਾਂ ਸਹੀ ਉਹਦਾ ਪੈਰ ਭਾਰੇ ਨੇ... ਉਮੈਦਵਾਰੀ, ਪ੍ਰੈਗਨੈਂਸੀ ਹੈ? ਨਹੀਂ ਤਾਂ ਹਸਪਤਾਲ ਜਾ ਕੇ ਚੈਕ ਕਰਵਾਓ ਜੇ ਦੋਹਾਂ ਵਿਚੋਂ ਕਿਸੇ ਵਿਚ ਨੁਕਸ ਏ ਤਾਂ ਇਲਾਜ਼ ਕਰਵਾਓ ਤੇ ਸਾਲ ਦੇ ਵਿਚ ਵਿਚ ਸਾਨੂੰ ਪਾਰਟੀ ਕਰਨ ਵਾਲੇ ਬਣੋ ਸਾਡੇ ਕੋਲੋਂ ਪਾਰਟੀਆਂ ਈ ਨਾ ਖਾਈ ਜਾਓ?" ਤੇ ਸੈਕਸ਼ਨ ਵਿਚ ਹਾਸਾ ਮਚ ਜਾਂਦਾ।

ਕੁਲੀਗ ਦੀਆਂ ਸੁਣਾਵਤਾ ਸੁਣਦਿਆਂ-ਸੁਣਦਿਆਂ ਤੰਗ ਆਇਆ ਸਾਧਾ ਸਿੰਘ ਇਕ ਦਿਨ ਆਪਣੀ ਪਤਨੀ, ਰੀਮਾ ਨੂੰ ਪੁੱਛਣ ਲੱਗਿਆ, "ਰੀਮਾ ਤੂੰ ਮੇਰੇ ਕੋਲ ਕਦੇ ਵੀ ਮਾਂ ਬਣਨ ਦੀ ਇੱਛਾ ਕਿਉਂ ਨੀ ਜ਼ਾਹਰ ਕਰਦੀ? ਮੇਰੇ ਨਾਲ ਦੇ ਦਫ਼ਤਰ ਦੇ ਕਰਮਚਾਰੀ ਜਿਨ੍ਹਾਂ ਦਾ ਮੇਰੇ ਵਿਆਹ ਦੇ ਨਾਲ ਵਿਆਹ ਹੋਇਆ ਉਹ ਦੋ ਦੋ ਤਿੰਨ ਤਿੰਨ ਬੱਚਿਆਂ ਦੇ ਪਿਓ ਬਣ ਗਏ ਨੇ।" ਰੀਮਾ ਨੇ ਭੋਲੀ-ਭਾਲੀ ਬਣਦਿਆਂ ਉੱਤਰ ਦਿੱਤਾ, "ਮੈਨੂੰ ਤਾਂ ਇਸ ਬਾਰੇ ਕੋਈ ਪਤਾ ਨਹੀਂ... ਮੇਰੀ ਮੰਮੀ ਨੂੰ ਕਹੋ... ਜੋ ਕੁਝ ਉਹ ਕਹੇਗੀ... ਮੈਂ ਉਹੀ ਕਰਾਂਗੀ।"

ਸਾਧਾ ਸਿੰਘ ਰੀਮਾ ਦੀ ਗੱਲ ਸੁਣ ਕੇ ਸੋਚੀਂ ਪੈ ਗਿਆ, "ਮਾਂ ਬਣਨ ਦਾ ਸੁਪਨਾ ਤਾਂ ਅਕਲ ਪੱਖੋਂ ਹੀਣੀਓ ਹੀਣੀ ਕੁੜੀ ਦਾ ਵੀ ਹੁੰਦਾ ਏ। ਪਰ ਉਹਨੇ ਇਹਦੇ ਬਾਰੇ ਰੀਮਾ ਨਾਲ ਕੋਈ ਵੀ ਗੱਲ ਕਰਨੀ ਯੋਗ

ਨਹੀਂ ਸਮਝੀ, ਉਹ ਸਿੱਧਾ ਉਹਦੀ ਮੰਮੀ ਨੂੰ ਮਿਲਣ ਲਈ ਚਲਿਆ ਗਿਆ ਸੀ।

ਰੀਮਾ ਦੀ ਮੰਮੀ ਨੇ ਹੱਸਦਿਆਂ ਹੋਇਆ ਸਾਧਾ ਸਿੰਘ ਨੂੰ ਪਹਿਲਾਂ ਇਹੀ ਪੁੱਛਿਆ, "ਮੇਰੀ ਬੇਟੀ ਤੈਨੂੰ ਕਿਸੇ ਗੱਲੋਂ ਪ੍ਰੇਸ਼ਾਨ ਤਾਂ ਨਹੀਂ ਕਰ ਰਹੀ, ਮੈਨੂੰ ਦੱਸ ਦੇਈ, ਮੈਂ ਉਹਨੂੰ ਸਮਝਾ ਦਿਆਂਗੀ।" ਸਾਧਾ ਸਿੰਘ ਨੇ ਆਪਣੀ ਪਤਨੀ, ਰੀਮਾ ਦੀਆਂ ਉਹਦੀ ਮੰਮੀ ਕੋਲ ਸਿਫ਼ਤਾਂ ਹੀ ਕੀਤੀਆਂ ਪਰ ਸਵਾਲ ਪੁੱਛਿਆ, "ਮੰਮੀ ਜੀ ! ਰੀਮਾ ਕਦੇ ਵੀ ਮਾਂ ਬਣਨ ਦੀ ਇੱਛਾ ਜ਼ਾਹਰ ਕਿਉਂ ਨਹੀਂ ਕਰਦੀ? ਉਹ ਕਹਿੰਦੀ ਏ ਜੋ ਕੁਝ ਉਹਦੀ ਮੰਮੀ ਕਹੇਗੀ ਉਹੀ ਕਰੇਗੀ ! ਮੰਮੀ ਜੀ ! ਭਲਾ ਤੁਸੀਂ ਉਹਨੂੰ 'ਮਾਂ' ਬਣਨ ਤੋਂ ਕਿਉਂ ਰੋਕਿਆ ਹੋਇਆ? ਜਿਨੇ ਮੇਰੇ ਕੁਲੀਗਜ਼ ਦਾ ਮੇਰੇ ਵਿਆਹ ਨਾਲ ਵਿਆਹ ਹੋਇਆ ਉਹਨਾਂ ਦੇ ਘਰ ਦੋ ਦੋ ਬੱਚੇ ਨੇ। ਮੰਮੀ ਜੀ ! ਰੀਮਾ ਤੁਹਾਡੀ ਹਰ ਗੱਲ ਮੰਨਦੀ ਏ। ਉਹਨੂੰ ਕਹੋ ਕਿ ਉਹ ਆਪਣੀ ਕੁੱਖੋਂ ਔਲਾਦ ਪੈਦਾ ਕਰੇ। ਮੇਰਾ ਘਰ ਵੀ ਬੱਚੇ ਦੀ ਕਿਲਕਾਰੀ ਨੂੰ ਤਰਸ ਰਿਹਾ ਏ।"

ਰੀਮਾ ਦੀ ਮਾਂ ਸੋਚੀਂ ਪੈ ਗਈ ਸੀ। ਹੁਣ ਉਹਨੂੰ ਸਾਧਾ ਸਿੰਘ ਕੋਲ ਅਸਲੀਅਤ ਦੱਸਣ, ਭੇਤ ਖੋਲ੍ਹਣ ਤੋਂ ਬਿਨਾ ਕੋਈ ਚਾਰਾ ਚੱਲਦਾ ਨਜ਼ਰ ਨਹੀਂ ਸੀ ਆ ਰਿਹਾ। ਉਹਨੇ ਸਾਧਾ ਸਿੰਘ ਨੂੰ ਕੋਲ ਬਿਠਾ ਕੇ ਕਲਾਵੇ ਵਿਚ ਲੈ ਕੇ ਕਿਹਾ, "ਪੁੱਤਰਾ ਮੈਂ ਪਹਿਲਾਂ ਹੀ ਤੇਰੇ ਸੈਕਸ਼ਨ ਅਫ਼ਸਰ ਨੂੰ ਦੱਸ ਤਾਂ ਦਿੱਤਾ ਸੀ... ਕਿ ਮੇਰੀ ਬੇਟੀ ਰੀਮਾ ਮਾਨਵੀ ਨਹੀਂ... ਸਗੋਂ ਸਾਡੀ ਕੰਪਨੀ ਦੀ ਸਾਡੇ ਬੱਚਿਆਂ ਵਾਂਗ ਨਿਰਮਿਤ ਸੰਵੇਦਨਸ਼ੀਲ ਰੋਬੋ ਹੈ... ਰੋਬੋਟ। ਭਲਾ ਰੋਬੋ ਬੱਚੇ ਨੂੰ ਜਨਮ ਕਿਵੇਂ ਦੇ ਸਕਦੀ ਏ?" ਏਨਾ ਕਹਿੰਦਿਆਂ ਮਨਜੀਤ ਕੌਰ ਦੀਆਂ ਅੱਖਾਂ ਵਿਚ ਹੰਝੂ ਆ ਗਏ ਸਨ। ਜਿਵੇਂ ਸੱਚ ਮੁੱਚ ਇਕ ਮਾਂ ਉਹਦੀ ਬੇਟੀ ਦੇ ਮਾਂ ਨਾ ਬਣ ਸਕਣ ਤੋਂ ਦੁੱਖੀ ਹੋਵੇ।

ਸਾਧਾ ਸਿੰਘ ਨੇ ਦੁੱਖੀ ਤੇ ਨਿਰਾਸ਼ ਹੁੰਦਿਆਂ ਕਿਹਾ, "ਫਿਰ ਤੁਸੀਂ ਆਪਣੀ ਬੇਟੀ ਰੋਮੀ ਨੂੰ, ਨਹੀਂ ਸੱਚ ਰੋਬੋ ਨੂੰ ਲੈ ਆਓ... ਮੈਂ ਆਪਣਾ ਹੋਰ ਵਿਆਹ ਕਰਵਾ ਲਵਾਂਗਾ।"

ਰੀਮਾ ਦੀ ਮੰਮੀ, ਸਾਧਾ ਸਿੰਘ ਨੂੰ ਕਾਰ ਵਿਚ ਬਿਠਾ ਕੇ ਉਹਦੇ ਘਰ ਲੈ ਗਈ ਤੇ ਉਹ ਰੀਮਾ ਨੂੰ ਉਹਦੇ ਨਾਲ ਚੱਲਣ ਲਈ ਮਨਾਉਣ ਲੱਗੀ।

ਸਾਧਾ ਸਿੰਘ ਬਹਿਕੇ ਸੋਚਣ ਲੱਗਿਆ। ਰੀਮਾ ਦੇ ਆਉਣ ਨਾਲ ਉਹਦੇ ਜੀਵਨ ਵਿਚ ਸੰਤੁਲਨ ਕਾਇਮ ਹੋਇਆ ਸੀ। ਨਹੀਂ ਤਾਂ ਉਹਨੂੰ ਕਿੰਨੀਆਂ ਹੀ ਕੁੜੀਆਂ ਨੇ ਤੇ ਉਹਨਾਂ ਦੇ ਮਾਪਿਆਂ ਨੇ ਲੁੱਟਿਆ ਕੰਗਾਲ ਕਰ ਦਿੱਤਾ ਸੀ। ਦਫ਼ਤਰ ਵਿਚ ਉਹਨੂੰ ਬੁੱਧੂ ਸਮਝਿਆ ਜਾਂਦਾ ਸੀ। ਪਰ ਰੀਮਾ ਦੇ ਪਿਆਰ ਤੇ ਨਿੱਘ ਭਰੇ ਵਰਤਾ ਕਾਰਨ ਉਹਦਾ ਆਪਣੇ ਆਪ ਵਿਚ ਆਤਮ ਵਿਸ਼ਵਾਸ ਪੈਦਾ ਹੋਇਆ ਤੇ ਉਹ ਵੀ ਦੂਸਰੇ ਕਲਰਕਾਂ ਵਾਂਗ ਉਹਨਾਂ ਕੋਲੋਂ ਆਤਮ ਸਨਮਾਨ ਭਾਲਣ ਲੱਗ ਗਿਆ ਸੀ। ਉਹ ਵੀ ਉਹਨਾਂ ਨੂੰ ਟਿੱਚਰ-ਮਖੌਲ ਕਰਨ ਲੱਗ ਪਿਆ ਸੀ।

ਉਹ ਇਹ ਸੋਚਦਿਆਂ ਉਦਾਸ ਹੋਣ ਲੱਗਿਆ ਕਿ ਰੀਮਾ ਦੇ ਚਲੇ ਜਾਣ ਤੋਂ ਬਾਅਦ ਉਹਦਾ ਇਸ ਘਰ ਵਿਚ ਕੌਣ ਹੈ? ਜੋ ਉਹਨੂੰ ਸਹਾਰਾ ਦੇਵੇਗਾ। ਉਹਦੀ ਮੰਮੀ ਵੀ ਪੰਜੀਂ ਸੱਤੀਂ ਉਹਦੇ ਕਰਕੇ ਹੀ ਗੇੜਾ ਮਾਰਦੀ ਏ ਤੇ ਉਹਦੇ ਹਾਸੇ ਮਖੌਲ ਵਾਲੇ ਸੁਭਾ ਕਰਕੇ ਘਰ ਖੁਸ਼ੀਆਂ ਖੇੜੇ ਨਾਲ ਭਰ ਜਾਂਦਾ ਏ। ਤੇ ਉਹ ਮੌਕਾ ਸੰਭਾਲਦਿਆਂ ਤੁਰਨ ਲੱਗੀ ਉਹਦੀ ਪਤਨੀ, ਰੀਮਾ ਦੇ ਗਲ ਲਗ ਕੇ ਰੋਣ ਲੱਗ ਪਿਆ ਤੇ ਉਹਨੇ ਰੀਮਾ ਦੀ ਮੰਮੀ ਨੂੰ ਕਿਹਾ, "ਮੰਮੀ ਬੱਚੇ ਦਾ ਕੀ ਏ? ਮੇਰੇ ਰਿਸ਼ਤੇਦਾਰਾਂ ਕੋਲ ਕਈ ਕਈ ਬੱਚੇ ਨੇ... ਅਸੀਂ ਇਕ ਬੱਚਾ ਗੋਦ ਲੈ ਲਵਾਂਗੇ।"

ਰੀਮਾ ਦੀ ਮੰਮੀ, ਮਨਜੀਤ ਕੌਰ ਝੱਟ ਬੋਲੀ, "ਮੈਂ ਰੀਮਾ ਨੂੰ ਛੋਟੇ ਬੱਚੇ ਦਾ ਪਾਲਣ-ਪੋਸ਼ਣ ਕਰਨ ਲਈ ਕਹਿ ਦਿਆਂਗੀ।" ਸਾਧਾ ਸਿੰਘ ਨੇ ਰੀਮਾ ਤੇ ਉਹਦੀ ਮੰਮੀ ਨੂੰ ਬਾਹਾਂ ਵਿਚ ਲੈਂਦਿਆਂ ਖੁਸ਼ੀਂ ਵਿਚ ਚਹਿਕਦਿਆਂ ਕਿਹਾ, "ਫੇਰ ਅਸੀਂ ਦਫ਼ਤਰ ਵਾਲਿਆਂ ਨੂੰ ਘਰ ਬੁਲਾ ਕੇ ਆਪਣੇ ਬੱਚੇ ਦੀ ਪਾਰਟੀ ਕਰ ਦਿਆਂਗੇ।"

ਸੰਪਾਰਕ- 98881-29977



## ਕਹਾਣੀ/ ਦੁਰਯੋਧਨ ਦਾ ਰਾਜ/ - ਮੋਹਨ ਲਾਲ ਫ਼ਿਲੌਰੀਆ

" ਦੁਰਗਾ ਸ਼ਕਤੀ- ਜਿੰਦਾਬਾਦ"

" ਦੁਰਗਾ ਸ਼ਕਤੀ- ਜਿੰਦਾਬਾਦ"

" ਦੁਰਗਾ ਸ਼ਕਤੀ—ਜਿੰਦਾਬਾਦ"

" ਦੁਰਯੋਧਨ ਦਾ ਰਾਜ-ਮੁਰਦਾਬਾਦ"

" ਦੁਰਯੋਧਨ ਦਾ ਰਾਜ- ਮੁਰਦਾਬਾਦ"

" ਦੁਰਗਾ ਸ਼ਕਤੀ - ਤੂੰ ਨਾਗ ਪਾਲ"

ਦੁਰਗਾ ਸ਼ਕਤੀ-ਤੂੰ ਨਾਗ ਪਾਲ"

ਬਾਹਰ ਨਾਹਰੇ ਲਗ ਰਹੇ ਸਨ। ਦੁਰਗਾ ਸ਼ਕਤੀ ਅੰਦਰ ਆਪਣੇ ਘਰ ਸ਼ਾਂਤੀ ਨਾਲ ਮੁਸਕਰਾ ਰਹੀ ਸੀ। ਉਸ ਨੇ ਬਾਹਰ ਆਪਣੇ ਪ੍ਰਸ਼ੰਸ਼ਕਾਂ ਨੂੰ ਸ਼ਾਂਤ ਕੀਤਾ। ਨਾਹਰੇ ਫਿਰ ਲੱਗਣ ਲੱਗੇ।

" ਦੁਰਗਾ ਸ਼ਕਤੀ -ਦੁਰਗਾ ਸ਼ਕਤੀ"

ਦੁਰਗਾ ਸ਼ਕਤੀ -ਜਿੰਦਾਬਾਦ"

ਦੁਰਯੋਧਨ ਦਾ ਰਾਜ- ਮੁਰਦਾਬਾਦ"

ਨਾਹਰੇ ਲੱਗ ਰਹੇ ਸਨ- ਦੁਰਗਾ ਹੱਸ ਰਹੀ ਸੀ। ਉਸ ਪਿੱਛੇ ਪਰਤ ਕੇ ਉੱਪਰ ਵਲ ਵੇਖਿਆ। ਦੀਵਾਰ ਤੇ ਭੋਲੇ ਬਾਬਾ ਦੀ ਤਸਵੀਰ ਸੀ। ਭੋਲੇ ਬਾਬਾ ਮੁਸਕਰਾ ਰਹੇ ਸਨ। ਬਾਬਾ ਦੀ ਗਰਦਨ ਦੇ ਦੁਆਲੇ ਸੱਪ ਨੇ ਜਕੜ ਮਾਰਿਆ ਹੋਇਆ ਸੀ। ਦੁਰਗਾ ਝੁਕੀ , ਬਾਹਰ ਤੋਂ ਨਾਹਰਿਆਂ ਦੀ ਆਵਾਜ਼ ਮੱਧਮ ਪਈ।

" ਇਹ ਸਭ ਕੀ ਹੈ—? ਭੋਲੇ ਬਾਬਾ ਬੋਲੇ।

" ਇਹ ਦੁਰਯੋਧਨ ਦਾ ਰਾਜ ਹੈ—।"

" ਦੁਰਯੋਧਨ ਦਾ ਰਾਜ—?"

"ਜੀ ਹਾਂ "

" ਪਰ ਉਸ ਨੂੰ ਮਰਿਆ ਤਾਂ ਸਦੀਆਂ ਬੀਤ ਗਈਆਂ।"

" ਨਹੀਂ ਉਹ ਮਰਿਆ ਨਹੀਂ ਸੀ।"

"ਫਿਰ—?"

" ਉਸ ਨੇ ਬਸਤਰ ਬਦਲੇ ਸਨ। ਉਸ ਨੇ ਕਾਹਨਾਂ ਨੂੰ ਧੋਖਾ ਦਿੱਤਾ ਸੀ। ਉਹ ਬਹੁਤ ਚਾਲਬਾਜ਼ ਹੈ। ਉਸ ਨੇ ਦਰੋਪਤੀ ਨੂੰ ਨੰਗਾ ਕੀਤਾ ਸੀ ਉਹ ਵੀ ਭੀ ਸਭਾ ਵਿਚ। ਇਹ ਉਹੀ ਦੁਰਯੋਧਨ ਵਾਲਾ ਖ਼ੂਨ ਹੈ....ਉਹੀ ਦੁਰਯੋਧਨ ਉਹੀ ਦੁਰਯੋਧਨ...ਮੇਰੇ ਪ੍ਰਭੂ...ਇਹ ਉਹੀ ਦੁਰਯੋਧਨ ਵਾਲਾ ਖ਼ੂਨ ਏ...ਤੇ ਮੇਰੀ ਦਰੋਪਤੀ ਵਾਲੀ ਜੂਨ।"

"ਤੂੰ ਕਿੰਨਾ ਪੜ੍ਹੀ ਏ... ਤੇ ਕਿਥੇ ਖੜੀ ਏ ।"

" ਮੈਂ ਬਹੁਤ ਪੜ੍ਹੀ ਹਾਂ ਤੇ ਆਪਣੇ ਪੈਰਾਂ ਤੇ ਖੜ੍ਹੀ ਹਾਂ।"

" ਫਿਰ ਤੂੰ ਚੁੱਪ ਕਿਉਂ ਏ—? "

" ਫਿਰ ਕੀ ਕਰਾਂ.....? - ਦੁਰਯੋਧਨ ਮੇਰੇ ਵੀ ਬਸਤਰ ਉਤਾਰੇਗਾ ਫਿਰ ਕੌਣ ਬਚਾਏਗਾ ?"

ਬਾਹਰ ਤੋਂ ਫਿਰ ਆਵਾਜ਼ ਆਈ। ਇਹ ਆਵਾਜ਼ ਹੋਰ ਤਰ੍ਹਾਂ ਦੀ ਸੀ।

" ਦੁਰਯੋਧਨ ਦਾ ਰਾਜ ਦੇਂਦਾ ਏ ਆਵਾਜ਼... ਖ਼ਬਰਦਾਰ !!"

ਦੁਰਯੋਧਨ ਮਹਾਂਰਾਜ ਆ ਰਹੇ ਹੈਂ

ਕੋਈ ਵੀ ਮਾਈ-ਭਾਈ ਰਸਤੇ ਵਿਚ ਨਾ ਖੜੇ

ਨਾ ਕੋਈ ਪੰਛੀ ਪਰਿੰਦਾ ਸੜਕ ਤੇ ਚੜ੍ਹੇ

ਖਲਕਤ ਭੈ ਰਹੀ ਹੈ

ਦਰਯੋਧਨ ਦੀ ਸਵਾਰੀ ਆ ਰਹੀ ਹੈ...।"

"ਅੱਛਾ ਹੋਰ ਦੱਸ ਦੁਰਯੋਧਨ ਦੇ ਨਾਲ ਹੋਰ ਕੌਣ? "

"ਹੋਰ...ਹੋਰ... ਰਾਜਾ ਭਈਆ ਹੈ ਤੇ ਕਈ ਹੋਰ।"

ਹੋਰ ਸੁਣ ਕੇ ਪ੍ਰਭੂ ਮੁਸਕਰਾਏ ਤੇ ਉਹਨਾਂ ਨੇ ਸੱਪ ਨੂੰ ਫੜ ਕੇ ਪਲੋਸਿਆ।ਪ੍ਰੰਤੂ ਸੱਪ ਨੇ ਫਿਰ ਭੋਲੇ ਬਾਬਾ ਦੇ ਗਲ ਨੂੰ ਜਕੜ ਲਿਆ।

"ਸੱਚ ਸੱਚ ਬਤਾਓ ਹੋਇਆ ਕੀ...?"

"ਸੱਚ ਦੀ ਦੱਸਾਂ ਪ੍ਰਭੂ ਸਚਾਈ ਤਾਂ ਇਹ ਹੈ ਕਿ ਮੇਰੇ ਵਰਗੀਆਂ ਤਾਂ ਪੇਟ ਵਿਚ ਹੀ ਮਾਰ ਦਿੱਤੀਆਂ ਜਾਂਦੀਆਂ ਹਨ।ਜੇਕਰ ਕੁੱਖ ਵਿਚੋਂ ਬਚ ਜਾਵੇ ਤਾਂ ਦੁਰਯੋਧਨ ਦੀ ਹਵਸ ਦਾ ਸ਼ਿਕਾਰ ਬਣ ਜਾਂਦੀਆਂ ਹਨ ਤੇ ਤੁਸੀਂ ਤਾਂ ਬੱਸ ਮੁਸਕਰਾ ਛੱਡਦੇ ਹੋ।ਤੁਸੀਂ ਇਹ ਮੁਸਕਰਾਉਣਾ ਛੱਡੋ।ਨਹੀਂ ਤਾਂ ਮੈਂ ਚੁੱਪ ਕਰਕੇ ਜ਼ਰ ਲਵਾਂਗੀ ਜਾਂ ਮਰ ਜਾਵਾਂਗੀ।ਫਿਰ ਕੰਜਕਾਂ ਵੇਲੇ ਕੰਜਕਾਂ ਦਾ ਪਾਖੰਡ ਨਾ ਕਰਨਾ ਤੇ ਫਿਰ ਚੀਰ ਹਰਨ ਨਾ ਕਰਨਾ....।"

" ਇਹ ਤੂੰ ਇਕੱਲੀ ਕਹਿ ਰਹੀ ਏ...।"

" ਜੀ ਪ੍ਰਭੂ....।"

" ਇਹ ਜਯਾ-ਜਯਾ-ਜਯਾ- ਇਹ ਸਭ ਕਿਥੇ ਨੇ?

" ਮੈਂ ਸਮਝੀ ਨਹੀਂ....।"

" ਇਹ ਜਯਾ ਪ੍ਰਦਾ, ਜਯਾ ਭਾਦੁੜੀ, ਜਯਾ ਬਚਨ . ਜਯਾ ਲਲਿਤਾ, ਕਿਰਨ ਬੇਦੀ ਮਮਤਾ ਬੈਨਰਜੀ-ਸਭ ਕਿਥੇ ਨੇ....।"

"ਇਹ ਇਥੇ ਹੀ ਨੇ ਪਰ ਸਭ ਚੁੱਪ ਨੇ...।"

" ਇਹ ਮੇਨਕਾ ਕਿਥੇ ਹੈ...?"

" ਇਥੇ ਹੀ ਹੋਵੇਗੀ- ਮੱਝਾਂ ਗਾਵਾਂ ਦੀ ਰਾਖੀ ਕਰਦੀ ਹੋਵੇਗੀ ਜਾਂ ਬਿੱਲੀਆਂ ਲਈ ਦੁੱਧ ਦਾ ਪ੍ਰਬੰਧ ਕਰਦੀ ਹੋਵੇਗੀ.....।"

" ਅੱਛਾ ਇਹ ਸ਼ੁਸ਼ਮਾ ..... ਇਹ ਮੀਰਾ....।"

" ਇਹ ਸਭ ਇਥੇ ਹੀ ਨੇ।ਮੀਰਾ ਤਾਂ ਸ਼ੈਸ਼ਨ ਚਲਾ ਰਹੀ ਹੈ ਤੇ ਸ਼ੁਸ਼ਮਾ ਬਿਜ਼ੀ ਹੈ ਖੜ੍ਹੀ ਹੋਈ ਹੈ ਕਿ ਸ਼ੈਸ਼ਨ ਨਹੀਂ ਚਲਣ ਦੇਣਾ।"

" ਦਰਗਾ ਇਹ ਰਾਬੜੀ- ਸ਼ੀਲਾ-ਵਸੁੰਧਰਾ, ਇਹ ਮਮਤਾ ਬੈਨਰਜੀ ਦੇ ਹੁੰਦਿਆ ਤੂੰ ਕਿਉਂ ਪਰੇਸ਼ਾਨ ਏ— ਨਾਲੇ ਇਹ ਇਕਤਾਲੀ ਦਾ ਕੀ ਚੱਕਰ ਹੈ.....?"

" ਇਹ ਸਾਰਾ ਚੱਕਰ ਤਾਂ ਇਕ ਤਾਲੀ ਦਾ ਹੀ ਹੁੰਦਾ ਹੈ।ਇਕ ਤਾਲੀ ਵੱਜਦੀ ਹੈ ਤੇ ਸਭ ਕੁਝ ਹੋ ਜਾਂਦਾ ਹੈ।ਉਸ ਦਿਨ ਵੀ ਦੁਰਯੋਧਨ ਦਾ ਛੋਟਾ ਸਰਦਾਰ ਆਇਆ ਸੀ।ਮੈਂ ਨਮਸਤੇ ਕੀਤੀ।ਕਿਸੇ ਮੇਰੇ ਕੰਨ ਵਿਚ ਆਖਿਆ ਕਿ ' ਸਰਦਾਰ' ਦੇ ਪਰ ਛੂਹੋ।ਮੈਂ ਪੈਰ ਛੂਹ ਵੀ ਲੈਣੇ ਸਨ।ਆਪਣੇ ਪਿਤਾ ਦੀ ਨਸੀਹਤ ਯਾਦ ਆਈ।ਉਹ ਕਹਿੰਦੇ ਸਨ ਕਿ ਸਾਡੇ ਦੇਸ਼ ਵਿਚ ਲੜਕੀਆਂ ਪੈਰੀਂ ਹੱਥ ਨਹੀਂ ਲਾਉਂਦੀਆਂ।ਮੈਂ ਤਾਂ ਆਪਣੀ



ਡਿਊਟੀ ਕਰ ਰਹੀ ਸੀ। ਮੈਂ ਤਾਂ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰ ਰਹੀ ਸੀ।ਪਰ ਉਹ ਕਹਿੰਦੇ ਕਿ ਮੈਂ ਉਹਨਾਂ ਦੇ ਆਦੇਸ਼ਾਂ ਦੀ ਉਲੰਘਣਾ ਕੀਤੀ ਹੈ— ਛੋਟੇ ਸਰਦਾਰ ਕਹਿੰਦੇ ਹਨ ਉਹਨਾਂ ਨੇ ਸਾਢੇ ਦਸ ਵਜੇ ਦੁਰਯੋਧਨ ਨਾਲ ਕੋਈ ਗੱਲ ਕੀਤੀ ਤੇ ਗਿਆਰਾਂ ਵੱਜ ਕੇ ਗਿਆਰਾਂ ਮਿੰਟ ਤੇ ਮੈਨੂੰ ਆਸਣ ਤੋਂ ਅਲਗ ਕਰ ਦਿੱਤਾ ਗਿਆ , ਏਦਾਂ ਕੁੱਲ ਇਕਤਾਲੀ ਮਿੰਟ ਲੱਗੇ।ਇਹ ਇਕਤਾਲੀ ਮਿੰਟ ਨਹੀਂ ਬੱਸ ਇਕ-ਤਾਲੀ ਹੈ।ਉਹ ਵੀ ਮਦਾਰੀ ਦੀ ਤਾਲੀ ਵਰਗੀ।ਦਰੋਪਤੀ ਲਈ ਕ੍ਰਿਸ਼ਨ ਜੀ ਪਹੁੰਚ ਗਏ ਸਨ।ਪਰ ਮੇਰੀ ਵਾਰ ਤਾਂ ਕ੍ਰਿਸ਼ਨ ਜੀ ਪਤੀ ਨਹੀਂ ਕਿੱਥੇ ਚਲੇ ਗਏ।"

" ਦੁਰਗਾ ਤੇਰੇ ਉੱਪਰ ਮਸਜਦ ਤੋੜਨ ਦੇ ਇਲਜ਼ਾਮ ਹਨ....।"

ਹਜ਼ੂਰ ਇਹ ਸਾਰਾ ਕੁਝ ਗਲਤ ਹੈ।ਮਸਜਦ ਤੋੜਨ ਵਾਲੇ ਤਾਂ ਹੋਰ ਸਨ।ਉਹਨਾਂ ਦੇ ਖਿਲਾਫ਼ ਤਾਂ ਕੋਈ ਕਾਰਵਾਈ ਹੋਈ ਹੀ ਨਹੀਂ ।ਉਹ ਤਾਂ ਖੁੱਲੇ ਘੁੰਮ ਰਹੇ ਹਨ।ਨਾਲੇ ਹਜ਼ੂਰ ਮਸਜਦ ਤਾਂ ਅਯੁਧਿਆ ਵਿਚ ਹੈ। ਏਥੇ ਤਾਂ ਖਾਲੀ ਜ਼ਮੀਨ ਹੈ।ਨਾ ਮਸਜਿਦ ਨਾ ਮੰਦਰ।ਬਣ ਵੀ ਨਹੀਂ ਸਕਦੀ ਸੁਪਰੀਮ ਕੋਰਟ ਨਹੀਂ ਬਣਨ ਦਿੰਦੀ - ਮੈਂ ਤਾਂ ਨਾ ਬਣਨ ਦਿੱਤਾ ਮੰਦਰ ਤੇ ਨਾ ਮਸਜਿਦ ।ਮੈਂ ਤੇ ਕਿਹਾ ਸੀ ਕਿ ਮੰਦਰ ਤੇ ਮਸਜਿਦ ਜੋੜ ਦਿਓ- ਪਰ ਛੋਟਾ ਸਰਦਾਰ ਤੇ ਨਜ਼ਾਇਜ਼ ਉਸਾਰੀ ਲਈ ਪੈਸੇ ਦੇ ਕੇ ਗਿਆ ਤੇ ਨੀਂਹ ਪੱਥਰ ਵੀ ਰੱਖਿਆ।ਉਹੀ ਇਕ ਤਾਲੀ ਵਾਲਾ ਸਰਦਾਰ।ਕਿੰਨਾਂ ਕੁਝ ਨਜਾਇਜ ਕਰਵਾ ਕੇ ਕਹਿੰਦਾ ਇਸ ਦੇ ਨਾਂ ਲੋਕਤੰਤਰ ਦੀ ਤਾਕਤ ਹੈ— ਇਹ ਕੈਸਾ ਲੋਕੰਤਤਰ ਹੈ ਮੇਰੇ ਹਜ਼ੂਰ? "

" ਦੁਰਗਾ ਤੂੰ ਰੋ ਨਾ ਮੈਂ ਹੁਣੇ ਹੀ ਰਪੋਟ ਮੰਗਵਾਉਨਾ।ਕੋਈ ਕਾਰਵਾਈ ਕੀਤੀ ਜਾਵੇਗੀ ਪਰ ਤੂੰ ਹੌਸਲਾ ਰੱਖ ਤੇਰੇ ਵਰਗੀਆਂ ਬਹਾਦੁਰ ਔਰਤਾਂ ਪਹਿਲਾਂ ਵੀ ਬੜਾ ਕੁਝ ਝੱਲ ਚੁੱਕੀਆਂ ਹਨ।ਦਰੋਪਤੀ ਦੀ ਗੱਲ ਤੂੰ ਆਪ ਜਾਣਦੀ ਏ।ਫੂਲਨ ਦੇਵੀ ਨਾਲ ਕੀ ਵਾਪਰੀ ਸੀ।ਮਾਇਆਵਤੀ ਨਾਲ ਲਖਨਊ ਦੇ ਗੈਸਟ ਹਾਊਸ ਵਿਚ ਕੀ ਕੀਤਾ।ਲੈ ਸੀਤਾ ਦੀ ਕਹਾਣੀ ਵੀ ਛੁਪੀ ਭਲਾ।ਇਹ ਸਾਰਾ ਕੁਝ ਏਸੇ ਰਾਜ ਦੀਆਂ ਕੁੜੀਆਂ ਚਿੜੀਆਂ ਨਾਲ ਕਿਉਂ ਵਾਪਰ ਦਾ ...ਕਬੀਰ ਰਵਿਦਾਸ ਆਦਿ ਨੇ ਬੜੀਆਂ ਝਾੜਾਂ ਪਾਈਆ।ਕ੍ਰਿਸ਼ਨ ਜੀ ਏਥੇ ਹੀ ਜਨਮੇ ਤੇ ਸਮਝਾ ਸਮਝਾ ਕੇ ਚਲੇ ਗਏ।ਮੈਂ ਤੇ ਕੇਦਾਰ ਨਾਥ ਨੂੰ ਵੀ ਕਿਹਾ ਸੀ ਸੰਭਲ ਕੇ ਰਹੀ।"

ਪ੍ਰਭੂ ਏਨਾ ਕਹਿ ਕੇ ਅਲੋਪ ਹੋ ਗਏ।ਉਹਨਾਂ ਨੇ ਗੰਗਾ ਤੇ ਜਮੁਨਾ ਵਿਚ ਡੁਬਕੀ ਲਾਈ -ਦੇਖਿਆ ਹਜ਼ਾਰਾਂ ਟਰੱਕ ਟਰਾਲੀਆਂ ਗੰਗਾ ਦਾ ਸੀਨਾ ਛਲਨੀ ਕਰ ਰਹੇ ਹਨ।ਮਾਫੀਆ ਰਾਜ ਕਰ ਰਿਹਾ ਹੈ।ਦੁਰਯੋਧਨ ਖੜਾ ਮੁਸਕਰਾ ਰਿਹਾ ਹੈ।ਕਰਨ ਉਸ ਦੇ ਨਾਲ ਹੈ।ਉਹ ਅਰਜੁਨ ਨੂੰ ਲਲਕਾਰ ਰਹੇ ਹਨ।ਉਸ ਦੁਰਯੋਧਨ ਨੇ ਦਰੋਪਤੀ ਨੂੰ ਵਾਲਾਂ ਤੋਂ ਫੜਿਆ ਹੋਇਆ ਹੈ।ਦਰੋਪਤੀ ਸ਼ੋਰ ਮਚਾ ਰਹੀ ਹੈ ਅਤੇ ਕਹਿ ਰਹੀ ਹੈ" ਅੰਨੇ ਦੇ ਪੁੱਤਰ ਕੁਝ ਸ਼ਰਮ ਕਰ।ਤਾਕਤ ਦਾ ਨਸ਼ਾ ਚੰਗਾ ਨਹੀਂ ਹੁੰਦਾ।" ਪਰ ਦੁਰਯੋਧਨ - ਦਰੋਪਤੀ ਦੇ ਵਾਲ ਨਹੀਂ ਛੱਡ ਰਿਹਾ।ਲੋਕ ਦੇਖ ਰਹੇ ਹਨ।ਕੋਈ ਸਾਹਮਣੇ ਨਹੀਂ ਆ ਰਿਹਾ।ਦਰੋਪਤੀ ਚੀਕਾਂ ਮਾਰੀ ਜਾ ਰਹੀ ਹੈ।

ਪ੍ਰਭੂ ਵਾਪਸ ਪਰਤਦੇ ਹਨ।

ਨਾਹਰਿਆਂ ਦੀਆਂ ਅਵਾਜ਼ਾਂ ਬਾਹਰ ਤੋਂ ਫਿਰ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ।

"ਦੁਰਯੋਧਨ ਦਾ ਰਾਜ- ਮੁਰਦਾਬਾਦ"

ਦੁਰਗਾ ਸ਼ਕਤੀ- ਜ਼ਿੰਦਾਬਾਦ "

ਜ਼ਿੰਦਾਬਾਦ।"

ਨਾਹਰੇ ਖਾਮੋਸ਼ ਹੁੰਦੇ ਹਨ।ਫਿਰ ਦੂਜੇ ਪਾਸੇ ਤੋਂ ਆਵਾਜ਼ ਆ ਰਹੀ ਹੈ।

ਖ਼ਬਰਦਾਰ ... ਰਸਤਾ ਖਾਲੀ ਕਰੋ

ਦੁਰਯੋਧਨ ਮਹਾਂਰਾਜ ਆ ਰਹੇ ਹਨ

ਦੁਰਯੋਧਨ ਦਾ ਰਾਜ
ਵੱਜਦੇ ਨੇ ਸਾਜ਼
ਆਏ ਆਵਾਜ਼
ਹੈ ਕਿਸੇ ਦੀ ਹਿੰਮਤ ਸਾਹਮਣੇ ਆਓ...

ਉਸ ਨੇ ਦਰੋਪਤੀ ਨੂੰ ਵਾਲਾਂ ਤੋਂ ਫੜ੍ਹਿਆ ਹੋਇਆ ਹੈ। ਦਰੋਪਤੀ ਚੀਕਾਂ ਮਾਰ ਰਹੀ ਹੈ। ਦਰੋਪਤੀ ਚਿਲਾ ਚਿਲਾ ਕੇ ਕਹਿ ਰਹੀ ਹੈ।

ਅੰਨੇ ਦੇ ਪੁੱਤਰ ਅੰਨਾਂ ਨਾ ਬਣ, ਤੇਰੀਆਂ ਤਾਂ ਅੱਖਾਂ ਹਨ। ਇਹਨਾਂ ਅੱਖਾਂ ਨਾਲ ਦੇਖ। ਦੇਖ ਤੂੰ ਗੰਗਾ ਤੇ ਜਮੁਨਾ ਦਾ ਕੀ ਹਾਲ ਕੀਤਾ ਹੈ। ਦੇਖ ਤੂੰ ਗੀਤਾ-ਰਮਾਇਣ ਤੇ ਕੁਰਾਨ ਦਾ ਕੀ ਹਾਲ ਕੀਤਾ ਹੈ। ਦੇਖ ਤੂੰ ਭਾਰਤ ਦੇ ਸੰਵਿਧਾਨ ਦਾ ਕੀ ਹਾਲ ਕੀਤਾ ਹੈ। ਦੇਖ ਤੂੰ ਰਾਧਾ ਰੁਕਮਣੀ , ਸੀਤਾ -ਪਾਰਬਤੀ ਅਤੇ ਦੁਰਗਾ ਦੇ ਆਸੂੰ ਵਹਾਏ ਹਨ।"

ਇਹ ਇਕ ਤਾਲੀ ਵਾਲਾ ਪਤਾ ਨਹੀਂ ਕਿਥੋਂ ਆ ਗਿਆ ਹੈ, ਉਸ ਨੇ ਇਕ ਤਾਲੀ ਮਾਰੀ । ਦੁਰਯੋਧਨ ਨੇ ਦਰੋਪਤੀ ਦੇ ਵਾਲ ਕੁਝ ਢਿੱਲੇ ਕੀਤੇ ਤਾਂ ਉਹ ਥੋੜ੍ਹੀ ਦੇਰ ਲਈ ਚੀਕਣੋ ਬੰਦ ਹੋਈ।

" ਪਾਣੀ " ਦਰੋਪਤੀ ਨੇ ਪਾਣੀ ਮੰਗਿਆ।

ਇਕ ਔਰਤ ਸਾਹਮਣੇ ਤੋਂ ਪਾਣੀ ਲੈ ਕੇ ਆਉਂਦੀ ਹੈ। "ਲਓ ਭੈਣ ਪਾਣੀ ਪੀਓ..।"

ਉਸ ਔਰਤ ਨੇ ਕਾਲਾ ਦੁਪੱਟਾ ਸਿਰ ਤੇ ਪਹਿਨਿਆ ਹੋਇਆ ਹੈ।

"ਠਹਿਰੋ।" ਦੁਰਯੋਧਨ ਗਰਜ਼ਿਆ।

" ਕੌਣ ਹੋ ਤੁਸੀਂ?" ਦੁਰਯੋਧਨ ਫਿਰ ਗਰਜ਼ਿਆ।

" ਹਜ਼ੂਰ ਮੈਂ ਨਿਆਂ ਮੰਗਣ ਆਈ ਹਾਂ ।" ਉਹ ਬੋਲੀ

"ਪਰ ਤੂੰ ਹੈ ਕੌਣ....ਤੇਰੀ ਦਰੋਪਤੀ ਨੂੰ ਪਾਣੀ ਦੇਣ ਦੀ ਹਿੰਮਤ ਕਿਵੇਂ ਹੋਈ।" ਦੁਰਯੋਧਨ ਫਿਰ ਗਰਜ਼ਿਆ...।

" ਹਜ਼ੂਰ ਮੈਂ ਇਕ ਵਿਧਵਾ ਔਰਤ ਹਾਂ। ਮੇਰਾ ਪਤੀ ਆਪ ਦੀ ਟਹਿਲ ਸੇਵਾ ਵਿਚ ਪੁਲਸ ਦਾ ਡੀ.ਐਸ. ਪੀ. ਸੀ। ਉਸ ਦਾ ਕਤਲ ਕਰ ਦਿੱਤਾ ਗਿਆ। ਕਾਤਲ ਫੜਿਆ ਨਹੀਂ ਗਿਆ। ਕਾਤਲ ਨੂੰ ਸਜ਼ਾ ਨਹੀਂ ਹੋਈ।" ਉਸ ਔਰਤ ਨੇ ਵੀ ਚੀਕਣਾ ਸ਼ੁਰੂ ਕਰ ਦਿੱਤਾ।

" ਹੇ , ਦੁਰਯੋਧਨ , ਮੈਂ ਨਿਆਂ ਦੀ ਭੀਖ ਮੰਗਦੀ ਹਾਂ, ਮੇਰਾ ਪਤੀ ਮੈਨੂੰ ਵਾਪਸ ਕਰੋ। ਹੇ ਦੁਰਯੋਧਨ ਮੈਂ ਇਕ ਵਿਧਵਾ ਹਾਂ ਮੇਰੇ ਪਤੀ ਨੂੰ ਦਿਨ ਦਿਹਾੜੇ ਕਤਲ ਕੀਤਾ ਗਿਆ ਹੈ। ਹੇ ਰਾਜਨ ਏਨਾ ਘੋਰ ਅਨਿਆਂ ਮੈਂ ਕਿਸੇ ਦਾ ਕੀ ਵਿਗਾੜਿਆ ਹੈ ..।"

ਉਸ ਔਰਤ ਦੇ ਲੰਮੇ ਤੇ ਕਾਲੇ ਵਾਲ ਖੁੱਲ੍ਹੇ ਸਨ। ਉਸ ਨੇ ਵਾਲਾਂ ਨੂੰ ਘੁਮਾਇਆ ਤਾਂ ਦੁਰਯੋਧਨ ਨੇ ਦਰੋਪਤੀ ਦੇ ਵਾਲ ਛੱਡ ਦਿੱਤੇ। ਦਰੋਪਤੀ ਨੂੰ ਥੋੜ੍ਹਾ ਆਰਾਮ ਮਿਲਿਆ।

" ਕੌਣ ਹੈ ਇਹ ਔਰਤ? ਇਸ ਦੀ ਇਹ ਹਿੰਮਤ ..।"

ਦੁਰਯੋਧਨ ਗਰਜ਼ਿਆ।

" ਜਨਾਬ ਇਹ ਉਹੀ ਔਰਤ ਹੈ ਜਿਸ ਦਾ ਪਤੀ ਮਾਰ ਦਿੱਤਾ ਗਿਆ ਸੀ, ਜਿਹੜਾ ਪੁਲਸ ਵਿਚ ਡੀ. ਐਸ.ਪੀ.ਸੀ।" ਇਕ ਗਾਰਡ ਬੋਲਿਆ।

"ਪਰ ਉਸ ਨੂੰ ਤਾਂ ਇਕ ਵੈਲਫੇਅਰ ਅਫਸਰ ਦੀ ਨੌਕਰੀ ਦਿੱਤੀ ਸੀ? ਦੁਰਯੋਧਨ ਮੱਧਮ ਆਵਾਜ਼ ਵਿਚ ਬੋਲਿਆ।

" ਉਹ ਜਨਾਬ ਇਸ ਨੇ ਮਨਾ ਕਰ ਦਿੱਤੀ। ਕਹਿੰਦੀ ਮੈਨੂੰ ਡੀ.ਐਸ ਪੀ. ਦੀ ਨੌਕਰੀ ਹੀ ਦਿੱਤੀ ਜਾਵੇ।



ਉਹੀ ਡੀ ਐਸ ਪੀ ਵਾਲੀ ਨੌਕਰੀ ਵਰਦੀ ਤੇ ਉਹੀ ਪਿਸਤੌਲ ....ਇਹ ਸਭ ਕੁਝ ਡੀ ਐਸ ਪੀ ਵਾਲਾ ਹੀ ਮੰਗਦੀ ਹੈ।"

" ਇਹ ਅਸੰਭਵ ਹੈ..ਇਸ ਪਾਗਲ ਔਰਤ ਦੇ ਹੱਥ ਹਥਿਆਰ ਕਿਵੇਂ ਦੇ ਦਿੱਤੇ ਜਾਣ ਇਹ ਅਸੰਭਵ ਹੈ-ਅਸੰਭਵ .. ਦੁਰਯੋਧਨ ਗਿੜਗਿੜਾਇਆ।"

" ਅੰਨੇ ਦੇ ਪੁੱਤਰ ਅੰਨਾ ਨਾ ਬਣ ਦਰੋਪਤੀ ਨੇ ਫਿਰ ਪੁਕਾਰਿਆ ਇਸ ਵਾਰ ਉਸ ਨੇ ਆਪਣੇ ਦੋਵੇਂ ਹੱਥ ਉਸ ਵਿਧਵਾ ਔਰਤ ਵਲ ਵਧਾਏ ਜੋ ਦੁਰਯੋਧਨ ਦੇ ਸਾਹਮਣੇ ਖੜ੍ਹੀ ਸੀ ਜਿਸ ਨੂੰ ਪੁਲਸ ਵਾਲਿਆ ਨੇ ਫੜ ਲਿਆ ਸੀ ਉਹ ਵਿਧਵਾ ਇਕ ਕਦਮ ਪਿਛੇ ਵਲ ਹਟੀ ਉਸ ਨੇ ਆਪਣੇ ਗਲੇ 'ਚੋਂ ਚੁੰਨੀ ਨੂੰ ਠੀਕ ਕੀਤਾ ਪਹਿਲਾ ਉਸ ਨੇ ਚੁੰਨੀ ਨਾਲ ਆਸੂੰ ਸਾਫ ਕੀਤਾ ਉਹ ਫਿਰ ਬੋਲੀ,

" ਮੇਰਾ ਪਤੀ ਮੈਨੂੰ ਵਾਪਸ ਕਰ ਦੇ ਦੁਰਯੋਧਨ।" ਉਹ ਅੱਗੇ ਵਧੀ।

" ਮਰਨਾ ਹੈ ਕਿਆ? " ਕਿਸੇ ਸੁਰੱਖਿਆ ਕਰਮਚਾਰੀ ਦੀ ਆਵਾਜ਼ ਸੀ।

" ਹਾਂ ਮਰਨਾ ਵੀ ਹੈ ਤੇ ਮਾਰਨਾ ਵੀ ਹੈ... ਬਹੁਤ ਹੋ ਗਿਆ ਏ ਅਨਿਆਂ ਦੇ ਪੁੱਤਰ ਦੀ ਹਕੂਮਤਾਂ ਕਰੀ ਜਾ ਰਹੇ ਨੇ ਤੇ ਅਸੀਂ ਜ਼ਰੀ ਜਾ ਰਹੇ ਹਾਂ। ਬਹੁਤ ਹੋ ਗਿਆ।"

ਹੇ ਦਰੋਪਤੀ ਉੱਠੋ ਤੇ ਪਰਵਾਹ ਨਾ ਕਰੋ... ਏਨਾ ਕਹਿੰਦੇ ਹੋਏ ਉਸ ਨੇ ਆਪਣੀ ਕਾਲੀ ਚੁੰਨੀ ਨੂੰ ਵੱਟ ਦੇ ਕੇ ਬਿੰਨਾਂ ਬਣਾ ਕੇ ਦਰੋਪਤੀ ਵੱਲ ਸੁੱਟਿਆ...।"

" ਇਹ ਲਓ ਦਰੋਪਤੀ ਆਪਣਾ ਸਿਰ ਢਕੋ ।"

ਇਸ ਤੋਂ ਪਹਿਲਾਂ ਕਿ ਚੁੰਨੀ ਦਰੋਪਤੀ ਦੀ ਪਕੜ ਵਿਚ ਆਉਂਦੀ ਪਤਾ ਨਹੀਂ ਕਿਥੋਂ ਭੋਲੇ ਬਾਬਾ ਆ ਗਏ। ਚੁੰਨੀ ਇਹਨਾਂ ਦੇ ਹੱਥ ਵਿਚ ਆ ਗਈ। ਉਹਨਾਂ ਚੁੰਨੀ ਦਰੋਪਤੀ ਵਲ ਸੁੱਟੀ ਤਾਂ ਚੁੰਨੀ ਸੱਪ ਦਾ ਰੂਪ ਧਾਰਨ ਕਰ ਗਈ। ਚੁੰਨੀ ਦੇਖਦੇ ਹੀ ਦੇਖਦੇ ਫਰਾਟੇ ਮਾਰਨ ਲੱਗ ਪਈ। ਚੁੰਨੀ ਨੇ ਆਪਣਾ ਰਸਤਾ ਬਦਲ ਕੇ ਦੁਰਯੋਧਨ ਵਲ ਰੁਖ ਕੀਤਾ ਦੁਰਯੋਧਨ ਨੇ ਦੌੜਨਾ ਸ਼ੁਰੂ ਕੀਤਾ।

" ਅੰਨੇ ਦੇ ਪੁੱਤਰ ..ਅੰਨਾ ਨਾ ਬਣ .ਜ਼ਰਾ ਰੁਕ ਪਿੱਛੇ ਮੁੜ ਕੇ ਦੇਖ ਜ਼ਰਾ ਰੁਕ। ਮੈਂ ਦਰੋਪਤੀ ਕਸਮ ਖਾ ਕੇ ਕਹਿੰਦੀ ਹਾਂ ਜਦ ਤਕ ਮੈਂ ਤੇਰੀ ਮੌਤ ਦੀ ਖ਼ਬਰ ਨਹੀਂ ਸੁਣ ਲਵਾਂਗੀ ਮੈਂ ਆਪਣੇ ਵਾਲ ਖੁੱਲ੍ਹੇ ਰਖਾਂਗੀ। ਦੁਰਯੋਧਨ ਜਰਾ ਰੁਕ ਦੌੜ ਨਾ ਮੈਦਾਨ ਛੱਡ ਕੇ ਕਾਇਰ ਤੇ ਨਾਮਰਦ ਦੌੜਿਆ ਕਰਦੇ ਨੇ...... ਦਰੋਪਤੀ ਦੌੜੇ ਜਾਂਦੇ ਦੁਰਯੋਧਨ ਨੂੰ ਵੰਗਾਰ ਰਹੀ ਸੀ।

" ਭੋਲੇ ਬਾਬਾ ਮੇਰਾ ਯਕੀਨ ਕਰੋ ਮੈਂ ਮਸਜਿਦ ਨਹੀਂ ਗਿਰਾਈ ਉਹ ਮਸਜਿਦ ਗਿਰਾਉਣ ਵਾਲੇ ਤਾਂ ਹੋਰ ਸਨ। ਮਸਜਿਦ ਮੈਂ ਨਹੀਂ ਗਿਰਾਈ ਮੈਂ ਤਾਂ ਮਸਜਿਦ ਦੀ ਰੱਖਿਆ ਕੀਤੀ ਸੀ। ਮੇਰੀ ਮਸਜਿਦ ਤਾਂ ਮੇਰੇ ਦੇਸ਼ ਦਾ ਸੰਵਿਧਾਨ ਹੈ। ਮੈਂ ਤਾਂ ਸੰਵਿਧਾਨ ਦੀ ਕਸਮ ਖਾ ਕੇ ਆਈ ਹਾਂ।" ਦੁਰਗਾ ਨੇ ਆਪਣੀ ਖਾਮੋਸ਼ੀ ਤੋੜੀ।

" ਬਾਹਰ ਤੋਂ ਫਿਰ ਨਾਹਰੇ ਆਉਣ ਲੱਗੇ । ਦੁਰਗਾ ਨੇ ਖਿੜਕੀ ਖੋਲ ਕੇ ਸੁਣਿਆ ਤੇ ਦੇਖਿਆ ਵੀ। ਲੋਕਾਂ ਦੀ ਭੀੜ ਕਹਿ ਰਹੀ ਸੀ।

"ਇਹ ਦੁਰਯੋਧਨ ਰਾਜ ਖਤਮ ਕਰੋ... ਖਤਮ ਕਰੋ ਇਹ ਦੁਰਗਾ ਸ਼ਕਤੀ ਅਮਰ ਰਹੇ ... ਅਮਰ ਰਹੇ।"

ਦੁਰਗਾ ਨੇ ਇਕ ਸਫੈਦ ਕਾਗਜ਼ ਚੁੱਕਿਆ ਤੇ ਉੱਪਰ ਲਿਖ ਵੀ ਦਿੱਤਾ, "ਇਹ ਮਸਜਿਦ ਮੈਂ ਨਹੀਂ ਤੁੜਵਾਈ। ਇਸ ਮਸਜਿਦ ਨੂੰ ਤੋੜਨ ਵਾਲੇ ਤਾਂ ਹੋਰ ਸਨ। "

ਉਧਰ ਇਹ ਵਿਧਵਾ ਵੀ ਪੁਕਾਰ ਰਹੀ ਸੀ, "ਮੈਨੂੰ ਮੇਰਾ ਪਤੀ ਵਾਪਸ ਕਰੋ ..।"

ਪਰ ਅੰਨੇ ਦਾ ਪੁੱਤਰ ਤਾਂ ਬਸਤਰ ਬਦਲ ਕੇ ਕਿਧਰੇ ਛੁੱਪ ਗਿਆ ਸੀ ।

ਸੰਪਾਰਕ- 98884-05888

# ਕਹਾਣੀ/ ਚਾਰ ਆਸ਼ਰਮ/ - ਜਸਵੀਰ ਕਲਸੀ

*(ਜਸਵੀਰ ਕਲਸੀ ਕਦੇ ਪੰਜਾਬੀ ਕਹਾਣੀ ਦਾ ਚਰਚਿਤ ਕਹਾਣੀਕਾਰ ਸੀ। ਉਸ ਦੀਆਂ ਕਹਾਣੀਆਂ 'ਆਰਸੀ' ਵਰਗੇ ਮਿਆਰੀ ਪਰਚਿਆ ਵਿਚ ਛਪਦੀਆਂ ਸਨ। ਪਤਾ ਨਹੀਂ ਕਿਉਂ ਲਿਖਣ ਤੋਂ ਉਹਦਾ ਮੋਹ ਭੰਗ ਹੋ ਗਿਆ। ਜਦੋਂ ਲੇਖਕ ਖਾਮੋਸ਼ ਰਹਿੰਦਾ ਹੈ ਤਾਂ ਉਸ ਦੇ ਅੰਦਰ ਸਿਰਜਣਾਤਮਿਕ ਅਮਲ ਚਲਦਾ ਰਹਿੰਦਾ ਹੈ। ਇਕ ਵਾਰ ਫਿਰ ਉਸ ਨੇ ਕਹਾਣੀ ਵੱਲ ਮੂੰਹ ਕੀਤਾ ਹੈ। ਸਵਾਗਤ ਹੈ। -ਸੰਪਾਦਕ)*

**ਸ਼ਰਧਾਜ਼ਲੀ ਭੇਟਾਵਾਂ-**

ਪਹਿਲੀ. "ਜਸਵੰਤ ਸੂੰ ਦਿਮਾਗੀ ਤਾਂ ਬੜਾ ਸੀ। ਆਪਣੇ ਵਿਸ਼ੇ ਦਾ ਮਾਹਰ ਅਧਿਆਪਕ ਸੀ। ਪਰ ਆ ਦਾਰੂ ਈ ਪੀਣ ਦੀ ਮਾੜੀ ਆਦਤ ਸੀ ਉਹਨੂੰ। ਦਿਨੇ ਵੀ ਪੀਂਦਾ ਸੀ। ਕਹਿੰਦੇ ਨੇ, ਪੀਤੀ ਵਿਚ ਪੀਰਡ ਵੀ ਲਾ ਲੈਂਦਾ ਸੀ। ਤੇ ਵਧੀਆ ਪੜ੍ਹਾਉਂਦਾ ਸੀ। ਪੜ੍ਹਾਈ ਊਦੀ ਨੂੰ ਤਾਂ ਮੰਨਦੇ ਸੀ। ਕਹਿੰਦੇ ਨੇ ਏਸ ਜਸਵੰਤ ਸੂੰ ਨੇ ਕਿਸੇ ਨਾਲ ਵਿਗਾੜੀ ਵੀ ਨਹੀਂ ਸੀ। ਆਵਦਾ ਮਸਤ ਈ ਰਹਿੰਦਾ ਸੀ ਆਪਣੇ ਆਪ ਵਿਚ..। ਆ ਦਾਰੂ ਈ ਜ਼ਿੰਦਗੀ ਬਰਬਾਦ ਕਰ ਗਈ ਜਸਵੰਤ ਸੂੰ ਦੀ। ਜੇ ਕਿਧਰੇ ਜਸਵੰਤ ਸੂੰ ਧਿਆਨ ਦਿੰਦਾ ਨੌਕਰੀ ਵੱਲ। ਤਾਂ ਏਹਨੇ ਡੀ.ਈ.ਓ. ਬਣ ਜਾਣਾ ਸੀ ਇਕ ਦਿਨ। ਥੋਨੂੰ ਦੱਸਾਂ, ਏਸੇ ਜਸਵੰਤ ਸੂੰ ਨੇ ਸ਼ੁਰੂ ਵਿਚ ਟੈਮਪਰੇਰੀ ਸਰਵਿਸ ਸ਼ੁਰੂ ਕੀਤੀ ਸੀ। ਬਾਅਦ ਵਿਚ ਪੱਕਾ ਹੋ ਗਿਆ ਸੀ। ਉਦੋਂ ਏਸ ਜਸਵੰਤ ਸੂੰ ਨੇ ਆ ਟੀਚਰ ਯੂਨੀਅਨ ਵਿਚ ਵੀ ਬਲਾ ਡੱਟ ਕੇ ਕੰਮ ਕੀਤਾ ਸੀ। ਉਦੋਂ ਕੁਆਰਾ ਸੀ। ਪਰਵਾਹ ਨਹੀਂ ਸੀ ਕਰਦਾ ਆਵਦੀ। ਨ੍ਹੇਰੇ ਸਵੇਰੇ ਚਲ ਸੋ ਚੱਲ। ਘਰ ਦੀ ਫਿਕਰ ਨਹੀਂ ਸੀ ਕਰਦਾ ਹੁੰਦੈ। ਇਕ ਵਾਰ ਦੀ ਗੱਲ ਐ, ਡੀ.ਓ. ਦਫ਼ਤਰ ਅੱਗੇ ਧਰਨਾ ਸੀ। ਮੈਂ ਆਪ ਵੇਖਿਆ ਕਿ ਇਹ ਜਸਵੰਤ ਸੂੰ ਨੇ ਬਲਾ ਉੱਚੀ ਉੱਚੀ ਨਾਅਰੇ ਬੋਲੇ ਸਨ। ਫਿਰ, ਡੀ.ਓ. ਦੀ ਮੀਟਿੰਗ ਵਿਚ ਵੀ ਬਲਾ ਬਹਿਸ ਕੀਤੀ ਸੀ ਏਹਨੇ। ਵਕੀਲਾਂ ਵਾਂਗੂੰ ਸਵਾਲ ਜਵਾਬ ਕਰਦਾ ਸੀ। ਉਦੋਂ ਕਿਤੇ ਕੁ ਛਿੱਟ ਲਾ ਲੈਂਦਾ ਸੀ। ਜਦ ਅਸੀਂ ਪਹਿਲੀ ਵਾਰ 'ਕੱਠਿਆਂ ਪੀਤੀ ਸੀ, ਉਦੋਂ ਜਸਵੰਤ ਬੋਲਿਆ ਸੀ, 'ਬਈ ਮੈਂ, ਮਿੱਤਰਾਂ-ਦੋਸਤਾਂ ਵਿਚ ਬੈਠ ਗਿਆ ਆ। ਪਰ ਮੈਂ, ਮੈਂ ਤੁਹਾਡੇ ਸਾਰੇ ਪੈੱਗਾਂ ਦੇ ਨਾਲ ਨਾਲ ਇਕੋ ਇਕ ਪੈੱਗ ਈ ਪੀਂਦਾ ਰਹੂੰਗਾ। ਮੈਂ ਏਨੀ ਕੁ ਪੀਣ ਵਾਲਾ ਆਂ। ਮੈਂ ਤੁਹਾਡੇ ਵਿਚ ਬੈਠੂੰਗਾ। ਪੀਊਂਗਾ।' ਜਸਵੰਤ ਬਹੁਤਾ ਪਿਆਕੜ ਨਹੀਂ ਸੀ। ਇੰਝ ਹੀ ਪੀਂਦਾ ਸੀ। ਬੈਠ ਜਾਂਦਾ ਸੀ। ਬੋਲਦਾ ਬਹੁਤ ਘੱਟ ਸੀ। ਆ ਤਾਂ ਮਗਰੋਂ ਜਾ ਕੇ ਵਿਆਹ ਤੋਂ ਮਗਰੋਂ ਈ ਵਧੇਰੇ ਪੀਣ ਲੱਗੇ..।"

**ਦੂਜੀ-** " ਭਾਈ ! ਏਹ ਮਨੁੱਖਾ ਜਨਮ ਅਮੋਲਕ ਹੀਰਾ ਐ ਭਾਈ। ਕੀਮਤੀ ਸ਼ੈਅ ਏ। ਚੌਰਾਸੀ ਲੱਖ ਜੂਨਾਂ ਵਿਚੋਂ ਇਕ ਉੱਤਮ ਜੂਨ। ਏਹ ਬਾਰਮ-ਬਾਰ ਨਹੀਂ ਮਿਲਦੀ..। ਸੱਜਣ ਮੈਂਡੇ ਰਾਂਗਲੇ..। ਇਹ ਭਾਈ ਸਾਹਿਬ ਭਾਈ ਜਸਵੰਤ ਸਿੰਘ ਜੀ ਵੀ ਰਾਂਗਲੇ ਮਨੁੱਖ ਸਨ। ਸਾਧ ਸੰਗਤ ਜੀਓ......, ਓਸ ਸੱਚੇ ਪਾਤਸ਼ਾਹ, ਵਾਹਿਗੁਰੂ ਜੀ ਦੀ, ਭਾਈ ਸਾਹਿਬ ਭਾਈ ਜਸਵੰਤ ਸਿੰਘ ਜੀ ਤੇ ਮੇਹਰ ਸੀ ਕਿ ਇਹ ਗੁਰੂ ਰੂਪ ਅਧਿਆਪਕ ਦੀ ਡਿਊਟੀ ਕਰ ਰਹੇ ਸਨ। ਅੱਜ, ਭਾਈ ਸਾਹਿਬ ਭਾਈ ਜਸਵੰਤ ਸਿੰਘ ਜੀ ਆਪਣੇ ਦਰਮਿਆਨ ਨਹੀਂ ਰਹੇ। ਅੱਜ, ਉਨ੍ਹਾਂ ਦੀ ਅੰਤਿਮ ਅਰਦਾਸ ਵਿਚ ਆਪਾਂ ਸਭ ਸ਼ਾਮਿਲ ਹੋਏ ਹਾਂ। ਆਪਣੇ ਜਸਵੰਤ ਸਿੰਘ ਜੀ ਨੂੰ ਪ੍ਰਭੂ-ਪਰਮੇਸ਼ਵਰ ਵੱਲੋਂ ਜਿੰਨੀ ਸਵਾਸਾਂ ਦੀ ਪੂੰਜੀ ਮਿਲੀ ਸੀ, ਉਨੀ ਉਹ ਭੋਗ ਗਏ ਨੇ....।"

**ਤੀਜੀ-** "ਉੱਤਰ ਵੈਦਿਕ ਕਾਲ ਦੇ ਸਾਹਿਤ ਵਿਚ ਆਰੀਆ ਦੀ ਇਕ ਮਹੱਤਵਪੂਰਨ ਸਮਾਜਿਕ ਸੰਸਥਾ ਦਾ ਉਲੇਖ ਮਿਲਦਾ ਹੈ। ਇਹ ਆਰੀਆ ਲੋਕ ਭਾਰਤ ਦੇ ਬਾਹਰੋਂ ਆਏ ਸਨ ਭਾਰਤ ਵਿਚ। ਇਨ੍ਹਾਂ ਨੇ ਏਥੇ ਆਪਣਾ ਰਾਜ ਕਾਇਮ ਕਰ ਲਿਆ ਸੀ। ਰਾਜ ਕਾਇਮ ਕਰਨ ਲਈ ਕਈ ਲੜਾਈਆਂ ਲੜੀਆਂ ਸਨ। ਇਹ ਲੜਾਈਆਂ ਹਰੇਕ ਕੌਮ ਨੂੰ ਆਪਣੀ ਤਰੱਕੀ ਲਈ, ਸਥਾਪਤੀ ਲਈ ਲੜਣੀਆਂ ਪਈਆਂ, ਅਸੀ ਵੀ ਅਧਿਆਪਕ ਜੱਥੇਬੰਦੀਆਂ ਵਿਚ ਬੜੀਆਂ ਬੜੀਆਂ ਲੜਾਈਆਂ ਲੜੀਆਂ ਨੇ ਤੇ ਪ੍ਰਾਪਤੀਆਂ ਕੀਤੀਆਂ



ਨੇ। ਸੋ, ਗੱਲ ਇਹ ਹੈ ਕਿ ਸਿਸਟਮ ਨੂੰ ਵਿਗਾੜਣ ਜਾਂ ਬਣਾਉਣ ਲਈ ਮਨੁੱਖ ਦਾ, ਮਨੁੱਖੀ ਸਮਾਜ ਦਾ ਉੱਘਾ ਰੋਲ ਹੈ। ਆਪਣੀ ਗੱਲ ਚੱਲ ਰਹੀ ਸੀ ਕਿ ਆਰੀਆ ਦੀ ਸੰਸਥਾ ਆਸ਼ਰਮ ਧਰਮ। ਅੱਜ ਦੀ ਨਵੀਂ ਜਨਰੇਸ਼ਨ ਨੂੰ ਕੀ ਪਤਾ ਏ ਕਿ ਇਹ ਆਸ਼ਰਮ ਧਰਮ ਕੀ ਹੁੰਦੇ ਨੇ? ਮੈਂ ਆਪਣੀ ਗੱਲ ਆਸ਼ਰਮ ਧਰਮ ਤੋਂ ਲੈ ਕੇ ਆਪਣੇ ਸਾਥੀ ਜਸਵੰਤ ਸਿੰਘ ਦੀ ਅੰਤਿਮ ਅਰਦਾਸ ਨਾਲ ਜੋੜਣੀ ਹੈ। ਵੇਖੋ ਭਾਈ, ਆਸ਼ਰਮ ਧਰਮ ਵਿਚ ਚਾਰ ਧਰਮ ਸਨ। ਪਹਿਲਾਂ ਸੀ-ਬ੍ਰਹਮਚਾਰੀਆ ਆਸ਼ਰਮ ਧਰਮ। ਇਸ ਵਿਚ ਮਨੁੱਖ ਦੇ ਪਹਿਲੇ ਪੱਚੀ ਸਾਲ ਆਉਂਦੇ ਨੇ। ਇਸ ਪਹਿਲੀ ਉਮਰ ਵਿਚ ਗੁਰੂ ਕੋਲੋਂ ਸਿੱਖਿਆ ਪ੍ਰਾਪਤ ਕੀਤੀ ਜਾਂਦੀ ਸੀ। ਇਹ ਹੁਣ ਵੀ ਹੈ। ਸਕੂਲ-ਕਾਲਜ ਹੁਣ ਵੀ ਹਨ। ਦੂਸਰਾ ਗ੍ਰਹਿਸਥ ਆਸ਼ਰਮ ਧਰਮ। ਇਹ ਅਗਲੇ 25 ਸਾਲਾਂ ਦਾ ਸਮਾਂ। ਇਸ ਵਿਚ ਮਨੁੱਖ ਵਿਆਹ ਕਰਦਾ ਸੀ। ਬੱਚੇ ਪੈਦਾ ਕਰਦਾ ਸੀ। ਧਨ ਕਮਾਉਂਦਾ ਸੀ। ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਸੀ...। ਤੇ ਆਪਣੇ ਜਸਵੰਤ ਸਿੰਘ ਜੀ। ਏਹ ਤਾਂ ਗ੍ਰਹਿਸਥ ਆਸ਼ਰਮ ਧਰਮ ਵਿਚ ਈ ਆ ਦਾਰੂ-ਪਿਆਲਾ ਪੀਣ ਲੱਗੇ। ਮੈਂ ਦੱਸ ਰਿਹਾ ਸੀ, ਤੀਜਾ-ਬਾਣ ਪ੍ਰਸਥ ਆਸ਼ਰਮ ਧਰਮ ਇਹ ਇਕਵੰਜਾ ਤੋਂ ਪਚੱਤਰ ਸਾਲ ਦੇ ਪੱਚੀ ਸਾਲਾਂ ਦਾ ਸਮਾਂ ਹੈ। ਇਸ ਵਿਚ ਮਨੁੱਖ ਆਪਣਾ ਘਰ ਤਿਆਗ ਦਿੰਦਾ ਸੀ। ਦੂਰ ਜੰਗਲਾਂ ਵਿਚ ਅਧਿਆਤਮਕ ਸਿੱਖਿਆ ਪ੍ਰਾਪਤ ਕਰਨ ਲਈ ਚਲਾ ਜਾਂਦਾ ਸੀ। ਤੇ ਆਪਣੇ ਆ ਜਸਵੰਤ ਸਿੰਘ ਜੀ, ਏਸ ਸਾਹਿਬ ਬਹਾਦਰ ਨੇ ਤਾਂ ਬਵੰਜਾ-ਤਰਵੰਜਾ ਵਿਚ ਘਰ, ਪਰਿਵਾਰ, ਯਾਰ, ਸੰਸਾਰ ਹੀ ਤਿਆਗ ਦਿੱਤੈ। ਮੈਂ ਤਾਂ ਸੱਚ ਕਹੂੰਗਾ, ਇਹ ਸਭ ਦਾਰੂ ਦੀ ਵਜ੍ਹਾ ਕਰਕੇ ਹੋਇਆ, ਦਾਰੂ ਪੀਣੀ ਇਕ ਕਮਜ਼ੋਰੀ ਐ। ਇੱਕ ਸ਼ੋਕ ਵੀ ਹੈ। ਸਿਆਣਿਆਂ ਇਉਂ ਵੀ ਕਿਹਾ, ਘਿਉ ਮੱਲਾਂ ਨੂੰ, ਦਾਰੂ ਗੱਲਾਂ ਨੂੰ। ਦਾਰੂ ਪੀਣ ਦਾ ਵੀ ਇਕ ਢੰਗ-ਤਰੀਕਾ ਹੁੰਦਾ ਹੈ। ਪਰ, ਜਸਵੰਤ ਸਿੰਘ ਜੀ ਨੇ ਸਾਰੇ ਢੰਗ ਤਰੀਕੇ ਤੋੜ ਦਿੱਤੇ ਸਨ। ਇਸ ਸਭ ਦੇ ਬਾਵਜੂਦ ਬਾਕੀ ਦਾ ਜਸਵੰਤ ਸਿੰਘ ਗੁਣਾਂ ਦੀ ਗੁਥਲੀ ਸੀ। ਉਸ ਦੇ ਗੁਣਾਂ ਦੀ ਗੱਲ ਵੀ ਆਪਾਂ ਸਾਂਝੀ ਕਰਨੀ ਐ। ਉਸ ਵਿਚ ਅਨੇਕਾਂ ਗੁਣ ਸਨ। ਕੀ ਕੀ ਕਰਦਾ ਏ ਮਨੁੱਖ !? ਆਸ਼ਰਮ ਧਰਮਾਂ ਅਨੁਸਾਰ ਕੀ ਕੀ ਕਰਦਾ ਏ। ਆਪਣੀ ਗੱਲ ਸੀ, ਮੈਂ ਬਹੁਤ ਸਮਾਂ ਲੈ ਲਿਐ। ਪਰ ਮੈਂ ਸਮਝਦਾ ਹਾਂ ਕਿ ਸਾਨੂੰ ਜਿੰਦਗੀ ਜਿਊਣ ਬਾਰੇ ਸਮਝਣਾ ਚਾਹੀਦੈ। ਗੱਲ ਲੰਮੀ ਹੋ ਰਹੀ ਹੈ। ਅਖੀਰ ਇਹੋ ਕਿ ਚੌਥਾ ਆਸ਼ਰਮ ਧਰਮ ਸੰਨਿਆਸ ਆਸ਼ਰਮ। ਇਹ ਜੀਵਨ ਦੇ ਆਖਰੀ 25 ਸਾਲਾਂ ਦਾ ਸਮਾਂ ਹੈ। ਇਸ ਵਿਚ ਮਨੁੱਖ ਘਰ, ਇਸਤਰੀ ਅਤੇ ਬੱਚਿਆਂ ਨੂੰ ਸਦਾ ਲਈ ਛੱਡ ਦਿੰਦਾ ਸੀ। ਉਹ ਦੂਰ ਬਣਾਂ, ਜੰਗਲਾਂ ਵਿਚ ਜਾ ਕੇ ਤਪ ਕਰਦਾ ਸੀ। ਮੁਕਤੀ ਪ੍ਰਾਪਤੀ ਹੀ ਉਸ ਦਾ ਉਦੇਸ਼ ਹੁੰਦਾ ਸੀ। ਫਿਰ ਗੁਰੂ ਰੂਪ ਬਣ ਕੇ ਸਿੱਖਿਆ ਦੇਣ ਦੇ ਕੰਮ ਵੀ ਲੱਗ ਜਾਂਦਾ ਸੀ। ਇਸ ਤਰ੍ਹਾਂ ਆਸ਼ਰਮ ਧਰਮ ਅਨੁਸਾਰ ਮਨੁੱਖ ਦੋ ਸੌ ਸਾਲਾਂ ਦੇ ਜੀਵਨ ਨੂੰ ਜੋ ਕਿ ਉਸ ਸਮੇਂ ਮਨੁੱਖ ਦੀ ਉਮਰ ਸੌ ਸਾਲਾਂ ਵਿਚ ਮੰਨੀ ਜਾਂਦੀ ਸੀ। ਪੱਚੀ-ਪੱਚੀ ਸਾਲਾਂ ਦੇ ਚਾਰ ਬਰਾਬਰ ਭਾਗਾਂ ਵਿਚ ਵੰਡੀ ਹੋਈ ਸੀ। ਆਪਣੇ ਜਸਵੰਤ ਸਿੰਘ ਨੇ ਕੇਹੋ ਜਿਹਾ ਜੀਵਨ ਜਿਊਂਇਆ? ਇਨ੍ਹਾਂ ਦੀ ਜੀਵਨ ਸਾਥਣ, ਸਾਡੀ ਭੈਣ ਦੀ ਜ਼ਿੰਮੇਵਾਰੀ ਵਧ ਗਈ ਏ। ਬੱਚਿਆਂ ਨੂੰ ਸੈੱਟ ਕਰਨਾ ਹੈ ਹਲੇ ਇਨ੍ਹਾਂ ਨੇ। ਮਨੁੱਖ ਕਿਵੇਂ ਜਿਊਂਦੈ? ਉਸਦੇ ਹੱਥ ਵੱਸ ਕਿੰਨਾ ਕੁ ਹੁੰਦੈ? ਜੀਵਨ ਜਿਊਣ ਦੇ ਢੰਗ ਤਰੀਕੇ। ਮਨੁੱਖ ਸਮਾਜ ਵਿਚ ਰਹਿੰਦੇ ਨੇ। ਪਰਿਵਾਰ ਹੁੰਦਾ ਹੈ। ਸੋ, ਗੱਲ ਇੱਥੇ ਨਿਬੜਦੀ ਹੈ ਕਿ ਜਸਵੰਤ ਭਾਵੇਂ ਸ਼ਰਾਬੀ ਸੀ ਪਰ ਉਹ ਇਕ ਚੰਗਾ ਅਧਿਆਪਕ ਵੀ ਸੀ। ਚੰਗਾ ਆਗੂ ਵੀ ਰਿਹਾ ਸੀ ਕਿਸੇ ਸਮੇ। ਮੈਨੂੰ ਪਤਾ ਹੈ, ਉਸ ਨੇ ਦੀਵੇ ਦੀ ਲੋਅ ਵਿਚ ਪੜ੍ਹਾਈ ਕੀਤੀ ਸੀ। ਵਜ਼ੀਫਾ ਪ੍ਰਾਪਤ ਕੀਤਾ ਸੀ। ਉਸ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।"

**ਚੌਥੀ-** " ਮੈਂ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਜਸਵੰਤ ਸਿੰਘ ਬਾਰੇ ਜਿੰਨਾ ਕੁ ਮੇਰਾ ਵਾਹ ਵਾਸਤਾ ਰਿਹਾ। ਮੈਨੂੰ ਉਹ ਚੰਗਾ ਹੀ ਲੱਗਿਆ। ਮੈਂ ਉਸ ਨੂੰ ਕਿਧਰੇ ਲੜਦੇ ਝਗੜਦੇ ਨਹੀ ਵੇਖਿਆ। ਮੇਰਾ ਘਰ ਉਹਦੇ ਘਰ ਤੋਂ ਆ ਵੀਹ ਬਾਈ ਘਰ ਅੱਗੇ ਆ। ਆ ਨਾਲ ਦੀ ਗਲੀ ਮੁੜ ਕੇ। ਆਂਢ ਗੁਆਢ ਨਾਲ ਬੋਲ ਕਬੋਲ ਨਹੀਂ ਸੁਣੇ ਉਹਦੇ। ਪੀਤੀ ਵਿਚ ਹੋਵੇ, ਸੋਫੀ ਹੋਵੇ, ਨੀਵੀਂ ਪਾ ਤੁਰਿਆ ਜਾਂਦਾ ਹੀ ਮੈਂ ਤਾਂ ਵੇਖਿਆ। ਘਰੇ ਲੜਾਈ ਬਾਰੇ ਸੁਣਿਆ ਸੀ। ਦੱਸੋਂ ਕਿਸਦੇ ਘਰ ਨਹੀਂਗੀ ਲੜਾਈ? ਘਰ ਘਰ ਹੀ ਲੜਾਈ ਹੈ ਅੱਜ ਕੱਲ੍ਹ।

ਜ਼ਮਾਨਾ ਈ ਐਸਾ, ਟੈਨਸ਼ਨਾਂ ਹੀ ਬਹੁਤ ਨੇ। ਮੇਰੀਆਂ ਇਕ ਦੋ ਵਾਰ ਗੱਲਾਂ ਵੀ ਸਾਂਝੀਆਂ ਹੋਈਆਂ ਜਸਵੰਤ ਸਿੰਘ ਨਾਲ। ਮੈਂ ਤਾਂ ਆਪ ਤੋਂ ਛੋਟਾ ਭਾਈ ਜਾਣ ਸਮਝਾਇਆ ਸੀ ਕਿ ਨਾ ਪੀਆ ਕਰ। ਤੇਰੀ ਸੋਹਣੀ ਨੌਕਰੀ ਐ। ਤੂੰ ਜੇ ਪੀਤੀ ਬਿਨ੍ਹਾਂ ਨਹੀਂ ਰਹਿ ਸਕਦਾ ਤਾਂ ਘਰ ਅੰਦਰ ਦੋ ਪੈੱਗ ਲਾ ਲਿਆ ਕਰ। ਰੋਟੀ ਖਾਧੀ ਤੇ ਆਪਣਾ ਆਰਾਮ ਨਾਲ ਪੈ ਗਿਆ। ਪਰ ਨਹੀਂ, ਉਹ ਤਾਂ ਮੇਰੇ ਵੇਖਣ ਵਿਚ ਐ, ਐ ਪਿਛਲੇ ਕਈ ਸਾਲਾਂ ਤੋਂ ਵੱਧ ਤੋਂ ਵੱਧ ਪੀਣ ਲੱਗ ਗਿਆ ਸੀ। ਐ ਭਜਨ ਕੌਰ ਨੇ, ਇਹਨੇ ਵਿਚਾਰੀ ਨੇ ਬਹੁਤ ਦੁੱਖ ਕੱਟਿਐ।"

ਸ਼ਰਧਾਜ਼ਲੀ ਸੁਣ ਰਹੇ ਮਰਦਾਂ ਦਾ ਸੰਬਾਦ ਅਤੇ ਪ੍ਰਤੀਕਰਮ.

"ਲੈ ਤੂੰ ਛੱਡ ਏਹਦੇ ਭਾਸ਼ਣ ਨੂੰ। ਆ ਸੁਣ। ਆ ਬਾਈ ਦੀ ਗੱਲ ਸੁਣ?"

"ਮੈਂ ਸੁਣ ਲੈਨਾਂ। ਲੈ ਸੁਣਾਓ ਜੀ, ਬਾਈ ਜੀ, ਤੁਹਾਡੀ ਵੀ ਸੁਣ ਲਈਏ।"

"ਮੈਂ ਤੇ ਇਹੋ ਕਹਿਨਾਂ ਏ ਕਿ ਕਹਿੰਦੇ ਨੇ ਜਿਸ ਦਿਨ ਜਸਵੰਤ ਸੂ ਮਰਿਆ ਸੀ। ਉਸ ਦਿਨ ਉਹਦੇ ਨਾਲ ਦੇ ਮਾਸਟਰਾਂ ਨੇ ਏਹਦੇ ਘਰੇ ਫੂਨ ਕੀਤਾ ਸੀ। ਕਹਿੰਦੇ ਆ ਫੂਨ ਅੱਗੋਂ ਆ ਕਲਮੂੰਹੀ ਭਜਨੋਂ ਨੇ ਈ ਚੁੱਕਿਆ ਸੀ ਤੇ ਇਹ ਬੋਲੀ ਸੀ।, 'ਉਂਝ ਈ ਮੇਰੇ, ਮਗਰੋਂ ਲੱਥੇ ਪਰੇ।' ਲੈ, ਉਹੀ ਗੱਲ ਹੋਈ। ਆ ਸ਼ਰਾਬ ਨਾਲ ਦੌਰਾ ਐਹਾ ਜਿਹਾ ਪਿਆ ਕਿ ਬਸ। ਬਸ ਆ ਸ਼ਰਾਬ ਈ ਲੜ ਗਈ। ਅੰਦਰ ਜਾ ਕੇ। ਅੱਗੇ ਵੀ ਪੀਂਦਾ ਸੀ। ਰੋਜ਼। ਊ ਬੰਦਾ ਬ-ਜਾਤੇ ਖੁਦ ਸ਼ਰੀਫ਼ ਬਹੁਤ ਸੀ। ਏਹ ਪੀਣ ਦਾ ਵੀ ਕੋਈ ਦੁੱਖ ਹੋਊ। ਦੁੱਖ ਹੋਊ ਜ਼ਰੂਰ? ਐਨੀ ਪੀਈ ਜਾਣੀ। ਪੀ ਕੇ ਕਮਲਾ ਜੇਆ ਬਣਿਆ ਰਹਿੰਦਾ ਸੀ। ਇੰਝ ਹਰੇਕ ਥੋੜ੍ਹਾ ਪੀਂਦੇ ਨੇ..।"

"ਆ ਕਹਿੰਦੇ ਨੇ ਇਨ੍ਹਾਂ ਦੀ ਪੈਲੀ ਵੀ ਆਂ। ਘਰੋਂ ਜੈਦਾਤ ਵਾਲਾ ਸੀ।"

"ਪੈਲੀ ਤਾਂ ਏਹਨਾਂ ਦੀ ਝੁੱਗੇ ਵਿਚੋਂ ਦੋ ਕਿਲ੍ਹੇ ਐ। ਇਨ੍ਹਾਂ ਦਾ ਵੱਡਾ ਬੁੜਾ ਈ ਵੇਚ ਖਾ ਗਿਆ ਸਾਰੀ। ਕਿੱਲੇ ਤਾਂ ਅੱਠ ਸੀ ਉਹਦੇ। ਉਹ ਅਮਲੀ ਬੰਦਾ ਸੀ। ਕੰਮ ਕਾਰ ਕਰਨ ਲੱਗਾ ਪਹਿਲਾਂ ਭੋਰਾ ਖਾ ਲੈਂਦਾ ਸੀ। ਬਿਨ੍ਹਾਂ ਖਾਧੇ ਤੋਂ ਮਰਿਆ ਵਰਗਾ ਬਣਿਆ ਰਹਿੰਦਾ ਸੀ। ਕਈ ਵਾਰ ਗੱਲ ਉੱਡੀ ਸੀ ਕਿ ਨਾਮਾ ਮਰ ਗਿਆ ਬਈ। ਪਰ ਉਹ ਐਸਾ ਤੂਤ ਵਰਗਾ ਚੀੜ੍ਹਾ ਸੀ ਕਿ ਨੱਬਿਆਂ ਦੇ ਨੇੜੇ ਦੇ ਨੇੜੇ ਹੋ ਕੇ ਮਰਿਆ ਆ ਪਿੱਛੇ ਜਿਹੇ।"

"ਚੱਲ ਪੈਲੀ ਤਾਂ ਜੇਹੜੀ ਹੈਗੀ ਏ, ਹੈਗੀ ਏ। ਆ ਪਹਿਲਾਂ ਜਿਹੜੀ ਗੱਲ ਕਰਨੈਲ ਨੇ ਸੁਣਾਈ ਏ, ਓ ਗੱਲ ਸੱਚੀ ਏ!?"

"ਕਿਹੜੀ?"

"ਏਹੋ ਕਿ ਸੁਣਿਆ ਸੀ ਕਿ ਦੋਨਾਂ ਜੀਆਂ ਦੀ ਅਣਬਣ ਈ ਰਹੀ ਐ ਅਖੀਰ ਏਹਦੇ ਜਸਵੰਤ ਦੇ ਮਰਨ ਤੱਕ।"

"ਬਈ ਏਹ ਕਜੋੜ ਹੁੰਦੇ ਨੇ। ਸਿਆਣੇ ਐਵੇਂ ਨਈ ਸੀ ਗੱਲ ਜੋੜਦੇ। ਐਨ ਨਚੋੜ ਕੱਢਦੇ ਸੀ। ਸਿਆਣਿਆਂ ਦੀ ਗੱਲ ਐ-ਜੋੜੀਆਂ ਜੱਗ ਥੋੜੀਆਂ ਨਰੜ ਬਥੇਰੇ।

"ਬਈ ਅਣਬਣ ਤਾਂ ਸੀ, ਕਹਿੰਦੇ ਜਸਵੰਤ ਨੂੰ ਭਜਨ ਕੌਰ 'ਤੇ ਸ਼ੱਕ ਸੀ।"

"ਕਿਉਂ? ਭਜਨ ਕੌਰ ਕਿਧਰੇ ਮਾੜੀ ਸੀ।"

" ਮੈਂ ਗੱਲ ਕਰਦਾ ਸੀ ਕਿ ਆ ਜਿਸ ਦਿਨ ਮਾਸਟਰ ਦੇ ਫੁੱਲ ਚੁਗੇ ਗਏ ਸੀ, ਉਸ ਦਿਨ ਇਕ ਕਹਿੰਦਾ ਸੁਣਿਆ ਸੀ, "ਆ ਨਵੀਂ ਬਣੀ ਸਰਕਾਰ ਵੀ ਪਹਿਲਾਂ ਵਰਗੀ ਏ। ਏਹਨੇ ਵੀ ਝੋਨਾ ਨਈਂ ਸੰਭਾਲਣੈ। ਜੱਟ ਦੀ ਜੂਨ ਬੁਰੀ ਈ ਰਹਿਣੀ ਏ। ਬਾਂਹ ਫੜਣ ਵਾਲਾ ਕੋਈ ਨਹੀ ਹਲੇ। ਆ ਜਸਵੰਤ ਦਾਰੂ ਪੀਂਦਾ ਸੀ। ਕੋਈ ਦੁੱਖ ਤਾਂ ਹੋਵੇਗਾ। ਜਿਹੜੈ ਐਨੀ ਪੀਂਦਾ ਰਹਿੰਦਾ ਸੀ। ਕਹਿੰਦੇ ਨੇ, ਇਹ ਤਾਂ ਤੜਕੇ ਉੱਠ ਨਾ ਪਾਣੀ ਨਾ ਚਾਹ, ਦਾਰੂ ਈ ਪੀਣ ਲੱਗ ਗਿਆ ਸੀ। ਕੋਈ ਬੀਮਾਰੀ ਅੰਦਰ ਅੰਦਰ ਬਣ ਗਈ ਹੋਵੇਗੀ। ਫਿਰ ਏਹਦੀ ਤਾਂ ਪੱਕੀ ਨੌਕਰੀ ਸੀ। ਰੋਟੀ ਪਾਣੀ ਚੱਲੀ ਜਾਂਦਾ ਸੀ। ਤੇ ਆ ਜੱਟ, ਮੇਰੇ ਵਰਗੇ ਤਾਂ ਕਰਜ਼ਾਈ ਹੋਏ ਪਏ। ਨਹੀ ਰਹੀਆਂ ਕਮਾਈਆਂ ਹੁਣ। ਹੁਣ ਤਾਂ ਖਰਚੇ ਈ ਖਰਚੇ ਨੇ। ਬਹੁਤ ਮਹਿੰਗਾਈ ਏ। ਆ ਕਰਜ਼ੇ ਦੇ ਮਾਰੇ ਈ



ਦਵਾਈਆਂ ਪੀ ਪੀ ਮਰੀ ਜਾਂਦੇ ਨੇ। ਮਰਨਾ ਤਾਂ ਬੜਾ ਸੌਖੈ..?

"ਲੈ, ਮੈਂ ਤਾਂ ਸੁਣਿਆ, ਨਵੀਂ ਸਰਕਾਰ ਤਾਂ ਮੋਟਰਾਂ ਦੇ ਬਿੱਲ ਵੀ ਲਗਾਉਣ ਲੱਗੀ ਏ।"

"ਤੇ ਆ ਫੁੱਲਾਂ ਵਾਲੇ ਦਿਨ ਤੁਸੀ ਵੇਖਿਆ ਸੀ? ਕਿਵੇ ਰਸਮ ਰਿਵਾਜ ਕਰੀ ਜਾਂਦੇ ਨੇ। ਮਰਨ ਵਾਲਾ ਮਰ ਗਿਆ। ਤੁਸੀ ਵੇਖਿਆ ਈ ਸੀ ਕਿਵੇਂ ਪਾਣੀ ਦੀ ਬਾਲਟੀ ਵਿਚ ਘੁੱਟ ਦੁੱਧ ਪਾ ਕੇ ਕੱਚੀ ਲੱਸੀ ਬਣਾਈ ਸੀ। ਫਿਰ ਲੱਸੀ ਨਾਲ ਸੁਆਹ ਨੂੰ ਠੰਢਾ ਕਰਦੇ ਸੀ। ਛਿੱਟੇ ਦੇਣ ਤੇ ਅੱਗੇ ਸੜੂੰ ਸੜੂੰ ਕਰਕੇ ਧੂੰਆਂ ਛੱਡ ਰਹੀ ਸੀ। ਫਿਰ ਆ ਹੁੱਡੀਆਂ ਚੁਗੀਆਂ ਫਿਰ ਆ ਸੁਆਹ ਦੀ ਢੇਰੀ ਤੇ ਲੱਕੜ ਦੇ ਕਿੱਲੇ ਗੱਡੇ ਗਏ। ਧਾਗਾ ਵਲਿਆ ਗਿਆ। ਇਹ ਕਿੰਨਾ ਕੁਝ ਕਰਦੇ ਨੇ। ਜੋ ਮਰਜ਼ੀ ਕਰੋ। ਇਸ ਨਾਲ ਕੀ ਹੁੰਦਾ ਏ?"

"ਉਦੋਂ ਵੇਲੇ ਚੰਗੇ ਸੀ ਭਾਈ। ਆ ਜਦੋਂ ਟਰੈਕਟਰ ਆਏ। ਬੰਬੀਆਂ ਟਿਊਬਵੈੱਲ ਲੱਗੇ, ਉਦੋਂ ਤਾਂ ਗੱਲਾਂ ਈ ਹੋਰ ਸਨ। ਚੱਜ ਦੀ ਰੋਟੀ ਮਿਲਣ ਲੱਗ ਗਈ ਸੀ। ਉਦੋਂ ਖੇਤੀਬਾੜੀ ਚੰਗੀ ਸੀ। ਚਾਰ ਪੈਸੇ ਵੀ ਬਚਣ ਲੱਗੇ ਸਨ। ਮੈਂ ਆਪ ਵੇਖਿਆ ਓ ਜ਼ਮਾਨਾ। ਆ ਜਸਵੰਤ ਵੀ ਉਦੋਂ ਈ ਪੜ੍ਹਿਆ ਸੀ। ਉਦੋਂ ਵਿਰਲਾ ਟਾਵਾਂ ਈ ਪੜ੍ਹਦਾ ਸੀ। ਕੋਈ ਕੋਈ ਦਸ ਜਮਾਤਾਂ ਕਰਦਾ ਸੀ। ਤੇ ਇਹ ਜਸਵੰਤ ਹੁਸ਼ਿਆਰ ਸੀ ਪੜ੍ਹਾਈ ਵਿਚ। ਇਹ ਪੜ੍ਹੀ ਗਿਆ। ਇਹ ਤਾਂ ਕਈ ਇਨਾਮ ਵੀ ਜਿੱਤ ਕੇ ਲਿਆਉਂਦਾ ਸੀ। ਕਬੱਡੀ ਵੀ ਖੇਡਦਾ ਸੀ। ਮਾਪੇ ਖੁਸ਼ ਸਨ। ਬੰਤਾ ਤਾਂ ਅੱਗੇ ਪੜ੍ਹਣ ਤੋਂ ਰੋਕਦਾ ਰਿਹਾ ਸੀ। ਉਦੋਂ ਤਾਂ ਪੜ੍ਹਾਈਆਂ ਵਾਲੇ ਵੀ ਘਰੇ ਚਿੱਠੀਆਂ ਘੱਲਦੇ ਸੀ। ਇਹ ਆਪਣੇ ਨੇੜੇ ਵੱਡੇ ਪਿੰਡ ਮਾਸਟਰੀ ਦਾ ਕੋਰਸ ਖੁੱਲ੍ਹਿਆ ਸੀ। ਫਿਰ ਨੌਕਰੀ ਵੀ ਮਿਲ ਗਈ। ਉਦੋਂ ਤਾਂ ਨੌਕਰੀਆਂ ਵੀ ਬਥੇਰੀਆਂ ਸਨ। ਹੁਣ ਤਾਂ ਹਰ ਪਾਸੇ ਕਾਲ ਈ ਕਾਲ ਪਿਆ ਹੋਇਆ ਏ। ਨਾ ਪੜ੍ਹਾਈਆਂ, ਨਾ ਖੇਤੀ, ਨਾ ਨੌਕਰੀ, ਨਾ ਲੋਕ ਉਹੋ ਜਿਹੇ ਨੇ। ਹੁਣ ਤਾਂ ਜ਼ਮਾਨਾ ਈ ਹੋਰ ਦਾ ਹੋਰ ਬਣਿਆ ਹੋਇਆ ਏ। ਸਭ ਨੂੰ ਆਪੋ ਧਾਪੀ ਪਈ ਏ। ਬੰਦੇ ਨੂੰ ਬੰਦਾ ਨਈਓ ਸਿਆਣਦਾ ਹੁਣ ਤਾਂ ਭਾਈ ਏਹ ਕੁਝ ਬਣਿਆ ਹੋਇਆ ਏ।"

" ਤਾਇਆ ਜੀ, ਥੋਡੀ ਗੱਲ ਸਹੀ ਏ। ਜ਼ਮਾਨਾ ਬਹੁਤ ਬਦਲ ਗਿਐ। ਹੁਣ ਤਾਂ ਮਾਵਾਂ ਵੀ ਆ ਦੁੱਧ ਨਹੀਂ ਚੁੰਘਾਉਂਦੀਆਂ। ਸ਼ੀਸ਼ੀਆਂ ਜੇਈਆਂ ਜੁਆਕਾਂ ਦੇ ਮੂੰਹ ਵਿਚ ਤੁੰਨ ਦਿੰਦੀਆਂ। ਲੋਕ ਤਾਂ ਹੁਣ ਵਿਖਾਵੇ ਵਿਚ ਪੈ ਗਏ ਨੇ। ਆ ਕੋਠੀ, ਕਾਰ, ਮੋਟਰਸਾਈਕਲ, ਕਮਰਿਆਂ ਅੰਦਰ ਵੜੇ ਰਹਿੰਦੇ ਨੇ। ਰਿਮੋਟ ਦੇ ਬਟਨ ਨੱਪਦੇ ਰਹਿੰਦੇ ਨੇ। ਆ ਟੈਲੀਵਿਜ਼ਨ ਸਾਰਾ ਸਾਰਾ ਦਿਨ ਰਾਤ ਚੱਲੀ ਜਾਂਦੇ ਨੇ। ਤੇ ਉਹਦੇ ਵੱਲ ਮੂੰਹ ਚੁੱਕ ਚੁੱਕ ਵੇਖੀ ਜਾਂਦੇ ਨੇ। ਪੜ੍ਹਾਈਆਂ ਵੀ ਹੁਣ ਤਾਂ ਆ ਨਕਲਾਂ ਜ਼ੋਰੋਂ ਸ਼ੋਰ ਚੱਲਦੀਐ। ਜੁਆਕਾਂ ਦੇ ਪੱਲੇ ਕੁੱਝ ਨਹੀਂਗਾ। ਆ ਨਿੱਕੇ ਨਿੱਕੇ ਜੁਆਕ ਤਾਂ ਹੁਣ -ਜੌਨੀ ਜੌਨੀ ਯੈਸ ਪਾਪਾ, ਈਟਿੰਗ ਸ਼ੂਗਰ ਨੋ ਪਾਪਾ ਹਾ ਹਾ ਹ, ਹਾ ਆ। ਅੰਗਰੇਜੀ ਦੇ ਰੱਟੇ ਲਾਏ ਨੇ। ਮੈਨੂੰ ਯਾਦ ਆ ਗਈ ਗੱਲ। ਸਾਡਾ ਪਹਿਲਾਂ ਕੱਚਾ ਘਰ ਹੁੰਦਾ ਸੀ। ਉਦੋਂ ਅਸੀਂ ਦੂਜੀ ਤੀਜੀ ਵਿਚ ਪੜ੍ਹਣ ਜਾਂਦੇ ਹੋਵਾਂਗੇ। ਮਾਂ ਸਾਡੀ ਨੇ ਬੜੇ ਲਾਡ ਨਾਲ ਸਾਡੇ ਜੂੜੇ ਕਰਨੇ। ਜੂੜੇ ਉੱਪਰ ਨਿੱਕੇ ਨਿੱਕੇ ਰੁਮਾਲ ਬੰਨ੍ਹਣੇ। ਪਰੌਂਠੇ ਪਕਾ ਕੇ ਦਿੰਦੀ ਸੀ। ਉਸ ਸਮੇਂ ਦੀ ਗੱਲ ਐ, ਜਸਵੰਤ ਘਰੇ ਫੱਟੀ ਪੋਚਦਾ ਪੋਚਦਾ ਬਲਾ ਸੋਹਣਾ ਗੀਤ ਵੀ ਗਾਉਂਦਾ ਹੁੰਦਾ ਸੀ ਰੋਜ਼ ਈ। ਬੜੀ ਹੇਕ ਵਿਚ ਗਾਉਂਦਾ ਸੀ,

"ਸੂਰਜਾ ਸੂਰਜਾ ਫੱਟੀ ਸੁਕਾ
ਨਹੀਂ ਸੁਕਾਉਣੀ, ਆਪਣੇ ਘਰ ਨੂੰ ਜਾ...।"

**ਸ਼ਰਧਾਜ਼ਲੀ ਸੁਣ ਰਹੀਆਂ ਔਰਤਾਂ ਦਾ ਸੰਬਾਦ ਅਤੇ ਪ੍ਰਤੀਕਰਮ-**

"ਆ ਭਜਨੋਂ, ਇਕੋ ਇਕ ਲਾਡਲੀ ਸੀ। ਪਲੇਠੀ ਦੀ। ਏਹਦੇ ਪੜਦਾਦੇ ਦੇ ਦੋ ਕੁੜੀਆਂ ਸੀ। ਆ ਅੱਗੇ ਇਹੋ ਈ ਜੰਮੀ ਇਕੋ ਇਕ। ਕਈ ਵਰ੍ਹਿਆਂ ਬਾਅਦ ਇਹ ਕੁੜੀ ਆਈ ਸੀ। ਸਾਰਿਆਂ ਨੇ ਬੜਾ ਲਾਡ ਚਾਅ ਕੀਤਾ ਸੀ। ਉਦੋਂ ਕਿਸੇ ਨੂੰ ਕੀ ਪਤਾ ਸੀ ਕਿ ਏਸ ਡੁੱਬੜੀ ਨਾਲ ਇਵੇਂ ਹੋਊਗੀ। ਕਿਵੇਂ ਆਵਦੇ ਘਰ ਸੁਖੀ ਵਸਦੀ ਵਸਦੀ ਦੁੱਖਾਂ ਵਿਚ ਘਿਰ ਜਾਊਗੀ।"

"ਭੈਣੇ, ਏਹ ਦੁੱਖ ਤਾਂ ਬੰਦੇ ਨੂੰ ਲੈ ਬੈਂਹਦੇ ਨੇ।"

"ਆਹੋ। ਆ ਭਜਨੋਂ ਦੇ ਵੀ ਦੋ ਕੁੜੀਆਂ ਨੇ। ਆ ਹੁਣ ਤਾਂ ਕਹਿੰਦੇ ਕੁੜੀਆਂ ਦੀ ਗਿਣਤੀ ਵੀ ਘੱਟ ਰਹੀ ਏ। ਇਹ ਘਟਣੀ ਈ ਹੋਈ। ਆ ਲੋਕ ਤਾਂ ਕਸਾਈ ਹੋਏ ਪਏ ਨੇ ਅੱਜ ਕੱਲ੍ਹ। ਆ ਟੈਸਟ ਟੂਸਟ ਕਰਾਈ ਜਾਂਦੇ ਨੇ। ਪਹਿਲਾਂ ਈ ਪਤਾ ਲਾ ਲੈਂਦੇ ਨੇ ਮੁੰਡਾ ਏ ਕਿ ਕੁੜੀ। ਹੁਣ ਤਾਂ ਜ਼ਮਾਨਾ ਈ ਹੋਰ ਆ ਗਿਆ ਏ। ਅੱਗੇ ਇਹ ਗੱਲ ਕਿੱਥੇ ਸੀ। ਇਹ ਕੁੜੀਆਂ ਦੀ ਬੁੜੀਆਂ ਦੀ ਕਾਹਦੀ ਜੂਨ ਐ? ਏਹਨਾਂ ਤੇ ਪਹਿਲੋਂ ਪਹਿਲ ਤੋਂ ਈ ਦੁੱਖ ਰਹੇ ਨੇ।"

'ਇਹ ਬੜੀਆਂ ਸਿਫਤਾਂ ਕਰਦੀ ਆ। ਏਹ ਵੀ ਦੱਸੇ ਕਿ ਏਸੇ ਭਜਨੋ ਲਾਡਲੀ ਨੇ ਜਦ ਪਿੰਡੋਂ ਸ਼ਹਿਰ ਪੜ੍ਹਣ ਗਈ ਨੇ ਉਲਾਂਭੇ ਲਿਆਉਣੇ ਸ਼ੁਰੂ ਕਰ ਦਿੱਤੇ ਸੀ। ਆ ਛੇਤੀ ਛੇਤੀ ਵਿਆਹ ਦਿੱਤੀ ਸੀ।'

**ਭਜਨ ਕੌਰ ਦੀ ਦਿਮਾਗੀ ਹਲਚਲ-**

' ਕਾਲਜ ਦੀ ਪੜ੍ਹਾਈ ਪੜ੍ਹਣ ਮੈਂ ਵੀ ਗਈ ਸਾਂ। ਭਾਸ਼ਣ ਵਾਲੇ ਦੀ ਗੱਲ ਤੋਂ ਚੇਤੇ ਆਈ ਏ। ਇੰਨ-ਬਿੰਨ ਚੇਤੇ ਆ ਗਈ ਏ। ਕਾਲਜ ਵਿਚ ਇਕ ਸਾਲ ਈ ਲਾਇਆ। ਕਿਵੇਂ ਲਵਪ੍ਰੀਤ ਨਾਲ ਪਿਆਰ ਹੋਇਆ। ਕਿਵੇਂ ਨਜ਼ਾਰੇ ਈ ਸਨ ਉਦੋਂ। ਪਿੰਡ ਤੋਂ ਸ਼ਹਿਰ ਜਾਣਾ। ਘੁੰਮਣਾ-ਫਿਰਨਾ। ਫਿਲਮਾਂ ਵੇਖਣੀਆਂ। ਚਾਹਾਂ ਪੀਣੀਆਂ। ਲੈ ਚੇਤੇ ਆਇਆ। ਖਾਲੀ ਪੀਰੀਅਡ ਸੀ। ਕੰਟੀਨ ਦੇ ਬੈਂਚ 'ਤੇ ਬੈਠੇ ਚਾਹ ਦੀਆਂ ਚੁਸਕੀਆਂ ਭਰਦੇ ਸਾਂ। ਹੱਸਦੇ ਰਹਿੰਦੇ ਸਾਂ। ਕਿਵੇਂ ਗੱਲਾਂ ਕਰਦੇ ਸਾਂ।

"ਲਵ"

"ਹੈਲੋ! ਹੈਲੋ ਮੇਰੀਏ ਡੱਡੀਏ!!"

"ਬਾਹਲੀਆਂ ਗੱਲਾਂ ਨਾ ਕਰ। ਅੱਜ ਤੇਰੇ ਨਾਲ ਮੈਂ ਰੁੱਸੀ ਆਂ। ਜਾਅ ਮੈਂ ਨੀ ਬੋਲਣਾ।"

"ਕੀ ਕਸੂਰ ਹੋ ਗਿਆ ਏ ਸੋਹਣਿਓ?"

"ਕਸੂਰ ਈ ਤਾਂ ਹੋਇਆ ਏ। ਤੇਰੀ ਯਾਦ ਸ਼ਕਤੀ ਕਮਜ਼ੋਰ ਲੱਗਦੀ ਐ।

"ਓ ਹੋ!"

"ਓ ਹੋ ਕੀ। ਕੱਲ੍ਹ ਵਾਲਾ ਵਾਅਦਾ ਚੇਤੇ ਐ।

ਲੈ, ਓਵੇਂ ਈ ਸਾਰਾ ਕੁੱਝ ਯਾਦ ਏ। ਇਹ ਕਿੱਥੇ ਭੁੱਲਦਾ ਏ। ਵਾਅਦੇ ਕਰਦਾ ਰਿਹਾ। ਏਹ ਕਿਧਰਲੇ ਬੰਦੇ ਨੇ। ਔਰਤ ਨੂੰ ਕਹਿੰਦੇ ਨੇ ਪੱਝਤਰ ਸੌ ਗੱਲਾਂ। ਦੋਸ਼ੀ ਬਣਾਉਂਦੇ ਨੇ। ਤੇ ਏਹ ਆਪ!? ਲਵ ਵਾਅਦੇ ਕਰਦਾ ਰਿਹਾ। ਚੂੰਡਦਾ ਰਿਹਾ। ਮਾਸਟਰ ਡਰਾਕਲ ਈ ਰਿਹਾ-ਅ। ਹੋਰ ਕੀ ਐ? ਘਰਦਿਆਂ ਨੂੰ ਵੀ ਵਿਆਹ ਦੀ ਛੇਤੀ ਸੀ। ਜਿਵੇਂ ਵਿਆਹ ਮੈਨੂੰ ਪੁੱਛ ਕੇ ਕਰ ਰਹੇ ਸੀ। ਉਦੋਂ ਮੈਥੋਂ ਵੀ ਕੁੱਝ ਨਹੀਂ ਦੱਸ ਹੋਇਆ। ਹਿੰਮਤ ਹੀ ਨਹੀਂ ਬਣੀ। ਤੇ ਲਵ ਵੀ ਮੇਰੇ ਵਰਗਾ ਹੀ ਸੀ। ਤੇ ਜਸਵੰਤ ਸਿੰਹੁ ਵੀ ਬੰਦਾ ਸੀ? ਆ ਗ੍ਰਹਿਸਥ ਆਸ਼ਰਮ ਧਰਮ ਤਾਂ ਮੇਰਾ ਵੀ ਸ਼ੁਰੂ ਹੋਇਆ ਸੀ। ਵਿਆਹ ਤਾਂ ਚਲੋ ਹੋਣਾ ਈ ਸੀ। ਲਵਪ੍ਰੀਤ ਪਿਆਰ ਤਾਂ ਬਹੁਤ ਕਰਦਾ ਸੀ। ਕਿਵੇਂ ਇਕ ਵਾਰ ਪਿੰਡ ਵਾਲੇ ਮੇਲੇ 'ਤੇ ਆਇਆ ਸੀ। ਆ ਛਾਪ ਲੈ ਰਿਹਾ ਸੀ ਮੇਰੇ ਵਾਸਤੇ ਕਿ ਮਾਂ ਨੂੰ ਪਤਾ ਲੱਗ ਗਿਆ। ਅਗਲੇ ਕੁੱਝ ਦਿਨਾਂ ਨੂੰ ਵਿਚ ਘਰੇ ਗੱਲਾਂ ਹੋ ਰਹੀਆਂ ਸਨ। ਇਕ ਦਿਨ ਮਾਂ ਕਿਵੇਂ ਕਹਿ ਰਹੀ ਮੈਂ ਸੁਣੀ ਸੀ। ਮਾਂ, ਬਾਪੂ ਨੂੰ ਆਖ ਰਹੀ ਸੀ, 'ਮੁੰਡਾ ਪੜ੍ਹਿਆ ਏ। ਸਰਕਾਰੀ ਨੌਕਰੀ ਏ। ਕੁੜੀ ਮੌਜਾਂ ਕਰੇਗੀ। ਸਰਕਾਰੀ ਨੌਕਰ ਨੇ ਤਾਂ ਕੁੜੀ ਨੂੰ ਨਾਲ ਈ ਰੱਖਣੈ। ਏਹਨੇ ਕਿਹੜਾ ਸੱਸ ਮੂਹਰੇ ਬੈਠੀ ਰਹਿਣੈ। 'ਸਰਕਾਰੀ ਨੌਕਰ ਦੀ ਵੀ ਕੋਈ ਜੂਨ ਏ। ਸਰਕਾਰ ਦਾ ਗੁਲਾਮ ਜੋ ਹੋਇਆ। ਜਿੱਥੇ ਮਰਜ਼ੀ ਬਦਲੀ ਕਰਕੇ ਭੇਜ ਦੇਵੇ। ਨੌਕਰੀ ਕੀ ਤੇ ਨਖਰਾ ਕੀ। ਆ ਖੇਤੀਬਾੜੀ ਚੰਗੀ ਐ। ਕਿਸੇ ਦੀ ਗੁਲਾਮੀ ਤਾਂ ਨਈਂਗੀ। ਫਸਲ ਵੀ ਹੁਣ ਚੰਗੀ ਹੋਣ ਲੱਗੀ ਏ। ਭਾਅ ਵੀ ਚੰਗੈ। ਤੇ ਉਹ ਮਾਸਟਰ, ਦੋ ਢਾਈ ਸੌ ਤੇ ਲੱਗਾ ਹੋਇਐ।' ਬਾਪੂ ਬੋਲਿਆ ਸੀ ਤਾਂ ਮੈਂ ਖੁਸ਼ ਸਾਂ ਕਿ ਬਾਪੂ ਹਲੇ ਵਿਆਹ ਨਹੀਂ ਕਰੇਗਾ। ਤੇ ਮੈਂ ਲਵਪ੍ਰੀਤ ਨੂੰ ਕਹਿ ਦੇਵਾਂਗੀ ਕਿ ਆਪਾਂ ਵਿਆਹ ਕਰਵਾ ਲਈਏ। ਪਰ ਇਹ ਗੱਲ ਲਵਪ੍ਰੀਤ ਮੈਨੂੰ ਕਹਿ ਸਕਦਾ ਏ। ਉਹਨੂੰ ਕਹਿਣਾ ਚਾਹੀਦਾ ਏ। ਨਾ ਮੈਂ ਕਹਿ ਸਕੀ। ਨਾ ਉਹ ਕਹਿ ਸਕਿਆ। ਆ ਜਸਵੰਤ ਮਾਸਟਰ ਦੇ ਘਰੇ ਜੋ ਆਉਣਾ ਸੀ। ਲਵਪ੍ਰੀਤ ਵੀ



ਚੰਗਾ ਵਿਗੜਿਆ। ਉਸ ਦਾ ਤਾਂ ਵਿਆਹ ਵੀ ਨਾ ਹੋ ਸਕਿਆ। ਨਹੱਕਾ ਜੇਲ੍ਹ ਕੀ ਕੱਟ ਆਇਆ, ਵਿਗੜ ਈ ਗਿਆ। ਵੱਡਾ ਵੈਲੀ। ਮੇਰਾ ਪਿੱਛਾ ਨਾ ਛੱਡਿਆ ਟੁੱਟ ਪੈਣੇ ਨੇ। ਮੈਂ ਤਾਂ ਮਨ ਈ ਮਾਰ ਲਿਆ ਸੀ। ਜਸਵੰਤ ਚੰਗਾ ਭਲਾ ਮਾਸਟਰ ਸੀ। ਪਰ ਹਲੇ ਵਿਆਹੀ ਨੂੰ ਕਿਹੜੇ ਮਹੀਨੇ ਹੋਏ ਸੀ। ਏਹਦੀ ਸੱਚੀਂ ਹੀ ਬਦਲੀ ਹੋ ਗਈ ਸੀ। ਬਾਪੂ ਦੀ ਗੱਲ ਸੱਚੀ ਹੋ ਗਈ ਸੀ। ਤੇ ਏਹ ਤਾਂ ਕੱਲਾ ਈ ਰਹਿਣ ਲੱਗ ਪਿਆ ਸੀ। ਮੈਂ ਮਗਰੋਂ ਕਈ ਵਾਰ ਮਾਂ ਕੋਲ ਪਿੰਡ ਚਲੀ ਜਾਂਦੀ। ਕਈ ਕਈ ਦਿਨ ਰਹਿ ਪੈਂਦੀ। ਲਵਪ੍ਰੀਤ ਆ ਜਾਂਦਾ ਸੀ। ਇਕ ਵਾਰ ਕਿਵੇਂ ਮੂੰਹ ਪਾੜ ਕਹਿ ਦਿੱਤਾ ਸੀ, 'ਛੱਡ ਪਰੇ ਮਾਸਟਰ ਨੂੰ। ਕਿਧਰੇ ਨਿਕਲ ਜਾਂਦੇ ਆ ਆਪਾਂ।' ਉਦੋਂ ਨਿਕਲ ਜਾਂਦੀ। ਸ਼ਾਇਦ ਚੰਗੀ ਰਹਿੰਦੀ। ਆ ਜੁਆਕ ਤਾਂ ਉਪਰੋਥਲੀ ਚਾਰ ਹੋ ਗਏ। ਕੁੜੀਆਂ ਦਾ ਔਖੈ ਕਿਵੇਂ ਵਿਆਹਵਾਂਗੀ? ਔਖਾ ਤਾਂ ਮੁੰਡਿਆਂ ਦਾ ਵੀ ਏ। ਕਹਿੰਦੇ ਨੇ ਵੱਡੇ ਮੁੰਡੇ ਨੂੰ ਏਹਦੀ ਨੌਕਰੀ ਮਿਲ ਜਾਵੇਗੀ। ਹਾਲੇ ਛੋਟਾ ਏ। ਆ ਚੰਗਾ, ਜੋ ਦਸ ਜਮਾਤਾਂ ਕਰ ਗਿਆ ਏ। ਦੁੱਖ ਤਾਂ ਹੁਣ ਹੋਰ ਕੱਟਣੈ। ਇਹ ਕਾਹਦੀ ਜ਼ਿੰਦਗੀ! ਕਲਪਦੀ, ਖਿੱਝਦੀ ਰਹੀ। ਏਹਨੇ ਵੀ ਆ ਸ਼ਰਾਬ ਪੀ ਪੀ, ਆ ਦਿਨ ਲੈ ਆਂਦਾ। ਜਿੱਦਣ ਵਿਆਹੁਣ ਆਇਆ ਸੀ, ਉਸ ਦਿਨ ਵੇਖਿਆ ਸੀ ਕਿ ਕਿੰਨਾ ਸੋਹਣਾ ਸੀ। ਪਤਲਾ ਜਿਹਾ। ਲੰਮਾ ਜਿਹਾ। ਮੁਕਲਾਵੇ ਦੇ ਕਿਵੇਂ ਲਾਡ ਚਾਅ ਕੀਤੇ ਸੀ। ਇਕ ਵਾਰ ਤਾਂ ਲਵਪ੍ਰੀਤ ਭੁੱਲਣ ਲੱਗਾ ਸੀ। ਥੋੜ੍ਹੇ ਈ ਮਹੀਨੇ ਲੰਘੇ ਸੀ ਹਲੇ। ਬਦਲੀ ਈ ਦੂਰ ਹੋ ਗਈ। ਆ ਬਾਡਰ ਵੱਲ। ਤੇ ਮੈਂ ਵੀ ਕਮਲੀ ਬਣ ਗਈ। ਲਵਪ੍ਰੀਤ ਨੇ ਖੈਹੜਾ ਨਾ ਛੱਡਿਆ ਮੇਰਾ। ਮਾਸਟਰ ਕਿਹੜਾ ਨਿਆਣਾ ਸੀ। ਜਾਂ ਮੂੜ ਮੱਤ ਸੀ। ਜਿਹੜਾ ਜੁਆਕਾਂ ਨੂੰ ਪੜ੍ਹਾ ਸਕਦੈ, ਉਹ ਸਭ ਕੁੱਝ ਸਮਝ ਸਕਦੈ। ਉਹਨੂੰ ਉਦਣ ਈ ਸ਼ੱਕ ਹੋ ਗਿਆ ਜਿੱਦਣ ਉਹਨੇ ਸਾਨੂੰ ਦੋਹਾਂ ਨੂੰ ਇਕੱਠਿਆਂ ਵੇਖ ਲਿਆ। ਉਸ ਨੂੰ ਬਾਹਰਲੇ ਬੂਹਿਉਂ ਆਉਂਦੇ ਵੇਖ ਲਵਪ੍ਰੀਤ ਮੈਨੂੰ ਛੱਡ ਪਾਸੇ ਹੋ ਕੇ ਤਾਂ ਬਹਿ ਗਿਆ। ਪਰ ਸਾਡੇ ਚਿਹਰੇ ਉੱਡੇ ਹੋਏ ਸਨ। ਮੇਰੇ ਵਾਲ ਖਿਲਰੇ ਹੋਏ ਸਨ। ਖਬਰੇ ਉਹਨੇ ਹੋਰ ਵੀ ਚੋਰੀ ਛਪੋਰੀ ਫੜੀ ਹੋਊ। ਉਹ ਲਵਪ੍ਰੀਤਾ ਟੁੱਟ ਪੈਣਾ। ਓ ਮਰਦਾ ਕਿਧਰੇ। ਕਿਵੇਂ ਮੇਰੀ ਜ਼ਿੰਦਗੀ ਖਰਾਬ ਹੋਈ ਏ। ਇਹ ਮਾਸਟਰ ਵੀ ਕਿੰਨੀ ਪੀਣ ਲੱਗ ਗਿਆ ਸੀ। ਸੂਰਮਾ ਬਣਦਾ, ਸੂਰਮਾ। ਜਾਂ ਮੇਰੇ ਡੱਕਰੇ ਕਰਦਾ ਜਾਂ ਉਹਦੇ। ਵੇ, ਮੈਨੂੰ ਤਾਂ ਹੁਣ ਪਤਾ ਲੱਗਦੈ। ਪਤਾ ਲੱਗਦੈ, ਆਵਦਾ ਬੰਦਾ ਕੀ ਸ਼ੈਅ ਹੁੰਦਾ ਏ। ਵੇ, ਆਪਾਂ ਤਾਂ ਹੁਣ ਤੱਕ ਲੜੋ ਲੜਾਈ ਵਿਚ ਈ ਕੱਢ ਲਏ ਐਨੇ ਵਰ੍ਹੇ। ਦੱਸ? ਤੂੰ ਕੀ ਜਹਾਨ ਤੇ ਮੌਜਾਂ ਕੀਤੀਆਂ। ਮੈਨੂੰ ਮਰਨਾ ਚਾਹੀਦਾ ਸੀ। ਮੈਨੂੰ ਮੌਤ ਕਿਉਂ ਨਹੀ ਆਈ? ਲੈ, ਆ ਤਾਂ ਮੁੰਡੇ ਦੇ ਪੱਗ ਬੰਨ੍ਹੀ ਜਾਂਦੇ ਨੇ। ਭੋਰਾ ਭਰ ਮਸ਼ੋਰ ਐ। ਜ਼ਿੰਮੇਵਾਰੀਆਂ ਕਿਵੇਂ ਚੁੱਕ ਲਊਗਾ? ਸਾਰਾ ਮੇਰਾ ਈ ਕਸੂਰ ਏ। ਮੇਰਾ ਈ ਕਸੂਰ ਏ। ਲੈ, ਅਨੰਦ ਕਾਰਜ ਵੇਲੇ ਗਿਆਨੀ ਜੀ ਨੇ ਕਿਵੇਂ ਸਮਝਾਇਆ ਸੀ 'ਭਾਈ ਬੀਬਾ, ਹੁਣ ਤੇਰਾ ਵਿਆਹ ਹੋ ਗਿਐ। ਸਹੁਰੇ ਘਰ ਵਾਲੀ ਬਣ ਗਈ ਏਂ। ਹਰੇਕ ਨੂੰ ਜੀ ਜੀ ਕਰੀ ਦੈ। ਪਤੀ ਨੂੰ ਪਤੀ ਸਮਝੀਦੈ। ਉਸ ਦੀ ਸੇਵਾ ਕਰੀਦੀ ਐ। ਸੱਸ ਸਹੁਰੇ ਦੀ ਵੀ ਸੇਵਾ ਕਰੀਦੀ ਐ। ਪਤੀ ਪਤਨੀ ਗੱਡੀ ਦੇ ਦੋ ਪਹੀਆਂ ਤਰ੍ਹਾਂ ਨੇ। ਰਲ ਕੇ ਚੱਲਦੈ ਨੇ। ਇਕ ਪਹੀਆ ਵੀ ਢਿੱਲਾ ਮੱਠਾ ਹੋ ਜਾਵੇ ਤਾਂ ਗੱਡੀ ਖੜ੍ਹ ਜਾਂਦੀ ਐ।...' ਅੱਜ ਈ ਲੱਗੀ ਜਾਂਦੇ ਕਿ ਗੱਡੀ ਖੜ੍ਹ ਗਈ ਆ। ਮਾਸਟਰ ਪੀਂਦਾ ਸੀ। ਲੜਦਾ ਸੀ ਕਿਤੇ ਕਿਤੇ। ਅੱਖਾਂ ਮੂਹਰੇ ਤਾਂ ਸੀ। ਹੁਣ ਤਾਂ ਉਹ ਗਿਆ ਈ ਉਸ ਰਾਹ ਏ, ਜਿਧਰੋਂ ਨਹੀਂ ਮੁੜਣਾ ਉਹਨੇ। ਅੱਜ ਈ ਇਉਂ ਲੱਗੀ ਜਾਂਦੈ, ਹਲੇ ਆ ਕਬੀਲਦਾਰੀ ਐ। ਮੈਂ ਕੀ ਕਰਾਂ? ਕੁਝ ਸੁਝਦਾ ਈ ਨਈਓ। ਲੈ ਆ ਮੈਂ ਤਾਂ ਕੱਲ੍ਹੀ ਬੈਠੀ ਆਂ। ਸਭ ਚਲੇ ਗਏ ਨੇ। ਹੁਣ ਤਾਂ ਮੈਂ ਕੱਲ੍ਹੀ ਈ ਆਂ। ਮੇਰੇ ਕੋਲ ਕੀਹਨੇ ਆਉਣੈ। ਸਭ ਮਤਲਬੀ ਨੇ। ਉਹ ਹਰਾਮੀ ਵੀ ਮੈਨੂੰ ਚੂੰਡਣ ਤੇ ਈ ਸੀ। ਜਿੱਥੇ ਕੱਲ੍ਹੀ ਵੇਖਦਾ ਉੱਥੇ ਹੀ ਆ ਚੁੰਬੜਦਾ। ਹੁਣ ਕਿੱਥੇ ਐ? ਆ ਮਾਂ ਤੁਰੀ ਆਉਂਦੀ ਏ? ਏਹੋ ਈ ਵਾਜਾਂ ਮਾਰਦੀ ਹੋਣੀ ਏ। ਲੈ ਆ ਨ੍ਹੇਰ ਕਿੱਥੋਂ ਆ ਗਿਆ। ਆ ਚਾਨਣੀਆਂ ਪਾਟ ਜਾਣੀਆਂ। ਆ ਸਾਰਾ ਕੁੱਝ ਡਿੱਗ ਪੈਣੇ। ਐ ਡਿੱਗ ਚੱਲਿਐ। ਆ ਮੇਰੇ ਤੇ ਸਾਰਾ ਡਿੱਗਣ ਲੱਗਾ ਏ। ਆ ਆ, ਮੈਂ ਵਿਚ ਈ ਲਵੇਟੀ ਜਾਣੈ। ਸਾਹ ਗੁੰਮ ਹੋ ਜਾਣੈ। ਮਰ ਜਾਣੈ। ਕੋਈ ਨਹੀਂ ਨੇੜੇ। ਆ ਡਿੱਗ ਪਈਆਂ ਚਾਨਣੀਆਂ ਕਨਾਤਾਂ। ਆ ਆ, ਮੇਰਾ ਤਾਂ ਸਾਹ ਗੁੰਮ ਹੋਈ ਜਾਂਦਾ ਏ। ਮੈਂ ਮਰ ਚੱਲੀ। ਮੈਂ ਮਰ ਚੱਲੀ-ਅ।' (ਸੰਪਾਰਕ 81468-13291)

## ਕਹਾਣੀ / ਕੰਧ ਤੇ ਲਿਖਿਆ ਲ.ਫਜ਼ / - ਮਹਿੰਦਰ ਸਿੰਘ ਤਤਲਾ

ਮੈਰਿਜ ਪੈਲੇਸ ਵਿੱਚ ਮੈਂ ਸ਼ਗਨ ਪਾ ਕੇ ਮੋਟਰ ਸਾਇਕਲ ਸਟਾਰਟ ਕੀਤਾ ਅਤੇ ਤੇਜੀ ਨਾਲ ਆਪਣੇ ਕਲੀਨਿਕ ਵੱਲ ਚੱਲ ਪਿਆ

ਮੈਨੂੰ ਚਮਨ ਦੀ ਯਾਦ ਸਤਾ ਰਹੀ ਸੀ। 31 ਮਈ ਨੂੰ ਜਦ ਮੈਂ ਉਥੋਂ ਆਇਆ ਸੀ ਤਾਂ ਉਸ ਨੇ ਪੁਛਿਆ ਸੀ,"ਡਾਕਟਰ ਕਿੰਨੀ ਤਾਰੀਕ ਨੂੰ ਵਾਪਸ ਮੁੜਨਾ ਹੈ? "

" 4 ਜੂਨ ਨੂੰ ।" ਮੈਂ ਆਖਿਆ ਸੀ।

ਫਿਰ ਉਹ ਕਹਿਣ ਲੱਗੀ," ਡਾਕਟਰ ਇਕ ਜ਼ਰੂਰੀ ਗੱਲ ਕਰਨੀ ਸੀ?"

" ਹਾਂ ਹਾਂ ਦੱਸ? ਮੈਂ ਉਸ ਨੂੰ ਪੁਛਿਆ ਸੀ।

ਉਸ ਨੇ ਆਉਣ ਲੱਗਿਆ ਗੱਲ ਤਾਂ ਦੱਸ ਦਿੱਤੀ ਪਰ ਉਹ ਸ਼ਰਮ ਨਾਲ ਪਾਣੀ ਪਾਣੀ ਹੋ ਗਈ ।

ਮੈਂ ਜਾ ਆਵਾਂ ਫਿਰ ਕੋਈ ਹੱਲ ਲਭਾਂਗੇ।"

ਜਦ ਮੈਂ ਉਥੋਂ ਚੱਲਿਆ ਸੀ ਮੈਨੂੰ ਇਉਂ ਲੱਗਾ ਜਿਵੇਂ ਰਮਨ ਦੀਆਂ ਅੱਖਾਂ ਭਰ ਆਈਆ ਹੋਣ। ਮੈਂ ਮੋਟਰ ਸਾਇਕਲ ਨੂੰ ਹੋਰ ਰੇਸ ਦੇ ਦਿੰਦਾ ਹਾਂ ਤਾਂ ਕਿ ਜਲਦੀ ਕਲੀਨਿਕ ਤੇ ਪਹੁੰਚ ਜਾਵਾਂ। ਰਮਨ ਨੂੰ ਮਿਲਾਂ। ਉਸ ਨਾਲ ਕੋਈ ਗੱਲ ਕਰਾਂ। ਪਰ ਅਜੇ ਚਾਰ ਪੰਜ ਕਿਲੋਮੀਟਰ ਹੀ ਗਿਆ ਸੀ ਕਿ ਸੜਕ 'ਤੇ ਜਬਰਦਸਤ ਜਾਮ ਲੱਗਾ ਹੋਇਆ ਹੈ। ਕੁਝ ਕਰਮਚਾਰੀ ਯੂਨੀਅਨਾ ਦਾ ਇਕੱਠ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰ ਰਿਹਾ ਹੈ। ਮੈਂ ਦੇਖਿਆ ਕਿਸੇ ਪਾਸੇ ਦੀ ਵੀ ਲੰਘਣ ਲਈ ਥਾਂ ਨਹੀਂ ਹੈ। ਮੈਂ ਮੋਟਰ ਸਾਇਕਲ ਇਕ ਪਾਸੇ ਲਾ ਲਿਆ । ਗਰਮੀ ਜ਼ਿਆਦਾ ਹੋਣ ਕਾਰਣ ਟਾਹਲੀ ਦੀ ਛਾਂ ਹੇਠ ਬੈਠ ਗਿਆ।

ਮੇਰੀ ਸੋਚ ਫਿਰ ਪਿਛਾਂਹ ਪਰਤ ਜਾਂਦੀ ਹੈ-

ਰਮਨ ਦੇ ਘਰ ਕਲੀਨਕ ਖੋਲਣ ਦਾ ਵੀ ਇਕ ਸਬੱਬ ਜਿਹਾ ਬਣ ਗਿਆ। ਕਲੀਨਿਕ ਖੋਲਣ ਤੋਂ ਪਹਿਲਾਂ ਰਮਨ ਦਾ ਪਿਤਾ ਪ੍ਰੇਮ ਸਿੰਘ ਮੇਰੇ ਬਾਪੂ ਨੂੰ ਮਿਲਣ ਆਇਆ ਸੀ। ਪ੍ਰੇਮ ਸਿੰਘ ਅਤੇ ਮੇਰਾ ਬਾਪੂ ਮਿਲਟਰੀ ਵਿਚ ਕਿੱਠੇ ਰਹੇ ਸਨ। ਉਦੋਂ ਮੈਂ ਘਰ ਵਿਚ ਹੀ ਪ੍ਰੈਕਟਿਸ ਕਰਦਾ ਸਾਂ। ਸਬੱਬ ਨਾਲ ਜਦ ਉਹ ਆਇਆ ਮੈਂ ਕਲੀਨਿਕ ਵਿਚ ਹੀ ਸੀ। ਉਸ ਨੇ ਆ ਕੇ ਮੈਨੂੰ ਪੁਛਿਆ,"

ਕਾਕਾ ਤੂੰ ਗੁਰਦੇਵ ਸਿੰਘ ਸੂਬੇਦਾਰ ਦਾ ਲੜਕਾ ਈ ਏ?"

" ਹਾਂ ਜੀ।"

"ਹਈ ਸਦਕਾ। ਉਇ ਤੂੰ ਤਾਂ ਪੂਰਾ ਕੱਦਵਾਰ ਜੁਆਨ ਹੋ ਗਿਆ ਏਂ। ਮੈਨੂੰ ਜਾਣਦਾ ਏ ?"

"ਨਹੀਂ ਜੀ।" ਵਾਟਰ ਕੂਲਰ ਤੋਂ ਪਾਣੀ ਦਾ ਗਿਲਾਸ ਭਰ ਕੇ ਦਿੰਦਿਆਂ ਮੈਂ ਆਖਿਆ ਉਹ ਲਗਾਤਾਰ ਤਿੰਨ ਗਲਾਸ ਪਾਣੀ ਦੇ ਪੀ ਕੇ ਕਹਿਣ ਲੱਗਾ, "ਚਿਰ ਹੋ ਗਿਆ ਜਦੋਂ ਮੈਂ ਅੱਗੇ ਆਇਆ ਸੀ ,ਤੂੰ ਤਾਂ ਉਦੋਂ ਨੌਵੀਂ ਦਸਵੀਂ ਵਿਚ ਪੜ੍ਹਦਾ ਹੋਏਗਾਂ। ਸਾਲਾਂ ਦਾ ਕੀ ਏ ਏਵੇਂ ਈ ਲੰਘ ਜਾਂਦੇ ਆਂ।"

ਫਿਰ ਉਸ ਨੇ ਆਪਣੀ ਵੱਖੀ ਤੋਂ ਗਾਤਰਾ ਇਰ ਪਾਸੇ ਕੀਤਾ ਅਤੇ ਉਥੇ ਹੀ ਕਲੀਨਿਕ ਵਿਚ ਪਏ ਬੈੱਡ 'ਤੇ ਪੈ ਗਿਆ।" ਤੇਰਾ ਪਿਉ ਕਿਥੇ ਆ ਗੁਰਦੇਵ ਸਿੰਘ? " ਉਸ ਨੇ ਮੈਨੂੰ ਪੁੱਛਿਆ।

" ਪਿੰਡ ਵਿਚ ਹੀ ਗਿਆ ਹੋਇਆ ਹੈ।" ਮੈਂ ਫੋਨ ਕਰ ਦਿੰਨਾਂ।" ਇਹ ਕਹਿ ਕੇ ਮੈਂ ਘਰੋਂ ਕੰਗਣੀ ਵਾਲਾ ਡੋਲੂ ਸਕੰਜਵੀਂ ਦਾ ਭਰ ਲਿਆਇਆ। ਜਦ ਤੱਕ ਮੇਰਾ ਬਾਪੂ ਵੀ ਆ ਗਿਆ। ਉਸ ਨੇ ਆ ਕੇ ਪ੍ਰੇਮ ਸਿੰਘ ਨੂੰ ਗਲਵਕੜੀ ਵਿਚ ਲੈ ਪੁੱਛਣ ਲੱਗਾ, "ਪ੍ਰੇਮ ਸਿੰਘ ਕਦੋਂ ਕੁ ਦਾ ਸਿੰਘ ਸਜ ਗਿਆ ਏਂ?"



" ਆਹੀ ਹੋਏ ਆ ਦੋ ਕੁ ਮਹੀਨੇ।"

" ਚਲੋ ਚੰਗੀ ਗੱਲ ਆ ਗੁਰੂ ਵਾਲਾ ਬਣਿਆ।"

"ਹੋਰ ਗੁਰਦੇਵ ਸਿੰਆ ਤੈਨੂੰ ਪਤਾ ਈ ਆ ਵਥੇਰਾ ਤੱਤਾ ਠੰਡਾ ਖਾ ਕੇ ਦੇਖ ਲਿਆ, ਮੈਂ ਸੋਚਿਆ ਹੁਣ ਅਮ੍ਰਿਤ ਛਕ ਲਈਏ।"

"ਹੋਰ ਪ੍ਰਵਾਰ ਦਾ ਕੀ ਹਾਲ ਏ? " ਮੇਰੇ ਬਾਪੂ ਨੇ ਪੁੱਛਿਆ। "ਤੈਨੂੰ ਪਤਾ ਈ ਆ ਜਦੋਂ ਗੁਰਮੇਲ ਕੌਰ ਮਰੀ ਆ। ਸਹੁਰਾ ਚਿੱਤ ਜਿਹਾ ਨਹੀ ਸੀ ਲਗਦਾ। ਉਸ ਦੀ ਮੌਤ ਤੋਂ ਬਾਦ ਮੈਂ ਨਿਤ ਦਾ ਸ਼ਰਾਬੀ ਹੋ ਗਿਆ ਸਾਂ। ਅਖ਼ੀਰ ਇਕ ਦਿਨ ਨ.ਫਰਤ ਜਿਹੀ ਹੋ ਗਈ। ਬੱਸ ਪੌਣੀ ਬੋਤਲ ਵਗਾ ਕੇ ਕੰਧ ਨਾਲ ਮਾਰੀ। ਉਸੇ ਦਿਨ ਜਾ ਕੇ ਨੰਗਲਾਂ ਵਾਲੇ ਸੰਤਾਂ ਤੋਂ ਅੰਮ੍ਰਿਤ ਛਕ ਲਿਆ। ਬੱਸ ਹੁਣ ਤਾਂ ਕੁੜੀ ਦਾ ਫਿਕਰ ਜਿਹਾ ਬਣਿਆ ਰਹਿੰਦਾ। ਉਸੇ ਵਾਸਤੇ ਕੋਈ ਮੁੰਡਾ ਮਿਲ ਜੇ। ਵਿਆਹ ਕਰਕੇ ਪਰੇ ਸੁਰਖਰੂ ਹੋਈਏ।" ਇਹ ਸਭ ਕੁਝ ਉਹ ਇਕੋ ਸਾਹ ਹੀ ਕਹਿ ਗਿਆ।

ਫਿਰ ਉਸ ਨੇ ਮੇਰੇ ਬਾਪੂ ਨੂੰ ਪੁੱਛਿਆ ਕਿ ਕਾਕੇ ਨੇ ਡਾਕਟਰੀ ਦਾ ਕੋਰਸ ਕਿੱਥੋਂ ਕੀਤਾ ਏ?

ਆਪਦੀ ਦੁਕਾਨ ਖੋਲੀ ਆ। ਪਰ ਪਿੰਡ ਵਿਚ ਡਾਕਟਰ ਕਾਫੀ ਹਨ। ਕੰਮ ਦਾ ਮੰਦਾ ਈ ਆ। ਕੋਈ ਖਾਸ ਦਿਹਾੜੀ ਨੀ ਪੈਂਦੀ।"

ਪ੍ਰੇਮ ਸਿੰਘ ਨੇ ਮੱਥੇ ਤੇ ਹੱਥ ਰੱਖਿਆ ਅਤੇ ਕੁਝ ਸੋਚ ਕੇ ਕਹਿਣ ਲੱਗਾ, " ਇਕ ਗੱਲ ਆ ਗੁਰਦੇਵ ਸਿਆਂ। ਜੇ ਤੁਹਾਡੀ ਰਾਇ ਬਣਜੇ ਤਾਂ ਆਪਣੀ ਬੀਹੀ ਵਾਲੀ ਬੈਠਕ ਖਾਲੀ ਪਈ ਆ। ਇਹ ਉਥੇ ਡਾਕਟਰੀ ਦੀ ਦੁਕਾਨ ਖੋਲ ਲਵੇ। ਸਾਡੇ ਪਿੰਡ ਡਾਕਟਰ ਕੋਈ ਨਹੀਂ। ਕੰਮ ਬਹੁਤ ਚੱਲੂ। ਇਕ ਹੋਰ ਵੀ ਗੱਲ ਸੁਣ ਲੈ ਧਿਆਨ ਨਾਲ। ਜੇ ਭਲਾ ਆਪਾਂ ਲਿਹਾਜ ਨੂੰ ਰਿਸ਼ਤੇਦਾਰੀ ਵਿਚ ਬਦਲ ਲਈਏ।"

" ਉਹ ਕਿਵੇਂ?" ਮੇਰੇ ਬਾਪੂ ਨੇ ਪੁਛਿਆ।

" ਮੇਰੀਆਂ ਲੜਕੀਆਂ ਵਿਆਹੁਣ ਵਾਲੀ ਤੇ ਤੇਰਾ ਲੜਕਾ।"

" ਠੀਕ ਠੀਕ ਆ ਪ੍ਰੇਮ ਸਿਆ।" ਇਹ ਕਹਿੰਦੇ ਹੋਏ ਉਨ੍ਹਾਂ ਨੇ ਇਕ ਦੂਜੇ ਨੂੰ ਘੁੱਟ ਕੇ ਗਲਵਕੜੀ ਪਾ ਲਈ। ਆਪਸ ਵਿਚ ਗੱਲਾਂ-ਬਾਤਾਂ ਕਰਨ ਤੋਂ ਦੋ ਕੁ ਘੰਟਿਆਂ ਬਾਦ ਪ੍ਰੇਮ ਸਿੰਘ ਨੇ ਆਖਿਆ," ਚੰਗਾ ਗੁਰਦੇਵ ਸਿੰਆ ਹੁਣ ਫਿਰ ਮੈਂ ਚਲਦਾ।"

ਮੇਰੇ ਬਾਪੂ ਨੇ ਉਸ ਨੂੰ ਰਾਤ ਠਹਿਰਨ ਲਈ ਆਖਿਆ ਪਰ ਉਹ ਕਹਿਣ ਲੱਗਾ ," ਨਹੀਂ ਮੈਂ ਰਾਤ ਨਹੀਂ ਰਹਿ ਸਕਦਾ। ਕੁੜੀ ਇਕੱਲੀ ਆ ਘਰੇ।"

ਉਸ ਦੇ ਜਾਣ ਤੋਂ ਬਾਅਦ ਬਾਪੂ ਬਹੁਤ ਖੁਸ਼ ਹੋਇਆ ਫਿਰਦਾ ਸੀ। ਜਿਵੇਂ ਉਸਨੇ ਵੱਡਾ ਮੋਰਚਾ ਸਰ ਕਰ ਲਿਆ ਹੋਵੇ। ਅਸਲ ਵਿਚ ਗੱਲ ਹੀ ਮੋਰਚਾ ਸਰ ਕਰਨ ਵਾਲੀ ਸੀ। ਜਦ ਕੋਈ ਮੈਨੂੰ ਵੇਖਣ ਆਉਂਦਾ ਸੀ ਨਾਲ ਹੀ ਭਾਨੀ ਵੱਜ ਜਾਂਦੀ। ਇਕ ਵਾਰ ਤਾਂ ਅਗਲਾ ਕਹਿ ਜਾਂਦਾ," ਮੁੰਡਾ ਸਾਡੇ ਪਸੰਦ ਆ। ਪੜ੍ਹਿਆ-ਲਿਖਿਆ। ਜਮੀਨ ਵੀ ਚੰਗੀ ਆਉਂਦੀ ਆ। ਘਰ ਵੀ ਸੋਹਣਾ। ਚਾਰ ਪੈਸੇ ਵੀ ਕਮਾਉਦਾ।" ਪਰ ਇਕ ਵਾਰ ਆ ਕੇ ਮੁੜ ਉਹ ਵਾਪਸ ਨਾ ਆਉਂਦਾ। ਉਦੋਂ ਹੀ ਬਾਪੂ ਮੇਰੇ ਬਾਬੇ ਨੂੰ ਗਾਲਾਂ ਦੀ ਬੁਛਾੜ ਸ਼ੁਰੂ ਕਰ ਦਿੰਦਾ।

ਉਹ ਆਖਦਾ," ਜਿਨ੍ਹਾਂ ਚਿਰ ਇਹ ਅਕਾਲੀ ਮਰਦਾ ਨੀ ਉਨਾ ਚਿਰ ਮੇਰਾ ਮੁੰਡਾ ਨੀ ਵਿਆਹਿਆ ਜਾਣਾ। ਚਾਹੇ ਲੱਖ ਯਤਨ ਕਰੀਏ। ਇਸ ਚੌਰੇ ਨੇ ਸਾਨੂੰ ਪਿੰਡ ਵਿਚ ਕਾਸੇ ਯੋਗਾ ਨੀ ਛੱਡਿਆ?"

ਮੇਰਾ ਬਾਬਾ ਚਿੱਟੇ ਕੱਪੜੇ ਪਾ ਕੇ ਨੀਲੀਂ ਪੱਗ ਬੰਨ੍ਹ ਕੇ ਰੱਖਦਾ। ਮੋਢੇ ਉੱਪਰ ਪੀਲਾ ਪਟਕਾ ਰੱਖ ਲੈਂਦਾ। ਲੰਮੀ ਕਿਰਪਾਨ ਵਾਲਾ ਗਾਤਰਾ ਪਾ ਕੇ ਉਹ ਦੋ ਸੂਟ ਝੋਲੇ ਵਿਚ ਪਾ ਲੈਂਦਾ।

ਫਿਰ ਬਾਪੂ ਦੀ ਗੈਰ ਹਾਜ਼ਰੀ ਵਿੱਚ ਸਾਇਕਲ ਨੂੰ ਚੰਗੀ ਤਰ੍ਹਾਂ ਸਾਫ ਕਰਕੇ ਘਰੋਂ ਚੱਲ ਪੈਂਦਾ। ਉਹ ਪੰਦਰਾਂ ਵੀਹ ਕਿਲੋਮੀਟਰ ਕਿਸੇ ਪਿੰਡ ਜਾ ਪਹੁੰਚਦਾ। ਉਹ ਉਸ ਪਿੰਡ ਜਾਂਦਾ ਜਿਥੇ ਕਿਤੇ ਸਾਡੇ ਪਿੰਡ ਦੇ ਘਰ ਦੀ ਅਗਾਂਹ ਦੀ ਅਗਾਂਹ ਰਿਸ਼ਤੇਦਾਰੀ ਹੁੰਦੀ। ਅਗਲੇ ਦੇ ਘਰ ਜਾ ਕੇ ਸੁੱਖ ਸਾਂਦ ਪੁੱਛ ਲੈਂਦਾ । ਫਿਰ ਆਪਦੇ ਵਲੋਂ ਬਣਾਈ ਮਨ ਘੜਤ ਗੱਲ ਅਗਲੇ ਨੂੰ ਸੁਣਾਉਦਾ।

" ਓਹ ਥੋਡਾ ਮੁੰਡਾ ਈ ਆ?"

ਆਗਲਾ ਆਖਦਾ ," ਹਾਂ ਬਾਬਾ।"

" ਕਿਤੇ ਮੰਗਿਆ ਤਾ ਨੀ?"

ਅਗਲਾ ਆਖ ਦਿੰਦਾ," ਨਹੀਂ ਜੀ।"

ਫਿਰ ਉਹ ਕਹਿਣ ਲੱਗਦਾ," ਦੇਖੋ ਜੀ ਮੇਰੀ ਭਤੀਜੀ ਆ ਵਿਆਹੁਣ ਵਾਲੀ। ਮੁੰਡਾ ਥੋਡਾ ਸੁਖ ਨਾਲ ਸੋਹਣਾ ਸਨੁੱਖਾ ਅਤੇ ਗੱਭਰੂ ਆ। ਜੇ ਤੁਹਾਡੀ ਰਾਏ ਹੋਵੇ ਤਾਂ ਆਪਾਂ ਰਿਸ਼ਤੇ ਵਾਲੀ ਗੱਲ ਚਲਾਈਏ।"

ਇਸ ਤਰ੍ਹਾਂ ਕਦੇ ਭਤੀਜੀ, ਕਦੇ ਭਾਣਜੀ, ਕਦੇ ਦੋਹਤੀ ਕਦੇ ਪੋਤੀ ਕਹਿ ਕੇ ਅਗਲੇ ਨੂੰ ਭਰਮਾ ਲੈਂਦਾ। ਅਗਲਾ ਉਸ ਦੀ ਚੰਗੇ ਪਕਵਾਨ ਬਣਾ ਕੇ ਸੇਵਾ ਕਰਦਾ। ਕਈ ਵਾਰ ਉਹ ਦੋ-ਦੋ ਰਾਤਾਂ ਆਗਲੇ ਦੇ ਘਰ ਦਾ ਰਾਸ਼ਨ ਪਾਣੀ ਛਕਦਾ ਰਹਿੰਦਾ। ਮੁੜ ਅਗਾਂਹ ਕਿਸੇ ਹੋਰ ਪਿੰਡ ਚਲਿਆ ਜਾਂਦਾ।

ਗੱਲ ਤੁਰਦੀ ਤੁਰਦੀ ਸਾਡੇ ਪਿੰਡ ਹੁੰਦੀ ਹੋਈ ਬਾਪੂ ਤਕ ਪਹੁੰਚ ਜਾਂਦੀ। ਬਾਪੂ ਨੇ ਉਸ ਨੂੰ ਕਈ ਵਾਰ ਸਮਝਾਇਆ। ਗਾਲੀ ਗਲੋਚ ਵੀ ਕੀਤਾ। ਪਰ ਉਸ ਦੀ ਇਹ ਆਦਤ ਨਾ ਜਾਂਦੀ। ਉਸ ਨੂੰ ਆਕਾਲੀ ਕਹਿਣ ਕਾਰਨ ਸਾਡੇ ਲਾਣੇ ਨੂੰ ਅਕਾਲੀਆਂ ਦਾ ਲਾਣਾ' ਕਹਿਣ ਦੀ ਅੱਲ ਪੈ ਗਈ। ਜਦ ਕੋਈ ਮੈਨੂੰ ਦੇਖਣ ਆਉਂਦਾ ਤਾਂ ਆਗਲੇ ਨੂੰ ਸਭ ਕੁਝ ਪਸੰਦ ਆ ਜਾਂਦਾ। ਜਦ ਉਹ ਸਾਡੇ ਪਿੰਡ ਵਿਚੋਂ ਸਾਡੇ ਬਾਰੇ ਪਤਾ ਕਰਦਾ ਤਾਂ 'ਅਕਾਲੀਆਂ ਦਾ ਲਾਣਾ' ਵਾਲਾ ਕਲੰਕ ਮੇਰੇ ਸਿਰੇ ਚੜਦੇ ਰਿਸ਼ਤੇ ਨੂੰ ਜੜ੍ਹਾਂ ਤੋਂ ਉਖੇੜ ਕੇ ਰੱਖ ਦਿੰਦਾ।----ਤੇ ਅੱਜ?"

ਅੱਜ ਬਾਪੂ ਪੂਰਾ ਖੁਸ਼ ਹੈ। ਰਾਤ ਨੂੰ ਦੋ ਪੈਗ ਵਿਸਕੀ ਦੇ ਪੀ ਕੇ ਜਿਵੇਂ ਉਸ ਤੋਂ ਖੁਸ਼ੀ ਸੰਭਾਲੀ ਨਾ ਗਈ ਹੋਵੇ, ਮੇਰੀ ਮਾਂ ਨੂੰ ਕਹਿਣ ਲੱਗਾ," ਹੁਣ ਦੇਖਾਂਗੇ ਕਿਹੜਾ ਸਾਲਾ ਭਾਨੀ ਮਾਰੂ। ਸਾਡੇ ਸਾਬ੍ਹ ਐਵੇਂ ਨੀ ਸੀ ਆਹਦਾਂ ਹੁੰਦਾ। ਜਦੋਂ ਰੱਬ ਦਿੰਦਾ ਛੱਪਰ ਪਾੜ ਕੇ ਸੁੱਟ ਦਿੰਦਾ।"

ਪ੍ਰੇਮ ਸਿੰਘ ਦੇ ਜਾਣ ਤੋਂ ਬਾਅਦ ਤੀਜੇ ਦਿਨ ਹੀ ਬਾਪੂ ਨੇ ਆਖਿਆ, ਚੱਲ ਰਣਧੀਰ ਤੇਰੇ ਅੰਕਲ ਪ੍ਰੇਮ ਸਿੰਘ ਪਾਸ ਜਾ ਆਈਏ। ਇਕ ਤਾਂ ਉਸ ਦੀ ਲੜਕੀ ਦੇਖ ਆਵਾਂਗੇ। ਦੂਜਾ ਜੇ ਤੈਨੂੰ ਜਚਿਆ ਤਾਂ ਉਥੇ ਦੁਕਾਨ ਖੋਲ ਲਵੀਂ। " ਬਾਪੂ ਇਕ ਤੀਰ ਨਾਲ ਦੋ ਸ਼ਿਕਾਰ ਮਾਰਨਾ ਚਾਹੁੰਦਾ ਸੀ।

ਮੈਨੂੰ ਉਸ ਦੀ ਲੜਕੀ ਦੇਖਣ ਵਾਲੀ ਗੱਲ ਬਹੁਤ ਪਸੰਦ ਆਈ। ਮੈਂ ਸੋਚਿਆ ਕਲੀਨਿਕ ਤਾਂ ਇਥੇ ਵੀ ਚੱਲੀ ਜਾਂਦਾ ਹੈ। ਇਸ ਦਾ ਤਾਂ ਐਵੇਂ ਬਹਾਨਾ ਈ ਆਂ। ਮੈਨੂੰ ਰਿਸ਼ਤਾ ਹੁੰਦਾ ਦੇਖ ਕੇ ਮੇਰੇ ਧਰਤੀ ਤੇ ਪੈਰ ਨਹੀਂ ਸਨ ਲੱਗਦੇ। ਮੈਂ ਮੋਟਰ ਸਾਇਕਲ ਸਟਾਰਟ ਕੀਤਾ। ਅੱਧੇ ਕੁ ਘੰਟੇ ਵਿਚ ਅਸੀਂ ਪ੍ਰੇਮ ਸਿੰਘ ਦੇ ਘਰ ਪਹੁੰਚ ਗਏ। ਘਰ ਜਾ ਕੇ ਵੇਖਿਆ ਉਹ ਘਰ ਨਹੀਂ ਸਨ। ਇਕ ਲੜਕੀ ਪੱਖਾ ਛੱਡ ਕੇ ਬਰਾਂਡੇ ਵਿਚ ਪਈ ਸੀ। ਸਾਡੇ ਪਹੁੰਚਣ ਤੇ ਉਹ ਖੜੀ ਹੋ ਗਈ। ਬਾਪੂ ਨੇ ਆਖਿਆ ਕਿ ਉਹ ਪ੍ਰੇਮ ਸਿੰਘ ਨੂੰ ਮਿਲਣ ਆਏ ਹਨ। ਉਹ ਰੁੱਖੀ ਆਵਾਜ਼ ਵਿਚ ਬੋਲੀ," ਐਥੇ ਕਿਤੇ ਹੋਵੇਗਾ। ਅੱਡੇ ਉੱਤੇ ਤੇ ਉਹਦਾ ਕਿਹੜਾ ਕੋਈ ਟਿਕਾਣਾ।" ਮੇਰਾ ਮੱਥਾ ਠਣਕਿਆ ਕਿ ਰਣਧੀਰ ਸਿੰਆ ਇਥੇ ਤੇਰੀ ਦਾਲ ਨੀ ਗਲਨੀ। ਕੁੜੀ ਦਾ ਇੰਨਾ ਰੁੱਖਾ ਸੁਭਾਅ। ਮੈਨੂੰ ਇਉਂ ਲੱਗਿਆ ਜਿਵੇਂ ਆਏ ਗਏ ਦਾ ਉਸ ਨੂੰ ਕੋਈ ਅਹਿਸਾਸ ਹੀ ਨਾ ਹੋਵੇ। ਬਾਪੂ ਫੇਰ ਬੋਲਿਆ, "ਬੀਬਾ ਇਹ ਮੇਰਾ ਲੜਕਾ ਹੈ, ਡਾਕਟਰ। ਤੇਰਾ ਪਾਪਾ ਚੌਥੇ ਸਾਡੇ ਘਰ ਆਇਆ ਸੀ। ਉਸ ਨੇ ਹੀ ਸਾਨੂੰ ਸੱਦਿਆ ਸੀ। ਮੇਰੇ



ਬੇਟੇ ਨੇ ਥੋਡੀ ਬੈਠਕ ਵਿਚ ਡਾਕਟਰੀ ਦੀ ਦੁਕਾਨ ਖੋਲਣੀ ਹੈ।"

ਮੈਂ ਉਸ ਦੇ ਚਿਹਰੇ ਵੱਲ ਦੇਖਿਆ। ਮੈਨੂੰ ਲੱਗਿਆ ਜਿਵੇਂ ਡਾਕਟਰੀ ਲਫ਼ਜ ਸੁਣਕੇ ਉਸ ਦੇ ਚਿਹਰੇ ਉਪਰ ਲਾਲੀ ਆ ਗਈ ਹੋਵੇ। ਫਿਰ ਉਸ ਨੇ ਸਾਨੂੰ ਅੰਦਰ ਬੈਠਣ ਲਈ ਆਖਿਆ ਅਤੇ ਫਰਿੱਜ ਵਿਚੋਂ ਕੱਢਕੇ ਦੋ ਕੋਲਡ ਡਰਿੰਕ ਲਿਆ ਕੇ ਫੜਾ ਦਿੱਤੇ। ਬਾਅਦ ਵਿਚ ਉਸ ਨੇ ਗਵਾਂਡ ਵਿਚੋਂ ਇਕ ਲੜਕੇ ਨੂੰ ਸੱਦਿਆ । ਉਹ ਪ੍ਰੇਮ ਸਿੰਘ ਨੂੰ ਬੁਲਾ ਲਿਆਇਆ। ਪ੍ਰੇਮ ਸਿੰਘ ਦੇ ਆਉਣ ਤੋਂ ਰਸਮੀ ਗੱਲਾਂ ਕਰਨ ਤੋਂ ਬਾਦ ਉਸ ਨੇ ਉਹ ਬੈਠਕ ਦਿਖਾਈ ਜਿਥੇ ਮੈਂ ਕਲੀਨਿਕ ਖੋਲਣਾ ਸੀ। ਇਹ ਬੈਠਕ ਉਸ ਦੇ ਘਰ ਦੇ ਬਿਲਕੁਲ ਪਿਛਲੇ ਪਾਸੇ ਹੈ। ਉਧਰ ਇਕ ਗਲੀ ਜਾਂਦੀ ਹੈ। ਉਸ ਗਲੀ 'ਤੇ ਇਕ ਗੇਟ ਲੱਗਿਆ ਹੋਇਆ ਹੈ। ਕਲੀਨਿਕ ਵਿਚ ਆਉਣ ਲਈ ਉਹ ਗੇਟ ਖੋਲ ਕੇ ਸਹਿਜੇ ਹੀ ਅੰਦਰ ਆਇਆ ਜਾ ਸਕਦਾ ਹੈ। ਮੈਂ ਸੋਚਿਆ , ਇਹ ਠੀਕ ਰਹੇਗਾ ਕਿਉਂਕਿ ਇਸ ਦਰਵਾਜੇ ਰਾਹੀ ਅਸਾਨੀ ਨਾਲ ਮਰੀਜ਼ ਮੇਰੇ ਪਾਸ ਆ ਸਕਦੇ ਹਨ।

ਦੂਜੇ ਦਿਨ ਹੀ ਮੈਂ ਪਿੰਡੋਂ ਕਾਉਂਟਰ , ਦਵਾਈਆਂ ਅਤੇ ਹੋਰ ਲੋੜੀਦਾ ਸਮਾਨ ਲੈ ਆਇਆ। ਕਮਰੇ ਦੀ ਚੰਗੀ ਤਰ੍ਹਾਂ ਸਫਾਈ ਕਰਕੇ ਸਮਾਨ ਰੱਖ ਦਿੱਤਾ। ਪਿੰਡ ਵਿਚ ਇਹ ਗੱਲ ਫੈਲ ਗਈ ਕਿ ਗਿਆਨੀ ਦੇ ਘਰ ਇਕ ਡਾਕਟਰ ਨੇ ਦੁਕਾਨ ਖੋਲ ਲਈ ਹੈ। ਮੈਨੂੰ ਪਤਾ ਲੱਗਿਆ ਕਿ ਪ੍ਰੇਮ ਸਿੰਘ ਨੂੰ ਪਿੰਡ ਵਿਚ ਗਿਆਨੀ ਕਹਿ ਕੇ ਬੁਲਾਇਆ ਜਾਂਦਾ ਹੈ।

ਦੁਕਾਨ ਖੋਲਣ ਸਾਰ ਹੀ ਮਰੀਜ਼ਾਂ ਦਾ ਤਾਂਤਾ ਲੱਗ ਗਿਆ। ਸ਼ਾਮ ਨੂੰ ਜਦ ਮੈਂ ਵਾਪਸ ਪਿੰਡ ਨੂੰ ਮੁੜਨਾ ਸੀ , ਗਿਆਨੀ ਮੇਰੇ ਪਾਸ ਆਇਆ ਅਤੇ ਕਹਿਣ ਲੱਗਾ," ਰਣਧੀਰ ਸਿੰਆ ਜਦ ਵੀ ਪੁੱਤਰ ਚਾਹ ਪਾਣੀ ਦੀ ਲੋੜ ਹੋਵੇ ਮੇਰੀ ਲੜਕੀ ਰਮਨਦੀਪ ਨੂੰ ਦੱਸ ਦਈਂ ਇਹ ਤੇਰਾ ਆਪਣਾ ਘਰ ਹੈ। ਕਿਸੇ ਕਿਸਮ ਦੀ ਜਕਣ-ਸੰਗਣ ਦੀ ਜ਼ਰੂਰਤ ਨਹੀਂ। ਦੂਜੀ ਗੱਲ ਜੋ ਤੇਰੇ ਨਾਲ ਜ਼ਰੂਰੀ ਕਰਨੀ ਹੈ, ਮੈਂ ਸੋਚ ਲਿਆ ਹੈ ਤੇਰਾ ਅਤੇ ਰਮਨ ਦਾ ਰਿਸ਼ਤਾ ਪੱਕਾ ਕਰ ਹੀ ਦੇਣਾ ਹੈ। ਪਰ ਅਜੇ ਇਸ ਸਬੰਧੀ ਰਮਨ ਕੋਲ ਕੋਈ ਗੱਲ ਨਾ ਕਰੀਂ। ਆਪਾਂ ਤਾਂ ਝੱਟ ਮੰਗਣੀ ਪੱਟ ਵਿਆਹ ਵਾਲੀ ਗੱਲ ਕਰਨੀ ਹੈ।"

ਇਹ ਸੁਣ ਕੇ ਮੇਰਾ ਮਨ ਗਦ ਗਦ ਹੋ ਉੱਠਿਆ। ਮੈਨੂੰ ਡਰ ਸੀ ਕਿ ਇਥੇ ਵੀ ਕੋਈ ਭਾਨੀ ਨਾ ਵੱਜ ਜਾਵੇ। ਫਿਰ ਉਹ ਕਹਿਣ ਲੱਗਾ, "ਕਈ ਵਾਰ ਮੈਂ ਘਰ ਨਹੀਂ ਹੁੰਦਾ। ਉਸ ਸਮੇਂ ਘਰ ਦਾ ਖਿਆਲ ਵੀ ਤੂੰ ਹੀ ਰੱਖਣਾ ਹੈ।"

"ਠੀਕ ਆ ਅੰਕਲ ਤੁਸੀਂ ਕੋਈ ਫ਼ਿਕਰ ਨਾ ਕਰੋ।"

ਉਸ ਤੋਂ ਅਗਲੇ ਦਿਨ ਜਦ ਮਰੀਜ਼ ਬੈਠੇ ਸਨ ਰਮਨ ਚਾਹ ਦਾ ਕੱਪ ਟਰੇਅ ਵਿੱਚ ਰੱਖ ਕੇ ਲੈ ਆਈ। ਉਸਨੇ ਕਾਉਂਟਰ ਤੇ ਰੱਖਿਆ ਅਤੇ ਵਾਪਸ ਚਲੀ ਗਈ। ਉਸ ਸ਼ਾਮ ਉਹ ਫਿਰ ਚਾਹ ਦਾ ਕੱਪ ਲੈ ਆਈ। ਉਸ ਸਮੇਂ ਮੇਰੇ ਪਾਸ ਕੋਈ ਮਰੀਜ਼ ਨਹੀਂ ਸੀ। ਉਸਨੇ ਮਲਕੜੇ ਜਿਹੇ ਚਾਹ ਦਾ ਕੱਪ ਕਾਉਂਟਰ 'ਤੇ ਰੱਖ ਕੇ ਆਖਿਆ,

"ਡਾਕਟਰ ਸਾਹਿਬ ਮੇਰਾ ਬਲੱਡ ਪਰੈਸਰ ਚੈਕ ਕਰ ਦਿਓ।"

"ਤੇਰਾ ਬਲੱਡ ਪਰੈਸਰ ਤਾਂ ਠੀਕ ਹੀ ਹੋਵੇਗਾ ਰਮਨ।" ਪਰ ਮੇਰੇ ਕਹਿੰਦਿਆਂ ਵੀ ਉਸਨੇ ਬਾਂਹ ਮੇਰੇ ਸਾਹਮਣੇ ਕਰ ਦਿੱਤੀ। ਮੈਂ ਬੀ. ਪੀ. ਸੈੱਟ ਚੁੱਕਿਆ ਅਤੇ ਉਸਦਾ ਬਲੱਡ ਪਰੈਸਰ ਚੈੱਕ ਕਰਨ ਲੱਗ ਪਿਆ। ਮੈਨੂੰ ਹੈਰਾਨੀ ਹੋਈ ਕਿ ਉਸਦਾ ਬਲੱਡ ਪਰੈਸਰ ਆਮ ਨਾਲੋਂ ਕੁਝ ਵੱਧ ਹੈ। ਮੈਂ ਉਸਨੂੰ ਇਕ ਬਲੱਡ ਪਰੈਸਰ ਦੀ ਅਤੇ ਇਕ ਮਾਨਸਿਕ ਪਰੇਸ਼ਾਨੀ ਤੋਂ ਟੈਬਲਟ ਦੇ ਦਿੱਤੀ। ਫਿਰ ਉਹ ਮੈਨੂੰ ਕਹਿਣ ਲੱਗੀ,

"ਇਨਾਂ ਗੋਲੀਆਂ ਨਾਲ ਪੇਟ ਦਰਦ ਤਾਂ ਨੀਂ ਹੋ ਜਾਊ, ਡਾਕਟਰ ਸਾਹਿਬ?"

"ਨਹੀਂ, ਇੰਨਾ ਗੋਲੀਆਂ ਨਾਲ ਪੇਟ ਦਰਦ ਦਾ ਕੋਈ ਸਬੰਧ ਨਹੀਂ। ਤੂੰ ਤਾਂ ਅੱਧੇ ਘੰਟੇ ਵਿੱਚ ਹੀ ਠੀਕ

ਹੋ ਜਾਣਾ। ਨਾਲੇ ਸੁਣ ਰਮਨ, ਐਵੇਂ ਨਾ ਮੈਨੂੰ ਡਾਕਟਰ ਸਾਹਿਬ, ਡਾਕਟਰ ਸਾਹਿਬ ਆਖਿਆ ਕਰ। ਇਕੱਲਾ ਡਾਕਟਰ ਹੀ ਕਹਿ ਲਿਆ ਕਰ।"

"ਅੱਛਾ ਡਾਕਟਰ ਠੀਕ ਆ।" ਉਹ ਮਿੰਨਾ ਜਿਹਾ ਮੁਸਕਰਾਈ। ਅਜੇ ਉਸਨੇ ਕੁਝ ਕਹਿਣ ਲਈ ਮੂੰਹ ਖੋਲਿਆ ਹੀ ਸੀ ਕਿ ਜਦ ਨੂੰ ਇੱਕ ਮਰੀਜ਼ ਆ ਗਿਆ।

ਉਸ ਤੋਂ ਅਗਲੇ ਦਿਨ ਉਹ ਉਸ ਸਮੇਂ ਚਾਹ ਲੈ ਕੇ ਆਉਂਦੀ ਦਿਸੀ ਜਦ ਮੈਂ ਇਕੱਲਾ ਹੀ ਬੈਠਾ ਸਾਂ। ਗਰਮੀ ਬਹੁਤ ਜਿਆਦਾ ਸੀ। ਮੇਰਾ ਜੀਅ ਕੋਲਡ ਡਰਿੰਕ ਪੀਣ ਨੂੰ ਕਰਦਾ ਸੀ। ਪਰ ਮੈਂ ਜਾਣ ਬੁਝ ਕੇ ਲਿਖੀ ਹੋਈ ਡਾਇਰੀ ਦੇ ਵਰਕੇ ਫਰੋਲਣ ਲੱਗ ਪਿਆ।

ਉਹ ਆਉਣ ਸਾਰ ਡਾਇਰੀ ਦੇਖ ਕੇ ਕਹਿਣ ਲੱਗੀ, "ਡਾਕਟਰ ਇਸ ਡਾਇਰੀ ਵਿਚ ਕੀ ਲਿਖਦੇ ਹੋ?"

ਮੈਂ ਆਖਿਆ, "ਜੋ ਜ਼ਿੰਦਗੀ ਵਿੱਚ ਅਹਿਮ ਘਟਨਾਵਾਂ ਵਾਪਰ ਦੀਆਂ ਹਨ, ਉਹ ਮੈਂ ਡਾਇਰੀ ਵਿੱਚ ਲਿਖਦਾ ਹਾਂ। ਇਸ ਤੋਂ ਬਿਨਾ ਜੇ ਕਦੇ ਮੂਡ ਬਣੇ ਤਾਂ ਕਵਿਤਾ ਵੀ ਲਿਖ ਲੈਂਦਾ ਹਾਂ।"

"ਹੈਂ ਡਾਕਟਰ! ਤੂੰ ਕਵੀ ਏਂ?" ਉਸਨੇ ਹੈਰਾਨ ਹੋ ਕੇ ਪੁੱਛਿਆ। ਫਿਰ ਮੈਨੂੰ ਵੀ ਕਵਿਤਾ ਲਿਖਣੀ ਸਿਖਾਦੇ।"

"ਰਮਨ ਕਵਿਤਾ ਤਾਂ ਉਦੋਂ ਲਿਖ ਹੁੰਦੀ ਆ ਜਦ ਮਨ ਦੀ ਡੂੰਘਾਈ ਵਿੱਚੋਂ ਵਲਵਲੇ ਉੱਠਣ। ਤੂੰ ਤਾਂ ਖੁਦ ਕਵਿਤਾ ਏਂ। ਭਲਾ ਕਵਿਤਾ ਨੂੰ ਕਵਿਤਾ ਲਿਖਣ ਦੀ ਕੀ ਜ਼ਰੂਰਤ?"

ਫਿਰ ਉਹ ਮੁਸਕਰਾ ਕੇ ਕਹਿਣ ਲੱਗੀ, "ਮੈਂ ਵੀ ਪੰਜਾਬੀ ਦੀ ਐਮ. ਏ. ਪਾਸ ਹਾਂ। ਤੂੰ ਮੈਨੂੰ ਦਈਂ। ਮੈਂ ਲਿਖ ਲਿਆ ਕਰੂੰ। ਡਾਇਰੀ ਤਾਂ ਮੈਂ ਜ਼ਰੂਰ ਲਿਖਾਂਗੀ। ਪਰ ਇਸ ਵਿੱਚ ਤੇਰੀ ਮਦਦ ਦੀ ਜ਼ਰੂਰਤ ਆ।"

ਇਹ ਕਹਿ ਕੇ ਉਸਨੇ ਮੇਰੇ ਹੱਥੋਂ ਡਾਇਰੀ ਫੜ ਲਈ। ਅਤੇ ਉਸਨੂੰ ਪੜ੍ਹਨ ਲੱਗ ਪਈ। ਇੱਕ ਸਫ਼ਾ ਪੜ੍ਹ ਕੇ ਕਹਿਣ ਲੱਗੀ, "ਡਾਕਟਰ ਜੋ ਇਸ ਸਫ਼ੇ ਤੇ ਲਿਖਿਆ ਕੀ ਇਹ ਠੀਕ ਆ?

"ਬਿਲਕੁਲ ਸੱਚ ਅਤੇ ਠੀਕ। ਮੈਂ ਸੱਚੀਆਂ ਘਟਨਾਵਾਂ ਹੀ ਡਾਇਰੀ ਉਪਰ ਲਿਖ ਦਾ ਹਾਂ।"

"ਤੂੰ ਤਾਂ ਡਾਇਰੀ ਲੇਖਕਾਂ ਵਾਂਗ ਲਿਖਦਾ ਏਂ। ਮੈਨੂੰ ਵੀ ਇੱਕ ਡਾਇਰੀ ਲਿਆ ਦਈਂ ਮੈਂ ਵੀ ਉਸ ਉਪਰ ਸੱਚੀਆਂ ਗੱਲਾਂ ਲਿਖਾਂਗੀ। ਤੇਰੇ ਵਾਂਗ ਤਰੀਕ ਵੀ ਪਾਵਾਂਗੀ। ਫਿਰ ਤੂੰ ਉਸ ਨਾਲ ਰਲਵੀਆਂ ਮਿਲਵੀਆਂ ਟਿਪਣੀਆਂ ਦੇ ਦਿਆਂ ਕਰੀਂ।"

"ਹਾਂ ਬਿਲਕੁਲ ਜੇ ਤੂੰ ਡਾਇਰੀ ਲਿਖਣਾ ਸ਼ੁਰੂ ਕਰ ਦੇਵੇਂ। ਫਿਰ ਤਾਂ ਰਮਨ ਤੈਨੂੰ ਲੇਖਕਾਂ ਵਾਂਗ ਲਿਖਣ ਦੀ ਜਾਚ ਆ ਜਾਵੇਗੀ।"

"ਅੱਛਾ ਜਨਾਬ ਕੱਲ੍ਹ ਨੂੰ ਮੈਨੂੰ ਡਾਇਰੀ ਲਿਆ ਕੇ ਦਈਂ ਕੱਲ੍ਹ ਨੂੰ ਇਕੱਤੀ ਮਈ ਹੈ। ਮੈਂ ਇੱਕ ਜੂਨ ਤੋਂ ਲਿਖਣਾ ਸ਼ੁਰੂ ਕਰਾਂਗੀ।"

ਦੂਜੇ ਦਿਨ ਮੈਂ ਪਿੰਡ ਤੋਂ ਸਿਧਾ ਸ਼ਹਿਰ ਗਿਆ। ਪਹਿਲਾਂ ਰਮਨ ਲਈ ਡਾਇਰੀ ਖਰੀਦੀ। ਫਿਰ ਕਲੀਨਿਕ 'ਤੇ ਆਇਆ।

ਜਦ ਰਮਨ ਚਾਹ ਫੜਾਉਣ ਆਈ ਤਾਂ ਉਸਨੇ ਚਾਹ ਦਾ ਕੱਪ ਕਾਉਂਟਰ 'ਤੇ ਰੱਖ ਦਿੱਤਾ। ਮੈਨੂੰ ਕਹਿਣ ਲੱਗੀ, "ਲਿਆਂਦੀ ਏ ਡਾਇਰੀ?"

ਮੈਂ ਜਾਣ ਬੁਝ ਕੇ ਆਖਿਆ, "ਨਹੀਂ ਮੈਨੂੰ ਤਾਂ ਚੇਤਾ ਭੁੱਲ ਗਿਆ।"

ਇਹ ਸੁਣ ਕੇ ਉਹ ਉਦਾਸ ਹੋ ਗਈ ਅਤੇ ਕਹਿਣ ਲੱਗੀ, "ਅੱਜ ਤੇਰਾ ਡਾਇਰੀ ਲਿਆਉਣ ਦਾ ਚੇਤਾ ਭੁੱਲ ਗਿਆ ਫਿਰ ਤੇਰਾ ਕਮੈਂਟਸ ਦੇਣ ਦਾ ਵੀ ਚੇਤਾ ਭੁੱਲ ਜਾਇਆ ਕਰਨਾ। ਪੈਸੇ ਮੈਂ ਲਿਆਉਨੀਆਂ ਤੂੰ ਬਦਾਮ ਖਾਣੇ ਸ਼ੁਰੂ ਕਰਦੇ ਡਾਕਟਰ।"



ਮੈਨੂੰ ਸਰੂਰ ਜਿਹਾ ਆ ਗਿਆ ਕਿ ਅੱਜ ਰਮਨ ਨੇ ਖੁੱਲ੍ਹ ਕੇ ਗੱਲ ਕੀਤੀ ਹੈ ਇਹੀ ਤਾਂ ਮੈਂ ਚਾਹੁੰਦਾ ਸਾਂ, ਫਿਰ ਮੈਂ ਆਖਿਆ, "ਰਮਨ ਤੂੰ ਬਹੁਤ ਚੰਗੀ ਕੁੜੀ ਏਂ।"

"ਅੱਛਾ ਡਾਕਟਰ ਤੂੰ ਮੈਨੂੰ ਸੱਚੀਂ ਮਿੱਚੀਂ ਚੰਗੀ ਬਣਾ ਹੀ ਦਏਂਗਾ।" ਇਹ ਸੁਣ ਕੇ ਮੈਂ ਬੈਗ ਖੋਲਿਆ ਅਤੇ ਡਾਇਰੀ ਉਸਨੂੰ ਫੜਾ ਦਿੱਤੀ।

"ਅੱਛਾ ਲੈ ਆਇਆ ਸੀ ਡਾਇਰੀ। ਤੂੰ ਤਾਂ ਮੈਨੂੰ ਐਵੇਂ ਭੁਜਾਉਂਦਾ ਸੀ।"

ਫਿਰ ਉਸਨੇ ਡਾਇਰੀ ਮੱਥੇ ਨਾਲ ਛੁਹਾਕੇ ਉਸਨੂੰ ਫਰੋਲਣਾ ਸ਼ੁਰੂ ਕਰ ਦਿੱਤਾ ਅਤੇ ਕਹਿਣ ਲੱਗੀ, "ਡਾਕਟਰ ਕੱਲ੍ਹ ਨੂੰ ਮੈਂ ਲਿਖਣਾ ਸ਼ੁਰੂ ਕਰ ਦਊਂ। ਤੂੰ ਆ ਕੇ ਵੇਖ ਲਈਂ।"

"ਰਮਨ ਮੈਂ ਹੁਣ ਚਾਰ ਜੂਨ ਨੂੰ ਆਵਾਂਗਾ। ਪਹਿਲਾਂ ਦਿੱਲੀ ਏਅਰ ਪੋਰਟ 'ਤੇ ਜਾਣਾ ਹੈ। ਚਾਰ ਤਰੀਕ ਨੂੰ ਮੈਂ ਇਕ ਵਿਆਹ ਅਟੈਂਡ ਕਰਕੇ ਸਿੱਧਾ ਕਲੀਨਿਕ ਵਿੱਚ ਆ ਜਾਵਾਂਗਾ।"

"ਹੈਂ ਡਾਕਟਰ? ਤੂੰ ਤਿੰਨ ਦਿਨ ਨੀ ਆਉਣਾ...। ਐਨਾ ਸਮਾਂ।" ਉਸਨੇ ਚਿਹਰੇ ਤੋਂ ਕੋਈ ਹਾਵ ਭਾਵ ਲਕਾਉਣ ਦੀ ਕੋਸ਼ਿਸ਼ ਕੀਤੀ। ਪਰ ਫਿਰ ਵੀ ਉਸਦੀ ਕੰਬਦੀ ਅਵਾਜ਼ ਉਸਦੀ ਅੰਦਰੂਨੀ ਪੀੜਾ ਦਾ ਭੇਤ ਖੋਲ ਰਹੀ ਸੀ।"

ਉਹ ਬੋਲੀ, "ਡਾਕਟਰ ਤੇਰੇ ਨਾਲ ਇੱਕ ਜ਼ਰੂਰੀ ਗੱਲ ਸਾਂਝੀ ਕਰਨੀ ਸੀ ਪਰ ਤੂੰ...।"

"ਦੱਸ ... ਦੱਸ ਕਿਹੜੀ ਗੱਲ ਆ?" ਮੈਂ ਪੁੱਛਿਆ ਸੀ।

"ਸੰਗ ਲਗਦੀ ਆ ਡਾਕਟਰ।" ਫਿਰ ਉਸਨੇ ਮੂੰਹ ਚੁੰਨੀ ਨਾਲ ਢੱਕ ਲਿਆ।

"ਰਮਨ ਜੇ ਮਰੀਜ਼ ਡਾਕਟਰ ਨੂੰ ਅਸਲ ਬਿਮਾਰੀ ਨਾ ਦੱਸੇ ਤਾਂ ਉਸਦਾ ਇਲਾਜ਼ ਕਰਨਾ ਮੁਸ਼ਕਲ ਹੈ। ਤੂੰ ਨਿਸੰਗ ਦੱਸ। ਸੰਗ ਵਾਲੀ ਕੋਈ ਗੱਲ ਨਹੀਂ।"

ਉਹ ਕਹਿਣ ਲੱਗੀ, "ਡਾਕਟਰ ਮੇਰੀ ਇਕ ਸਹੇਲੀ ਆ। ਉਸਨੂੰ ਮਹੀਨਾ ਨੀ ਆਇਆ, ਵੀਹ ਦਿਨ ਉਪਰ ਹੋ ਗਏ ਆ। ਕੀ ਇਸਦਾ ਕੋਈ ਇਲਾਜ਼ ਵੀ ਹੈ? "

"ਹਾਂ ਜੇ ਤੇਰੀ ਸਹੇਲੀ ਆ ਤਾਂ ਫਿਰ ਗੱਲ ਸੋਚਣੀ ਹੀ ਪਊ। ਇਕ ਸਿਆਣੀ ਕੁੜੀ ਰਮਨ ਆਖੇ ਤਾਂ ਮੈਂ ਜਵਾਬ ਦੇ ਦਿਆਂ। ਇਹ ਕਿਵੇਂ ਹੋ ਸਕਦਾ ਹੈ? "

"ਚੰਗਾ ਡਾਕਟਰ ਜ਼ਰੂਰ ਹੱਲ ਸੋਚੀਂ। ਗੱਲ ਵੀ ਆਪਦੇ ਕੋਲ ਹੀ ਰੱਖੀਂ।"

ਜਦ ਨੂੰ ਇਕ ਮਰੀਜ਼ ਆਉਂਦਾ ਵੇਖਕੇ ਉਸਨੇ ਚਾਹ ਵਾਲੀ ਟਰੇਅ ਚੁੱਕੀ ਅਤੇ ਹਵਾ ਦੇ ਬੁਲੇ ਵਾਂਗ ਕਲੀਨਿਕ ਤੋਂ ਬਾਹਰ ਹੋ ਗਈ।

*                *

ਮੈਂ ਮੈਰਜ ਪੈਲੇਸ ਤੋਂ ਆ ਕੇ ਗਲੀ ਵਾਲਾ ਦਰਵਾਜ਼ਾ ਖੋਲ੍ਹਦਾ ਹਾਂ। ਮੈਂ ਦੇਖਿਆ ਕਿ ਗਲੀ ਵਿੱਚ ਪੂਰੀ ਰੌਣਕ ਹੈ ਬੋਹੇ ਦੇ ਘਰ ਡੀ. ਜੇ. 'ਤੇ ਕੋਈ ਗੀਤ ਚਲ ਰਿਹਾ ਹੈ। ਐਨਾ ਸ਼ੋਰ-ਸ਼ਰਾਬਾ ਹੈ ਕਿ ਕੰਨਾਂ'ਚ ਪਾਈ ਨਹੀਂ ਸੁਣਦੀ। ਮੈਨੂੰ ਪਤਾ ਲੱਗਿਆ ਕਿ ਬੋਹੇ ਦੇ ਭਾਈ ਰਾਜੂ ਦਾ ਵਿਆਹ ਹੈ। ਗੇਟ ਖੋਲ੍ਹਕੇ ਮੈਂ ਮੋਟਰ ਸਾਈਕਲ ਅੰਦਰ ਕਰ ਲਿਆ। ਫਿਰ ਕਲੀਨਿਕ ਦਾ ਲੌਕ ਖੋਲਿਆ। ਕਾਉਂਟਰ ਸਾਫ਼ ਕਰਕੇ ਅਜੇ ਕੁਰਸੀ ਸਾਫ਼ ਹੀ ਕਰ ਰਿਹਾ ਸੀ ਕਿ ਮੈਨੂੰ ਬਾਹਰੋਂ ਅਵਾਜ਼ ਆਈ,

"ਡਾਕਟਰ ਤੇਜੀ ਨਾਲ ਆਈ। ਬੋਹੇ ਨੂੰ ਦੌਰਾ ਪੈ ਗਿਆ ਮੈਂ ਤੁਰੰਤ ਬੈਗ ਚੁੱਕਿਆ ਅਤੇ ਵਿਆਹ ਵਾਲਿਆਂ ਦੇ ਘਰ ਪਹੁੰਚ ਗਿਆ। ਮੈਂ ਵੇਖਿਆ ਕਿ ਬੋਹਾ ਰਾਹ ਵਾਲੀ ਬੈਠਕ ਉਪਰ ਮੰਜੇ 'ਤੇ ਪਿਆ ਹੋਇਆ ਹੈ। ਉਪਰ ਪੂਰੀ ਸਪੀਡ ਨਾਲ ਪੱਖਾ ਚੱਲ ਰਿਹਾ ਹੈ। ਮੈਂ ਉਸਦਾ ਬੀ. ਪੀ. ਚੈੱਕ ਕੀਤਾ। ਬੀ ਪੀ ਕਾਫੀ ਵਧਿਆ ਹੋਇਆ ਸੀ। ਮੈਂ ਦੋ ਟੀਕੇ ਲਾ ਦਿੱਤੇ। ਉਸਦਾ ਪਿਤਾ ਕੁਝ ਘਬਰਾਇਆ ਹੋਇਆ ਸੀ। ਉਹ

ਮੈਨੂੰ ਕਹਿਣ ਲੱਗਾ,

"ਡਾਕਟਰ ਜੇ ਤੇਰੀ ਸਮਝ ਵਿਚ ਨਹੀਂ ਆਉਂਦਾ ਤਾਂ ਇਸਨੂੰ ਸ਼ਹਿਰ ਲੈ ਚਲਦੇ ਹਾਂ।"

ਮੈਂ ਆਖਿਆ, "ਨਹੀਂ ਕੁਝ ਸਮਾਂ ਰੁਕੋ।" ਮੈਂ ਇਹ ਵੀ ਪੁੱਛਿਆ ਕਿ ਪਹਿਲਾਂ ਵੀ ਕਦੇ ਇਸ ਤਰ੍ਹਾਂ ਦੌਰਾ ਪਿਆ ਹੈ।" ਉਹ ਕਹਿਣ ਲੱਗਾ, "ਅੱਗੇ ਤਾਂ ਇਸ ਤਰ੍ਹਾਂ ਕਦੇ ਨਹੀਂ ਹੋਇਆ। ਪਰ ਅੱਜ ਕੁਝ ਘਬਰਾਇਆ ਹੋਇਆ ਲੱਗ ਰਿਹਾ ਸੀ। ਸਮਝ ਨੀਂ ਔਂਦੀ ਕੀ ਗੱਲ ਹੋ ਗਈ ਜਦ ਇਹ ਬੋਲਦਾ ਸੀ ਤਾਂ ਇਸਦਾ ਬੋਲ ਵੀ ਥਿੜਕ ਰਿਹਾ ਸੀ।"

ਪੰਦਰਾਂ ਕੁ ਮਿੰਟਾ ਵਿਚ ਬੋਹਾ ਸਥਿਰ ਹਾਲਤ ਵਿੱਚ ਆ ਗਿਆ। ਉਸ ਉਪਰੰਤ ਮੈਂ ਕਲੀਨਿਕ ਪਹੁੰਚ ਗਿਆ। ਮੈਂ ਦੇਖਿਆ ਕਿ ਕਲੀਨਿਕ ਵਿੱਚ ਮਰੀਜ਼ਾਂ ਦੀ ਕਾਫੀ ਭੀੜ ਜ਼ਮਾ ਹੋ ਚੁੱਕੀ ਹੈ। ਲਗਾਤਾਰ ਡੇਢ ਘੰਟਾ ਮਰੀਜ਼ ਦੇਖ ਕੇ ਮੈਂ ਦੁਆਈ ਦਿੰਦਾ ਰਿਹਾ। ਮਨ ਵਿਚ ਸੋਚ ਉਭਰਦੀ ਹੈ ਕਿ ਨਾ ਤਾਂ ਕਿਤੇ ਗਿਆਨੀ ਅੰਕਲ ਹੀ ਦਿਸ ਰਿਹਾ ਹੈ ਨਾ ਰਮਨ ਨੇ ਹੀ ਗੇੜਾ ਮਾਰਿਆ ਹੈ। ਰਮਨ ਨੂੰ ਤਾਂ ਹੁਣ ਤੱਕ ਚਾਹ ਲੈ ਆ ਜਾਣਾ ਚਾਹੀਦਾ ਸੀ। ਮੈਨੂੰ ਅਚਵੀ ਜਿਹੀ ਲੱਗ ਜਾਂਦੀ ਹੈ। ਇਉਂ ਮਹਿਸਸ ਹੋ ਰਿਹਾ ਹੈ ਜਿਵੇਂ ਰਮਨ ਨੂੰ ਮਿਲਿਆ ਜੁਗੜੇ ਹੋ ਗਏ ਹੋਣ। ਮੈਂ ਕਮਲਿਆਂ ਵਾਂਗ ਇਧਰ-ਉਧਰ ਦੇਖਦਾ ਹਾਂ। ਸੋਚਦਾ ਹਾਂ ਰਮਨ ਨੂੰ ਮਿਲਾਂ ਉਸਦੀ ਡਾਇਰੀ ਪੜ੍ਹਾਂ। ਫਿਰ ਉਸਦੀ ਲਿਖੀ ਡਾਇਰੀ ਅਨੁਸਾਰ ਆਪਦੇ ਵਿਚਾਰ ਪ੍ਰਗਟ ਕਰਾਂ। ਪਰ ਇਹ ਤਾਂ ਹੀ ਸੰਭਵ ਹੈ ਜੇ ਰਮਨ ਆ ਜਾਵੇ। ਕਿਉਂ ਨਹੀਂ ਹੁਣ ਤੱਕ ਆਈ ਰਮਨ? ਅਜੇ ਦੋ ਮਰੀਜ਼ ਬੈਠੇ ਹਨ। ਮੈਂ ਉਨ੍ਹਾਂ ਨੂੰ ਕੁਝ ਸਮਾਂ ਠਹਿਰਨ ਲਈ ਕਹਿ, ਉਠ ਕੇ ਘਰ ਵੱਲ ਚਲਿਆ ਜਾਂਦਾ ਹਾਂ। ਮੈਂ ਦੇਖਿਆ ਸੜਕ ਵਾਲਾ ਗੇਟ ਅੰਦਰੋਂ ਬੰਦ ਪਿਆ ਹੈ। ਬਰਾਂਡੇ ਦਾ ਪੱਖਾ ਚੱਲ ਰਿਹਾ ਹੈ। ਰਸੋਈ ਖੁੱਲ੍ਹੀ ਪਈ ਹੈ। ਮੈਂ ਹੌਲੀ-ਹੌਲੀ ਅੰਕਲ ਕਹਿ ਕੇ ਅਵਾਜ਼ ਮਾਰਦਾ ਹਾਂ। ਪਰ ਕੋਈ ਜਵਾਬ ਨਹੀਂ। ਫੇਰ ਮੈਂ ਰਮਨ, ਰਮਨ ਆਖਦਾ ਹਾਂ। ਪਰ ਫਿਰ ਵੀ ਕੋਈ ਜਵਾਬ ਨਹੀਂ। ਉਧਰੋਂ ਕੋਈ ਮਰੀਜ਼ ਡਾਕਟਰ ਕਹਿ ਕੇ ਹਾਕ ਮਾਰਦਾ ਹੈ। ਮੈਂ ਕਲੀਨਿਕ ਵੱਲ ਚਲਿਆ ਜਾਂਦਾ ਹਾਂ। ਮੈਂ ਇਹ ਦੇਖਕੇ ਹੈਰਾਨ ਹਾਂ ਕਿ ਸਟੋਰ ਨਾਲ ਦੇ ਕਮਰੇ ਵਿੱਚੋਂ ਕਾਫੀ ਪਾਣੀ ਬਾਹਰ ਆਇਆ ਹੋਇਆ ਹੈ। ਅਜੇ ਵੀ ਥੋੜਾ ਥੋੜਾ ਪਾਣੀ ਬਾਹਰ ਨਿਕਲ ਰਿਹਾ ਹੈ। ਸੋਚਦਾ ਹਾਂ ਕਿ ਇਹ ਪਾਣੀ ਕਿਧਰੋਂ ਆਇਆ ਜਦ ਕਿ ਕਮਰੇ ਤੂੰ ਤਾਂ ਬਾਹਰੋਂ ਕੁੰਡੀ ਲੱਗੀ ਹੋਈ ਹੈ। ਮੈਂ ਜਲਦੀ ਨਾਲ ਕਲੀਨਿਕ ਵਿਚ ਜਾ ਕੇ ਮਰੀਜ਼ਾਂ ਨੂੰ ਦੁਆਈ ਦਿੰਦਾ ਹਾਂ। ਜਦ ਉਹ ਵਾਪਸ ਚਲੇ ਜਾਂਦੇ ਹਨ ਤਾਂ ਮੈਂ ਉਠਕੇ ਸਟੋਰ ਨਾਲ ਦੇ ਕਮਰੇ ਦੀ ਕੁੰਡੀ ਖੋਲ੍ਹ ਦਿੰਦਾ ਹਾਂ।

ਓ ਮਾਈ ਗੌਡ! ਇਹ ਕੀ? ਮੈਂ ਥਾਏਂ ਹੀ ਗੱਡਿਆ ਜਾਂਦਾ ਹਾਂ। ਸਾਹਮਣੇ ਗਾਡਰ ਵਿੱਚ ਦੀ ਕਿਸੇ ਕਪੜੇ ਨੂੰ ਵਟਾ ਦੇ ਕੇ ਰਮਨ ਨੇ ਫਾਹਾ ਲਿਆ ਹੋਇਆ ਹੈ। ਉਸਦੀ ਸ਼ਕਲ ਮੂਲੋਂ ਹੀ ਡਰਾਉਣੀ ਹੋਈ ਪਈ ਹੈ। ਉਸਦੀ ਜੀਭ ਬਾਹਰ ਨਿਕਲੀ ਪਈ ਹੈ। ਅੱਖਾਂ ਇਉਂ ਬਾਹਰ ਨੂੰ ਆਈਆਂ ਹੋਈਆਂ ਹਨ ਜਿਵੇਂ ਮੋਟੇ-ਮੋਟੇ ਬਲੌਰ ਹੋਣ। ਅਜੇਹਾ ਖੌਫਨਾਕ ਅਤੇ ਦਰਦ ਭਰਿਆ ਦ੍ਰਿਸ਼ ਵੇਖ ਕੇ ਮੇਰਾ ਮਨ ਘਬਰਾਉਣ ਲੱਗ ਪੈਂਦਾ ਹੈ। ਮੇਰੀ ਹਿੰਮਤ ਨਹੀਂ ਪੈਂਦੀ ਕਿ ਉਸਦੇ ਬਿਲਕੁਲ ਪਾਸ ਜਾ ਸਕਾਂ। ਮੇਰਾ ਦਿਲ ਆਮ ਨਾਲੋਂ ਜਿਆਦਾ ਧੜਕਣ ਲੱਗ ਪੈਂਦਾ ਹੈ। ਮੈਂ ਕਮਰੇ ਨੂੰ ਉਸੇ ਤਰਾਂ ਬਾਹਰੋਂ ਕੁੰਡੀ ਲਾ ਦਿੰਦਾ ਹਾਂ। ਗਲੀ ਵਾਲਾ ਦਰਵਾਜ਼ਾ ਅੰਦਰੋਂ ਬੰਦ ਕਰਕੇ ਮੋਟਰ ਸਾਈਕਲ ਚੱਕ ਕੇ ਮੇਨ ਗੇਟ ਖੋਲਦਾ ਹਾਂ। ਫਿਰ ਘਰ ਤੋਂ ਬਾਹਰ ਚਲਿਆ ਜਾਂਦਾ ਹਾਂ। ਅਗਾਂਹ ਬੱਸ ਸਟਾਪ ਤੇ ਕੁਝ ਵਿਅਕਤੀ ਪਿਪਲ ਦੀ ਛਾਂ ਹੇਠ ਤਾਸ਼ ਖੇਲ ਰਹੇ ਹਨ। ਮੈਂ ਉਥੇ ਧਿਆਨ ਨਾਲ ਦੇਖਦਾ ਹਾਂ। ਮੈਨੂੰ ਗਿਆਨੀ ਕਿਤੇ ਵੀ ਨਜ਼ਰ ਨਹੀਂ ਆਉਂਦਾ। ਫਿਰ ਇੱਕ-ਦੋ ਥਾਈਂ ਹੋਰ ਵੇਖਦਾ ਹਾਂ ਪਰ ਉਹ ਕਿਤੇ ਵੀ ਨਹੀਂ ਹੈ। ਅਖੀਰ ਆਪਦੇ ਇਕ ਜਾਣਕਾਰ ਤੋਂ ਪੁੱਛਦਾ ਹਾਂ। ਉਹ ਦਸਦਾ ਹੈ ਕਿ ਗਿਆਨੀ ਤਾਂ ਚਾਹ ਵਾਲੀ ਦੁਕਾਨ ਵਿੱਚ ਬੈਠਾ ਹੈ, ਮੈਂ ਉਸਨੂੰ ਉਥੋਂ ਬੁਲਾ ਲੈਂਦਾ ਹਾਂ। ਫਿਰ ਮੋਟਰ ਸਾਈਕਲ



'ਤੇ ਬੈਠਣ ਲਈ ਆਖਦਾ ਹਾਂ। ਉਸ ਉਪਰੰਤ ਅਸੀਂ ਵਾਪਸ ਘਰ ਆ ਜਾਂਦੇ ਹਾਂ। ਮੈਂ ਮੇਨ ਗੇਟ ਨੂੰ ਅੰਦਰੋਂ ਕੁੰਡਾ ਲਾ ਕੇ ਆਖਦਾ ਹਾਂ।

"ਅੰਕਲ ਰਮਨ ਇਸ ਦੁਨੀਆ ਤੇ ਨਹੀਂ ਰਹੀ। ਗਿਆਨੀ ਧਾਂਹਾਂ ਮਾਰ ਕੇ ਰੋਣ ਲੱਗ ਪੈਂਦਾ ਹੈ। ਫਿਰ ਮੈਂ ਉਸਨੂੰ ਫੜਕੇ ਕਮਰੇ ਮੂਹਰੇ ਲੈ ਜਾਂਦਾ ਹਾਂ। ਕਮਰੇ ਦਾ ਦਰਵਾਜ਼ਾ ਖੋਲ ਕੇ ਆਖਦਾ ਹਾਂ, "ਆਹ ਦੇਖ ਅੰਕਲ।"

ਉਹ ਦੇਖਕੇ ਤ੍ਰਬਕ ਜਾਂਦਾ ਹੈ, ਫਿਰ ਕੰਧ ਵਿੱਚ ਟੱਕਰਾਂ ਮਾਰਨੀਆਂ ਸ਼ੁਰੂ ਕਰ ਦਿੰਦਾ ਹੈ। ਫਿਰ ਉਹ ਆਖਦਾ ਹੈ, "ਓ ਡਾਕਟਰ ਕੀ ਹੋ ਗਿਆ ਮੇਰੀ ਧੀ ਨੂੰ। ਹਾਏ ਓਏ ਮੈਂ ਪੱਟਿਆ ਗਿਆ। ਉਹ ਲੇਰ ਮਾਰ ਕੇ ਆਖਦਾ ਹੈ ਜੇ ਮੈਨੂੰ ਪਤਾ ਹੁੰਦਾ ਮੈਂ ਘਰੋਂ ਬਾਹਰ ਨਾ ਜਾਂਦਾ ਓ ਮੇਰਿਆ ਰੱਬਾ। ਓ ਡਾਕਟਰ ਮੈਨੂੰ ਦਰਗਾਹ ਵਿਚ ਢੋਈ ਨੀ ਮਿਲਣੀ ਓਇ... ਮੈਂ ਦੁਕਾਨ ਵਿਚ ਬੈਠਾ ਸ਼ਰਾਬ ਪੀਣ ਲੱਗ ਪਿਆ। ਇਧਰ ਮੇਰੀ ਧੀ ਨੇ ਫਾਹਾ...।"

ਮੈਂ ਦੇਖਿਆ ਕਿ ਗਿਆਨੀ ਦੇ ਮੂੰਹ ਵਿਚੋਂ ਸ਼ਰਾਬ ਦੀ ਹਵਾੜ ਆ ਰਹੀ ਸੀ। ਮੈਂ ਆਖਿਆ, "ਅੰਕਲ ਹੌਸਲਾਂ ਰੱਖ।" ਜੋ ਹੋਣਾ ਸੀ ਉਹ ਤਾਂ ਹੋ ਗਿਆ। ਹੁਣ ਆਪਾ ਇਸਨੂੰ ਕਿਉਂਟਣ ਦਾ ਕੋਈ ਪਰਬੰਧ ਕਰੀਏ।"

ਮੈਂ ਰਮਨ ਦੀ ਲਾਸ਼ ਦੇ ਬਿਲਕੁਲ ਨੇੜੇ ਜਾ ਕੇ ਵੇਖਿਆ ਕਿ ਕੰਧ ਉਪਰ ਡੀ ਟੀ ਨਾਲ ਬੋਹਾ ਲਿਖਿਆ ਹੋਇਆ ਹੈ। ਮੈਂ ਫਿਰ ਗਿਆਨੀ ਨੂੰ ਆਖਦਾ ਹਾਂ,

"ਅੰਕਲ ਆਹ ਦੇਖ ਡੀ ਟੀ ਜਾਂ ਇੱਟ ਦੇ ਰੋੜੇ ਨਾਲ ਕੰਧ ਤੇ ਲਿਖਿਆ ਹੋਇਆ ਹੈ।"

ਮੈਂ ਫਿਰ ਬੋਲਦਾ ਹਾਂ, "ਫਿਰ ਤਾਂ ਅੰਕਲ ਇਹ ਸਪੱਸਟ ਹੈ ਕਿ ਰਮਨ ਨੇ ਫਾਹਾ ਖੁਦ ਨਹੀਂ ਲਿਆ, ਸਗੋਂ ਉਸਨੂੰ ਫਾਹਾ ਦਿੱਤਾ ਗਿਆ ਹੈ। ਇਥੇ ਅਜੇਹਾ ਕੁਝ ਵੀ ਨਹੀਂ ਦਿਸਦਾ ਕਿ ਰਮਨ ਨੇ ਉਸ ਉਪਰ ਚੜਕੇ ਫਾਹਾ ਲਿਆ ਹੋਵੇ। ਇਸਦਾ ਮਤਲਬ ਸਪਸਟ ਹੈ ਕਿ ਬੋਹੇ ਨੇ ਰਮਨ ਨੂੰ ਹਵਸ ਦਾ ਸ਼ਿਕਾਰ ਬਣਾ ਕੇ ਕਿਸੇ ਦੀ ਮਦਦ ਨਾਲ ਫਾਹਾ ਦੇ ਦਿੱਤਾ ਹੋਵੇ। "

"ਦੂਜੀ ਗੱਲ ਅੰਕਲ ਜਦੋਂ ਮੈਂ ਆ ਕੇ ਵੇਖਿਆ ਕਮਰੇ ਨੂੰ ਬਾਹਰੋਂ ਕੁੰਡੀ ਲੱਗੀ ਹੋਈ ਸੀ। ਇਸ ਲਈ ਸਪੱਸਟ ਹੈ ਕਿ ਰਮਨ ਨੂੰ ਫਾਹਾ ਦੇਣ ਤੋਂ ਬਾਅਦ ਬੋਹੇ ਨੇ ਕਮਰੇ ਨੂੰ ਬਾਹਰੋਂ ਕੁੰਡੀ ਲਾ ਦਿੱਤੀ। ਇਹ ਵੀ ਇਕ ਸਬੂਤ ਹੈ ਕਿ ਬੀਹੀ ਵਾਲੇ ਦਰਵਾਜ਼ੇ ਨੂੰ ਬਾਹਰੋਂ ਕੁੰਡਾ ਲੱਗਿਆ ਹੋਇਆ ਸੀ।

ਰਮਨ ਦੇ ਮੱਥੇ ਵਿੱਚੋਂ ਖ਼ੂਨ ਵਗਕੇ ਜੋ ਉਸਦੇ ਕਪੜਿਆ ਤੇ ਪਿਆ ਹੈ, ਇਹ ਇਸ ਗੱਲ ਦਾ ਸਬੂਤ ਹੈ ਕਿ ਰਮਨ ਨੇ ਆਪਦੇ ਬਚਾਅ ਲਈ ਪੂਰਾ ਜ਼ੋਰ ਲਾਇਆ ਹੋਵੇਗਾ। ਫਿਰ ਬੋਹੇ ਤੇ ਕੋਈ ਚੀਜ ਚੱਕ ਕੇ ਇਸਦੇ ਮੱਥੇ ਵਿੱਚ ਮਾਰ ਦਿੱਤੀ ਹੋਵੇਗੀ। ਹੋ ਸਕਦਾ ਕਿ ਰਮਨ ਨੇ ਰੌਲਾ ਵੀ ਪਾਇਆ ਹੋਵੇ। ਪਰ ਡੀਜਿਆਂ ਦੀ ਕੰਨ ਪਾੜਵੀਂ ਅਵਾਜ਼ ਵਿੱਚ ਉਸਦੀਆਂ ਚੀਕਾਂ ਕਿਸੇ ਨੇ ਨਾ ਸੁਣੀਆਂ ਹੋਣ। ਰਮਨ ਦੀ ਕਮੀਜ਼ ਵੀ ਪੂਰੀ ਤਰ੍ਹਾਂ ਫਟੀ ਪਈ ਹੈ। ਇਹ ਇਸ ਗੱਲ ਦਾ ਪੱਕਾ ਸਬੂਤ ਹੈ ਕਿ ਉਸਨੇ ਆਪਦੇ ਬਚਾਅ ਲਈ ਹੱਥ-ਪੈਰ ਮਾਰੇ ਹੋਣ। ਪਰ ਬੋਹੇ ਹੋਰਾਂ ਦੀ ਜਬਰਦਸਤੀ ਕਾਰਨ ਰਮਨ ਦੀ ਕਮੀਜ਼ ਫਟ ਗਈ ਹੋਵੇ।

ਕਮਰੇ ਵਿਚੋਂ ਜੋ ਪਾਣੀ ਬਾਹਰ ਆਇਆ ਹੋਇਆ ਹੈ, ਇਹ ਇਸ ਗੱਲ ਦਾ ਸਬੂਤ ਹੈ ਕਿ ਰਮਨ ਦਾ ਖ਼ੂਨ ਇਸ, ਫਰਸ 'ਤੇ ਡੁੱਲ੍ਹ ਗਿਆ ਹੋਣਾ। ਬੋਹੇ ਹੋਰਾਂ ਨੇ ਪਾਣੀ ਲੈ ਕੇ ਚੰਗੀ ਤਰ੍ਹਾਂ ਫਰਸ ਸਾਫ਼ ਕਰ ਦਿੱਤਾ ਅਤੇ ਉਹ ਪਾਣੀ ਬਾਹਰ ਆ ਗਿਆ। ਇਸਤੋਂ ਬਾਅਦ ਟੂਟੀ ਵਿੱਚੋਂ ਲਿਆ ਕੇ ਹੋਰ ਪਾਣੀ ਡੋਲ੍ਹ ਦਿੱਤਾ ਤਾਂ ਜੋ ਖ਼ੂਨ ਦਿਸ ਨਾ ਸਕੇ। ਇਸ ਤੋਂ ਬਿਨਾ ਜੋ ਹੋਰ ਪੱਖ ਤੋਂ ਸ਼ੱਕ ਦੀ ਉਂਗਲ ਬੋਹੇ 'ਤੇ ਜਾਂਦੀ ਹੈ, ਉਹ ਇਹ ਹੈ ਕਿ ਉਸਨੇ ਇਹ ਘਿਨਾਉਣਾ ਕਾਰਾ ਕਰ ਤਾਂ ਦਿੱਤਾ। ਪਰ ਆਪ ਸਥਿਰ ਨਾ ਰਹਿ ਸਕਿਆ। ਰਮਨ ਦੀ ਹੱਤਿਆ ਕਰਕੇ ਉਹ ਬੈ-ਚੈਨ ਅਤੇ ਘਬਰਾਹਟ ਵਿੱਚ ਆ ਗਿਆ। ਇਸ ਲਈ ਜਦ ਮੈਂ ਇਥੇ ਆਇਆ ਸੀ ਤਾਂ ਉਦੋਂ

ਹੀ ਉਸਨੂੰ ਦੌਰਾ ਪੈ ਗਿਆ। ਮੈਂ ਦੌਰੇ ਦਾ ਇਲਾਜ਼ ਤਾਂ ਕਰ ਦਿੱਤਾ ਪਰ ਉਸਦੇ ਪਿਤਾ ਦੇ ਦੱਸਣ ਅਨੁਸਾਰ ਇਹ ਦੁਪਹਿਰ ਦਾ ਹੀ ਘਬਰਾਹਟ ਵਿੱਚ ਸੀ।

ਇਹ ਸਾਰੇ ਸਬੂਤ ਬੋਹੇ ਨੂੰ ਹਤਿਆਰਾ ਸਿੱਧ ਕਰਨ ਲਈ ਕਾਫੀ ਹਨ। ਇਸ ਲਈ ਅੰਕਲ ਪੁਲੀਸ ਨੂੰ ਰਿਪੋਰਟ ਕਰਦੇ ਹਾਂ।"

ਇਹ ਕਹਿ ਕੇ ਮੈਂ ਜੇਬ ਵਿਚੋਂ ਮੋਬਾਇਲ ਕੱਢ ਲਿਆ। ਇਸ ਤੋਂ ਪਹਿਲਾਂ ਕਿ ਮੈਂ ਪੁਲੀਸ ਨੂੰ ਨੰਬਰ ਡਾਈਲ ਕਰਦਾ, ਗਿਆਨੀ ਨੇ ਝਪਟ ਮਾਰ ਕੇ ਮੈਥੋਂ ਮੋਬਾਈਲ ਖੋ ਲਿਆ।

ਮੈਂ ਆਖਿਆ, ਅੰਕਲ ਤੁਸੀਂ ਇਹ ਕੀ ਕੀਤਾ। ਕੀ ਰਮਨ ਦੇ ਹਤਿਆਰੇ ਨੂੰ ਬਖ਼ਸ ਦੇਣਾ ਚਾਹੁੰਦੇ ਹੋ ਤੁਸੀਂ? ਮੈਨੂੰ ਫੋਨ ਕਰਨ ਦਿਉ। ਮੈਂ ਦਾਅਵਾ ਕਰਦਾ ਹਾਂ ਕਿ ਦੋਸੀ ਬੋਹਾ ਹੀ ਨਿਕਲੇਗਾ।"

ਗਿਆਨੀ ਹਟਕੋਰੇ ਭਰਦਾ ਹੋਇਆ ਕਹਿਣ ਲੱਗਾ, "ਡਾਕਟਰ ਤੂੰ ਠੀਕ ਆਖਦਾ ਏਂ ਦੋਸੀ ਬੋਹਾ ਹੀ ਹੈ। ਪਰ ਅਗਾਂਹ ਬਾਰੇ ਸੋਚ। ਤੈਨੂੰ ਪਤਾ ਨਹੀਂ। ਬੋਹੇ ਹੋਰੀਂ ਮੋਟੀ ਸਾਮੀ ਨੇ। ਤੂੰ ਅਜੇ ਇਥੇ ਨਵਾਂ ਆਇਆ ਏਂ। ਸਾਰੇ ਪਿੰਡ ਵਿਚ ਬੋਹੇ ਹੋਰਾਂ ਦੀ ਦਹਿਸ਼ਤ ਹੈ। ਉਸਦਾ ਫੁਫੜ ਡੀ. ਐਸ. ਪੀ. ਹੈ। ਇਸ ਹਲਦੇ ਦੇ ਐਮ. ਐਲ ਏ ਤੱਕ ਉਨ੍ਹਾਂ ਦੀ ਸਿੱਧੀ ਅਪਰੋਚ ਹੈ। ਜੇ ਆਪਾਂ ਪੁਲਸ ਨੂੰ ਵੀ ਫੋਨ ਕਰੀਏ ਤਾਂ ਆਪਾਂ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੇ। ਸਗੋਂ ਉਲਟੀ ਪੈ ਸਕਦੀ ਹੈ। ਇਹ ਵੀ ਹੋ ਸਕਦਾ ਹੈ ਉਹ ਤੈਨੂੰ ਫਸਾ ਦੇਣ ਅਤੇ ਸਾਰਾ ਇਲਜ਼ਾਮ ਤੇਰੇ ਸਿਰ ਮੜ ਦਿੱਤਾ ਜਾਵੇ।"

ਇਹ ਸੁਣ ਕੇ ਮੇਰਾ ਅੰਦਰਲਾ ਕੰਬ ਉੱਠਿਆ ਅਤੇ ਮੇਰੇ ਕੰਨ ਖੜੇ ਹੋ ਗਏ। ਮੈਂ ਸੋਚਿਆ ਜਿਸਨੂੰ ਮੈਂ ਆਪਦਾ ਜੀਵਨ ਸਾਥੀ ਬਣਾਉਣਾ ਚਾਹੁੰਦਾ ਸਾਂ। ਪਰਾਏ ਪਿੰਡ ਵਿੱਚ ਮੈਨੂੰ ਉਸਦਾ ਹਤਿਆਰਾ ਬਣਾ ਦਿੱਤਾ ਜਾਵੇਗਾ।

ਕੁਝ ਕੁ ਸਮੇਂ ਬਾਅਦ ਗਿਆਨੀ ਕਹਿਣ ਲੱਗਾ, "ਡਾਕਟਰ ਕੋਈ ਹੱਲ ਸੋਚ। ਹੁਣ ਤਾਂ ਇਹੀ ਮਿੱਟੀ ਹੈ ਕਿਸੇ ਵੀ ਤਰੀਕੇ ਨਾਲ ਇਸਨੂੰ ਕਿਉਂਟ ਦਈਏ। ਨਹੀਂ ਤਾਂ ਮਾਰੇ ਜਾਵਾਂਗੇ। ਜੇ ਕਿਸੇ ਨੂੰ ਪਤਾ ਲੱਗ ਗਿਆ ਤਾਂ ਉਹ ਮੁਖਬਰੀ ਕਰਕੇ ਪੁਲੀਸ ਬੁਲਾ ਸਕਦਾ ਹੈ। ਇਹ ਕਹਿ ਕੇ ਉਸਦੀ ਧਾਹ ਨਿਕਲ ਗਈ। ਗਿਆਨੀ ਮੈਨੂੰ ਕਹਿਣ ਲੱਗਾ, "ਡਾਕਟਰ ਲਾਸ਼ ਥੱਲੇ ਲਾਹ ਦੇ।"

ਮੈਂ ਬਾਹਾਂ ਉਪਰ ਚੁੱਕੀਆਂ ਪਰ ਲਾਸ਼ ਲਾਹੁਣ ਵਿੱਚ ਅਸਮਰਥ ਰਿਹਾ। ਮੈਂ ਡਰਾਇੰਗ ਰੂਮ ਵਿਚੋਂ ਜਾ ਕੇ ਮੇਜ ਚੱਕ ਲਿਆਂਦਾ। ਮੇਜ 'ਤੇ ਖੜ ਕੇ ਰਮਨ ਦੀ ਲਾਸ਼ ਥੱਲੇ ਲਾਹ ਦਿੱਤੀ। ਲਾਸ਼ ਥੱਲੇ ਰੱਖਣ ਸਾਰ ਚਾਦਰ ਦੇ ਵਲ ਖੁੱਲ ਗਏ। ਜਦ ਮੇਰੀ ਨਿਗਾ ਚਾਦਰ 'ਤੇ ਪਈ ਮੈਂ ਹੈਰਾਨ ਰਹਿ ਗਿਆ। ਚਾਦਰ ਦੀ ਇੱਕ ਸਾਈਡ 'ਤੇ ਬਹਾਦਰ ਸਿੰਘ ਬੋਹਾ ਲਿਖਿਆ ਹੋਇਆ ਸੀ। ਹੁਣ ਤਾਂ ਮੈਨੂੰ ਮੁਕੰਮਲ ਯਕੀਨ ਹੋ ਗਿਆ ਕਿ ਇਹ ਘਿਨਾਉਣਾ ਕਾਰਾ ਬੋਹੇ ਨੇ ਹੀ ਕੀਤਾ ਹੈ। ਪਰ ਮੇਰੇ ਅੰਦਰਲੇ ਡਰ ਨੇ ਮੈਨੂੰ ਚੁਪ ਰਹਿਣ ਲਈ ਮਜਬੂਰ ਕਰ ਦਿੱਤਾ।

ਰਮਨ ਦੀ ਕਮੀਜ਼ ਬੁਰੀ ਤਰ੍ਹਾਂ ਫਟੀ ਪਈ ਸੀ। ਗਿਆਨੀ ਅੰਦਰੋਂ ਉਸਦਾ ਇਕ ਸੂਟ ਚੱਕ ਲਿਆਇਆ। ਅਸੀਂ ਦੋਨਾ ਨੇ ਰਲਕੇ ਆਕੜੀ ਹੋਈ ਲਾਸ਼ ਤੋਂ ਪਹਿਲਾਂ ਸੂਟ ਲਾਹ ਕੇ ਦੂਸਰਾ ਪਾ ਦਿੱਤਾ। ਇਸ ਤੋਂ ਬਾਅਦ ਗਿਆਨੀ ਇੱਕ ਡਾਇਰੀ ਚੱਕ ਲਿਆਇਆ। ਮੈਨੂੰ ਉਸਨੇ ਬਹੁਤ ਹੀ ਨਜ਼ਦੀਕੀ ਰਿਸ਼ਤੇਦਾਰ ਦੇ ਨੰਬਰ ਦੱਸੇ ਜਿੰਨਾ ਨੂੰ ਮੈਂ ਫੋਨ ਕਰ ਦਿੱਤਾ। ਫਿਰ ਉਸਨੇ ਆਪਦੇ ਭਰਾਵਾਂ ਨੂੰ ਫੋਨ ਕਰਵਾਇਆ ਕੁਝ ਕੁ ਸਮੇਂ ਬਾਅਦ ਹੀ ਜਦ ਸਾਰੇ ਜਾਣੇ ਇਕੱਠੇ ਹੋ ਗਏ ਤਾਂ ਰਮਨ ਦੀ ਅਰਥੀ ਨੂੰ ਸਮਸਾਨ ਘਾਟ ਵਿੱਚ ਪਹੁੰਚਾ ਦਿੱਤਾ ਗਿਆ।

ਸ਼ਮਸਾਨ ਘਾਟ ਵਿੱਚ ਕਿੰਨਾ ਦਰਦਨਾਕ ਦ੍ਰਿਸ਼ ਹੈ। ਅਤਿ ਦੀ ਗਰਮੀ ਵਿੱਚ ਅੱਗ ਦੀਆਂ ਲਪਟਾਂ ਫੜਦਾ ਹੋਇਆ ਸੂਰਜ ਪੱਛਮ ਦੇ ਡੂੰਘੇ ਸਮੁੰਦਰ 'ਚ ਮਸਤ ਹੋ ਰਿਹਾ ਹੈ। ਇਧਰ ਰਮਨ ਦੀ ਦੇਹ ਨੂੰ ਲੱਗੀ ਅੱਗ



ਲਪਟਾਂ ਛਡਦੀ ਹੋਈ ਅਸਮਾਨ ਛੂਹ ਰਹੀ ਹੈ। ਸਾਰੇ ਪਿੰਡ ਵਿਚ ਸੋਗਮਈ ਮਹੌਲ ਬਣ ਗਿਆ ਹੈ। ਪਿੰਡ ਦੇ ਹਰ ਵਸਨੀਕ ਦੇ ਬੁਲਾਂ 'ਤੇ ਇੱਕ ਹੀ ਗ਼ਮਗੀਨ ਸ਼ਬਦ ਹੈ ਕਿ ਗਿਆਨੀ ਦੀ ਇਕਲੌਤੀ ਬੇਟੀ ਦਮ ਤੋੜ ਗਈ।

ਤੀਜੇ ਦਿਨ ਰਮਨ ਦੇ ਫੁੱਲ ਚੁਗ ਲਏ ਗਏ। ਮੈਂ ਅਜੇ ਕਲੀਨਿਕ ਵਿੱਚ ਆਇਆ ਹੀ ਸਾਂ ਕਿ ਬੋਹੇ ਨੂੰ ਫਿਰ ਦੌਰਾ ਪੈ ਗਿਆ। ਮੈਂ ਟਰੀਟਮੈਂਟ ਕਰਕੇ ਉਸਨੂੰ ਠੀਕ ਕਰ ਦਿੱਤਾ।

ਰਮਨ ਦੇ ਭੋਗ ਤੋਂ ਪੰਜਵੇਂ ਦਿਨ ਬਾਅਦ ਬੋਹੇ ਦੇ ਪਿਓ ਨੇ ਮੈਨੂੰ ਆਪਦੇ ਘਰ ਬੁਲਾ ਲਿਆ। ਬੋਹਾ ਮੈਨੂੰ ਦੇਖਕੇ ਇੱਕ ਦਮ ਹੀ ਤ੍ਰਬਕ ਪਿਆ। ਉਸਨੂੰ ਕਾਂਬਾ ਛਿੜ ਪਿਆ। ਮੈਂ ਇੱਕ ਇਨਜੈਕਸ਼ਨ ਲਾਇਆ। ਕੁਝ ਸਮੇਂ ਬਾਅਦ ਉਹ ਠੀਕ ਹੋ ਗਿਆ। ਬੋਹੇ ਦਾ ਪਿਤਾ ਮੈਨੂੰ ਅਗਾਂਹ ਇਕ ਕਮਰੇ ਵਿਚ ਲੈ ਗਿਆ। ਮੈਂ ਦੇਖਿਆ ਉਥੇ ਇਕ ਬਰੀਕ ਅੱਖਾਂ ਵਾਲਾ ਚੁਸਤ-ਫੁਰਤ ਵਿਅਕਤੀ ਬਾਜ ਵਾਂਗ ਇਧਰ ਉਧਰ ਨਿਗਾ ਘੁਮਾ ਰਿਹਾ ਹੈ। ਮੈਂ ਜਾ ਕੇ ਉਸਨੂੰ ਸਤਿ ਸ੍ਰੀ ਅਕਾਲ ਆਖਿਆ, ਉਸਨੇ ਸਿਰਫ ਸਿਰ ਹੀ ਹਿਲਾਇਆ। ਫਿਰ ਅੱਖਾਂ ਮੇਰੇ ਵੱਲ ਸੇਧ ਦਿੱਤੀਆਂ। ਉਸਤੋਂ ਬਾਅਦ ਬੋਹੇ ਦਾ ਪਿਤਾ ਮੈਨੂੰ ਸੰਬੋਧਨ ਹੋਇਆ,

"ਸਾਨੂੰ ਪਤੈ ਡਾਕਟਰ ਗਿਆਨੀ ਦੀ ਕੁੜੀ ਨੂੰ ਬੋਹੇ ਨੇ ਫਾਹੇ ਨਹੀਂ ਲਾਇਆ ਅਤੇ ਨਾ ਹੀ ਉਸਨੇ ਕੁੜੀ ਨਾਲ ਕੋਈ ਮਾੜੀ ਹਰਕਤ ਕੀਤੀ ਹੈ। ਉਸਨੇ ਫਾਹਾ ਕਿਉਂ ਲਿਆ। ਇਸ ਨਾਲ ਸਾਡਾ ਕੋਈ ਸਬੰਧ ਨਹੀਂ। ਤੂੰ ਬੋਹੇ ਨੂੰ ਫਸਾਉਣ ਲਈ ਗਿਆਨੀ ਨੂੰ ਰਾਇ ਦਿੱਤੀ ਸੀ। ਇਹ ਤੇਰੀ ਬਿਲਕੁਲ ਨਾ ਸਮਝੀ ਹੈ। ਜੋ ਉਸ ਕਮਰੇ ਵਿੱਚ ਪਾਣੀ ਆਇਆ, ਉਹ ਕਮਰੇ ਦੇ ਪਿਛਲੇ ਪਾਸੇ ਵਾਲੀ ਟੂਟੀ ਖੁੱਲ੍ਹੀ ਪਈ ਸੀ। ਉਸਦਾ ਪਾਣੀ ਵਗ ਕੇ ਕਮਰੇ ਵਿਚ ਆ ਗਿਆ। ਬੋਹਾ ਗਿਆਨੀ ਦੇ ਘਰ ਗਿਆ ਜ਼ਰੂਰ ਸੀ। ਪਰ ਤੈਨੂੰ ਬੰਦਿਆਂ ਵਾਂਗ ਦੱਸ ਦਿਆਂ ਕਿ ਸਾਡੇ ਬਹਾਦਰ ਸਿੰਘ ਨੇ ਕੋਈ ਗਲਤ ਕੰਮ ਨਹੀਂ ਕੀਤਾ।

ਮੇਰੇ ਮਨ ਵਿਚ ਇਕ ਦਮ ਸੋਚ ਉਭਰੀ ਕਿ ਥੋਡੇ ਬਹਾਦਰ ਸਿੰਘ ਨੇ ਬਹਾਦਰਾਂ ਵਾਲਾ ਕੰਮ ਤਾਂ ਨਹੀਂ ਕੀਤਾ ਬਲਕਿ ਕਾਇਰਾਂ ਵਾਲਾ ਕੰਮ ਤਾਂ ਜ਼ਰੂਰ ਕੀਤਾ ਹੈ। ਇੱਕ ਮੁਟਿਆਰ ਲੜਕੀ ਨਾਲ ਜਬਰ-ਜਿਨਾਹ ਕਰਕੇ ਉਸਨੂੰ ਫਾਹੇ ਲਾਉਣਾ। ਇਹ ਕਾਇਰਤਾ ਨਹੀਂ ਤਾਂ ਹੋਰ ਕੀ ਹੈ। ਇਸ ਆਈ ਸੋਚ ਨੂੰ ਮੈਂ ਬੁੱਲ੍ਹਾ ਵਿਚ ਹੀ ਦਬਾ ਲਿਆ।

ਮੇਰੇ ਸਾਹਮਣੇ ਮੇਜ 'ਤੇ ਰੀਵਾਲਵਰ ਰੱਖ ਕੇ ਉਹ ਅਜਨਬੀ ਵਿਅਕਤੀ ਮੈਨੂੰ ਕਹਿਣ ਲੱਗਾ, "ਤੈਨੂੰ ਸੌ ਦੀ ਇਕ ਹੀ ਸੁਣਾ ਦਿੰਦਾ ਹਾਂ ਜੇ ਡਾਕਟਰ ਸਾਡੇ ਮੁੰਡੇ ਦਾ ਕਿਤੇ ਨਾਂ ਜੋੜਿਆ ਤਾਂ ਸਮਝੀਂ ਮੈਥੋਂ ਬੁਰਾ ਕੋਈ ਨਹੀਂ। ਬੱਸ ਜੋ ਕੁਸ਼ ਹੋਣਾ ਸੀ ਹੋ ਗਿਆ ਹੁਣ ਇਸ ਉਪਰ ਪਰਦਾ ਪਾ ਦੇ। ਨਾਲੇ ਤੈਨੂੰ ਸਮਝਾਵਾਂ ਤੇਰਾ ਇਹ ਪਿੰਡ ਨਹੀਂ ਕਿ ਐਵੇਂ ਕਿਸੇ ਨਾਲ ਦੁਸ਼ਮਣੀ ਪਾਵੇਂ ਕਿਤੇ ਇਉਂ ਨਾ ਹੋਵੇ ਕਿ ਬਹੁਤਾ ਖਾਂਦਾ ਖਾਂਦਾ ਥੋੜੇ ਤੋਂ ਵੀ ਹੱਥ ਧੋ ਬੈਠੇਂ।

ਮੈਂ ਪੈਰ ਘੜੀਸਦਾ ਕਲੀਨਿਕ ਵਿੱਚ ਆ ਗਿਆ। ਮਨ ਵਿੱਚ ਉਥਲ-ਪੁਥਲ ਹੋਣ ਲੱਗ ਪਈ। ਫਿਰ ਸੋਚਦਾ ਹਾਂ ਕਿਸੇ ਦੀ ਅੰਡ ਕਿਸੇ ਦੀ ਪੰਡ। ਮੈਂ ਕੀ ਲੈਣਾ। ਦੂਜੀ ਗੱਲ ਡਾਢੇ ਦਾ ਸੱਤੀ ਵੀਹੀ ਸੌ ਹੁੰਦਾ, ਮੈਂ ਤੇ ਗਿਆਨੀ ਕਰ ਵੀ ਕੀ ਸਕਦੇ ਸਾਂ। ਮੈਂ ਇਹ ਦੇਖਣ ਲਈ ਕਿ ਕਮਰੇ ਦੇ ਪਿਛਲੇ ਪਾਸੇ ਵਾਲੀ ਟੂਟੀ ਦਾ ਪਾਣੀ ਕਿਧਰ ਨੂੰ ਜਾਂਦਾ ਹੈ, ਟੂਟੀ ਖੋਲ ਦਿੰਦਾ ਹਾਂ। ਮੈਨੂੰ ਇਹ ਦੇਖਕੇ ਹੈਰਾਨੀ ਹੋਈ ਕਿ ਟੂਟੀ ਦਾ ਪਾਣੀ ਕਮਰੇ ਵੱਲ ਆਉਣ ਦੀ ਬਜਾਏ ਦੂਜੇ ਪਾਸੇ ਕੰਧ ਦੇ ਨਾਲ ਨਾਲ ਚਲਣ ਲੱਗ ਪਿਆ। ਮੇਰੇ ਮਨ ਵਿੱਚ ਫਿਰ ਇਹ ਗੱਲ ਘਰ ਕਰ ਗਈ ਕਿ ਰਮਨ ਦਾ ਹਤਿਆਰਾ ਬੋਹਾ ਹੀ ਹੈ।

ਆਖਰ ਵਿੱਚ ਮਨ ਸਮਝਾ ਲੈਂਦਾ ਹਾਂ ਕਿ ਮੇਰਾ ਤਾਂ ਕਿੱਤਾ ਡਾਕਟਰੀ ਏ। ਮੇਰਾ ਕੰਮ ਵੀ ਕਾਫੀ ਚਲਣ ਲੱਗ ਪਿਆ ਹੈ। ਇਸ ਲਈ ਕਿਉਂ ਨਾ ਮੈਂ ਆਪਣੀ ਪਰੈਕਟਸ ਬਾਰੇ ਸੋਚਾਂ। ਪਰ ਰਮਨ ਦੀ ਯਾਦ ਭੁਲਾਉਣ

ਵਿੱਚ ਮੈਂ ਸਫ਼ਲ ਨਹੀਂ ਹੋ ਸਕਿਆ। ਉਸਦਾ ਵਜੂਦ ਮੇਰੇ ਸਾਹਮਣੇ ਆ ਖੜਦਾ ਹੈ। ਮੈਨੂੰ ਫਿਰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਆਖ ਰਹੀ ਹੋਵੇ, ਡਾਕਟਰ ਇਸੇ ਹੀ ਤਰ੍ਹਾਂ ਹੱਥ ਤੇ ਹੱਥ ਧਰ ਕੇ ਬੈਠਾ ਰਹੇਂਗਾ। ਜੇ ਤੇਰੀ ਜ਼ਮੀਰ ਜਾਗਦੀ ਹੈ ਤਾਂ ਮੇਰੇ ਨਾਲ ਇਨਸਾਫ ਕਰ। ਦੋਸ਼ੀ ਨੂੰ ਸਜ਼ਾ ਕਿਉਂ ਨਹੀਂ ਦਵਾਉਂਦਾ। ਐਵੇਂ ਡਰ ਕੇ ਕਬੂਤਰ ਵਾਂਗ ਅੱਖਾਂ ਮੀਟ ਲਈਆਂ ਹਨ।"

ਇਹ ਸੋਚ ਕੇ ਮੇਰੀਆਂ ਅੱਖਾਂ ਭਰ ਆਉਂਦੀਆਂ ਹਨ। ਸੋਚਦਾ ਹਾਂ 'ਕੀ ਕਰਾਂ?' ਉਸ ਰਾਤ ਘਰ ਜਾ ਕੇ ਰਮਨ ਦੀ ਯਾਦ ਸਤਾਉਂਦੀ ਰਹੀ। ਅਖੀਰ ਵਿੱਚ ਮੈਂ ਫੈਸਲਾ ਕਰ ਲਿਆ ਕਿ ਬੋਹੇ ਨੂੰ ਇਸਦੀ ਸਜ਼ਾ ਜ਼ਰੂਰ ਦਵਾਵਾਂਗਾ। ਚਾਹੇ ਮੈਨੂੰ ਕਿੰਨੀ ਵੀ ਕੀਮਤ ਅਦਾ ਕਰਨੀ ਪਵੇ। ਹੁਣ ਰਮਨ ਵੱਲੋਂ ਲਿਖੀ ਡਾਇਰੀ ਦੀ ਲੋੜ ਹੈ। ਹੋ ਸਕਦਾ ਹੈ ਡਾਇਰੀ ਵਿੱਚੋਂ ਕੋਈ ਹੋਰ ਸੁਰਾਗ ਲੱਭ ਸਕੇ। ਦੂਜੇ ਦਿਨ ਮੈਂ ਕੁਝ ਮਰੀਜ਼ ਦੇਖਣ ਤੋਂ ਬਾਅਦ ਘਰ ਦੇ ਬਰਾਂਡੇ ਵਿਚ ਚਲਾ ਗਿਆ। ਬਰਾਂਡੇ ਵਿਚੱ ਪੱਖਾ ਚੱਲ ਰਿਹਾ ਹੈ। ਗਿਆਨੀ ਸ਼ਰਾਬ ਪੀ ਕੇ ਮੰਜੇ 'ਤੇ ਪਿਆ ਘੁਰਾੜੇ ਮਾਰ ਰਿਹਾ ਹੈ। ਮੈਂ ਹੌਲੀ-ਹੌਲੀ ਜਾ ਕੇ ਡਰਾਇੰਗ ਰੂਮ ਦਾ ਦਰਵਾਜ਼ਾ ਖੋਲਦਾ ਹਾਂ। ਸੋਫੇ ਦੇਖਦਾ ਹਾਂ। ਬੈੱਡ ਉਪਰੋਂ ਗਦੈਲੇ ਚੱਕ ਕੇ ਦੇਖਦਾ ਹਾਂ। ਸੈਲਫਾ ਉਪਰ ਨਿਗਾ ਮਾਰਦਾ ਹਾਂ ਪਰ ਡਾਇਰੀ ਕਿਤੇ ਵੀ ਨਜ਼ਰ ਨਹੀਂ ਆ ਰਹੀ। ਆਖਰ ਨਿਰਾਸ਼ ਹੋ ਕੇ ਮੁੜ ਕਲੀਨਿਕ ਵਿੱਚ ਚਲਿਆ ਜਾਂਦਾ ਹਾਂ।

ਅਖੀਰ ਮੈਂ ਇਸ ਨਤੀਜੇ 'ਤੇ ਪਹੁੰਚਦਾ ਹਾਂ ਕਿ ਗਿਆਨੀ ਨੂੰ ਕਿਸੇ ਵੀ ਤਰੀਕੇ ਪੂਰਾ ਵਿਸ਼ਵਾਸ ਵਿੱਚ ਲਿਆ ਜਾਵੇ। ਫਿਰ ਡਾਇਰੀ ਲੱਭਣ ਲਈ ਘਰ ਦਾ ਕੋਨਾ ਕੋਨਾ ਛਾਣ ਦਿੱਤਾ ਜਾਵੇ। ਦੂਜੇ ਦਿਨ ਗਿਆਨੀ ਨੂੰ ਆਖਦਾ ਹਾਂ,

"ਅੰਕਲ ਤੁਸੀਂ ਰੋਟੀ ਨਾ ਪਕਾਇਆ ਕਰੋ। ਰੋਟੀ ਮੈਂ ਘਰੋਂ ਲੈ ਆਇਆ ਕਰਾਂਗਾ।"

ਪਹਿਲਾਂ ਤਾਂ ਉਹ ਨਾਂਹ ਨੁਕਰ ਕਰਦਾ ਹੈ ਪਰ ਬਾਅਦ ਵਿੱਚ ਇਸ ਗੱਲ ਲਈ ਸਹਿਮਤ ਹੋ ਜਾਂਦਾ ਹੈ। ਹੁਣ ਮੈਂ ਹਰ ਰੋਜ ਘਰੋਂ ਸੁਵੱਖਤੇ ਚੱਲ ਕੇ ਗਿਆਨੀ ਪਾਸ ਆਉਣ ਲੱਗ ਪਿਆ। ਪਹਿਲਾਂ ਤਾਂ ਉਸਨੂੰ ਚਾਹ ਬਣਾ ਕੇ ਦਿੰਦਾ। ਬਾਅਦ ਵਿੱਚ ਉਸਦੀ ਰੋਟੀ ਡੱਬੇ ਵਿੱਚ ਬੰਦ ਕਰਕੇ ਰੱਖ ਦਿੰਦਾ। ਇਹ ਸਭ ਕੁਝ ਕਰਦਾ ਹੋਇਆ ਮੈਂ ਆਸੇ ਪਾਸੇ ਡਾਇਰੀ ਦੀ ਭਾਲ ਵੀ ਕਰਦਾ ਰਹਿੰਦਾ। ਕੁਝ ਦਿਨ ਬੀਤ ਗਏ। ਇਕ ਦਿਨ ਗਿਆਨੀ ਮੈਨੂੰ ਕਹਿੰਦਾ, "ਡਾਕਟਰ ਕੱਲ੍ਹ ਨੂੰ ਮੈਂ ਰਿਸ਼ਤੇਦਾਰੀਆਂ ਵਿੱਚ ਮਿਲਣ ਜਾਣਾ ਹੈ। ਦੋ-ਚਾਰ ਦਿਨ ਰਹਿ ਕੇ ਵਾਪਸ ਮੁੜ ਆਵਾਂਗਾ। ਕੀ ਤੂੰ ਰਾਤ ਨੂੰ ਇਥੇ ਰਹਿ ਸਕਦਾ ਏ?"

ਅੰਨਾ ਕੀ ਭਾਲੇ ਦੋ ਅੱਖਾਂ। ਮੈਂ ਆਖਦਾ ਹਾਂ, "ਅੰਕਲ ਜ਼ਰੂਰ ਰਹਾਂਗਾ ਜਦ ਤੁਸੀਂ ਆਖ ਰਹੇ ਹੋ ਫਿਰ ਮੈਂ ਕਿਉਂ ਨਹੀਂ ਰਹਾਂਗਾ।"

ਸ਼ਾਮ ਨੂੰ ਕਲੀਨਿਕ ਬੰਦ ਕਰਕੇ ਮੈਂ ਸ਼ਹਿਰ ਚਲਿਆ ਜਾਂਦਾ ਹਾਂ। ਪੰਜ ਛੋਟੀਆਂ-ਛੋਟੀਆਂ ਜਿੰਦੀਆਂ ਖਰੀਦ ਲੈਂਦਾ ਹਾਂ। ਦੂਜੇ ਦਿਨ ਗਿਆਨੀ ਚਾਰ ਵਜੇ ਦੇ ਕਰੀਬ ਮੈਨੂੰ ਘਰ ਦੀਆਂ ਚਾਬੀਆਂ ਸੌਂਪ ਦਿੰਦਾ ਹੈ ਅਤੇ ਆਪ ਉਹ ਚਲਿਆ ਜਾਂਦਾ ਹੈ। ਰਾਤ ਨੂੰ ਮੈਂ ਲਿਆਂਦੀਆਂ ਹੋਈਆਂ ਜਿੰਦੀਆਂ ਦੀਆਂ ਸਾਰੀਆਂ ਚਾਬੀਆਂ ਇਕੱਠੀਆਂ ਕਰਦਾਂ ਹਾਂ। ਉਨ੍ਹਾਂ ਵਿਚੋਂ ਦੋ ਚਾਬੀਆਂ ਅਲਮਾਰੀਆਂ ਦੀਆਂ ਜਿੰਦੀਆਂ ਨੂੰ ਲੱਗ ਜਾਂਦੀਆਂ ਹਨ। ਫਿਰ ਮੈਂ ਪਹਿਲੀ ਅਲਮਾਰੀ ਦੇਖਦਾ ਹਾਂ। ਇਥੇ ਕਪੜੇ ਤਹਿ ਕਰਕੇ ਰੱਖੇ ਹੋਏ ਹਨ। ਉਨ੍ਹਾਂ ਨੂੰ ਚੰਗੀ ਤਰ੍ਹਾਂ ਫੋਲਦਾ ਹਾਂ। ਪਰ ਡਾਇਰੀ ਕਿਤੇ ਨਹੀਂ ਦਿਸ ਰਹੀ। ਇਸ ਉਪਰੰਤ ਮੈਂ ਦੂਜੀ ਅਲਮਾਰੀ ਖੋਲਦਾ ਹਾਂ। ਇਸ ਵਿੱਚ ਕਿਤਾਬਾਂ ਅਤੇ ਨੋਟਸ ਵਾਲੀਆਂ ਕਾਪੀਆਂ ਪਈਆਂ ਹਨ। ਉਹ ਇਕੱਲੀ ਇਕੱਲੀ ਚੱਕ ਕੇ ਦੇਖਦਾ ਹਾਂ। ਪਰ ਮਿਹਨਤ ਸਫ਼ਲ ਨਹੀਂ ਹੋ ਰਹੀ। ਫਿਰ ਡਰਾਇੰਗ ਰੂਮ ਦੀ ਇਕੱਲੀ ਇਕੱਲੀ ਵਸਤੂ ਉਲਟਾ-ਪੁਲਟਾ ਕੇ ਉਸੇ ਤਰ੍ਹਾਂ ਰੱਖੀ ਜਾਂਦਾ ਹਾਂ। ਇਸਤੋਂ ਬਾਅਦ ਰਸੋਈ ਦੀਆਂ ਸੈਲਫਾਂ ਉਸ ਨਾਲ ਦਾ ਬਿਸਤਰਿਆਂ ਵਾਲਾ ਕਮਰਾ, ਮੂਹਰਲੇ ਬਰਾਂਡੇ ਦੀਆਂ ਸੈਲਫਾਂ ਸਭ ਨੂੰ ਵੇਖੀ ਜਾ ਰਿਹਾ ਹਾਂ। ਪਰ ਡਾਇਰੀ



ਕਿਤੇ ਵੀ ਨਹੀਂ ਅਖੀਰ ਹੌਂਸਲਾ ਢਾਹ ਕੇ ਬਹਿ ਜਾਂਦਾ ਹਾਂ। ਬਲਬ ਦੀ ਚਾਨਣੀ ਵਿੱਚ ਰਮਨ ਵੱਲੋਂ ਲਿਖਿਆ ਐਮ. ਏ. ਦਾ ਨੋਟਸ ਵੇਖਣ ਲੱਗ ਪੈਂਦਾ ਹਾਂ। ਉਸ ਉੱਪਰ ਇਕ ਥਾਂ ਲਿੱਖਿਆ ਹੈ,

"ਅਸੰਭਵ ਨੇ ਸੰਭਵ ਨੂੰ ਪੁੱਛਿਆ, "ਤੂੰ ਕਿਥੇ ਰਹਿਨਾ ਏਂ?"

ਸੰਭਵ ਨੇ ਆਖਿਆ, "ਜਿਥੇ ਸਖਤ ਮਿਹਨਤ, ਲਗਨ, ਦ੍ਰਿੜਤਾ ਅਤੇ ਆਤਮ ਵਿਸ਼ਵਾਸ ਅਤੇ ਅੱਗੇ ਵਧਣ ਦੀ ਇੱਛਾ ਹੋਵੇ।"

ਫਿਰ ਸੰਭਵ ਨੇ ਅਸੰਭਵ ਨੂੰ ਸਵਾਲ ਕੀਤਾ, "ਤੂੰ ਕਿਥੇ ਰਹਿਨਾ ਏ?"

"ਮੇਰਾ ਵਾਸਾ ਤਾਂ ਸਿਰਫ ਕਮਜੋਰਾਂ ਦੇ ਸੁਪਨਿਆ ਵਿਚ ਹੈ।" ਅਸੰਭਵ ਬੋਲਿਆ।

ਇਹ ਪੜ੍ਹਕੇ ਮੈਂ ਮਿੱਥ ਲਿਆ ਕਿ ਮੈਂ ਹਾਰ ਨਹੀਂ ਮੰਨਗਾ। ਡਾਇਰੀ ਲੱਭਣ ਲਈ ਮੈਂ ਘਰ ਦਾ ਪੱਤਾ-ਪੱਤਾ ਛਾਣ ਦਿਆਂਗਾ। ਕੁਝ ਸਮੇਂ ਬਾਅਦ ਲਾਈਟ ਚਲੀ ਗਈ। ਦੂਜੇ ਦਿਨ ਸੁਵੱਖਤੇ ਉੱਠ ਕੇ ਫਿਰ ਡਾਇਰੀ ਲੱਭਣ ਲਗਦਾ ਹਾਂ। ਸਾਰੇ ਕਮਰਿਆਂ ਦੀ ਫਰੋਲਾ ਫਰਾਲੀ ਕਰਦਾ ਹਾਂ, ਅਖੀਰ ਸਟੋਰ ਵਿੱਚ ਦੇਖਣ ਲਗਦਾ ਹਾਂ। ਸਟੋਰ ਵਿੱਚ ਪੱਖਾ ਨਹੀਂ ਗਰਮੀ ਬਹੁਤ ਜਿਆਦਾ ਹੈ। ਪਰ ਮੈਂ ਦ੍ਰਿੜ ਇਰਾਦੇ ਨਾਲ ਡਾਇਰੀ ਭਾਲਣ ਦਾ ਯਤਨ ਕਰਦਾ ਹਾਂ। ਸਟੋਰ ਵਿੱਚ ਪਏ ਕਬਾੜ ਨੂੰ ਇਧਰ-ਉਧਰ ਪੁਲਟਾ ਕੇ ਵੇਖਦਾ ਹਾਂ। ਬਿਜਲੀ ਦਾ ਸਮਾਨ ਲੋਹਾ, ਖਾਲੀ ਬੋਤਲਾਂ ਅਤੇ ਹੋਰ ਸਮਾਨ ਵਿੱਚੋਂ ਡਾਇਰੀ ਲੱਭਦਾ ਹਾਂ। ਆਖਰ ਮੈਨੂੰ ਡਾਇਰੀ ਸਟੋਰ ਵਿਚੋਂ ਮਿਲ ਜਾਂਦੀ ਹੈ ਡਾਇਰੀ ਨੂੰ ਘੁਟ ਕੇ ਛਾਤੀ ਨਾਲ ਲਾ ਲੈਂਦਾ ਹਾਂ। ਫਿਰ ਡਰਾਇੰਗ ਰੂਮ ਵਿੱਚ ਜਾ ਕੇ ਪੜ੍ਹਨਾ ਸ਼ੁਰੂ ਕਰ ਦਿੰਦਾ ਹਾਂ।

*ਇਕ ਜੂਨ-*

ਡਾਕਟਰ ਮੈਂ ਤੇਰੇ ਨਾਲ ਪਰੋਮਿਸ ਕਰ ਚੁੱਕੀ ਹਾਂ ਕਿ ਜੋ ਡਾਇਰੀ ਵਿੱਚ ਲਿਖਾਂਗੀ ਬਿਲਕੁਲ ਸੱਚ ਲਿਖਾਂਗੀ। ਲਿਖਣ ਲੱਗਿਆ ਮੈਨੂੰ ਸ਼ਰਮ ਵੀ ਆਉਂਦੀ ਹੈ। ਪਰ...

ਦਸ ਸਾਲ ਪਹਿਲਾਂ ਦੀ ਗੱਲ ਹੈ। ਮੈਂ ਪਲੱਸ ਵੰਨ ਵਿੱਚ ਪੜ੍ਹਦੀ ਸਾਂ। ਗਰਮੀ ਦੀਆਂ ਛੁੱਟੀਆਂ ਹੋਣ ਵਾਲੀਆਂ ਸਨ। ਉਸ ਦਿਨ ਵੀ ਇਕ ਜੂਨ ਹੀ ਸੀ।

ਉਸ ਦਿਨ ਮਾਸਟਰਾਂ ਨੇ ਮੇਰੀ ਅਤੇ ਬੋਹੇ ਦੀ ਭੈਣ ਰਾਣੀ ਦੀ ਡਿਊਟੀ ਉਨ੍ਹਾਂ ਲਈ ਚਾਹ ਬਣਾਉਣ ਲਈ ਲਾ ਦਿੱਤੀ। ਫਿਰ ਜੋ ਘਟਨਾ ਘਟੀ ਉਸ ਸਮੇਂ ਅਸੀਂ ਚਾਹ ਬਣਾ ਰਹੀਆਂ ਸਾਂ। ਇਲੈਕਟਵ ਪੰਜਾਬੀ ਪੜਾਉਣ ਵਾਲੇ ਮਾਸਟਰ ਨੂੰ ਸਾਰੇ ਬਾਬਾ ਮਾਸਟਰ ਆਖਦੇ ਸਨ। ਉਹ ਸਾਡਾ ਕਲਾਸ ਇਨਚਾਰਜ ਵੀ ਸੀ। ਉਸਦੇ ਹਮੇਸ਼ਾਂ ਮੋਟੀਆਂ ਐਨਕਾਂ ਲੱਗੀਆਂ ਹੁੰਦੀਆਂ। ਉਹ ਬੇ ਢੱਬੀ ਜਿਹੀ ਪੱਗ ਬੰਨ੍ਹਦਾ ਸੀ। ਮਾਸਟਰ ਦਸਦੇ ਸਨ ਕਿ ਇਸਦੀ ਤਨਖਾਹ ਸਾਰੇ ਮਾਸਟਰਾਂ ਨਾਲੋਂ ਜਿਆਦਾ ਹੈ। ਪਰ ਇਹ ਦੁਆਨੀ ਖਰਚਕੇ ਰਾਜੀ ਨਹੀਂ। ਇਹ ਵੀ ਸੁਣਿਆ ਕਿ ਉਸਦੀ ਆਪਦੀ ਪਤਨੀ ਨਾਲ ਅਣ ਬਣ ਰਹਿੰਦੀ ਹੈ।

ਉਸ ਬਾਰੇ ਸਾਨੂੰ ਇਹ ਵੀ ਪਤਾ ਲੱਗ ਚੁੱਕਿਆ ਸੀ ਕਿ ਇਕ ਵਾਰ ਸਕੂਲ ਆਉਣ ਲੱਗਿਆ ਉਹ ਬੱਸ ਵਿੱਚ ਇਕ ਮੈਡਮ ਨਾਲ ਬੈਠ ਗਿਆ। ਹੌਲੀ-ਹੌਲੀ ਉਹ ਮੈਡਮ ਨੂੰ ਛੇੜਨ ਲੱਗ ਪਿਆ। ਪਹਿਲਾਂ ਤਾਂ ਉਹ ਵਿਚਾਰੀ ਸ਼ਰਮ ਦੀ ਮਾਰੀ ਸੁੰਡੀ ਵਾਂਗ ਇਕੱਠੀ ਜੀ ਹੁੰਦੀ ਰਹੀ। ਜਦ ਉਹ ਹੋਰ ਅੱਗੇ ਵਧਦਾ ਗਿਆ ਤਾਂ ਮੈਡਮ ਨੇ ਉਸਦੇ ਵੱਟ ਕੇ ਥੱਪੜ ਮਾਰ ਦਿੱਤਾ। ਸਾਰੀ ਬੱਸ ਵਿੱਚ ਰੌਲਾ ਪੈ ਗਿਆ। ਬਾਅਦ ਵਿਚ ਉਸਨੂੰ ਬੱਸ ਵਿੱਚੋਂ ਲਾਹ ਕੇ ਚੰਗਾ ਕੁਟਾਪਾ ਚਾੜ੍ਹਿਆ ਗਿਆ। ਉਹ ਪੂਰੇ ਪੰਦਰਾਂ ਦਿਨ ਸਕੂਲ ਨਾ ਆਇਆ।

ਹਾਂ ਗੱਲ ਉਥੋਂ ਹੀ ਸ਼ੁਰੂ ਕਰਾਂ... ਇਕ ਜੂਨ ਤੋਂ। ਚਾਹ ਬਣਾਉਂਦਿਆਂ ਮੇਰੇ ਨਾਲ ਦੀ ਕੁੜੀ ਰਾਣੀ ਨੂੰ ਸਾਡੀ ਸਾਇੰਸ ਵਾਲੀ ਮੈਡਮ ਨੇ ਹਾਕ ਮਾਰ ਲਈ। ਸਟਾਫ ਰੂਮ ਵਿੱਚ ਮੇਰੇ ਤੋਂ ਬਿਨਾ ਹੋਰ ਕੋਈ ਨਹੀਂ ਸੀ। ਜਦ ਮੈਂ ਗਲਾਸਾਂ ਵਿਚ ਚਾਹ ਪਾਉਣ ਲੱਗੀ ਤਾਂ ਬਾਬਾ ਮਾਸਟਰ ਆ ਗਿਆ। ਮੈਨੂੰ ਕਹਿਣ ਲੱਗਾ,

"ਰਮਨਦੀਪ ਕਿੰਨੇ ਘੰਟੇ ਪੜ੍ਹਦੀ ਹੁੰਨੀ ਏਂ?"

ਮੈਂ ਆਖਿਆ, "ਸਰ ਜਦ ਟਾਈਮ ਲੱਗੇ ਉਦੋਂ ਪੜ੍ਹ ਲੈਂਦੀ ਹਾਂ।"

"ਪੜ੍ਹਿਆ ਚੰਗੀ ਤਰ੍ਹਾਂ ਯਾਦ ਰਹਿ ਜਾਂਦਾ ਐ?"

"ਹਾਂ ਜੀ।"

"ਅੱਛਾ ਫਿਰ ਤਾਂ ਤੇਰੀ ਯਾਦ ਸ਼ਕਤੀ ਬਹੁਤ ਏ।"

ਪਰ ਮੈਂ ਕੁਝ ਨਾ ਬੋਲੀ। ਫਿਰ ਉਹ ਕਹਿਣ ਲੱਗਾ, "ਅੱਛਾ ਇਉਂ ਦੱਸ ਤੈਨੂੰ ਕਦੇ ਕਿਸੇ ਦੀ ਯਾਦ ਨਹੀਂ ਆਉਂਦੀ?"

"ਕੀ ਮਤਲਬ ਸਰ। ਮੈਂ ਸਮਝੀ ਨਹੀਂ।" ਮੈਂ ਆਖਿਆ।

ਉਹ ਕੁਰਸੀ ਤੇ ਬੈਠ ਗਿਆ ਅਤੇ ਕਹਿਣ ਲੱਗਾ, "ਉਰੇ ਆ ਤੈਨੂੰ ਸਮਝਾਵਾਂ।"

ਮੈਂ ਉਸ ਪਾਸ ਚਲੀ ਗਈ। ਉਹ ਉੱਠਕੇ ਖੜਾ ਹੋ ਗਿਆ ਅਤੇ ਕਹਿਣ ਲੱਗਾ, "ਇਹ ਗੱਲ ਤੇਰੇ ਕੰਨ ਵਿਚ ਦਸਦਾ ਹਾਂ।"

ਮੈਂ ਸ਼ਰਮ ਨਾਲ ਪਾਣੀ ਪਾਣੀ ਹੋ ਗਈ। ਫਿਰ ਸੋਚਿਆ ਤਾਂ ਕੀ ਆ। ਅਕਸਰ ਨੂੰ ਇਹ ਉਸਤਾਦ ਹੈ। ਇਉਂ ਕਿਤੇ ਮੂੰਹ 'ਚ ਤਾਂ ਨੀ ਪਾ ਲੂ। ਪਰ ਉਸਨੇ ਕੰਨ ਵਿੱਚ ਦੱਸਣ ਦੀ ਬਜਾਏ ਮੈਨੂੰ ਚੁੰਮਣਾ ਸ਼ੁਰੂ ਕਰ ਦਿੱਤਾ। ਮੈਂ ਤਾੜ ਕਰਦਾ ਥੱਪੜ ਉਸਦੇ ਬੂਥੇ ਤੇ ਮਾਰਿਆ ਅਤੇ ਨਾਲ ਹੀ ਧੱਕਾ ਦੇ ਦਿੱਤਾ। ਉਹ ਫਰਸ਼ ਤੇ ਬੁਰੀ ਤਰ੍ਹਾਂ ਡਿੱਗ ਪਿਆ। ਜਿਧਰ ਉਹ ਡਿੱਗਿਆ ਸਟਾਫ਼ ਰੂਮ ਦਾ ਗੇਟ ਉਧਰ ਹੀ ਸੀ। ਮੈਂ ਉਥੋਂ ਭੱਜਣ ਲੱਗੀ। ਪਰ ਉਸਨੇ ਉੱਠ ਕੇ ਮੇਰੇ ਪੈਰ ਫੜ੍ਹ ਲਏ। ਫਿਰ ਕਹਿਣ ਲੱਗਾ, "ਰਮਨ ਦੀਪ ਮੈਥੋਂ ਗਲਤੀ ਹੋ ਗਈ ਏ। ਮਾਫ ਕਰਦੇ। ਨਹੀਂ ਮੈਂ ਮਾਰਿਆ ਜਾਵਾਂਗਾ।"

ਫਿਰ ਉਹ ਬੱਚਿਆਂ ਵਾਂਗ ਲੇਲੜੀਆਂ ਕੱਢਣ ਲੱਗ ਪਿਆ। ਪਰ ਮੈਂ ਤਾਂ ਕ੍ਰੋਧ ਨਾਲ ਉਬਲੀ ਪਈ ਸਾਂ। ਮੈਂ ਆਖਿਆ, "ਬਾਬਿਆਂ ਮੈਂ ਤਾਂ ਪ੍ਰਿੰਸੀਪਲ ਸਰ ਨੂੰ ਜਾ ਕੇ ਦਸਦੀ ਆ।" ਇਹ ਕਹਿਕੇ ਮੇਰਾ ਰੋਣ ਨਿਕਲ ਗਿਆ। ਉਹ ਫਿਰ ਬੋਲਿਆ, "ਰਮਨਦੀਪ ਤੂੰ ਤਾਂ ਮੇਰੀ ਧੀਆਂ ਵਰਗੀ ਏਂ। ਅੱਜ ਤੋਂ ਮੈਂ ਤੈਨੂੰ ਧੀ ਹੀ ਸਮਝਾਂਗਾ। ਪਲੀਜ਼ ਕਿਸੇ ਕੋਲ ਗੱਲ ਨਾ ਕਰੀਂ।" ਇਹ ਕਹਿ ਕੇ ਉਹ ਮੇਰੇ ਮੂਹਰੇ ਹੱਥ ਬੰਨ੍ਹ ਕੇ ਖੜ ਗਿਆ। ਮੈਂ ਉਥੋਂ ਨਿਕਲਣ ਹੀ ਲੱਗੀ ਸੀ ਜਦ ਨੂੰ ਰਾਣੀ ਆ ਗਈ। ਅਸੀਂ ਚਾਹ ਗਲਾਸਾਂ ਵਿੱਚ ਪਾਈ ਅਤੇ ਮਾਸਟਰਾਂ ਨੂੰ ਫੜਾਉਣ ਲੱਗ ਪਈਆਂ। ਉਸ ਦਿਨ ਮੈਂ ਘਰ ਆ ਕੇ ਬਹੁਤ ਰੋਈ। ਜਦ ਮੇਰੀ ਮੰਮੀ ਪੁੱਛਣ ਲੱਗੀ ਤਾਂ ਮੈਂ ਝੂਠ ਬੋਲਿਆ ਅਤੇ ਆਖਿਆ ਕਿ ਅੱਜ ਅੰਗਰੇਜ਼ੀ ਦੇ ਟੈਸਟ ਵਿਚ ਮੇਰੇ ਸਿਰਫ ਦਸਾਂ ਵਿੱਚੋਂ ਦੋ ਨੰਬਰ ਹੀ ਆਏ ਹਨ। ਇਹ ਸਭ ਕੁਝ ਮੈਂ ਰਾਣੀ ਨੂੰ ਦੱਸ ਦਿੱਤਾ ਸੀ ਅਤੇ ਉਸਨੂੰ ਆਖਿਆ ਕਿ ਉਹ ਹੋਰ ਕਿਸੇ ਕੋਲ ਗੱਲ ਨਾ ਕਰੇ।

ਉਸ ਦਿਨ ਤੋਂ ਬਾਅਦ ਬਾਬੇ ਮਾਸਟਰ ਨੇ ਮੇਰੇ ਨਾਲ ਕਦੇ ਅੱਖ ਮਿਲਾਉਣ ਦੀ ਜੁਅਰਤ ਨਾ ਕੀਤੀ। ਪਰ ਊਠ ਵਾਂਗ ਉਸਨੇ ਮਨ ਵਿੱਚ ਖੋਟ ਰੱਖਿਆ। ਇਸਦਾ ਪਤਾ ਮੈਨੂੰ ਅਗਲੇ ਸਾਲ 31 ਮਾਰਚ ਨੂੰ ਲੱਗਿਆ। ਮੇਰੇ ਤਾਂ ਪੈਰਾ ਥੱਲਿਉਂ ਜ਼ਮੀਨ ਖਿਸਕਣ ਲੱਗ ਪਈ। ਜਦ ਮੇਰਾ ਨਾਂ ਫੇਲ੍ਹ ਵਿਦਿਆਰਥੀਆਂ ਦੀ ਲਿਸਟ ਵਿਚ ਬੋਲਿਆ ਗਿਆ। ਮੈਨੂੰ ਵਿਸ਼ਵਾਸ ਸੀ ਕਿ ਮੈਂ ਫੇਲ ਨਹੀਂ ਹੋ ਸਕਦੀ। ਅੱਧਿਓ ਵੱਧ ਕੁੜੀਆਂ ਤੋਂ ਮੈਂ ਹੁਸਿਆਰ ਸਾਂ। ਇਸ ਤੋਂ ਬਿਨਾ ਰਾਣੀ ਪੜ੍ਹਨ ਵਿੱਚ ਮੈਥੋਂ ਕਮਜ਼ੋਰ ਸੀ ਜੋ ਪਾਸ ਹੋ ਗਈ। ਨਤੀਜਾ ਬੋਲਣ ਸਾਰ ਰਾਣੀ ਮੇਰੇ ਪਾਸ ਆ ਗਈ। ਮੈਨੂੰ ਕਹਿਣ ਲੱਗੀ ਕਿ ਰਮਨ ਤੈਨੂੰ ਬਾਬੇ ਮਾਸਟਰ ਨੇ ਜਾਣ ਕੇ ਫੇਲ ਕਰ ਦਿੱਤਾ ਹੈ।

ਰਾਣੀ ਮੇਰੇ ਨਾਲ ਹੀ ਸਾਡੇ ਘਰ ਪਹੁੰਚ ਗਈ। ਮੈਂ ਟੁੱਟ ਫੁੱਟ ਰੋ ਰਹੀ ਸਾਂ। ਜਦ ਮੇਰੀ ਮਾਂ ਨੂੰ ਪਤਾ ਲੱਗਿਆ



ਉਹ ਸੁਣਕੇ ਭੂਹੇ ਹੋ ਗਈ ਅਤੇ ਕਹਿਣ ਲੱਗੀ, "ਹਰਾਂਬੜੇ ਐਡੀ ਐਡੀ ਰਾਤ ਤੱਕ ਕੀ ਪੜ੍ਹਦੀ ਰਹੀ ਏ? ਹੁਣ ਬੂਥਾ ਜਿਹਾ ਬਣਾ ਕੇ ਘਰ ਆ ਗਈ ਏ।"

ਮੈਂ ਆਖਿਆ, "ਮੈਂ ਫੇਲ ਨਹੀਂ ਹੋ ਸਕਦੀ। ਮੇਰੀ ਪੱਥਰ 'ਤੇ ਲਕੀਰ ਆ। ਮੈਨੂੰ ਜਾਣ ਬੁੱਝਕੇ ਫੇਲ੍ਹ ਕੀਤਾ ਗਿਆ ਏ।"

ਜਦ ਇੱਕ ਜੂਨ ਵਾਲੀ ਗੱਲ ਰਾਣੀ ਨੇ ਮੇਰੀ ਮਾਂ ਨੂੰ ਦੱਸੀ ਤਾਂ ਮੇਰੀ ਮਾਂ ਸੇਰਨੀ ਵਾਂਗ ਦਹਾੜੀ। ਉਦੋਂ ਬੋਹੇ ਦਾ ਦਾਦਾ ਸਰਪੰਚ ਸੀ। ਮੇਰੀ ਮਾਂ ਨੇ ਮੈਨੂੰ ਅਤੇ ਰਵੀ ਨੂੰ ਨਾਲ ਲਿਜਾ ਕੇ ਬੋਹੇ ਦੀ ਦਾਦੀ ਨੂੰ ਸਭ ਕੁਸ਼ ਦੱਸ ਦਿੱਤਾ। ਉਸਤੋਂ ਅਗਲੇ ਦਿਨ ਰਾਣੀ ਦਾ ਦਾਦਾ ਇਕ ਸਾਡੇ ਪਿੰਡ ਦੇ ਮਾਸਟਰ ਨੂੰ ਨਾਲ ਲਿਜਾਕੇ ਪ੍ਰਿੰਸੀਪਲ ਸਾਹਿਬ ਨੂੰ ਜਾ ਮਿਲਿਆ। ਉਨ੍ਹਾਂ ਨੇ ਸਾਰੀ ਗੱਲ ਪ੍ਰਿੰਸੀਪਲ ਸਾਹਿਬ ਨੂੰ ਦੱਸੀ। ਉਹ ਸਾਨੂੰ ਹਿਸਾਬ ਪੜ੍ਹਾਉਂਦੇ ਸਨ। ਜਦ ਉਨ੍ਹਾਂ ਨੂੰ ਪਤਾ ਲੱਗਿਆ ਤਾਂ ਉਹ ਹੈਰਾਨ ਰਹਿ ਗਈ ਅਤੇ ਆਖਿਆ ਕਿ ਰਮਨ ਤਾਂ ਹੁਸ਼ਿਆਰ ਲੜਕੀ ਹੈ। ਇਹ ਕਿਵੇਂ ਫੇਲ ਹੋ ਗਈ। ਉਨ੍ਹਾਂ ਨੇ ਤੁਰੰਤ ਹੀ ਰੀਜਲਟ ਫਾਈਲ ਮੰਗਵਾਈ। ਮੈਨੂੰ ਉਸ ਉਪਰ ਫੇਲ੍ਹ ਦਰਸਾਇਆ ਗਿਆ ਸੀ। ਸੇਵਾਦਾਰ ਨੂੰ ਭੇਜ ਕੇ ਮੇਰੇ ਪੇਪਰ ਮੰਗਵਾਏ। ਸਿਵਾਏ ਇਲੈਕਟਵ ਪੰਜਾਬੀ ਮੈਂ ਸਾਰੇ ਮਜਬੂਨਾਂ ਵਿੱਚੋਂ ਪਾਸ ਸਾਂ। ਇਲੈਕਟਵ ਪੰਜਾਬੀ ਦਾ ਪੇਪਰ ਦੁਬਾਰਾ ਹੋਰ ਕਿਸੇ ਮਾਸਟਰ ਤੋਂ ਚੈਕ ਕਰਵਾਇਆ ਗਿਆ। ਉਸ ਵਿੱਚ ਮੇਰੇ 60% ਤੋਂ ਉਪਰ ਮਾਰਕਸ ਆਏ। ਅਖੀਰ ਮੈਨੂੰ ਪਾਸ ਘੋਸ਼ਤ ਕਰ ਦਿੱਤਾ। ਪ੍ਰਿੰਸੀਪਲ ਨੇ ਬਾਬੇ ਮਾਸਟਰ ਨੂੰ ਬੁਲਾ ਕੇ ਚੰਗੀ ਝਾੜ ਝੰਬ ਕੀਤੀ। ਰਾਣੀ ਦੇ ਦਾਦੇ ਨੇ ਆਖਿਆ, "ਮਾਸਟਰ ਤੂੰ ਇਥੋਂ ਬਦਲੀ ਕਰਵਾ ਲੈ। ਨਹੀਂ ਪੰਚਾਇਤ ਵੱਲੋਂ ਮਤਾ ਪਾ ਕੇ ਤੇਰੀ ਸ਼ਿਕਾਇਤ ਕੀਤੀ ਜਾਵੇਗੀ। ਉਸ ਦਿਨ ਤੋਂ ਬਾਅਦ ਉਹ ਮਾਸਟਰ ਮੁੜ ਸਕੂਲ ਨਾ ਦਿੱਸਿਆ।

* * *

ਮੇਰੇ ਮਨ ਵਿੱਚ ਰਮਨ ਪ੍ਰਤੀ ਮੋਹ ਦੀ ਭਾਵਨਾ ਆ ਗਈ। ਮੈਂ ਸੋਚਿਆ ਕਿ ਰਮਨ ਤੂੰ ਕਿੰਨੀ ਦਲੇਰ ਸੈਂ ਜਿਸ ਨੇ ਆਪਦੇ ਪਿਓ ਦੀ ਉਮਰ ਦੇ ਅਧਿਆਪਕ ਨੂੰ ਥੱਪੜ ਮਾਰਕੇ ਉਸਨੂੰ ਆਪਦੀ ਜੁੰਮੇਵਾਰੀ ਪ੍ਰਤੀ ਅਹਿਸਾਸ ਕਰਵਾਇਆ। ਫੇਰ ਤੂੰ ਬੋਹੇ ਦੀ ਭੈਣ ਰਾਣੀ ਦੀ ਮਦਦ ਨਾਲ ਫੇਲ ਤੋਂ ਪਾਸ ਹੋ ਕੇ ਦਿਖਾਇਆ। ਇਹ ਸਭ ਕੁਸ ਤੇਰੀ ਅਗਾਂਹਵਧੂ ਸੋਚ ਦਾ ਪ੍ਰਤੀਕ ਹੈ। ਪਰ ਬੋਹੇ ਮੂਹਰੇ ਤੇਰੀ ਪੇਸ਼ ਨਾ ਗਈ। ਉਸਨੇ ਤੈਨੂੰ ਫਾਹਾ ਦੇ ਦਿੱਤਾ।

ਮੇਰਾ ਇਕ ਮਿੱਤਰ ਹਾਈ ਸਕੂਲ ਵਿੱਚ ਹਿੰਦੀ ਪੜ੍ਹਾਉਂਦਾ ਹੈ, ਉਸਨੇ ਇਕ ਦਿਨ ਦੱਸਿਆ ਕਿ ਉਨ੍ਹਾਂ ਦੇ ਸਕੂਲ ਇਕ ਗੰਜਾ ਮਾਸਟਰ ਹੈ। ਜਿਸਦੀ ਰੀਟਾਰਮੈਂਟ ਵਿੱਚ ਸਿਰਫ ਛੇ ਮਹੀਨੇ ਰਹਿੰਦੇ ਹਨ। ਉਸਦੀਆਂ ਜਾਭਾਂ ਅੰਦਰ ਨੂੰ ਬੜੀਆਂ ਹਨ। ਮੱਥੇ 'ਤੇ ਝੁਰੜੀਆਂ ਸਾਫ ਨਜ਼ਰ ਆਉਂਦੀਆਂ ਹਨ। ਅੱਖਾਂ ਅੰਦਰ ਨੂੰ ਧਸੀਆਂ ਹੋਈਆਂ ਹਨ। ਸਕੂਲ ਦੇ ਬੱਚਿਆਂ ਨੇ ਉਸਦਾ ਨਾਂ ਮਦਾਰੀ ਰੱਖਿਆ ਹੋਇਆ ਹੈ। ਕਿਉਂਕਿ ਉਸਨੂੰ ਟਪੂਸੀ ਮਾਰ ਕੇ ਗੱਲ ਕਰਨ ਦੀ ਆਦਤ ਹੈ।

ਉਸਨੂੰ ਅਸ਼ਲੀਲ ਗੱਲਾਂ ਮਸਾਲਾ ਲਾ ਕੇ ਕਰਨ ਦੀ ਆਦਤ ਹੈ। ਸਟਾਫ ਰੂਮ ਵਿੱਚ ਬੈਠਿਆ ਉਹ ਕਿਸੇ ਲੜਕੀ ਨੂੰ ਦੇਖ ਕੇ ਆਖ ਦਿੰਦਾ ਹੈ, "ਦੇਖੋ ਯਾਰ ਕਿੰਨਾ ਸੋਹਣਾ ਲੱਛਾ। ਕਿਵੇਂ ਸਰੀਰ ਬਣਿਆ ਹੋਇਆ।"

ਅਸੀਂ ਉਸਨੂੰ ਆਖ ਦਿੰਦੇ ਹਾਂ ਗਿਰਧਾਰੀ ਲਾਲ ਇਹ ਲੜਕੀਆਂ ਤੇਰੀਆਂ ਬੇਟੀਆਂ ਵਰਗੀਆਂ ਹਨ। ਪਰ ਫਿਰ ਵੀ ਉਸਦੀ ਆਦਤ ਨੀ ਜਾਂਦੀ। ਫਿਰ ਅਸੀਂ ਕਹਿ ਦਿੰਦੇ ਆ, ਗਿਰਧਾਰੀ ਲਾਲ ਦਾਣੇ ਤਾਂ ਤੇਰੇ ਮੁੱਕੇ ਪਏ ਆ। ਗੱਲਾਂ ਇਉਂ ਕਰਦਾ ਜਿਵੇਂ ਚਿੜੇ ਖਾਧੇ ਹੋਣ। ਯਾਰ ਭੋਰਾ ਆਪਦੀ ਉਮਰ ਦਾ ਵੀ ਖਿਆਲ ਰੱਖ ਲਿਆ ਕਰ।"

ਉਹ ਅੱਗੋਂ ਆਖ ਦਿੰਦਾ ਹੈ, "ਘੋੜਾ ਅਤੇ ਬੰਦਾ ਕਦੇ ਬੁੱਢੇ ਹੁੰਦੇ ਆ ਜੇ ਖੁਰਾਕਾਂ ਮਿਲਦੀਆਂ ਰਹਿਣ।"

ਫਿਰ ਸਾਡੇ ਵਿਚੋਂ ਹੀ ਕੋਈ ਆਖ ਦਿੰਦਾ ਹੈ, "ਯਾਰ ਜਾਭਾ ਤਾਂ ਤੇਰੀਆਂ ਅੰਦਰ ਨੂੰ ਧਸੀਆਂ ਪਈਆਂ ਹਨ। ਛੇ ਨੰਬਰ ਦੀਆਂ ਐਨਕਾਂ ਲਾਈ ਫਿਰਦੈਂ। ਅਜੇ ਆਖਦਾ ਮੈਂ ਬੁੱਢਾ ਨੀਂ ਹੋਇਆ।"

ਉਹ ਅੱਗੋਂ ਆਖਦਾ ਹੈ "ਤੁਸੀਂ ਜਿਵੇਂ ਮਰਜ਼ੀ ਆ ਸਮਝ ਲਵੋ। ਸਾਲਾ ਇਹ ਭੁਸ ਜਿਆ ਤਾਂ ਹੱਡਾਂ ਦੇ ਨਾਲ ਹੀ ਜਾਊ।"

"ਉਹ ਕਿਵੇਂ?" ਅਸੀਂ ਪੁਛ ਲੈਂਦੇ ਹਾਂ।

ਫਿਰ ਉਹ ਅਕਬਰ ਅਤੇ ਬੀਰਬਲ ਦੀ ਗਾਥਾ ਮਸਾਲਾ ਲਾ ਕੇ ਸੁਣਾਉਂਦਾ ਹੈ, ਇਕ ਵਾਰ ਅਕਬਰ ਨੇ ਬੀਰਬਲ ਨੂੰ ਪੁੱਛਿਆ, ਬੀਰਬਲ ਆਹ ਜਿਹੜੀ ਬੰਦੇ ਨੂੰ ਲਲਕ ਜੀ ਲੱਗੀ ਰਹਿੰਦੀ ਹੈ ਇਹ ਕਿੰਨੀ ਕੁ ਉਮਰ ਵਿੱਚ ਜਾ ਕੇ ਹਟਦੀ ਆ?" ਬੀਰਬਲ ਆਖਦਾ ਹੈ, "ਰਾਜਨ ਇਹ ਤਾਂ ਮਰਦੇ ਦਮ ਤੱਕ ਖਹਿੜਾ ਨੀ ਛੱਡਦੀ।"

"ਉਹ ਕਿਵੇਂ ਕੋਈ ਦਲੀਲ ਦੇ ਕੇ ਦੱਸ?"

"ਰਾਜਨ ਤੂੰ ਆਪਦੀ ਮਾਂ ਨੂੰ ਪੁਛ ਲਈ।"

ਅਕਬਰ ਨੇ ਆਪਦੀ ਮਾਂ ਨੂੰ ਜਾ ਪੁੱਛਿਆ। ਉਸਨੇ ਚੁੱਲ੍ਹੇ ਵਿਚੋਂ ਸੁਆਹ ਦੀ ਮੁੱਠੀ ਭਰ ਕੇ ਫੜਾ ਦਿੱਤੀ।

ਦੂਜੇ ਦਿਨ ਅਕਬਰ ਨੇ ਬੀਰਬਲ ਨੂੰ ਫਿਰ ਪੁੱਛਿਆ, "ਬੀਰਬਲ ਮੈਨੂੰ ਤਾਂ ਕੁਸ਼ ਸਮਝ ਜੀ ਨੀਂ ਔਂਦੀ। ਮਾਈ ਨੂੰ ਪੁੱਛਿਆ ਸੀ। ਉਸਨੇ ਚੁਲ੍ਹੇ ਵਿਚੋਂ ਸੁਆਹ ਦੀ ਮੁੱਠੀ ਭਰਕੇ ਫੜਾ ਦਿੱਤੀ। ਦੱਸਿਆ ਕੁਸ਼ ਨੀ?"

ਬੀਰਬਲ ਨੇ ਆਖਿਆ, "ਬਾਦਸਾਹ ਸਲਾਮਤ ਇਸਦਾ ਅਰਥ ਹੈ ਇਹ ਵਾਸਨਾ ਓਦੋਂ ਤੱਕ ਖਤਮ ਨੀ ਹੁੰਦੀ ਜਦੋਂ ਤੱਕ ਬੰਦੇ ਦੀ ਸੁਆਹ ਨਹੀਂ ਬਣ ਜਾਂਦੀ।

ਦੋ ਜੂਨ-

ਡਾਕਟਰ ਚਾਰ ਜੂਨ ਨੂੰ ਬੋਹੇ ਦੇ ਭਾਈ ਰਾਜੂ ਦਾ ਵਿਆਹ ਹੈ। ਉਸਦੀ ਭੂਆ ਦੀ ਕੁੜੀ ਭੋਲੀ ਪਰਸੋਂ ਦੀ ਆਈ ਹੋਈ ਹੈ। ਕੱਲ੍ਹ ਸ਼ਾਮ ਨੂੰ ਉਹ ਮੇਰੇ ਕੋਲ ਆ ਕੇ ਫੁਟ-ਫੁਟ ਰੋਣ ਲੱਗ ਪਈ। ਮੈਂ ਪੁੱਛਿਆ , 'ਭੋਲੀ ਕੋਈ ਗੱਲ ਤਾਂ ਦੱਸ ਐਵੇਂ ਰੋਈ ਜਾਂਨੀ ਏਂ। ਉਸਦੀਆਂ ਹੋਰ ਭੁੱਬਾਂ ਨਿਕਲ ਆਈਆਂ। ਮੈਂ ਉਸ ਨੂੰ ਚੁਪ ਕਰਾਉਣ ਦੀ ਕੋਸ਼ਿਸ਼ ਕਰਦੀ ਰਹੀ। ਜਦ ਉਸਨੇ ਗੁਭ ਗੁਭਾਟ ਕੱਢ ਲਿਆ ਤਾਂ ਮੈਨੂੰ ਕਹਿਣ ਲੱਗੀ, "ਰਮਨ ਮੈਥੋਂ ਬਹੁਤ ਵੱਡੀ ਗਲਤੀ ਹੋ ਗਈ ਹੈ। ਉਸ ਗਲਤੀ ਦਾ ਨਤੀਜਾ ਮੈਨੂੰ ਹੁਣ ਭੁਗਤਣਾ ਪੈ ਰਿਹਾ ਹੈ।" ਤੂੰ ਇਹੋ ਜੀ ਕੀ ਗਲਤੀ ਕਰ ਬੈਠੀ ?" ਮੈਂ ਪੁੱਛਿਆ।

"ਭੈਣੇ ਕਿਸੇ ਨੂੰ ਨਾ ਦੱਸੀਂ ਕੰਧਾਂ ਦੇ ਵੀ ਕੰਨ ਹੁੰਦੇ ਆ ਅੜੀਏ। ਜੇ ਗੱਲ ਨਿਕਲ ਗਈ ਤਾਂ ਮੈਂ ਬਰਬਾਦ ਹੋ ਜਾਵਾਂਗੀ।"

ਇਹ ਕਹਿ ਕੇ ਉਸਨੇ ਫੇਰ ਰੋਣਾ ਸ਼ੁਰੂ ਕਰ ਦਿੱਤਾ। ਮੈਂ ਉਸਨੂੰ ਹੌਸਲਾ ਦਿੱਤਾ ਅਤੇ ਆਖਿਆ ਕਿ ਉਹ ਆਪਦੀ ਸਮੱਸਿਆ ਦੱਸੇ, ਉਸਦਾ ਹੱਲ ਲੱਭ ਲਿਆ ਜਾਵੇਗਾ। ਉਹ ਦੱਸਣ ਲੱਗੀ,

13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਸਾਡੇ ਪਿੰਡ ਜਲ੍ਹਿਆਂ ਵਾਲੇ ਬਾਗ਼ ਦੀ ਯਾਦ ਵਿੱਚ ਟੂਰਨਾਮੈਂਟ ਚੱਲ ਰਿਹਾ ਸੀ। ਉਸ ਦਿਨ ਤੁਹਾਡੇ ਪਿੰਡ ਦੀ ਕਬੱਡੀ ਦੀ ਟੀਮ ਨੇ ਵੀ ਟੂਰਨਾਮੈਂਟ ਵਿੱਚ ਹਿੱਸਾ ਲਿਆ। ਜਿਸ ਵਿੱਚ ਮੇਰੇ ਮਾਮੇ ਦਾ ਮੁੰਡਾ ਬੋਹਾ ਵੀ ਸਾਮਲ ਸੀ। ਟੂਰਨਾਮੈਂਟ ਖਤਮ ਹੋਣ ਤੋਂ ਬਾਅਦ ਬੋਹਾ ਸਾਡੇ ਪਾਸ ਰਹਿ ਪਿਆ। ਮੇਰੇ ਪਾਪੇ ਨੂੰ ਦੋ-ਤਿੰਨ ਦਿਨਾਂ ਵਿਚ ਚੰਡੀਗੜ੍ਹ ਪਾਸਪੋਰਟ ਦਫ਼ਤਰ ਕੋਈ ਕੰਮ ਸੀ। ਇਸ ਲਈ ਉਸਨੇ ਬੋਹੇ ਨੂੰ ਰੱਖ ਲਿਆ ਤਾਂ ਕਿ ਉਹ ਦੋਨੋਂ ਚੰਡੀਗੜ੍ਹ ਜਾ ਆਉਣਗੇ। ਉਸ ਤੋਂ ਅਗਲੇ ਦਿਨ ਸਾਡੇ ਘਰਾਂ ਵਿਚੋਂ ਕਿਸੇ ਦੀ ਰਿਸ਼ਤੇਦਾਰੀ ਵਿੱਚ ਇਕ ਨੌ ਜਵਾਨ ਲੜਕਾ ਐਕਸੀਡੈਂਟ ਨਾਲ ਮਾਰਿਆ ਗਿਆ। ਮੇਰਾ



ਪਾਪਾ ਅਤੇ ਮੰਮੀ ਉਸਦਾ ਸੰਸਕਾਰ ਕਰਵਾਉਣ ਚਲੇ ਗਏ। ਮੈਂ ਇਕੱਲੀ ਘਰ ਵਿਚ ਸਾਂ। ਕੁਝ ਸਮੇਂ ਬਾਅਦ ਆਪਦੇ ਕਿਸੇ ਮਿੱਤਰ ਨੂੰ ਮਿਲ ਕੇ ਬੋਹਾ ਵੀ ਆ ਗਿਆ। ਉਹ ਮੈਨੂੰ ਕਹਿਣ ਲੱਗਾ, "ਭੈਣੇ ਪਾਣੀ ਗਰਮ ਕਰਦੇ। ਸਹੁਰੇ ਦੇ ਕੌਡੀ ਖੇਡਦਿਆਂ ਦੇ ਹੱਡ ਪੈਰ ਜੇ ਟੁੱਟੀ ਜਾਂਦੇ ਆ।"

ਮੈਂ ਛਿੱਟੀਆਂ ਦਾ ਚੰਗਾ ਝੋਕਾ ਲਾ ਕੇ ਪਾਣੀ ਗਰਮ ਕਰਨ ਲੱਗ ਪਈ। ਬੋਹਾ ਬਾਥਰੂਮ ਦੇ ਇਕ ਪਾਸੇ ਹੋ ਕੇ ਆਪਦੇ ਸਰੀਰ ਉਪਰ ਤੇਲ ਦੀ ਮਾਲਸ ਕਰਨ ਲੱਗ ਪਿਆ। ਮੈਂ ਪਾਣੀ ਗਰਮ ਕਰਦੀ ਹੋਈ ਚੋਰੀ ਚੋਰੀ ਉਸ ਵੱਲ ਵੇਖ ਲਿਆ ਕਰਾਂ। ਉਸਦਾ ਗਠਿਆ ਸਰੀਰ ਤਾਂਬੇ ਵਰਗੀ ਭਾਅ ਮਾਰ ਰਿਹਾ ਸੀ। ਮੇਰੇ ਜਿਸਮ 'ਚ ਹਲਚਲ ਮੱਚ ਪਈ। ਕੁਦਰਤੀ ਇਕ ਵਾਰ ਸਾਡੀ ਨਿਗਾ ਆਪਸ ਵਿੱਚ ਟਕਰਾ ਗਈ। ਮੈਂ ਤਾਂ ਸ਼ਰਮ ਨਾਲ ਪਾਣੀ ਪਾਣੀ ਹੋ ਗਈ। ਉਸਨੇ ਪਤੀਲੇ ਵਿਚੋਂ ਬਾਲਟੀ ਵਿੱਚ ਪਾਣੀ ਪਾਇਆ ਅਤੇ ਬਾਥਰੂਮ ਵਿੱਚ ਰੱਖ ਦਿੱਤਾ। ਮੈਂ ਸਿਰ ਥੱਲੇ ਕਰਕੇ ਐਵੇਂ ਕਪਾਹ ਦੀ ਛਿਟੀ ਦੇ ਡੱਕੇ ਜੇ ਤੋੜੀ ਜਾਵਾਂ। ਫਿਰ ਮੈਂ ਉਸ ਵੱਲ ਦੇਖਿਆ। ਉਹ ਸਿੱਧਾ ਮੇਰੇ ਵੱਲ ਝਾਕ ਰਿਹਾ ਸੀ। ਮੇਰੇ ਸਰੀਰ ਵਿੱਚੋਂ ਇੱਕ ਲਹਿਰ ਉੱਠੀ ਜਿਸਦੀ ਕੰਬਣੀ ਸਿਰ ਤੋਂ ਪੈਰਾਂ ਤੱਕ ਛਿੜ ਪਈ। ਉਹ ਮੈਨੂੰ ਕਹਿਣ ਲੱਗਾ,

"ਭੋਲੀ ਉਹ ਦਰਵਾਜਾ ਕਿਵੇਂ ਖੁੱਲ੍ਹਾ ਪਿਆ ਹੈ। ਬੰਦ ਕਰਦੇ।"

ਮੈਂ ਸੋਚਿਆ ਪਹਿਲਾਂ ਇਹ ਮੈਨੂੰ ਭੈਣ ਭੈਣ ਕਹਿ ਕੇ ਬੁਲਾਉਂਦਾ ਸੀ। ਹੁਣ ਮੈਨੂੰ ਭੋਲੀ ਕਿਉਂ ਆਖ ਰਿਹਾ ਹੈ। ਮੈਂ ਉਸਦੇ ਦਿਲ ਦੀ ਗੱਲ ਬੁਝ ਲਈ। ਮੈਂ ਉੱਠੀ ਅਤੇ ਦਰਵਾਜ਼ਾ ਦੂਜੇ ਦਰਵਾਜ਼ੇ ਨਾਲ ਭੇੜ ਦਿੱਤਾ। ਉਸਨੇ ਫਿਰ ਮੈਨੂੰ ਆਖਿਆ, ਭੋਲੀ ਕੁੰਡਾ ਲਾ ਦੇ ਖਾਂ।"

ਪਰ ਮੇਰੀਆਂ ਤਾਂ ਅੱਖਾਂ ਅੱਗੇ ਹਨੇਰ ਆ ਗਿਆ। ਮੈਂ ਕੁੰਡਾ ਲਾਉਣ ਦੀ ਬਜਾਏ ਸਿੱਧਾ ਕਮਰੇ ਵਿਚ ਜਾ ਕੇ ਬੈੱਡ ਉਪਰ ਜਾ ਪਈ। ਪਤਾ ਨੀ ਉਸਨੇ ਕਦੋਂ ਕੁੰਡਾ ਲਾਇਆ। ਫਿਰ ਮੈਨੂੰ ਹਬੜਿਆਂ ਵਾਂਗ ਚਿੰਬੜ ਗਿਆ। ਅੱਜ ਉਸਨੇ ਫਿਰ ਮੈਨੂੰ ਉਕਸਾਇਆ.... ਪਰ ਮੈਂ ਉਸਨੂੰ ਮੋਬਾਇਲ ਤੇ ਦੱਸ ਚੁੱਕੀ ਹਾਂ ਕਿ ਬੋਹੇ ਮੈਨੂੰ ਮਹੀਨੇ ਤੋਂ 20 ਦਿਨ ਉਪਰ ਹੋ ਗਏ ਆ। ਪਰ ਮੈਨੂੰ। ਜਿਵੇਂ ਉਸਨੂੰ ਕੋਈ ਪਰਵਾਹ ਹੀ ਨਹੀਂ। ਮੈਨੂੰ ਕਹਿੰਦਾ ਕੋਈ ਨਾ ਇਸਦਾ ਵੀ ਕੋਈ ਇਲਾਜ਼ ਕਰਾਂਗੇ। ਅੱਜ ਮੈਂ ਟਾਈਮ ਕੱਢਕੇ ਉਸਨੂੰ ਬਾਹੋਂ ਫੜ ਲਿਆ ਅਤੇ ਆਖਿਆ ਕਿ ਮੇਰਾ ਕੁਸ਼ ਕਰ। ਪਰ ਉਹ ਖੀਂ ਖੀਂ ਕਰਦਾ ਬਾਹਰ ਨਿਕਲ ਗਿਆ।

ਉਸਦੀ ਇਸ ਹਰਕਤ ਤੋਂ ਮੇਰੇ ਤਾਂ ਜਿਸਮ ਨੂੰ ਅੱਗ ਲੱਗ ਗਈ। ਇੰਨਾ ਮਰਦਾਂ ਦਾ ਕੀ ਹੁੰਦਾ। ਇਹ ਤਾਂ ਹੱਸਕੇ ਸਾਰ ਦਿੰਦੇ ਆ। ਭੁਗਤਣੀ ਤਾਂ ਔਰਤ ਨੂੰ ਪੈਂਦੀ ਆ। ਸੋਚਦੀ ਆਂ ਲੋਕਾਂ ਨੂੰ ਕੀ ਮੂੰਹ ਵਿਖਾਵਾਂਗੀ। ਪਹਿਲਾਂ ਸੋਚਿਆ ਕੋਈ ਸਪਰੇਅ ਵਾਲੀ ਦਵਾਈ ਪੀ ਕੇ... ਪਰ ਪਤਾ ਨੀ ਕਿਉਂ ਮੇਰਾ ਮਨ ਥਿੜਕਣ ਲੱਗ ਪਿਆ। ਸੋਚਿਆ ਚਾਰ ਪੰਜ ਦਿਨ ਹੋਰ ਦੇਖਦੀ ਹਾਂ। ਕਾਹਨੂੰ ਰਾਜੂ ਦੇ ਵਿਆਹ ਵਿੱਚ ਭੰਗਣਾ ਪਾਉਣੀ ਹੈ।

ਹੁਣ ਦੱਸ ਰਮਨ ਮੈਂ ਕੀ ਕਰਾਂ।

ਉਸਦੀ ਇਹ ਗੱਲ ਸੁਣਕੇ ਮੈਂ ਮੱਥੇ 'ਤੇ ਉਂਗਲ ਰੱਖ ਕੇ ਕੁਝ ਸੋਚਣ ਲੱਗ ਪਈ। ਜਦ ਮੈਂ ਟੱਸ ਤੋਂ ਮੱਸ ਨਾ ਹੋਈ ਤਾਂ ਭੋਲੀ ਕਹਿਣ ਲੱਗੀ, "ਰਮਨ ਕੀ ਗੱਲ ਸਾਧ ਵਾਂਗ ਸਮਾਧੀ ਜੀ ਲਾ ਕੇ ਬੈਠ ਗਈਂ ਏਂ। ਅੜੀਏ ਮੈਂ ਤਾਂ ਤੇਰੇ ਕੋਲ ਢਿੱਡ ਫੋਲਣ ਆਈ ਸੀ। ਤੂੰ ਤਾਂ ਸਗੋ ਡੁਨਰਾ ਵਾਂਗ ਪੱਥਰ ਦਾ ਬੁੱਤ ਬਣ ਗਈ ਏਂ। ਕੁਸ ਤਾਂ ਪੱਲੇ ਪਾ।"

ਮੈਂ ਆਖਿਆ, "ਭੋਲੀ ਅੱਜ ਦਾ ਦਿਨ ਮੈਨੂੰ ਦੇ ਦੇ। ਮੈਂ ਸੋਚਕੇ ਦੱਸਾਂਗੀ।"

ਫਿਰ ਉਹ ਮੈਨੂੰ ਕਹਿਣ ਲੱਗੀ, 'ਅੜੀਏ ਸੁਣਿਆ ਥੋਡੇ ਘਰ ਡਾਕਟਰ ਨੇ ਦੁਕਾਨ ਖੋਲ੍ਹੀ ਆ ਉਸਨੂੰ ਪੁੱਛ ਲਾ।"

'ਭੋਲੀ ਉਸਨੂੰ ਤਾਂ ਮੈਂ ਪੁੱਛਾਂ ਜੇ ਮੇਰੀ ਉਸ ਨਾਲ ਬੁੱਕਲ ਖੁਲ੍ਹੀ ਹੋਵੇ।'

'ਨਾ ਖੋਲ ਲਾ ਤੂੰ ਬੁੱਕਲ। ਜੇ ਤੈਨੂੰ ਬੁੱਕਲ ਖੋਲਣ ਵਿਚ ਮੇਰੀ ਮਦਦ ਦੀ ਲੋੜ ਤਾਂ ਦੱਸ।"

ਜਦ ਨੂੰ ਉਸਦੀ ਮਾਮੀ ਨੇ ਹਾਕ ਮਾਰ ਦਿੱਤੀ। ਉਹ ਮੇਰੇ ਕੋਲੋਂ ਵਾਪਸ ਚਲੀ ਗਈ। ਜਾਣ ਲੱਗੀ ਮੈਨੂੰ ਕਹਿਣ ਲੱਗੀ, 'ਰਮਨ ਕਰੀਂ ਕੁਸ਼, ਨਹੀਂ ਤਾਂ ਮੈਂ ਜ਼ਹਿਰ ਖਾ ਕੇ ਮਰ ਜਾਵਾਂਗੀ।'

*                    *                    *

ਡਾਇਰੀ ਪੜ੍ਹ ਕੇ ਮੇਰੀ ਭੁੱਬ ਨਿਕਲ ਗਈ। ਸੋਚਿਆ ਓ ਰਮਨ ਮੈਂ ਤਾਂ ਤੇਰੇ ਨਾਲ ਬੁੱਕਲ ਖੋਲ ਹੀ ਲੈਣੀ ਸੀ। ਮੈਨੂੰ ਪਤੈ ਸਾਡੇ 'ਅਕਾਲੀਆਂ ਦੇ ਲਾਣੇ' ਦੀ ਪਈ ਅੱਲ ਨੇ ਮੇਰਾ ਕੋਈ ਰਿਸ਼ਤਾ ਸਿਰੇ ਨਹੀਂ ਚੜ੍ਹਨ ਦਿੱਤਾ। ਮੈਂ ਤਾਂ ਤੈਨੂੰ ਆਪਦਾ ਜੀਵਨ ਸਾਥੀ ਬਣਾ ਹੀ ਲੈਣਾ ਸੀ।

ਬੋਹੇ ਦੇ ਮੂੰਹ ਨੂੰ ਹੱਡੀ ਲੱਗ ਗਈ ਏ। ਇਸੇ ਕਾਰਨ ਹੀ ਤੈਨੂੰ ਉਸਨੇ ਬਰਬਾਦ ਕਰ ਜਲਾਦ ਵਾਂਗ ਸੂਲੀ ਚਾੜ ਦਿੱਤਾ। ਮੈਂ ਨਫ਼ਰਤ ਨਾਲ ਥੁੱਕ ਦਿੱਤਾ। ਸੋਚਿਆ ਬੋਹਿਆ ਤੂੰ ਰਮਨ ਨੂੰ ਖਤਮ ਕਰਕੇ ਮੇਰੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ। ਮੈਂ ਇਸਦਾ ਬਦਲਾ ਜ਼ਰੂਰ ਲਵਾਂਗਾ ਰਮਨ ਮੇਰੇ ਕਿੰਨਾ ਨੇੜੇ ਹੋ ਗਈ ਸੀ। ਇਸਦਾ ਅਹਿਸਾਸ ਮੈਨੂੰ ਅੱਜ ਹੋਇਆ। ਇਸ ਕਾਰਨ ਹੀ ਰਮਨ ਨੇ ਮੈਨੂੰ ਜ਼ਰੂਰੀ ਗੱਲਬਾਤ ਦੀ ਬੁਝਾਰਤ ਵੀ ਪਾਈ ਸੀ। ਖ਼ੈਰ ਹੁਣ ਪਛਤਾਏ ਤੋਂ ਕੀ ਹੋ ਸਕਦਾ ਹੈ ਜਦ ਚਿੜੀਆਂ ਹੀ ਖੇਤ ਚੁਗ ਜਾਣ।

ਭੋਲੀ ਨਾਲ ਆਪ ਬੀਤੀ ਪੜ੍ਹਕੇ ਮੈਨੂੰ ਇਕ ਘਟਨਾ ਯਾਦ ਆ ਜਾਂਦੀ ਹੈ। ਜਦ ਮੈਂ ਸਿੱਧੂ ਹਸਪਤਾਲ ਵਿੱਚ ਕੰਮ ਸਿਖਦਾ ਸੀ ਤਾਂ ਸਾਡੇ ਕੋਲ ਇੱਕ ਨੌ ਜਵਾਨ ਦਾ ਕੇਸ ਆਇਆ। ਉਹ ਘਰੋਂ ਮੋਟਰ ਸਾਈਕਲ ਤੇ ਕਿਸੇ ਕੰਮ ਗਿਆ ਹੋਇਆ ਸੀ। ਸਿਆਲ ਦਾ ਮਹੀਨਾ ਹੋਣ ਕਾਰਨ ਧੁੰਦ ਪਸਰੀ ਹੋਈ ਸੀ। ਰਸਤੇ ਵਿੱਚ ਉਸਦਾ ਐਕਸੀਡੈਂਟ ਹੋ ਗਿਆ। ਉਸਦੀ ਇਕ ਲੱਤ ਟੁੱਟ ਗਈ ਅਤੇ ਪੇਟ ਦੇ ਐਨ ਉਪਰ ਕਰਕੇ ਕੋਈ ਤਿੱਖੀ ਚੀਜ਼ ਖੁੱਭ ਗਈ। ਜਦ ਉਸਨੂੰ ਹਸਪਤਾਲ ਲਿਆਂਦਾ ਉਹ ਬੇ ਹੋਸ਼ ਸੀ। ਉਸਦੇ ਪਰਿਵਾਰ ਦੇ ਦੂਸਰੇ ਮੈਂਬਰਾਂ ਨੇ ਕੁਰਲਾਹਟ ਮਚਾਈ ਹੋਈ ਸੀ। ਸਿੱਧੂ ਡਾਕਟਰ ਨੇ ਉਨ੍ਹਾਂ ਨੂੰ ਵਿਸ਼ਵਾਸ ਦਵਾਇਆ ਕਿ ਖਤਰੇ ਵਾਲੀ ਕੋਈ ਗੱਲ ਨਹੀਂ। ਇਸਨੇ ਠੀਕ ਹੋ ਜਾਣਾ।

ਘੰਟੇ ਕੁ ਬਾਅਦ ਜਦ ਰਘਬੀਰ ਨਰਸ ਆਈ ਤਾਂ ਸਾਨੂੰ ਪਤਾ ਲੱਗਿਆ ਕਿ ਇਹ ਮਰੀਜ਼ ਉਸਦੀ ਮਾਸੀ ਦਾ ਲੜਕਾ ਹੈ। ਰਘਬੀਰ ਨੇ ਵੀ ਆ ਕੇ ਰੋਣਾ ਸ਼ੁਰੂ ਕਰ ਦਿੱਤਾ। ਉਸ ਨਰਸ ਬਾਰੇ ਮਸ਼ਹੂਰ ਸੀ ਕਿ ਕਦੇ ਉਸਨੇ ਕਿਸੇ ਨਾਲ ਖੁੱਲ੍ਹ ਕੇ ਗੱਲ ਨਹੀਂ ਸੀ ਕੀਤੀ। ਉਸ ਦਿਨ ਉਹ ਹਰ ਇਕ ਪਰੈਕਟਸ ਕਰਨ ਵਾਲੇ ਮੁੰਡੇ ਅਤੇ ਕੁੜੀ ਨੂੰ ਕਹਿ ਰਹੀ ਸੀ ਕਿ ਜਿਵੇਂ ਵੀ ਹੋ ਸਕਦਾ ਹੈ ਉਸ ਮਰੀਜ਼ ਦੀ ਜ਼ਿੰਦਗੀ ਬਚਾਈ ਜਾਵੇ। ਪੱਟ ਵਿਚ ਜ਼ਖ਼ਮ ਹੋਣ ਕਾਰਨ ਉਸਦਾ ਖ਼ੂਨ ਕਾਫੀ ਬਹਿ ਗਿਆ ਸੀ ਅਤੇ ਉਸਨੂੰ ਖ਼ੂਨ ਚੜ੍ਹਾਉਣ ਦੀ ਜ਼ਰੂਰਤ ਸੀ। ਰਘਬੀਰ ਨਰਸ ਦਾ ਰਿਸ਼ਤੇਦਾਰ ਹੋਣ ਕਾਰਨ ਸਾਡੇ ਵਿਚੋਂ ਤਿੰਨਾਂ ਮੁੰਡਿਆਂ ਨੇ ਖ਼ੂਨ ਦੀਆਂ ਬੋਤਲਾਂ ਦੇ ਦਿੱਤੀਆਂ। ਉਸ ਨੂੰ ਚਾਰ ਪੰਜ ਘੰਟੇ ਬਾਅਦ ਹੋਸ ਆ ਗਈ। ਜੋ ਲੱਤ ਟੁੱਟੀ ਸੀ ਜੋੜਕੇ ਉਸ 'ਤੇ ਪਲੱਸਤਰ ਕਰ ਦਿੱਤਾ। ਰਘਬੀਰ ਹਮੇਸ਼ਾ ਉਸ ਪਾਸ ਬੈਠੀ ਰਹਿੰਦੀ। ਕਈ ਵਾਰ ਜਦ ਉਸ ਦੀ ਡਿਉਟੀ ਖਤਮ ਹੋ ਜਾਂਦੀ ਤਾਂ ਵੀ ਉਹ ਹਿਲਣ ਦਾ ਨਾਂ ਨਾ ਲੈਂਦੀ। ਜ਼ਖ਼ਮ ਕੁਲੇ ਕੋਲ ਹੋਣ ਕਾਰਨ ਮਲਮ ਪੱਟੀ ਕਰਨ ਦੀ ਡਿਉਟੀ ਡਾਕਟਰ ਨੇ ਮੁੰਡਿਆਂ ਦੀ ਲਾਈ ਹੋਈ ਸੀ। ਪਰ ਕਈ ਵਾਰ ਸਮਾਨ ਫੜਕੇ ਰਘਬੀਰ ਖੁਦ ਮਲ੍ਹਮ ਪੱਟੀ ਕਰਨ ਲੱਗ ਪੈਂਦੀ। ਪਹਿਲਾਂ ਉਹ ਕਦੇ ਕਿਸੇ ਨਾਲ ਬੋਲੀ ਵੀ ਨਹੀਂ ਸੀ। ਉਸ ਦਿਨ ਤੋਂ ਬਾਅਦ ਉਸਦਾ ਚਿਹਰਾ ਖਿੜਿਆ ਦਿਖਾਈ ਦਿੰਦਾ। ਆਮ ਤੌਰ 'ਤੇ ਉਸ ਵੱਲ ਕੋਈ ਬਹੁਤਾ ਧਿਆਨ ਨਾ ਦਿੰਦਾ। ਕਿਉਂਕਿ ਮਰੀਜ਼ ਉਸਦੀ ਮਾਸੀ ਦਾ ਲੜਕਾ ਸੀ।

ਇਕ ਦਿਨ ਸਾਡੇ ਇਕ ਕੰਮ ਪਾਉਡਰ ਨੇ ਦੇਖਿਆ ਕਿ ਰਘਬੀਰ ਪੱਟੀ ਕਰਨ ਲੱਗੀ ਉਸਨੂੰ ਉਕਸਾ ਰਹੀ ਹੈ। ਜਦ ਉਸਨੇ ਸਾਨੂੰ ਦੱਸਿਆ ਅਸੀਂ ਯਕੀਨ ਨਾ ਕੀਤਾ। ਫਿਰ ਇਕ ਦਿਨ ਤਾਂ ਗੱਲ ਸਾਰੇ ਹੱਦ ਬੰਨੇ ਟੱਪ



ਗਈ ਜਦ ਉਹ ਬੈੱਡ ਦੇ ਚਾਰੇ ਪਾਸੇ ਪਰਦਾ ਲਾ ਕੇ ਇਕੱਲੀ ਪੱਟੀ ਕਰ ਰਹੀ ਸੀ ਤੇ ਅਸ਼ਲੀਲ ਹਰਕਤਾਂ ਵੀ ਕਰਨ ਲੱਗੀ। ਇਸ ਬਾਰੇ ਸਾਨੂੰ ਇੱਕ ਹੋਰ ਨਰਸ ਨੇ ਦੱਸਿਆ ਸੀ। ਜਿਸਨੇ ਰਘਬੀਰ ਨੂੰ ਇਹ ਸਭ ਕੁਝ ਕਰਦੀ ਨੂੰ ਵੇਖ ਲਿਆ ਸੀ। ਫਿਰ ਇਕ ਰਾਤ ਉਹ ਗਲਤ ਹਾਲਤ ਵਿਚ ਫੜੇ ਗਏ। ਗੱਲ ਡਾਕਟਰ ਤੱਕ ਪਹੁੰਚ ਗਈ। ਰਘਬੀਰ ਨੇ ਡਾਕਟਰ ਤੋਂ ਮੁਆਫੀ ਮੰਗ ਕੇ ਖਹਿੜਾ ਛੁਡਾਇਆ। ਸਾਰੇ ਹੈਰਾਨ ਸਨ ਕਿ ਇਹ ਨਰਸ ਜਿਸਨੇ ਕਦੇ ਮੂੰਹ ਨਹੀਂ ਸੀ ਖੋਲ੍ਹਿਆ ਆਪਦੀ ਸਕੀ ਮਾਸੀ ਦੇ ਲੜਕੇ ਨਾਲ ਇਥੋਂ ਤੱਕ ਸਬੰਧ ਪੈਦਾ ਕਰ ਲਏਗੀ।

ਪੰਦਰਾਂ ਕੁ ਦਿਨਾਂ ਬਾਅਦ ਉਸ ਮਰੀਜ਼ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ। ਮਹੀਨੇ ਕੁ ਬਾਅਦ ਰਘਬੀਰ ਨੇ ਹਸਪਤਾਲ ਆਉਣਾ ਛੱਡ ਦਿੱਤਾ। ਕੁਝ ਕੁ ਦਿਨਾਂ ਬਾਅਦ ਪਤਾ ਲੱਗਿਆ ਕਿ ਉਨ੍ਹਾਂ ਦੋਹਾਂ ਨੇ ਮਾਪਿਆ ਤੋਂ ਬਾਗੀ ਹੋ ਕੇ ਕੋਰਟ ਮੈਰਿਜ ਕਰਵਾ ਲਈ ਹੈ।

ਤਿੰਨ ਜੂਨ-

ਡਾਕਟਰ ਮੈਂ ਤੈਨੂੰ ਦੱਸਿਆ ਸੀ ਕਿ ਮੇਰੀ ਇੱਕ ਸਹੇਲੀ ਆ। ਉਸਨੂੰ ਮਹੀਨੇ ਤੋਂ 20 ਦਿਨ ਟੱਪ ਗਏ ਆ।

ਤੂੰ ਸੋਚਦਾ ਹੋਏਂਗਾ ਕਿ ਸਾਇਦ ਉਹ ਰਾਣੀ ਹੋਵੇਗੀ। ਜਿਸ ਬਾਰੇ ਮੈਂ ਦੋ ਜੂਨ ਦੀ ਲਿਖੀ ਡਾਇਰੀ ਵਿਚ ਸਪੱਸਟ ਕਰ ਚੁੱਕੀ ਹਾਂ। ਪਰ ਨਹੀਂ। ਰਾਣੀ ਨੇ ਤਾਂ ਮੈਨੂੰ ਦੱਸਿਆ ਹੀ ਇਕ ਜੂਨ ਨੂੰ ਸੀ। ਇਹ ਗਾਥਾ ਇੱਕ ਹੋਰ ਲੜਕੀ ਦੀ ਹੈ। ਇੱਕ ਦਿਨ ਮੈਂ ਤੈਨੂੰ ਚਾਹ ਫੜਾਉਣ ਗਈ ਸੀ। ਮੈਂ ਜਾ ਕੇ ਤੇਰੇ ਕਲੀਨਿਗ ਵਿੱਚ ਲੱਗੇ ਸ਼ੀਸ਼ੇ ਮੂਹਰੇ ਖੜ ਗਈ। ਤੂੰ ਆਪ ਦੀ ਕੁਰਸੀ 'ਤੇ ਬੈਠੇ ਨੇ ਸ਼ੀਸ਼ੇ ਵਿੱਚਲੀ ਕੁੜੀ ਨਾਲ ਅੱਖ ਮਿਲਾਈ ਸੀ। ਅੱਜ ਮੈਂ ਉਸ ਲੜਕੀ ਦਾ ਦੁਖਾਂਤ ਵਰਨਣ ਕਰਦੀ ਹਾਂ,

ਇਹ ਗੱਲ 15 ਅਪ੍ਰੈਲ ਦੀ ਹੈ।

ਮੇਰਾ ਡੈਡੀ ਜਿਸਨੂੰ ਮੈਂ ਡੈਡੀ ਕਹਿਣ ਤੋਂ ਨਫ਼ਰਤ ਕਰਦੀ ਹਾਂ, ਇੱਕ ਕਲਯੁੱਗੀ ਪਿਓ ਹੈ। ਜਦ ਇਹ ਫੌਜ ਵਿਚੋਂ ਰਿਟਾਇਰ ਹੋ ਕੇ ਆਇਆ। ਇਸਨੇ ਮੇਰੀ ਮਾਂ ਨਾਲ ਆਢਾ ਬੰਨ੍ਹਣਾ ਸ਼ੁਰੂ ਕਰ ਦਿੱਤਾ। ਉਸਨੂੰ ਕੁੱਟਦਾ ਮਾਰਦਾ ਰਹਿੰਦਾ। ਅਖੀਰ ਉਹ ਇੱਕ ਦਿਨ ਮੰਜੇ 'ਤੇ ਪਈ ਹੀ ਰਹਿ ਗਈ। ਫਿਰ ਇਸਨੇ ਅੰਨੇ ਵਾਹ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਜੇ ਕਿਸੇ ਨੇ ਕਹਿਣਾ ਕਿ ਫੌਜ਼ੀਆਂ ਤੂੰ ਇੰਨੀ ਦਾਰੂ ਨਾ ਪੀਆ ਕਰ। ਬੱਸ ਇਸ ਕੋਲ ਇੱਕੋ ਹੀ ਘੜਿਆ-ਘੜਾਇਆ ਜਵਾਬ ਹੁੰਦਾ ਸੀ, "ਗੁਰਮੇਲ ਕੁਰ ਮਰ ਗਈ ਆ। ਹੁਣ ਕਾਹਦੀ ਜ਼ਿੰਦਗੀ ਆ। ਟੈਨਸਨ ਨੂੰ ਖਤਮ ਕਰਨ ਲਈ ਪੀਣੀ ਹੀ ਪੈਂਦੀ ਆ।" ਮੇਰੀ ਦਾਦੀ ਵੀ ਇਸਨੂੰ ਸਮਝਾਉਂਦੀ ਪਰ ਇਸਦੇ ਕੰਨਾ 'ਤੇ ਜੂੰ ਨਾ ਸਰਕਦੀ। ਅਜੇ ਮੇਰੀ ਦਾਦੀ ਨੂੰ ਪੂਰੀ ਹੋਇਆ ਮਹੀਨਾ ਕੁ ਹੀ ਹੋਇਆ ਸੀ। ਇਹ 15 ਅਪਰੈਲ ਨੂੰ ਰਾਤ ਨੂੰ ਸ਼ਰਾਬ ਪੀ ਕੇ ਘਰ ਆ ਗਿਆ। ਮੈਂ ਇਸਦੀ ਰੋਟੀ ਵਲੇਟ ਕੇ ਡੱਬੇ ਵਿੱਚ ਰੱਖ ਦਿੱਤੀ ਸੀ ਅਤੇ ਪੱਖਾ ਛੱਡਕੇ ਸੌਂ ਗਈ। ਇਹ ਆਉਣ ਸਾਰ ਮੇਰੇ ਨਾਲ ਪਏ ਮੰਜੇ ਉਪਰ ਡਿੱਗ ਪਿਆ। ਕੁਝ ਸਮੇਂ ਬਾਅਦ ਮੇਰੀ ਮਾਂ ਨੂੰ ਹਾਕਾਂ ਮਾਰਨ ਲੱਗ ਪਿਆ। ਪਰ ਮੈਂ ਚੁਪ ਕਰਕੇ ਪਈ ਰਹੀ। ਇਹ ਗੇੜੇ ਜੇ ਖਾਂਦਾ ਹੋਇਆ ਮੇਰੇ ਮੰਜੇ ਉਪਰ ਬੈਠ ਗਿਆ ਫਿਰ ਕਹਿਣ ਲੱਗਾ, "ਗੁਰਮੇਲ ਕੁਰੇ ਤੂੰ ਸੁੱਤੀ ਪਈ ਏਂ। ਉੱਠ ਕੋਈ ਗੱਲ ਕਰੀਏ।'

ਇਹ ਕਹਿ ਕੇ ਇਸਨੇ ਮੇਰੇ ਜਿਸਮ 'ਤੇ ਹੱਥ ਫੇਰਨਾ ਸ਼ੁਰੂ ਕਰ ਦਿੱਤਾ। ਮੈਂ ਆਖਿਆ, "ਡੈਡੀ ਭੋਰਾ ਸ਼ਰਮ ਕਰ।" ਉਹ ਹੈਂ-ਹੈਂ ਕਹਿੰਦਾ ਹੋਇਆ ਮੁੜ ਮੰਜੇ ਉਪਰ ਜਾ ਪਿਆ। ਬਾਆਦ ਵਿੱਚ ਮੇਰੀ ਅੱਖ ਲੱਗ ਗਈ।

ਸੁੱਤੀ ਪਈ ਮੈਂ ਇਕ ਦਮ ਤ੍ਰਬਕ ਪਈ। ਮੇਰੇ ਪਿਓ ਨੇ ਮੈਨੂੰ ਬੁਰੀ ਤਰ੍ਹਾਂ ਬਾਹਾਂ ਵਿਚ ਜਕੜ ਲਿਆ। ਮੂੰਹ 'ਚ ਕੱਪੜਾ ਤੁੰਨ ਦਿੱਤਾ। ਮੈਂ ਤੜ੍ਹਦੀ ਰਹੀ, ਲੱਤਾਂ ਮਾਰਦੀ ਰਹੀ। ਉਹਨੇ ਪਿਓ ਧੀ ਦਾ ਰਿਸ਼ਤਾ ਕਲੰਕ ਕਰ ਦਿੱਤਾ।

ਡਾਕਟਰ ਤੂੰ ਸੋਚਦਾ ਹੋਏਂਗਾ ਕਿ ਸਾਇਦ ਇਹ ਮਨ ਘੜਤ ਕਹਾਣੀ ਹੈ ਬਿਲਕੁਲ ਹੀ ਨਹੀਂ। ਇਹ

ਅਸਲੀਅਤ ਹੈ। ਮੈਂ ਜ਼ਖ਼ਮੀ ਸੱਪ ਵਾਂਗ ਵਿਉ ਘੋਲਦੀ ਰਹੀ। ਉਠ ਕੇ ਥਮਲੇ ਨਾਲ ਟੱਕਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਫਿਰ ਕਰਲਾਉਣ ਲੱਗ ਪਈ, "ਅੰਮੀਏ ਅੱਜ ਤੂੰ ਆ ਕੇ ਆਪਦੀ ਧੀ ਦਾ ਹਾਲ ਦੇਖ। ਉਸ ਰਾਤ ਮੈਂ ਭੁੱਬਾ ਮਾਰ ਰੋਈ। ਮੈਨੂੰ ਵਾਰ-ਵਾਰ ਮਾਂ ਚੇਤੇ ਆਉਂਦੀ ਰਹੀ। ਮੈਂ ਸਲਫਾਸ ਦੀਆਂ ਗੋਲੀਆਂ ਲੱਭਦੀ ਰਹੀ। ਇਹ ਪਾਪੀ ਸਟੋਰ ਮੋਹਰੇ ਮੰਜਾ ਡਾਹ ਕੇ ਪਿਆ ਹੈ ਤੇ ਸਟੋਰ ਅੰਦਰ ਕਣਕ ਦਾ ਡਰੰਮ ਹੈ। ਕਮਰੇ ਵਿਚ ਮੇਰੇ ਦਾਦੇ ਦਾ ਸਬਰ ਕੱਤਾ ਸੰਭਾਲਿਆ ਪਿਆ ਸੀ ਮੈਂ ਉਹ ਚੁੱਕਿਆ ਤੇ ਸੋਚਿਆ ਇਹਦੇ ਸਿਰ ਵਿਚ ਮਾਰਾ। ਪਰ ਪਤਾ ਨਹੀਂ ਕਿਉਂ ਮੈਂ ਉਸਦੇ ਮੰਜੇ ਵੱਲ ਵਧਣ ਤੋਂ ਡਰ ਗਈ। ਮੇਰੀਆਂ ਲੱਤਾਂ ਬੇਜਾਨ ਹੋ ਗਈਆਂ।

ਸਵੇਰ ਹੋਈ ਤਾਂ ਇਹ ਉੱਠਿਆ ਤਾਂ ਇਸਨੇ ਚਾਹ ਬਣਾਈ। ਇੱਕ ਕੱਪ ਮੇਰੇ ਮੰਜੇ ਥੱਲੇ ਰੱਖ ਦਿੱਤਾ। ਮੈਨੂੰ ਕਹਿਣ ਲੱਗਾ, "ਰਮਨ ਭਲਾ ਮੈਂ ਰਾਤ ਠੀਕ-ਠਾਕ ਘਰੇ ਪਹੁੰਚ ਗਿਆ ਸੀ। ਮੈਨੂੰ ਤਾਂ ਕੋਈ ਚੇਤਾ ਨਹੀਂ। ਸ਼ਰਾਬ ਪੀ ਤਾਂ ਲਈਦੀ ਹੈ ਪਰ ਰਾਤ ਵਾਲੀ ਗੱਲ ਭੁੱਲ ਜਾਂਦੀ ਆ। ਇਸਦਾ ਵੀ ਫਾਹਾ ਵੱਢਣਾ ਹੀ ਪਊ।

ਮੈਂ ਚੁੱਪ ਕਰਕੇ ਸੁਣਦੀ ਰਹੀ। ਫਿਰ ਇਹ ਕਹਿੰਦਾ, "ਉਠ ਕੇ ਚਾਹ ਪੀ ਲੈ। ਇਹ ਕਹਿ ਕੇ ਇਹ ਅੰਦਰ ਵੱਲ ਨੂੰ ਚੱਲ ਪਿਆ। ਮੈਂ ਗਰਮ ਚਾਹ ਦਾ ਭਰਿਆ ਕੱਪ ਇਸਦੀ ਢੂਹੀ ਵਿੱਚ ਮਾਰਿਆ। ਇਹ ਹਾਏ ਹਾਏ ਕਹਿੰਦਾ ਹੋਇਆ ਅੰਦਰ ਜਾ ਵੜਿਆ। ਇਹ ਕੱਪੜੇ ਬਦਲ ਕੇ ਘਰੋਂ ਨਿਕਲ ਤੁਰਿਆ। ਕੁੰਡਾ ਲਾ ਕੇ ਮੈਂ ਅੰਦਰ ਪਈ ਤਾੜ੍ਹਦੀ ਰਹੀ।

ਫਿਰ ਇਹ ਰਾਤ ਨੂੰ ਘਰ ਆਇਆ। ਮੈਂ ਦੇਖਿਆ ਇਸਦੇ ਨੀਲੀ ਪੱਗ ਬੰਨ੍ਹੀ ਹੋਈ ਹੈ ਕਮੀਜ਼ ਉਪਰ ਦੀ ਵੱਡਾ ਸਾਰਾ ਗਾਤਰਾ ਪਾਇਆ ਹੋਇਆ ਹੈ। ਉਸ ਦਿਨ ਤੋਂ ਬਾਅਦ ਲੋਕ ਇਸਨੂੰ ਗਿਆਨੀ ਕਹਿ ਕੇ ਬੁਲਾਉਣ ਲੱਗ ਪਏ। ਪਰ ਇਹ ਨਾਂ ਦਾ ਈ ਗਿਆਨੀ ਆ। ਹੁਣ ਵੀ ਦੋ ਚਹੁੰ ਦਿਨਾਂ ਬਾਅਦ ਸ਼ਰਾਬ ਡੱਫ ਲੈਂਦਾ ਹੈ। ਉਸ ਦਿਨ ਮੈਂ ਅੰਦਰੋਂ ਕੁੰਡਾ ਲਾ ਕੇ ਪੈਂਦੀ ਹਾਂ। ਇਕ ਦਿਨ ਸ਼ਰਾਬੀ ਹੋਏ ਨੇ ਮੇਰਾ ਮੁਬਾਇਲ ਵੀ ਕੰਧ ਵਿਚ ਮਾਰ ਕੇ ਭੰਨ ਦਿੱਤਾ। ਮੇਰੇ ਅੰਦਰ ਇਹਦੇ ਪ੍ਰਤੀ ਬਹੁਤ ਜ਼ਹਿਰ ਭਰ ਗਈ ਹੈ।

*　　　　*　　　　*

*ਚਾਰ ਜੂਨ-*

ਡਾਕਟਰ ਆਸ ਹੈ ਅੱਜ ਤੂੰ ਆਪ ਦੇ ਵਾਇਦੇ ਅਨੁਸਾਰ ਕਲੀਨਿਕ ਵਿੱਚ ਆ ਜਾਏਂਗਾ। ਮੈਂ ਜਾਣਦੀ ਹਾਂ ਕਿ ਡਾਇਰੀ ਵਿਚੱ ਕਈ ਗੱਲ ਤੇਰੇ ਨਾਲ ਹੀ ਸਾਂਝੀਆਂ ਕੀਤੀਆਂ ਹਨ। ਮੈਂ ਸਮਝਦੀ ਹਾਂ ਕਿ ਜੋ ਸੰਕਟ ਵਿੱਚੋਂ ਮੈਂ ਲੰਘ ਰਹੀ ਹਾਂ, ਇਹ ਅਤਿਅੰਤ ਦੁਖਦਾਈ ਹੈ। ਕਿਸ ਪਾਸ ਪਰਦਾ ਜ਼ਾਹਰ ਕਰਾਂ। ਜੇ ਨਹੀਂ ਦਸਦੀ ਤਾਂ ਵੀ ਸਾਹਮਣੇ ਮੌਤ ਦਿਸਦੀ ਹੈ। ਕਿਉਂਕਿ ਅਜੇਹੇ ਹਾਲਾਤ ਵਿਚੋਂ ਲੰਘਦਿਆ ਕੋਈ ਵੀ ਕੁੜੀ ਜਾਂ ਤਾਂ ਕਿਸੇ ਨਾਲ ਦੁਖ ਸਾਂਝਾ ਕਰਕੇ ਕੋਈ ਗੱਲ ਕਰੇਗੀ। ਨਹੀਂ ਫਿਰ ਜ਼ਹਿਰ ਖਾ ਕੇ ਮਰ ਜਾਵੇਗੀ। ਇਸ ਲਈ ਬਹੁਤ ਹੀ ਸੋਚ ਕੇ ਅਖੀਰ ਵਿੱਚ ਮੈਂ ਇਹ ਨਿਰਨਾ ਕਰ ਲਿਆ ਹੈ ਕਿ ਤੇਰੇ ਨਾਲ ਇਸ ਦੁਖਾਂਤ ਨੂੰ ਸਾਂਝਾ ਕਰਕੇ ਕੋਈ ਹੱਲ ਲੱਭਾਂ।

ਡਾਕਟਰ 15 ਅਪ੍ਰੈਲ ਦੀ ਭਿਆਨਕ ਰਾਤ ਦਾ ਨਤੀਜਾ ਮੇਰੇ ਸਾਹਮਣੇ ਆ ਗਿਆ ਹੈ। ਪਹਿਲਾਂ ਤਾਂ ਮੈਂ ਮਨ ਨੂੰ ਸਮਝਾਇਆ ਸੀ ਕਿ ਜੋ ਕੁਸ਼ ਬੀਤਿਆ ਉਹ ਬਹੁਤ ਹੀ ਦੁਖਦਾਈ ਸੀ। ਉਸਨੂੰ ਮੈਂ ਵਿੱਚ-ਵਿੱਚ ਪੀ ਗਈ। ਪਰ ਜਦ ਮੈਨੂੰ ਮਹੀਨਾ ਨਾ ਆਇਆ ਤਾਂ ਮੈਨੂੰ ਇਉਂ ਲੱਗਿਆ ਜਿਵੇਂ ਮੇਰੇ ਪੈਰਾਂ ਥੱਲਿਓ ਧਰਤੀ ਖਿਸਕ ਰਹੀ ਹੈ। ਮੈਨੂੰ ਸਾਰਾ ਅਕਾਸ਼ ਘੁੰਮਦਾ ਨਜ਼ਰ ਆਇਆ ਜਿਵੇਂ ਭੁਚਾਲ ਆ ਗਿਆ ਹੋਵੇ। ਹੁਣ ਮੇਰਾ ਕੀ ਬਣੇਗਾ। ਮੈਂ ਸੋਚਦੀ ਰਹੀ। ਪਰ ਮੈਨੂੰ ਕੋਈ ਵੀ ਰਾਹ ਨਾ ਸੁਝਿਆ। ਮੈਂ ਸਾਰਾ ਦਿਨ ਮੰਜਾ ਤੋੜਦੀ ਰਹਿੰਦੀ। ਮਨ ਵਿਚ ਗੱਲਾਂ ਤੇ ਤੁਫਾਨ ਆਉਂਦੇ ਰਹਿੰਦੇ। ਮੇਰੀ ਘਬਰਾਹਟ ਵੱਧਦੀ ਜਾਂਦੀ।

ਜਦੋਂ ਡਾਕਟਰ ਤੂੰ ਸਾਡੇ ਘਰ ਆਇਆ ਤਾਂ ਮੈਨੂੰ ਬਹੁਤ ਚੰਗਾ ਨਾ ਲੱਗਾ। ਜਦੋਂ ਮੈਨੂੰ ਪਤਾ ਲੱਗਾ ਕਿ ਤੂੰ ਸਾਡੇ ਘਰ ਹੀ ਕਲੀਨਿਕ ਖੋਲ੍ਹਣਾ ਹੈ ਤਾਂ ਮੈਂ ਅੰਦਰੋ ਹੀ ਅੰਦਰ ਠਰੰਮੇ ਨਾਲ ਭਰਦੀ ਗਈ ਕਿ ਸਾਇਦ ਕੋਈ



ਤਰਕੀਬ ਨਿਕਲ ਆਵੇ। ਮੈਂ ਸੋਚਿਆ ਸੀ ਮੈਂ ਕਿਸੇ ਵੀ ਤਰੀਕੇ ਨਾਲ ਡਾਕਟਰ ਨਾਲ ਆਪਣੀ ਬਿਮਾਰੀ ਦੀ ਗੱਲ ਕਰਾਂਗੀ। 13 ਮਈ ਨੂੰ ਜਦ ਤੂੰ ਗਿਆ ਸੀ ਤਾਂ ਮੈਂ ਇਕ ਸਹੇਲੀ ਦਾ ਹਵਾਲਾ ਦਿੱਤਾ ਸੀ। ਉਹ ਸਿਰਫ ਮੈਂ ਹੀ ਸਾਂ। ਮੇਰੀ ਕੁੱਖ ਵਿਚ ਮੇਰਾ ਭਰਾ ਸਪੋਲੀਆ ਬਣ ਪਲ ਰਿਹਾ ਸੀ।

ਅੱਜ ਫਿਰ ਗਿਆਨੀ ਸ਼ਰਾਬ ਨਾਲ ਰੱਜਿਆ ਆਇਆ ਹੈ। ਮੈਂ ਅੰਦਰ ਗਰਮੀ ਵਿਚ ਕੁੰਡਾ ਲਾ ਕੇ ਪੈ ਗਈ ਸਾਂ। ਸਵੇਰੇ ਉੱਠੀ ਤਾਂ ਗਿਆਨੀ ਉਸਲ ਵੱਟੇ ਲੈ ਰਿਹਾ ਸੀ। ਮੈਂ ਚਾਹ ਉਹਦੇ ਮੂਹਰੇ ਸੁੱਟ ਕੇ ਡਾਇਰੀ ਲਿਖਣ ਲੱਗ ਪਈ। ਮੈਨੂੰ ਪਤਾ ਹੈ ਕਿ ਜਦੋਂ ਤੂੰ ਆਵੇਗਾ ਤਾਂ ਡਾਇਰੀ ਪੜ੍ਹਨ ਲਈ ਮੰਗੇਗਾ। ਤੇ ਤੈਨੂੰ ਸਾਰੀ ਹੱਡ ਬੀਤੀ ਦਾ ਪਤਾ ਲੱਗ ਜਾਵੇਗਾ। ...

ਰਮਨ ਨੇ ਡਾਇਰੀ ਇਸ ਤੋਂ ਅੱਗੇ ਵੀ ਲਿੱਖੀ ਹੋਈ ਸੀ ਪਰ ਸੀ ਬੜੀ ਕਾਹਲੀ ਵਿਚ। ਉਹਦੇ ਸ਼ਬਦ ਤੇ ਲਿਖਾਈ ਵੀ ਖਰਾਬ ਸੀ।

*ਸਮਾਂ 9 ਵੱਜ ਕੇ 45 ਮਿੰਟ-*

ਤੂੰ ਸੋਚਦਾ ਹੋਵੇਗਾ ਕਿ ਡਾਕਟਰ ਮੈਂ ਫਿਰ ਡਾਇਰੀ ਲਿਖਣ ਬਹਿ ਗਈ ਹਾਂ। ਅਸਲੀਅਤ ਇਹ ਹੈ ਕਿ ਗਿਆਨੀ ਅੱਜ ਮੰਜੇ ਤੋਂ ਉੱਠ ਕੇ ਫਿਰ ਕਿਤੋਂ ਸ਼ਰਾਬ ਪੀ ਆਇਆ ਹੈ। ਮੈਂ ਵੱਖ ਲੈ ਕੇ ਮੰਜੇ ਤੇ ਪਈ ਹਾਂ। ਮੈਨੂੰ ਤਾਂ ਉਦੋਂ ਹੀ ਪਤਾ ਲੱਗਾ ਜਦੋਂ ਇਹਨੇ ਮੇਰਾ ਲੱਕ ਦਬਾਉਣਾ ਸ਼ੁਰੂ ਕਰ ਦਿੱਤਾ। ਕਹਿਣ ਲੱਗਾ,

"ਰਮਨ ਬਸ ਤੇਰਾ ਵਿਆਹ ਕਰ ਦੇਣਾ, ਮੈਂ ਮੁੰਡਾ ਦੇਖ ਆਇਆ।"

ਮੈਂ ਪੂਰੇ ਜੋਰ ਨਾਲ ਇਸ ਨੂੰ ਧੱਕਾ ਦੇ ਦਿੱਤਾ। ਬਾਹਰ ਨੱਸਣ ਲੱਗੀ। ਪਰ ਇਸ ਸ਼ੈਤਾਨ ਨੇ ਗੇਟ ਨੂੰ ਜਿੰਦਾ ਲਾਇਆ ਹੋਇਆ ਸੀ। ਮੈਂ ਚੀਕਾ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਪਰ ਮੇਰੀ ਆਵਾਜ਼ ਬਹੁਤ ਮੱਧਮ ਸੀ। ਉਹ ਮੈਨੂੰ ਅੰਦਰ ਖਿੱਚਦਾ ਮੈਂ ਬਾਹਰ ਭੱਜਦੀ ... ਮੈਂ ਫਿਰ ਭੱਜਦੀ... ਅਖੀਰ ਮੈਂ ਉਹਦੇ ਮੂੰਹ 'ਤੇ ਥੁੱਕ ਦਿੱਤਾ। ਉਹਦੇ ਮਨ ਵਿਚ ਪਤਾ ਨਹੀਂ ਕੀ ਆਇਆ ਉਹ ਗੇਟ ਦਾ ਜਿੰਦਾ ਖੋਲ੍ਹ ਕੇ ਬਾਹਰ ਨੂੰ ਭੱਜ ਤੁਰਿਆ। ਮੈਂ ਉੱਠੀ ਤੇ ਅੰਦਰੋਂ ਕੁੰਡਾ ਲਾ ਕੇ ਮੰਜੇ 'ਤੇ ਡਿੱਗ ਪਈ। ਬਸ ਹੁਣ ਮੈਂ ਮਰਾਂਗੀ। ਹੋਰ ਕੀ ਥੁੜਿਆ ਹੈ ਇਸ ਨਰਕੀ ਜ਼ਿੰਦਗੀ ਤੋਂ। ਅੱਜ ਵਿਆਹ ਵਿਚ ਵਰਤਣ ਲਈ ਬੋਹਾ ਇਥੇ ਬਰਫ਼ ਦੇ ਬਲਾਕ ਰੱਖ ਗਿਆ ਸੀ। ਬਲਾਕਾਂ ਨੂੰ ਉਸਨੇ ਚਾਦਰ ਨਾਲ ਚੰਗੀ ਤਰ੍ਹਾਂ ਢੱਕਿਆ ਸੀ। ਇਸੇ ਚਾਦਰ ਨੂੰ ਵਟਾ ਚਾੜ ਕੇ ਮੈਂ ਰੱਸੀ ਬਣਾ ਲਈ ਹੈ ਤੇ ਬਰਫ਼ ਦੇ ਬਲਾਕਾਂ 'ਤੇ ਚੜ ਕੇ ਮੈਂ ਫਾਹਾ ਲੈ ਲਵਾਂਗੀ।

ਮੈਂ ਸੋਚਿਆ ਕਿ ਡਾਇਰੀ ਜ਼ਰੂਰ ਲਿਖ ਦਿਆਂ। ਡਾਇਰੀ ਮੈਂ 'ਬੋਰੇ' ਵਿਚ ਰੱਖਦੀ ਹਾਂ। ਕੰਧ ਉਪਰ ਵੀ ਲਿਖ ਦਿੱਤਾ ਹੈ, 'ਬੋਰਾ'। ਤੂੰ ਆ ਕੇ ਡਾਇਰੀ ਪੜ੍ਹ ਲਈਂ ਡਾਕਟਰ ਮੇਰੀ ਮੌਤ ਦਾ ਜੁੰਮੇਵਾਰ ਕੌਣ ਏ।...

*　　　　*　　　　*

ਇਹ ਪੜ੍ਹਕੇ ਮੈਂ ਤੇਜੀ ਨਾਲ ਉਸ ਕਮਰੇ ਵਿਚ ਗਿਆ। ਜਿੱਥੇ ਰਮਨ ਨੇ ਫਾਹਾ ਲਿਆ ਸੀ। ਕੰਧ 'ਤੇ ਲਿਖੇ ਲਫ਼ਜ਼ਾਂ ਨੂੰ ਮੈਂ ਚੰਗੀ ਤਰ੍ਹਾਂ ਦੇਖਿਆ। ਘਬਰਾਈ ਹੋਈ ਰਮਨ ਤੋਂ ਤੇਜੀ ਨਾਲ ਅੱਖਰ 'ਰ' ਦੀ ਬਜਾਏ 'ਹ' ਲਿਖਿਆ ਗਿਆ। ਜਿਸਨੂੰ ਮੈਂ ਬੋਹਾ ਸਮਝਦਾ ਰਿਹਾ।

ਮੈਂ ਕਲੀਨਿਕ ਨੂੰ ਜਿੰਦਾ ਲਾ ਪਿੰਡੋਂ ਬਾਹਰ ਵੱਲ ਨੂੰ ਤੁਰ ਪਿਆ।

ਸੰਪਾਰਕ-98726-53150

## ਕਹਾਣੀ / **ਅਣਸੁਣੀ ਚੀਕ** / - ਲਖਵੀਰ ਚੰਦ

ਅੰਦਰੋਂ ਦੋ ਹੋਰ ਚਿੱਟੀਆਂ ਚਾਦਰਾਂ ਲੱਭ ਕੇ ਬਾਹਰ ਵਿਹੜੇ 'ਚ ਵਿਛਾ ਆਪ ਉੱਪਰ ਚੁਬਾਰੇ 'ਤੇ ਚੜ੍ਹ ਜਾਂਦਾ ਹਾਂ। ਬਾਹਰੋਂ ਲੋਕ ਅਫਸੋਸ ਕਰਨ ਆਈ ਜਾ ਰਹੇ ਨੇ ਪਰ ਮੇਰਾ ਮਨ ਉਨ੍ਹਾਂ ਦੇ ਕੋਲ ਬੈਠਣ ਨੂੰ ਨਹੀਂ ਕਰ ਰਿਹਾ। ਮੇਰੀ ਵੱਡੀ ਭੈਣ ਦੇਬੋ ਖੁਦ ਹੀ ਸੰਭਾਲ ਲਏਗੀ।

ਰਵੀ ਦੇ ਸੱਸ-ਸਹੁਰਾ ਅੰਦਰ ਕਮਰੇ ਵਿੱਚ ਸ਼ੈਲਕਾ ਦੁਆਲੇ ਬੈਠੇ ਨੇ। ਕੋਲ ਦੀਵਾ ਜਗ ਰਿਹਾ ਏ। ਸੰਸਕਾਰ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁਕੀਆਂ ਨੇ ਬਸ ਰਵੀ ਦੇ ਆਉਣ ਦਾ ਇੰਤਜ਼ਾਰ ਆ। ਪਰਸੋਂ ਦਾ ਦਿੱਲੀ ਗਿਆ ਹੋਇਆ ਏ ਆਪਣੀ ਦੁਕਾਨ ਦਾ ਸਮਾਨ ਲੈਣ।

"ਕੀ ਪਤਾ ਸੀ ਬੇਚਾਰੇ ਨੂੰ ਉਸ ਦੇ ਜਾਣ ਤੋਂ ਬਾਅਦ 'ਇਹ' ਭਾਣਾ ਵਾਪਰ ਜੁਗਾ।" ਇਕੱਠ 'ਚ ਬੈਠੀ ਕਿਸੇ ਔਰਤ ਦੇ ਬੋਲ ਮੇਰੇ ਕੰਨਾਂ 'ਚ ਪਏ।ਮੈਨੂੰ ਹੋਰ ਗੁੱਸਾ ਚੜ੍ਹ ਜਾਂਦਾ ਏ। ਦਿਲ ਤਾਂ ਕਰਦਾ ਏ ਸਾਰਿਆਂ ਨੂੰ ਇੱਥੋਂ ਭਜਾ ਦਿਆ।ਐਵੇਂ ਸਾਲੇ ਤਮਾਸ਼ਾ ਦੇਖਣ ਤੁਰੇ ਫਿਰਦੇ ਨੇ।

ਮੈਂ ਏਥੇ ਚੁਬਾਰੇ 'ਚ ਬੈਠਾ ਰਵੀ ਦੀਆਂ ਅੱਖਾਂ ਦਾ ਸਾਹਮਣਾ ਕਰਨ ਦੀ ਹਿੰਮਤ ਜੁਟਾ ਰਿਹਾ ਹਾਂ। ਰਵੀ ਨੂੰ ਘਰ ਵਿੱਚ ਵਾਪਰੀ ਏਸ ਘਟਨਾ ਬਾਰੇ ਕੁਝ ਨਹੀਂ ਪਤਾ। ਮੈਂ ਰਵੀ ਦੇ ਦੋਸਤ ਮਾਈਕਲ ਨੂੰ ਇਸ ਮੌਤ ਬਾਰੇ ਦੱਸ ਦਿੱਤਾ ਏ ਪਰ ਉਸਨੇ ਰਵੀ ਨੂੰ ਦੱਸਣ ਤੋਂ ਮਨ੍ਹਾ ਕਰ ਦਿੱਤਾ। ਉਸ ਨੂੰ ਕਿਹਾ ਸੀ ਕਿ ਰਵੀ ਨੂੰ ਕਹੇ ਉਸਦੀ ਵਾਈਫ ਬਹੁਤ ਬਿਮਾਰ ਆ ਸਭ ਕੰਮ ਛੱਡ ਕੇ ਜਲਦੀ ਘਰ ਪਹੁੰਚੇ।

ਪੰਜ ਘੰਟੇ ਹੋਣ ਵਾਲੇ ਨੇ ਰਵੀ ਆਉਣ ਵਾਲਾ ਹੀ ਹੋਏਗਾ। ਪਤਾ ਨ੍ਹੀ ਕੀ ਬੀਤੇਗੀ ਉਹਦੇ ਦਿਲ 'ਤੇ ਜਦ ਆਪਣੀ ਜਾਨ ਤੋਂ ਪਿਆਰੀ ਵਾਈਫ ਨੂੰ ਮੌਤ ਦੀ ਸੇਜ 'ਤੇ ਪਈ ਦੇਖੇਗਾ। . . . ਕਿਸੇ ਦੇ ਪੌੜੀਆਂ ਚੜ੍ਹਨ ਦੀ 'ਵਾਜ਼ ਆ ਰਹੀ ਆ। ਕੌਣ ਹੋਏਗਾ? . . . ਇਹ ਤਾਂ ਮੇਰਾ ਜਿਗਰੀ ਯਾਰ ਕੇਸਵਾ ਨੰਦ ਆ। ਉਹ ਮੇਰੇ ਕੋਲ ਆ ਕੇ ਬੈਠਦਿਆਂ-ਬੈਠਦਿਆਂ ਪੁੱਛਦਾ ਏ, "ਜੀਤ! ਏਹ ਭਾਣਾ ਕਿਵੇਂ ਵਾਪਰ ਗਿਆ?"

"ਹੋਣਾ ਕੀ ਸੀ ਓਹੀ ਹੋਇਆ ਜੋ ਭਾਵੀ ਨੂੰ ਮੰਜ਼ੂਰ ਸੀ। . . . ਹਫਤਾ ਹੋ ਗਿਆ ਸੀ ਬਹੂ ਨੂੰ ਮਗਰ ਪਿਆ। ਅਖੇ ਬਿਜਲੀ ਦੀ ਰਾੜ ਲਿਆਓ, ਪਾਣੀ ਗਰਮ ਕਰਨ ਲਈ ਠੀਕ ਰਹਿੰਦੀ ਆ। ਹਫਤਾ ਤਾਂ ਮੈਂ ਟਾਲੀ ਗਿਆ। ਪਤਾ ਨ੍ਹੀਂ ਕਦੋਂ ਸਾਹਮਣੀ ਗੁਆਂਢਣ ਨਾਲ ਬਜ਼ਾਰ ਜਾ ਕੇ ਰਾੜ ਖ਼ਰੀਦ ਲਿਆਈ। ਅਗਲੇ ਦਿਨ ਝਾੜੂ-ਪੋਚਾ ਲਗਾ ਕੇ ਬਾਥਰੂਮ ਵਿੱਚ ਨਹਾਉਣ ਵੜ ਗਈ। ਮੈਂ ਅੰਦਰ ਟੀ.ਵੀ. ਦੇਖ ਰਿਹਾ ਸੀ। ਕਾਫੀ ਟਾਈਮ ਬੀਤ ਗਿਆ ਬਹੂ ਬਾਹਰ ਈ ਨਾ ਆਈ ਤਾਂ ਮੈਂ 'ਵਾਜ਼ ਮਾਰ ਕੇ ਪੁੱਛਣ ਵੀ ਲੱਗਿਆ ਪਰ ਇਹ ਸੋਚ ਕੇ ਚੁੱਪ ਕਰ ਗਿਆ ਮਤੇ ਬਹੂ ਗੁੱਸਾ ਈ ਨਾ ਮਨਾਏ। ਓਧਰ ਬਾਹਰ ਗੇਟ ਖੜ੍ਹਕਣ ਦੀ 'ਵਾਜ਼ ਆਈ। ਮੈਂ ਉਠ ਕੇ ਗੇਟ ਖੋਲ੍ਹਿਆਂ ਤਾਂ ਬਾਹਰ ਸਾਡੀ ਗੁਆਂਢਣ ਨਵਨੀਤ ਖੜ੍ਹੀ ਸੀ, ਉਹ ਪਿਆਜ ਲੈਣ ਆਈ ਸੀ। ਮੈਂ ਕਿਹਾ ਬਹੂ ਨੂੰ ਘੰਟਾ ਹੋ ਗਿਆ ਬਾਥਰੂਮ 'ਚ ਵੜੀ ਨੂੰ ਤੂੰ ਹੀ ਜਾ ਕੇ ਪੁੱਛ ਲੈ। ਨਵਨੀਤ ਨੇ ਬਾਥਰੂਮ ਮੂਹਰੇ ਕਈ 'ਵਾਜ਼ਾਂ ਮਾਰੀਆਂ ਪਰ ਅੰਦਰੋਂ ਕੋਈ 'ਵਾਜ਼ ਨਾ ਆਈ। ਉਹਨੇ ਦਰਵਾਜ਼ਾਂ ਧੱਕਿਆ ਤਾਂ ਦਰਵਾਜ਼ਾਂ ਖੁੱਲ ਗਿਆ। ਅੰਦਰ ਧੂੰਆਂ ਹੀ ਧੂੰਆਂ ਹੋਇਆ ਪਿਆ ਸੀ। ਸ਼ੈਲਕਾ ਕੱਪੜਿਆਂ ਤੋਂ ਬਿਨਾਂ ਫਰਸ਼ 'ਤੇ ਡਿੱਗੀ ਪਈ ਸੀ ਤੇ ਰਾੜ ਉਹਦੀ ਛਾਤੀ ਉੱਪਰ ਚਿਪਕੀ ਪਈ ਸੀ। ਛਾਤੀ ਦਾ ਕਾਫੀ ਹਿੱਸਾ ਸੜ੍ਹ ਗਿਆ ਸੀ। ਨਵਨੀਤ ਦੀ ਚੀਕ ਸੁਣ ਕੇ ਮੈਂ ਬਾਥਰੂਮ 'ਚ ਭੱਜਿਆ ਗਿਆ। ਇਹ ਦ੍ਰਿਸ਼ ਦੇਖ ਕੇ ਮੇਰੇ ਤਾਂ ਜਿਵੇਂ ਸਾਹ ਈ ਸੁੱਕ ਗਏ ਹੋਣ। ਮਸਾ ਮੈਂ ਆਪਣੇ ਆਪ ਨੂੰ ਸੰਭਾਲਿਆਂ ਤੇ ਰਾੜ ਦਾ ਪਲੱਗ ਕੱਢ ਕੇ ਨਵਨੀਤ ਨੂੰ ਚੁੱਕ ਕੇ ਬਾਹਰ ਲਿਆਂਦਾ...।" ਕਹਿ ਮੇਰੀਆਂ ਅੱਖਾਂ ਛਲਕਣ ਲੱਗੀਆ।



ਮੇਰੇ ਫੋਨ 'ਤੇ ਮਾਈਕਲ ਦੀ ਮਿਸ ਕਾਲ ਆਈ ਏ ਸ਼ਾਇਦ ਉਹ ਆਉਣ ਵਾਲੇ ਹੀ ਹੋਣਗੇ। ਮੈਂ ਕੇਸਵਾ ਨੰਦ ਨਾਲ ਹੇਠਾਂ ਉੱਤਰ ਆਉਂਦਾ ਹਾਂ। ਥੋੜ੍ਹੀ ਦੇਰ ਬਾਅਦ ਰਵੀ ਤੇ ਮਾਈਕਲ ਆ ਜਾਂਦੇ ਨੇ। ਇਕੱਠ ਦੇਖ ਕੇ ਰਵੀ ਦੇ ਚਿਹਰੇ 'ਤੇ ਕਈ ਸਵਾਲ ਮੰਡਰਾ ਰਹੇ ਨੇ। ਉਹ ਮੈਨੂੰ ਸ਼ੈਲਕਾ ਬਾਰੇ ਪੁੱਛਦਾ ਏ ਮੈਂ ਅੰਦਰ ਕਮਰੇ ਵੱਲ ਇਸ਼ਾਰਾਂ ਕਰ ਦਿੰਦਾ ਹਾਂ। ਜਦ ਰਵੀ ਕਮਰੇ ਵਿੱਚ ਦਾਖਲ ਹੋ ਕੇ ਸ਼ੈਲਕਾ ਦੀ ਲਾਸ਼ ਦੇਖਦਾ ਏ ਤਾਂ ਉੱਚੀ-ਉੱਚੀ ਚੀਕਾਂ ਮਾਰਨ ਲੱਗ ਜਾਂਦਾ ਏ। ਉਹ ਸ਼ੈਲਕਾ ਦੇ ਨਾਲ ਹੀ ਲੇਟ ਜਾਂਦਾ ਏ। ਉਸਦਾ ਸਹੁਰਾ ਤੇ ਸਾਲਾ ਮਸਾ ਈ ਉਹਨੂੰ ਸੰਭਾਲਦੇ ਨੇ। ਮੈਥੋਂ ਰਵੀ ਦੀ ਏਹ ਹਾਲਤ ਦੇਖੀ ਨ੍ਹੀ ਜਾ ਰਹੀ। ਮੈਨੂੰ ਆਪਣੇ ਆਪ ਨਾਲ ਨਫਰਤ ਹੋ ਰਹੀ ਆ। ਮੈਂ ਕਿਹੋ ਜਿਹਾ ਬਾਪ ਹਾਂ ਜਿਸਨੇ ਆਪਣੇ ਹੀ ਪੁੱਤ ਦੀਆਂ ਖ਼ੁਸ਼ੀਆਂ ਨੂੰ ਗ੍ਰਹਿਣ ਲਗਾ ਦਿੱਤਾ।ਮੈਂ ਰਵੀ ਦੀ ਬਚਪਨ ਤੋਂ ਹੀ ਹਰੇਕ ਜ਼ਿੱਦ ਪੁਗਾਈ ਸੀ। ਕਦੇ ਗੁੱਸੇ ਵੀ ਨੀ ਸੀ ਹੋਣ ਦਿੱਤਾ।

ਇਹ ਸੋਚਦਿਆਂ-ਸੋਚਦਿਆਂ ਮੇਰੀ ਸੋਚ ਕਈ ਵਰ੍ਹੇ ਪਿੱਛੇ ਚਲੇ ਜਾਂਦੀ ਏ। ਰਵੀ ਓਦੋਂ ਸੱਤਵੀਂ 'ਚ ਪੜ੍ਹਦਾ ਸੀ ਜਦ ਕਾਂਤਾ ਰੱਬ ਨੂੰ ਪਿਆਰੀ ਹੋ ਗਈ ਸੀ। ਰਿਸ਼ਤੇਦਾਰਾਂ ਨੇ ਬਹੁਤ ਜ਼ੋਰ ਪਾਇਆ ਪਰ ਮੈਂ ਰਵੀ ਦੀ ਖ਼ੁਸ਼ੀ ਲਈ ਦੂਸਰਾ ਵਿਆਹ ਨਾ ਕਰਾ ਸਕਿਆ। ਮੈਂ ਹੀ ਰਵੀ ਲਈ ਉਸਦੀ ਮਾਂ ਤੇ ਪਿਓ ਬਣ ਗਿਆ।ਆਪਣੇ ਸੁੰਨੇਪਣ ਨੂੰ ਰਵੀ ਦੀ ਦੇਖ-ਰੇਖ ਹੇਠ ਦਬਾਉਣ ਦੀ ਕੋਸ਼ਿਸ਼ ਕਰਦਾ। ਸਮਾਂ ਕਿਵੇਂ ਬੀਤਦਾ ਗਿਆ ਕੁਝ ਪਤਾ ਹੀ ਨਾ ਲੱਗਾ। ਹੌਲੀ-ਹੌਲੀ ਰਵੀ ਬੀ.ਏ., ਐੱਮ.ਏ. ਕਰ ਗਿਆ। ਫਿਰ ਮੈਂ ਉਸਦੀ ਐਡਮਿਸ਼ਨ ਬੀ.ਐੱਡ. ਵਿੱਚ ਮੋਹਾਲੀ ਕਾਲਜ ਵਿੱਚ ਕਰਵਾ ਦਿੱਤੀ।ਉਹਨੂੰ ਉੱਥੇ ਹੀ ਹੋਸਟਲ 'ਚ ਰਹਿਣਾ ਪੈਣਾ ਸੀ। ਮੈਂ ਨਾ ਚਾਹੁੰਦੇ ਹੋਏ ਕੁਝ ਰਵੀ ਦੇ ਭਵਿੱਖ ਲਈ ਉਸਨੂੰ ਉੱਥੇ ਛੱਡ ਆਇਆ। ਬਸ ਉਸ ਸਮੇਂ ਤੋਂ ਮੈਨੂੰ ਇਕੱਲਾਪਣ ਜ਼ਿਆਦਾ ਤੰਗ ਕਰਨ ਲੱਗਾ।ਰਾਤ ਨੂੰ ਪਏ-ਪਏ ਮੈਨੂੰ ਮਨ ਦੀ ਕਾਲ ਕੋਠੜੀ ਵਿੱਚੋਂ ਤਰ੍ਹਾਂ-ਤਰ੍ਹਾਂ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ। ਕਦੇ ਸੁਪਨੇ 'ਚ ਸੱਪ ਹੀ ਸੱਪ ਦਿਸਣ। ਮੈਂ ਡਰ ਕੇ ਜਾਗ ਪੈਂਦਾ। ਹੌਲੀ-ਹੌਲੀ ਮੈਨੂੰ ਆਪਣੇ ਆਪ ਤੋਂ ਹੀ ਡਰ ਲੱਗਣ ਲੱਗ ਪਿਆ। ਮੈਂ ਇਹ ਸਾਰੀ ਗੱਲ ਆਪਣੇ ਦੋਸਤ ਕੇਸਵਾ ਨੰਦ ਨੂੰ ਦੱਸੀ ਤਾਂ ਉਹਨੇ ਮੈਨੂੰ ਇੱਕ ਪਰਚੀ ਜਿਹੀ ਦਿੱਤੀ ਤੇ ਕਿਹਾ 'ਲੈ ਫੜ ਆਪਣੇ ਦੁੱਖਾਂ ਦੀ ਦਵਾਈ'। ਮੈਂ ਪਰਚੀ ਦੇਖੀ ਤਾਂ ਉਸ ਵਿੱਚ ਇੱਕ ਮੋਬਾਇਲ ਦਾ ਨੰਬਰ ਲਿਖਿਆਂ ਹੋਇਆ ਸੀ। ਮੈਂ ਪਰਚੀ ਬਟੂਏ 'ਚ ਪਾ ਕੇ ਘਰ ਪਰਤ ਆਇਆ।

ਕਈ ਵਾਰ ਮੈਂ ਪਰਚੀ ਬਟੂਏ 'ਚੋ ਕੱਢੀ ਤੇ ਦੇਖ ਕੇ ਵਾਪਿਸ ਪਾ ਲੈਂਦਾ। ਕਈ ਦਿਨ ਐਦਾ ਹੀ ਚੱਲਦਾ ਰਿਹਾ। ਇੱਕ ਦਿਨ ਮੈਂ ਹੌਂਸਲਾ ਜਿਹਾ ਕਰਕੇ ਨੰਬਰ ਡਾਇਲ ਕਰ ਹੀ ਲਿਆ। ਅੱਗੋਂ ਬੜ੍ਹੇ ਹੀ ਸਲੀਕੇ ਵਾਲੀ ਕੁੜੀ ਨੇ ਫੋਨ ਚੁੱਕਿਆ। ਉਹਨੇ ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਘਰ ਦਾ ਐਡਰੇਸ ਪੁੱਛਿਆ ਤੇ ਇੱਕ ਘੰਟੇ 'ਚ ਆਉਣ ਦਾ ਇਕਰਾਰ ਕਰਕੇ ਫੋਨ ਕੱਟ ਦਿੱਤਾ।. . . ਸਾਰੇ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਪ੍ਰਤੱਖ ਹੋਈ ਜਾ ਰਹੇ ਨੇ। ਮੈਂ ਕੱਪੜੇ ਉਤਾਰ ਕੇ ਸਰੀਰ 'ਤੇ ਸਰੋਂ ਦੇ ਤੇਲ ਦੀ ਮਾਲਿਸ਼ ਕਰਦਾ ਹਾਂ। ਮਾਲਿਸ਼ ਕਰਨ ਨਾਲ ਮੈਨੂੰ ਆਪਣਾ ਸਰੀਰ ਹਰਕਤ ਵਿੱਚ ਆ ਗਿਆ ਲੱਗਦਾ। ਮੈਨੂੰ ਆਪਣੇ ਢਿਲਕੇ ਸਰੀਰ ਵਿੱਚ ਕਸਾਅ ਜਿਹਾ ਮਹਿਸੂਸ ਹੋਣ ਲੱਗਦਾ। ਫਿਰ ਮੈਂ ਬਾਥਰੂਮ ਵਿੱਚ ਨਹਾਉਣ ਲੱਗਦਾ ਹਾਂ। ਉੱਚੀ-ਉੱਚੀ ਗੀਤ ਗਾਉਂਦਾ ਹਾਂ। ਨਵੇਂ ਕੱਪੜੇ ਪਾ ਕੇ ਟਾਈਮ ਪੀਸ ਵੱਲ ਦੇਖਦਾ ਹਾਂ। ਇੱਕ ਘੰਟੇ ਤੋਂ ਟਾਈਮ ਦਸ ਮਿੰਟ ਜ਼ਿਆਦਾ ਹੋ ਚੁੱਕਾ ਸੀ।ਸ਼ਾਇਦ ਉਹ ਰਸਤੇ 'ਚ ਹੋਏਗੀ। ਗੇਟ ਖੜ੍ਹਕਿਆਂ ਏ। ਉਹ ਗੇਟ ਖੋਲ੍ਹ ਕੇ ਅੰਦਰ ਆ ਜਾਂਦੀ ਏ। ਉਹਦੀ ਉਮਰ ਮਸਾ ਸਤਾਈ ਕੁ ਸਾਲ ਦੀ ਹੋਏਗੀ। ਬੇਹੱਦ ਖ਼ੂਬਸੂਰਤ। ਉਹਨੂੰ ਦੇਖ ਕੇ ਮੇਰਾ ਆਪਣੇ ਆਪ 'ਤੇ ਵਸ ਨਹੀਂ ਰਹਿੰਦਾ। ਮੈਂ ਉਹਨੂੰ ਆਪਣੀਆਂ ਬਾਹਾਂ 'ਚ ਘੁੱਟ ਲੈਂਦਾ ਹਾਂ। ਫਿਰ ਉਸ ਕੋਲੋਂ ਨਾਂ ਪੁੱਛਦਾ ਹਾਂ। ਉਹ ਆਪਣਾ ਨਾਂ ਰੋਜ਼ੀ ਦੱਸਦੀ ਏ। ਮੈਨੂੰ ਪਤਾ ਏ ਕਿ ਏਹ ਉਹਦਾ ਅਸਲੀ ਨਾਂ ਨਹੀਂ ਹੋਏਗਾ। ਮੈਂ ਰੋਜ਼ੀ ਨੂੰ ਚਾਹ-ਪਾਣੀ ਪੁੱਛਦਾ ਹਾਂ ਪਰ ਉਹ ਜਲਦੀ ਜਾਣ ਬਾਰੇ ਕਹਿ ਕੇ ਮੇਰਾ ਸਾਰਾ ਮਜ਼ਾ ਖਰਾਬ ਕਰ ਦਿੰਦੀ ਏ।

ਅਸੀਂ ਪੰਦਰਾਂ ਮਿੰਟ ਇੱਕ-ਦੂਜੇ ਨਾਲ ਗੁੱਛਮ ਗੁੱਛਾ ਹੁੰਦੇ ਆ। ਮੈਨੂੰ ਜਲਦੀ ਸਾਹ ਚੜ੍ਹਣ ਲੱਗ ਜਾਂਦਾ ਏ। ਮੇਰਾ ਦਿਲ ਕਰਦਾ ਏ ਕਿ ਰੋਜ਼ੀ ਨੂੰ ਹਮੇਸ਼ਾਂ ਲਈ ਆਪਣੇ ਕੋਲ ਹੀ ਰੱਖ ਲਵਾਂ। ਰੋਜ਼ੀ ਜਲਦੀ ਜਾਣ ਦੀ ਕਾਹਲੀ ਕਰਦੀ ਏ। ਮੈਂ ਪੰਜ-ਪੰਜ ਸੋ ਦੇ ਚਾਰ ਨੋਟ ਉਹਨੂੰ ਫੜਾਉਂਦਾ ਹਾਂ ਤੇ ਉਹ ਨੋਟਾਂ ਨੂੰ ਗਿਣ ਕੇ ਟੇਬਲ 'ਤੇ ਪਏ ਪਰਸ ਵਿੱਚ ਪਾਉਂਦੀ ਏ ਤੇ ਗੇਟ ਵੱਲ ਜਾਣ ਲੱਗਦੀ ਏ। ਮੈਂ ਉਹਦੇ ਮਗਰ-ਮਗਰ ਗੇਟ ਲਗਾਉਣ ਜਾਂਦਾ ਹਾਂ।ਬਾਹਰ ਸਾਡੇ ਨਾਲ ਦੇ ਘਰ ਵਾਲਾ ਠੇਕੇਦਾਰ ਰਕੇਸ਼ ਕੁਮਾਰ ਧੱਗੜ ਸੜਕ ਵੱਲ ਜਾ ਰਹੀ ਰੋਜ਼ੀ ਵੱਲ ਦੇਖ ਰਿਹਾ ਏ ਤੇ ਫਿਰ ਆਪਣਾ ਸਿਰ ਮੇਰੇ ਵੱਲ ਘੁੰਮਾ ਲੈਂਦਾ ਏ।ਮੈਥੋਂ ਉਸਦੀਆਂ ਸਵਾਲੀਆਂ ਨਜ਼ਰਾਂ ਵੱਲ ਨਹੀਂ ਦੇਖਿਆਂ ਗਿਆ। ਆਪਣੀਆਂ ਨਜ਼ਰਾਂ ਨੀਵੀਂਆਂ ਕਰ ਅੰਦਰ ਆ ਕੇ ਬੈੱਡ 'ਤੇ ਡਿੱਗ ਪੈਂਦਾ ਹਾਂ। ਬਸ ਉਸ ਦਿਨ ਤੋਂ ਬਾਅਦ ਮੈਂ ਚਾਹੁੰਦੇ ਹੋਏ ਵੀ ਰੋਜ਼ੀ ਦਾ ਨੰਬਰ ਨਾ ਮਿਲਾ ਸਕਿਆ।

ਇੱਕ ਦਿਨ ਮੈਂ ਬਜ਼ਾਰ ਤੋਂ ਨੋਕੀਆਂ ਕੰਪਨੀ ਦਾ ਵਧੀਆਂ ਮਲਟੀਮੀਡੀਆਂ ਵਾਲਾ ਮੋਬਾਇਲ ਫੋਨ ਲੈ ਆਂਦਾ। ਸਾਰੀ-ਸਾਰੀ ਰਾਤ ਇੰਟਰਨੈੱਟ ਤੋਂ ਨੀਲੀਆਂ ਫਿਲਮਾਂ ਡਾਊਨਲੋਡ ਕਰਦਾ ਤੇ ਆਪਣੇ ਅਧੂਰੇਪਣ ਨੂੰ ਭਰਨ ਦੀ ਕੋਸ਼ਿਸ਼ ਕਰਦਾ।

ਇੱਕ ਸਾਲ ਬਾਅਦ ਰਵੀ ਆਪਣਾ ਕੋਰਸ ਪੂਰਾ ਕਰਕੇ ਘਰ ਆ ਗਿਆ।ਮੇਰੀ ਫ਼ੌਜ ਵਿੱਚੋਂ ਰਿਟਾਇਰਮੈਂਟ ਦੀ ਪੈਨਸ਼ਨ ਘਰ ਚਲਾਉਣ ਲਈ ਕਾਫੀ ਸੀ। ਓਧਰ ਸਰਕਾਰ ਨੇ ਨੌਕਰੀਆਂ 'ਤੇ ਬੈਨ ਲਗਾ ਰੱਖਿਆ ਸੀ ਸੋ ਰਵੀ ਨੂੰ ਵਿਹਲੇ ਨਾਲੋਂ ਮੋਬਾਇਲਾ ਦੀ ਦੁਕਾਨ ਪਾ ਦਿੱਤੀ। ਕੰਮ ਚੌਖਾ ਚੱਲ ਪਿਆ। ਸਾਰਾ ਦਿਨ ਗ੍ਰਾਹਕਾਂ ਦਾ ਤਾਂਤਾ ਲੱਗਿਆ ਰਹਿੰਦਾ। ਵਧੀਆਂ ਕਮਾਈ ਹੁੰਦੀ ਦੇਖ ਮੈਂ ਰਵੀ ਦਾ ਵਿਆਹ ਕਰਨ ਬਾਰੇ ਸੋਚਿਆ। ਕਈ ਲੋਕਾਂ ਕੋਲ ਰਿਸ਼ਤੇ ਦੀ ਗੱਲ ਚਲਾਈ। ਰਿਸ਼ਤੇਦਾਰੀ ਵਿੱਚੋਂ ਹੀ ਕਿਸੇ ਨੇ ਸ਼ੈਲਕਾ ਦੀ ਦੱਸ ਪਾਈ। ਜਿਸ ਦਿਨ ਮੈਂ ਪਹਿਲੀ ਵਾਰ ਸ਼ੈਲਕਾ ਨੂੰ ਦੇਖਿਆਂ ਸੀ ਤਾਂ ਮੈਨੂੰ ਉਸਦੇ ਚਿਹਰੇ ਵਿੱਚ ਰੋਜ਼ੀ ਦੇ ਨੈਣ-ਨਕਸ਼ ਦਿਖਾਈ ਦਿੱਤੇ। ਮੈਂ ਓਦੋਂ ਹੀ ਹਾਂ ਕਰ ਦਿੱਤੀ। ਰਵੀ ਨੇ ਵੀ ਕੁੜੀ ਦੀ ਫੋਟੋ ਦੇਖ ਕੇ ਝੱਟਪਟ ਹਾਂ ਕਰ ਦਿੱਤੀ। ਬਸ ਫਿਰ ਮੈਂ ਪੰਦਰਾਂ ਦਿਨਾਂ ਵਿੱਚ ਹੀ ਰਵੀ ਦਾ ਵਿਆਹ ਕਰ ਦਿੱਤਾ। ਸ਼ੈਲਕਾ ਨੇ ਸਾਰੇ ਘਰ ਦੀ ਜ਼ਿੰਮੇਵਾਰੀ ਸਾਂਭ ਲਈ ਸੀ। ਮੇਰਾ ਵੀ ਬੜ੍ਹਾ ਖਿਆਲ ਰੱਖਦੀ ।

"ਸਾਰੀਆਂ ਤਿਆਰੀਆਂ ਹੋ ਚੁੱਕੀਆਂ ਨੇ।ਰਵੀ ਵੀ ਆ ਗਿਆ ਏ। ਚਲੋਂ ਸੰਸਕਾਰ ਲਈ ਚੱਲੀਏ।" ਪੰਡਤ ਦੀ ਅਵਾਜ਼ ਸੁਣ ਕੇ ਮੈਂ ਸੋਚਾਂ 'ਚੋਂ ਵਾਪਸ ਪਰਤ ਆਉਂਦਾ ਹਾਂ।

ਰਵੀ ਦਾ ਰੋ-ਰੋ ਕੇ ਬੁਰਾ ਹਾਲ ਹੋਇਆ ਪਿਐ। ਉਹਦੀ ਹਾਲਤ ਮੈਥੋਂ ਦੇਖੀ ਨ੍ਹੀ ਜਾ ਰਹੀ।ਉਸ ਦੀ ਖੁਸ਼ੀ ਲਈ ਮੈਂ ਆਪਣੀ ਜ਼ਿੰਦਗੀ ਦਾ ਕਿੰਨਾ ਸਮਾਂ ਇਕੱਲੇ ਨੇ ਕੱਟਿਆ ਜਦ ਜ਼ਿੰਦਗੀ ਦੇ ਕੁਝ ਅੰਸ਼ ਬਾਕੀ ਰਹਿ ਗਏ ਤਾਂ ਰੱਬ ਨੇ ਏਹ ਕਾਰਾ ਕਰਵਾ ਦਿੱਤਾ। ਦਿਲ ਤਾਂ ਕਰਦਾ ਏ ਉੱਚੀ-ਉੱਚੀ ਰੌਲਾ ਪਾ ਕੇ ਰਵੀ ਨੂੰ ਦੱਸ ਦੇਵਾਂ ਕਿ ਇਹ ਜੋ ਕੁਝ ਵੀ ਹੋਇਆ ਏ ਮੇਰੀ ਵਜਹ ਕਰਕੇ ਹੀ ਹੋਇਆ ਏ। ਮੈਨੂੰ ਸਜ਼ਾ ਦੇ। ਮੇਰੀ ਵੀ ਚਿਤਾ ਜਲਾ ਦੇ। ਤੇਰੀਆਂ ਖੁਸ਼ੀਆਂ ਖੋਹਣ ਵਾਲਾ ਮੈਂ ਹੀ ਆ।

"ਅੰਕਲ ਜੀ ਇਹ ਸਭ ਕਿਵੇਂ ਹੋ ਗਿਆ?" ਮਾਈਕਲ ਮੈਨੂੰ ਸੋਚਾ 'ਚ ਡੁੱਬੇ ਨੂੰ ਸਵਾਲ ਕਰਦਾ ਏ।

ਮੇਰੇ ਮਨ ਦੇ ਚਿੱਤਰਪਟ 'ਤੇ ਵਾਪਰੀ ਘਟਨਾ ਦੇ ਦ੍ਰਿਸ਼ ਸਾਕਾਰ ਹੋਣ ਲੱਗਦੇ ਨੇ। ਰਵੀ ਆਪਣੀ ਦੁਕਾਨ ਦਾ ਸਮਾਨ ਲੈਣ ਸਾਝਰੇ ਹੀ ਦਿੱਲੀ ਵਾਲੀ ਬੱਸ ਚਲਾ ਗਿਆ ਸੀ। ਪਹਿਲੀ ਰਾਤ ਤਾਂ ਮੈਂ ਬਿਸਤਰੇ 'ਤੇ ਪਾਸੇ ਜਿਹੇ ਮਾਰਦਾ ਰਿਹਾ। ਅੱਧੀ ਰਾਤ ਤੱਕ ਮੋਬਾਇਲ 'ਤੇ ਫਿਲਮਾਂ ਡਾਉਨਲੋਡ ਕਰਕੇ ਦੇਖਦਾ ਰਿਹਾ। ਚੰਦਰੀ ਨੀਂਦ ਸੀ ਕਿ ਆਉਣ ਦਾ ਨਾਂ ਹੀ ਨ੍ਹੀਂ ਲੈ ਰਹੀ ਸੀ। ਪਹਿਲਾਂ ਤਾਂ ਫਿਲਮਾਂ ਦੇਖਦਿਆਂ ਪਤਾ ਹੀ ਨਾ ਲੱਗਦਾ ਕਦੋਂ ਅੱਖ ਲੱਗ ਜਾਂਦੀ ਪਰ ਓਧਣ ਤਾਂ ਮੈਂ ਸਾਰੀ ਰਾਤ ਭੈੜੇ ਖਿਆਲਾਂ ਨਾਲ ਲੰਘਾਈ। ਸਵੇਰੇ ਚਾਰ ਕੁ ਵਜੇ ਨੀਂਦ ਆਈ। ਸੱਤ ਵਜੇ ਫਿਰ ਜਾਗ ਆ ਗਈ। ਮੈਂ



ਬਾਹਰ ਸੈਰ ਕਰਨ ਚਲਾ ਗਿਆ। ਜਦ ਵਾਪਸ ਆਇਆ ਤਾਂ ਸ਼ੈਲਕਾ ਰਸੋਈ ਵਿੱਚ ਭਾਂਡੇ ਮਾਂਜ ਰਹੀ ਸੀ। ਮੈਂ ਡਰਾਇੰਗ ਰੂਮ ਵਿੱਚ ਜਾ ਕੇ ਟੀ.ਵੀ. ਲਗਾ ਲਿਆ। ਸ਼ੈਲਕਾ ਭਾਂਡੇ ਮਾਂਜ ਕੇ ਪੋਚੇ ਲਗਾਉਣ ਲੱਗ ਗਈ। ਉਸਦੇ ਨੀਲੇ ਰੰਗ ਦੀ ਪਜਾਮੀ ਤੇ ਕੌਫੀ ਰੰਗ ਦੀ ਤੰਗ ਜਿਹੀ ਕਮੀਜ਼ ਪਾਈ ਹੋਈ ਸੀ। ਚੂੰਨੀ ਉਹਦੀ ਗਰਦਨ ਨਾਲ ਲੱਗੀ ਹੋਈ ਸੀ। ਅਚਾਨਕ ਮੇਰੀ ਨਿਗ੍ਹਾ ਪੋਚਾ ਲਾਉਂਦੀ ਸ਼ੈਲਕਾ ਵੱਲ ਚਲੇ ਜਾਂਦੀ ਏ।ਮਨ ਹੀ ਮਨ ਸ਼ੈਲਕਾ ਤੇ ਰੋਜ਼ੀ ਦੀ ਤੁਲਨਾ ਕਰਦਾ ਹਾਂ।ਫਿਰ ਸ਼ੈਲਕਾ ਦੀ ਪਿੱਠ ਮੇਰੇ ਵੱਲ ਹੋ ਜਾਂਦੀ ਏ। ਤੰਗ ਪਜਾਮੀ ਵਿੱਚ ਉਸਦੇ ਜਿਸਮ ਦੀ ਗੋਲਾਈ ਸਾਫ ਦਿਖਾਈ ਦੇ ਰਹੀ ਸੀ। ਮੈਨੂੰ ਰੋਜ਼ੀ ਦੇ ਮੁਕਾਬਲੇ ਸ਼ੈਲਕਾ ਦਾ ਪੱਲੜਾ ਭਾਰੀ ਨਜ਼ਰ ਆ ਰਿਹਾ ਸੀ।ਜਦ ਸ਼ੈਲਕਾ ਪੋਚਾ ਲਗਾ ਕੇ ਕਮਰੇ ਵਿੱਚੋਂ ਬਾਹਰ ਗਈ ਤਾਂ ਕਿਤੇ ਜਾ ਕੇ ਮੇਰੇ ਸਾਹ 'ਚ ਸਾਹ ਆਏ। . . . ਸ਼ੈਲਕਾ ਘਰ ਦੇ ਸਾਰੇ ਕੰਮ ਨਿਬੇੜ ਕੇ ਬਾਥਰੂਮ ਵਿਚ ਨਹਾਉਣ ਵੜ੍ਹ ਗਈ। ਮੈਂ ਬਾਹਰ ਵਿਹੜੇ ਵਿੱਚ ਅਮਰੂਦ ਤੋੜਣ ਲੱਗ ਪਿਆ।ਪੰਜ ਕੁ ਮਿੰਟਾਂ ਬਾਅਦ ਮੈਨੂੰ ਦਰਵਾਜੇ ਦੀ ਕੁੰਡੀ ਖੁੱਲਣ ਦੀ 'ਵਾਜ ਆਈ। ਮੈਂ ਬਾਥਰੂਮ ਵੱਲ ਦੇਖਿਆ। ਸ਼ੈਲਕਾ ਥੋੜਾ ਜਿਹਾ ਦਰਵਾਜਾ ਖੋਲ੍ਹ ਕੇ ਆਸੇ-ਪਾਸੇ ਦੇਖਦੀ ਏ। ਮੈਂ ਅਮਰੂਦ ਦੇ ਓਹਲੇ ਖੜ੍ਹਾ ਹੋਣ ਕਰਕੇ ਸ਼ਾਇਦ ਉਹਨੂੰ ਨਹੀਂ ਦਿਸਿਆ। ਸ਼ੈਲਕਾ ਕੱਪੜਿਆਂ ਤੋਂ ਬਿਨਾਂ ਬਾਹਰ ਨਿੱਕਲੀ ਤੇ ਥੋੜੀ ਦੂਰੀ 'ਤੇ ਬਣੇ ਬਾਸ-ਬੇਸਿਨ ਤੋਂ ਸਾਬਣ ਚੁੱਕ ਕੇ ਜਲਦੀ-ਜਲਦੀ ਬਾਥਰੂਮ 'ਚ ਜਾ ਵੜੀ। ਸ਼ੈਲਕਾ ਦੇ ਸੁਡੋਲ ਤੇ ਗੋਰੇ ਸਰੀਰ ਨੂੰ ਦੇਖ ਕੇ ਮੇਰਾ ਤਨ-ਮਨ ਮੇਰੇ ਆਪੇ ਤੋਂ ਬਾਹਰ ਹੋ ਗਿਆ ਤੇ ਮੈਂ ਸ਼ੈਲਕਾ ਦੇ ਦਰਵਾਜ਼ਾ ਲਗਾਉਣ ਤੋਂ ਪਹਿਲਾਂ ਈ ਦਰਵਾਜ਼ੇ ਨੂੰ ਧੱਕ ਕੇ ਅੰਦਰ ਜਾ ਵੜਿਆ। ਸ਼ੈਲਕਾ ਮੈਨੂੰ ਦੇਖ ਕੇ ਤ੍ਰਭਕ ਗਈ। ਇਸ ਤੋਂ ਪਹਿਲਾਂ ਕਿ ਉਹ ਮੂੰਹ ਖੋਲ੍ਹਦੀ ਮੈਂ ਉਸਦੇ ਕੂਲ਼ੇ ਸਰੀਰ ਨੂੰ ਆਪਣੀਆਂ ਸਖਤ ਬਾਹਾਂ ਵਿੱਚ ਭਰ ਲਿਆ। ਉਸਨੇ ਆਪਣਾ ਆਪ ਛੁਡਵਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਪਤਾ ਨ੍ਹੀ ਮੇਰੇ ਬੁੱਢੇ ਸਰੀਰ ਵਿੱਚ ਐਨੀ ਜਾਨ ਕਿੱਥੋਂ ਆ ਗਈ ਸੀ। ਉਹਨੇ ਬੜ੍ਹੀਆਂ ਚੀਕਾਂ ਮਾਰੀਆਂ ਪਰ ਟੀ.ਵੀ. ਦੀ 'ਵਾਜ ਵਿੱਚ ਉਸਦੀਆਂ ਚੀਕਾਂ ਦੱਬ ਕੇ ਰਹਿ ਗਈਆਂ। ਐਨੇ ਨੂੰ ਕਿਸੇ ਨੇ ਡੋਰ ਬੈੱਲ ਵਜਾ ਦਿੱਤੀ। ਓਧਰ ਸ਼ੈਲਕਾ ਦੀਆਂ ਚੀਕਾਂ ਉੱਚੀਆਂ ਹੋਈ ਜਾ ਰਹੀਆ ਸੀ, ਮੈਂ ਬੜ੍ਹਾ ਘਬਰਾ ਗਿਆ ਆਖਰ ਏਸ ਵੇਲੇ ਕੌਣ ਹੋ ਸਕਦਾ ਏ? ਕਿਤੇ ਕੋਈ ਰਿਸ਼ਤੇਦਾਰ . . . ? ਮੈਨੂੰ ਕੁਝ ਨਾ ਸਮਝ ਆਈ ਕਿ ਕੀ ਕਰਾਂ? . . . ਮੈਂ ਸ਼ੈਲਕਾ ਨੂੰ ਚੁੱਪ ਕਰਾਉਣ ਲਈ ਪਾਣੀ ਦੀ ਬਾਲਟੀ ਵਿੱਚ ਪਈ ਰਾੜ ਉਹਦੀ ਛਾਤੀ 'ਤੇ ਰੱਖ ਦਿੱਤੀ ਤੇ ਦੂਜੇ ਹੱਥ ਨਾਲ ਉਹਦਾ ਮੂੰਹ ਬੰਦ ਕਰ ਦਿੱਤਾ। ਪੰਜ ਮਿੰਟ ਤਾਂ ਉਸਦੀਆਂ ਲੱਤਾਂ ਹਰਕਤ ਕਰਦੀਆਂ ਰਹੀਆਂ ਫਿਰ ਉਹ ਬਰਫ ਵਾਂਗ ਠੰਡੀ ਹੁੰਦੀ ਚਲੀ ਗਈ। ਮੈਂ ਅੰਦਰ ਕਮਰੇ ਵਿੱਚ ਜਾ ਕੇ ਸਹਿਜ ਹੋਣ ਦੀ ਕੋਸ਼ਿਸ਼ ਕੀਤੀ ਤੇ ਦਰਵਾਜਾ ਖੋਹਲਿਆ ਤਾਂ ਬਾਹਰ ਨਵਨੀਤ . . . '

"ਅੰਕਲ ਜੀ???"

ਮੈਂ ਮਾਈਕਲ ਦੀ 'ਵਾਜ਼ ਸੁਣ ਕੇ ਤ੍ਰਭਕ ਜਾਂਦਾ ਹਾਂ।

"ਹਾਂ ਮਾਈਕਲ! ਕੀ ਹੋਇਆ?"

"ਮੈਂ ਤਾਂ ਏਹ ਪੁੱਛ ਰਿਹਾ ਸੀ ਅੰਕਲ ਕਿ ਇਹ ਸਭ ਕਿਵੇਂ ਹੋ ਗਿਆ?" ਮਾਈਕਲ ਆਪਣਾ ਪ੍ਰਸ਼ਨ ਦੁਹਰਾਉਂਦਾ ਏ।

ਮੈਂ ਓਹੀ ਮਨਘੜਤ ਕਹਾਣੀ ਮਾਈਕਲ ਨੂੰ ਸੁਣਾ ਦਿੰਦਾ ਹਾਂ ਜੋ ਆਏ-ਗਏ ਨੂੰ ਸੁਣਾ-ਸੁਣਾ ਥੱਕ ਚੁੱਕਾ ਹਾਂ। ਮਾਈਕਲ ਹੂੰ ਵਿੱਚ ਸਿਰ ਹਿਲਾ ਕੇ ਰਵੀ ਕੋਲ ਚਲੇ ਜਾਂਦਾ ਏ ਤੇ ਮੈਨੂੰ ਫਿਰ ਆਪਣੇ ਆਪ ਤੋਂ ਨਫਰਤ ਹੋਣ ਲੱਗਦੀ ਏ।. . . ਸੋਚਦਾ ਹਾਂ ਜੇ ਮੈਂ ਸੋਲ੍ਹਾ ਵਰ੍ਹੇ ਪਹਿਲਾਂ ਓਸ ਚੀਕ ਨੂੰ ਸੁਣ ਲੈਂਦਾ ਤਾਂ ਸ਼ਾਇਦ ਅੱਜ ਇਹ ਕਹਿਰ ਨਾ ਵਾਪਰਦਾ।

ਮੋਬਾ. 95922-65400

## ਕਹਾਣੀ / ਲੌਂਗ ਡਰਾਈਵ / - ਐਚ ਐਸ ਡਿੰਪਲ

*(ਐਚ ਐਸ ਡਿੰਪਲ ਦਾ ਪੰਜਾਬੀ ਕਹਾਣੀ ਵਿਚ 'ਕਹਾਣੀ ਧਾਰਾ' ਪਰਚੇ ਰਾਹੀਂ ਪ੍ਰਵੇਸ਼ ਹੋ ਰਿਹਾ ਹੈ। ਨਵੀਂ ਪੀੜ੍ਹੀ ਦੀਆਂ ਦੱਬੀਆਂ ਕੁੰਠਾਵਾਂ ਨੂੰ ਡਿੰਪਲ ਨੇ ਬੜੀ ਕਲਾਤਮਿਕਤਾ ਨਾਲ ਉਭਾਰਿਆ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਡਿੰਪਲ ਦੀ ਪੀ. ਸੀ. ਐੱਸ. ਅਫ਼ਸਰ ਵਜੋਂ ਨਿਯੁਕਤੀ ਵੀ ਹੋਈ ਹੈ। ਇਹ ਗੱਲ ਭਵਿੱਖ ਦੇ ਗਰਭ ਵਿਚ ਹੈ ਕਿ ਲੇਖਕ ਨੂੰ ਉਹ ਇਸ ਵਕਾਰੀ ਅਹੁਦੇ ਤੇ ਹੁੰਦਿਆਂ ਕਿੰਨਾ ਕੁ ਬਚਾ ਕੇ ਰੱਖਦਾ ਹੈ। -ਸੰਪਾਦਕ)*

ਸ਼ੀਸ਼ੇ ਮੂਹਰੇ ਖੜ੍ਹ ਕੇ ਉਸਨੇ ਦੋ ਵਾਰ ਸ਼ੇਵ ਕੀਤੀ। ਨੇੜੇ ਹੋ ਕੇ ਵੇਖਿਆ ਕਿਤੇ ਕੋਈ ਵਾਲ ਤਾਂ ਨਹੀਂ ਰਹਿ ਗਿਆ। ਚਿਹਰੇ ਨੂੰ ਨਿਹਾਰਿਆ। ਟੀ-ਸ਼ਰਟ ਨਾਲ ਜ਼ੀਨ ਪਹਿਣੀ ਅਤੇ ਪਿਊਮਾ ਦੇ ਬੂਟ ਜਿਹੜੇ ਉਸਦੇ ਦੋਸਤ ਅਜਿੰਦਰ ਨੇ ਮਹੀਨਾ ਕੁ ਪਹਿਲਾਂ ਆਸਟ੍ਰੇਲੀਆ ਤੋਂ ਭੇਜੇ ਸਨ, ਅਤੇ ਅਜੇ ਤੱਕ ਪਾਉਣ ਦਾ ਮੌਕਾ ਨਹੀਂ ਸੀ ਮਿਲਿਆ, ਪਾਏ। ਜਿਸਮ ਤੇ ਡੀਉਡਰੈਂਟ ਛਿੜਕਿਆ, ਕੱਪੜਿਆਂ ਤੇ ਸੈਂਟ। ਸ਼ੀਸ਼ੇ ਅੱਗੇ ਖੜ੍ਹ ਕੇ ਫਿਰ ਖੁਦ ਨੂੰ ਵੇਖਣ ਲੱਗਾ ਤਾਂ ਪੁਰਾਣੀਆਂ ਯਾਦਾਂ ਮਨ ਦੇ ਪਰਦੇ ਤੇ ਕਿਸੇ ਫ਼ਿਲਮੀ ਦ੍ਰਿਸ਼ ਵਾਂਗ ਤੁਰਨ-ਫਿਰਨ ਲੱਗੀਆਂ।

ਅੱਜ ਤੋਂ ਤਕਰੀਬਨ ਸੱਤ ਸਾਲ ਪਹਿਲਾਂ

ਉਦੋਂ ਉਸਨੂੰ ਨਵੀਂ-ਨਵੀਂ ਨੌਂਕਰੀ ਮਿਲੀ ਸੀ। ਦਫ਼ਤਰ ਵਿਚ ਉਸਦ ਸਣੇ ਅੱਠ ਕਰਮਚਾਰੀ ਸਨ। ਸਾਰੇ ਹੀ ਨੌਜਵਾਨ। ਛੇ ਮੁੰਡੇ - ਦੀਪਕ, ਮਨਮੋਹਣ, ਮਨਦੀਪ, ਰੋਹਿਤ, ਪੁਖਰਾਜ ਅਤੇ ਉਹ ਖੁਦ ਭਾਵ ਬਲਰਾਜ। ਕੁੜੀਆਂ ਤਾਂ ਦੋ ਹੀ ਸਨ - ਮੋਨਿਕਾ ਅਤੇ ਰੂਪਿਕਾ। ਉਸਦੀ ਦੋਸਤੀ ਸਭ ਨਾਲ ਚੰਗੀ ਸੀ। ਆਪਣੀ ਸਧਾਰਣ ਦਿੱਖ ਅਤੇ ਆਮ ਜਿਹੀ ਸ਼ਖ਼ਸ਼ੀਅਤ ਕਰਕੇ ਉਸਨੇ ਕਦੇ ਕਿਸੇ ਨਾਲ, ਕਿਸੇ ਕੁੜੀ ਨਾਲ 'ਖਾਸ ਦੋਸਤੀ' ਵਾਲਾ ਦਸਤਪੰਜਾ ਲੜਾਉਣ ਦਾ ਯਤਨ ਹੀ ਨਹੀਂ ਸੀ ਕੀਤਾ। ਜੀਅ ਹੀ ਨਹੀਂ ਕੀਤਾ। ਸ਼ਾਇਦ ਜੁਅਰਤ ਹੀ ਨਹੀਂ ਸੀ ਪਈ।

ਇਸ ਦੇ ਬਾਵਜੂਦ

ਕੋਈ ਉਸਦੀ ਦਿੱਖ, ਉਸਦੇ ਕੱਪੜਿਆਂ ਅਤੇ ਉਸਦੀਆਂ ਗਤੀਵਿਧੀਆਂ ਤੇ ਲਗਾਤਾਰ ਨਜ਼ਰ ਰੱਖ ਰਿਹਾ ਸੀ, ਰੱਖ ਰਹੀ ਸੀ, ਸਗੋਂ। ਉਦੋਂ ਉਹ ਪੱਗ ਬੰਨ੍ਹਦਾ ਸੀ। ਟਰਿੱਮਡ ਦਾੜ੍ਹੀ। ਉਂਜ ਉਸਦੀ ਸੋਚ ਵਿਚ ਧਰਮ ਦਾ ਦਖ਼ਲ ਨਹੀਂ ਸੀ। ਰੱਬ ਦੀ ਹੋਂਦ ਤੇ ਉਸਨੂੰ ਸ਼ੱਕ ਨਹੀਂ ਸੀ, ਉਸਨੂੰ ਯਕੀਨ ਸੀ ਕਿ ਰੱਬ ਤਾਂ ਹੈ ਹੀ ਨਹੀਂ। ਉਂਜ ਕੌਮ, ਸਮਾਜ, ਪਰਿਵਾਰ ਅਤੇ ਨੈਤਿਕਤਾ ਬਾਰੇ ਉਸਦੇ ਸੰਕਲਪ ਸ਼ਪੱਸ਼ਟ ਵੀ ਸਨ, ਤਰਕਯੁਕਤ ਵੀ ਅਤੇ ਕੁਝ ਹੱਦ ਤੱਕ ਕ੍ਰਾਂਤੀਕਾਰੀ ਵੀ। ਪਰ ਉਸਦੀ ਦਿੱਖ ਵਿਚ ਕ੍ਰਾਂਤੀ ਦਾ ਵੀ ਦਖ਼ਲ ਨਹੀਂ ਸੀ। ਸਿੱਧਾ-ਪੱਧਰਾ, ਧਾਰਮਿਕ ਜਿਹਾ ਦਿਖਾਈ ਦੇਣ ਵਾਲਾ ਇਨਸਾਨ।

ਅਤੇ ਦੂਸਰੇ ਪਾਸੇ

ਦੂਜੇ ਪਾਸੇ ਸੀ ਰੂਪਿਕਾ, ਜੋ ਹਿੰਦੂ ਪਰਿਵਾਰ ਨਾਲ ਸੰਬੰਧਤ ਸੀ। ਜਿਸਦਾ ਧਰਮ ਵਿਚ ਕੱਟੜ ਨਹੀਂ ਤਾਂ ਪੱਕਾ ਵਿਸ਼ਵਾਸ਼ ਜ਼ਰੂਰ ਸੀ। ਵਰਤ, ਪੂਜਾ, ਮੰਦਿਰ, ਪਵਿੱਤਰਤਾ, ਜੂਠ-ਸੁੱਚ ਉਸਦੀ ਜ਼ਿੰਦਗੀ ਦੇ ਹਿੱਸੇ ਸਨ। ਉਸਦੀ ਪਸੰਦ ਕਲੀਨ ਸ਼ੇਵਡ ਨੌਜਵਾਨ ਸਨ। ਟਿੱਪ-ਟਾਪ। "ਤੂੰ ਚੱਜ ਦੇ ਕੱਪੜੇ ਪਾਇਆ ਕਰ, ਬਣ-ਠਣ ਕੇ ਰਿਹਾ ਕਰ, ਪੱਗ ਕੱਸ ਕੇ ਬੰਨ੍ਹਿਆਂ ਕਰ। ਬਰਾਂਡਿਡ ਚੀਜ਼ਾਂ ਰੱਖਿਆ ਕਰ ਕੋਲ, ਸੋਹਣਾ ਜਿਹਾ ਮੋਬਾਈਲ ਲੈ ਇਕ। ਵਧੀਆ ਤਨਖਾਹ ਤੇਰੀ, ਵਧੀਆ ਰੁਮਾਲ, ਵਧੀਆ ਪਰਿਫਿਊਮ, ਵਧੀਆ ਬੂਟ ਖਰੀਦ। ਜਿਸ ਦਿਨ ਫਰੀ ਹੋਇਆ ਦੱਸੀਂ, ਆਪਾਂ ਦੋਵੇਂ ਜਾ ਕੇ ਲਿਆਵਾਂਗੇ।" ਉਹ ਵਾਰ-ਵਾਰ ਸਮਝਾਉਂਦੀ। ਪਰ ਨਾਲ ਹੀ "ਕੋਈ ਹੋਰ ਮੀਨਿੰਗ ਨਾ ਕੱਢ ਲਈ ਮੇਰੀ ਦੋਸਤੀ ਦਾ " ਕਹਿ ਕੇ ਉਸਦੀ ਕਲਪਨਾ ਦੇ



ਘੋੜਿਆਂ ਨੂੰ ਲਗਾਮ ਪਾ ਦਿੰਦੀ।

"ਰੂਪਿਕਾ, ਮੇਰੇ ਵਿਚ ਐਨਾ ਇੰਟਰੱਸਟ ਕਿਉਂ ਲੈ ਰਹੀ ਹੈ? " ਕਈ ਵਾਰ ਉਹ ਸੋਚਦਾ। ਸ਼ਾਇਦ ਉਸਨੂੰ ਪਿਆਰ-ਮੁਹੱਬਤ ਦੀ ਅਲਫ਼-ਬੇ ਵੀ ਪਤਾ ਨਹੀਂ ਸੀ। "ਮੇਰੇ ਨਾਲ ਕੌਣ ਮੁਹੱਬਤ ਕਰੇਗਾ? " ਇਹ ਉਸਦਾ ਯਕੀਨ ਸੀ। ਅਕਸਰ ਜਦੋਂ ਉਹ ਕਿਤੇ ਇਕੱਲਾ ਹੁੰਦਾ, ਰੂਪਿਕਾ ਉਸ ਕੋਲ ਆ ਜਾਂਦੀ। ਕੋਲ ਖੜ੍ਹੀ ਰਹਿੰਦੀ, ਬੈਠ ਜਾਂਦੀ। ਉਸ ਨਾਲ ਢੇਰ ਗੱਲਾਂ ਕਰਦੀ, ਜੀਅ-ਜਹਾਨ ਦੀਆਂ ਗੱਲਾਂ। ਪਰ ਬਲਰਾਜ ਨੇ ਕਦੇ ਇਸਦਾ ਕਾਰਣ ਜਾਨਣ ਦਾ ਯਤਨ ਨਾ ਕੀਤਾ। ਕੋਈ ਤਵੱਜੋ ਹੀ ਨਾ ਦਿੱਤੀ।

ਘਰ ਜਾ ਕੇ ਵੀ ਕਈ ਵਾਰ ਉਹ ਫੋਨ ਕਰਦੀ। ਇਕ ਦਿਨ ਦੁਹਾਂ ਦੀ ਗੱਲ ਦੋ ਘੰਟੇ ਲੰਮੀ ਖਿੱਚੀ ਗਈ ਸੀ। ਦਸ ਕੁ ਮਿੰਟ ਬਾਅਦ ਫੋਨ ਦੀ ਘੰਟੀ ਫਿਰ ਖੜਕੀ। ਫੋਨ ਫਿਰ ਰੂਪਿਕਾ ਦਾ ਹੀ ਸੀ। ਗੱਲ ਫਿਰ ਡੇਢ ਘੰਟਾ ਲੰਮੀ ਚਲੀ ਗਈ ਸੀ। ਵਿਚ-ਵਿਚ ਦੋਵੇਂ ਚੁੱਪ ਕਰ ਜਾਂਦੇ। ਰੂਪਿਕਾ ਉਸਨੂੰ ਫੋਨ ਨਾ ਕੱਟਣ ਲਈ ਕਹਿੰਦੀ,

"ਤੇਰੇ ਸਾਹਾਂ ਦੀ ਆਵਾਜ਼ ਸੁਣਨੀ ਹੈ।"

"ਤੇਰੇ ਦਿਲ ਦੀ ਧੜਕਣ ਸੁਣਨੀ ਹੈ।"

"ਤੇਰੀ ਖਾਮੋਸ਼ੀ ਦੇ ਬੋਲ ਸੁਣਨੇ ਹਨ।"

ਬਲਰਾਜ ਨੂੰ ਕੁਝ ਸਮਝ ਨਾ ਲੱਗਾ। ਇਹ ਕੀ ਹੈ? ਉਸਦਾ ਦਿਮਾਗ ਤਾਂ ਦੋ ਜਮ੍ਹਾਂ ਦੋ ਚਾਰ ਹੀ ਜਾਣਦਾ ਸੀ। ਗਣਿਤ ਦੀ ਜੋ ਥਿਊਰਮ ਮਰਜ਼ੀ ਕਢਵਾ ਲਵੋ, ਅਰਥ ਸ਼ਾਸ਼ਤਰ ਦੀ ਔਖੀ ਤੋਂ ਔਖੀ ਗੁੰਝਲ ਸਮਝਾ ਦਿੰਦਾ, ਰਾਜਨੀਤੀ ਦੀਆਂ ਪੇਚੀਦਾ ਘੁੰਡੀਆਂ ਖੋਲ੍ਹ ਦਿੰਦਾ, ਪਰ ਇਹ ਸੌਖੀ ਜਿਹੀ ਬੁਝਾਰਤ ਉਸ ਲਈ ਵੱਡੀ ਬੁਝਾਰਤ ਬਣੀ ਹੋਈ ਸੀ। ਸ਼ਾਇਦ ਉਹ ਜਜ਼ਬਾਤਾਂ ਦੀ ਭਾਸ਼ਾ ਤੋਂ ਅਣਜਾਣ ਸੀ। ਭਾਵਨਾਵਾਂ ਦੇ ਤਰੇਲ ਤੁਪਕਿਆਂ ਤੋਂ ਅਣਭਿੱਜ ਸੀ। ਦਿਲ ਦੇ ਵਲਵਲਿਆਂ ਤੋਂ ਦੂਰ ਸੀ। ਸ਼ਾਇਦ। ਸ਼ਾਇਦ। ਸ਼ਾਇਦ।

ਤੇ ਫਿਰ ਇਕ ਦਿਨ

ਬਲਰਾਜ ਨੂੰ ਸ਼ਹਿਰ ਵਿਚ ਕੋਈ ਕੰਮ ਸੀ। ਦਫ਼ਤਰ ਦੀ ਹੀ ਕੋਈ ਅਸਾਈਨਮੈਂਟ ਸੀ। ਉਸ ਨੂੰ ਕੁਝ ਦਸਤਾਵੇਜ਼ਾਂ ਦੀ ਲੋੜ ਸੀ, ਤਾਂ ਉਸਨੇ ਬਾੱਸ ਨੂੰ ਫੋਨ ਕੀਤਾ। "ਕਿਸ ਨੂੰ ਭੇਜਾਂ? " ਬਾੱਸ ਦੇ ਬੁੱਲਾਂ ਤੇ ਸਵਾਲ ਆਇਆ ਤੇ ਫਿਰ ਫੋਨ ਕੱਟਿਆ ਗਿਆ। ਨਾਲ ਹੀ ਰੂਪਿਕਾ ਦਾ ਫੋਨ ਆ ਗਿਆ, "ਕਿੱਥੇ ਐਂ? ਕੀ ਕਰ ਰਿਹੈਂ? ਹੋ ਗਿਆ ਫਰੀ? ਖਾਣਾ ਖਾ ਲਿਐ? ਜੂਸ ਪੀ ਲੈਣਾ ਸੀ? " ਸਭ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਬਲਰਾਜ ਨੇ ਸਵਾਲ ਕਰ ਦਿੱਤਾ, "ਦਫ਼ਤਰ ਚੋਂ ਮੈਨੂਅਲ ਫਾਈਲ ਚਾਹੀਦੀ ਸੀ। ਮੈਂ ਸੇਲਜ਼ ਆਫਿਸ ਵਿਚ ਮੈਨੇਜਰ ਸਾਹਿਬ ਨਾਲ ਗੱਲ ਕਰ ਰਿਹਾ ਸੀ। ਮੈਨੂਅਲ ਫਾਈਲ ਕਿਸ ਰਾਹੀਂ ਮੰਗਵਾਵਾਂ? " ਜਿਵੇਂ ਰੂਪਿਕਾ ਨੂੰ ਕੋਈ ਅਲਾਦੀਨ ਦਾ ਚਿਰਾਗ ਲੱਭ ਗਿਆ ਹੋਵੇ, "ਸੱਚੀਂ? ਆਈਡੀਆ? ਇਕ ਮਿੰਟ..., ਮੈਂ ਬਾੱਸ ਕੋਲ ਜਾ ਕੇ ਆਖਦੀ ਹਾਂ ਬਈ ਮੈਨੂੰ ਅੱਜ ਬੇਰਿੰਗ ਬਜ਼ਾਰ ਵਿਚ ਕੰਮ ਹੈ। ਮੈਂ ਛੇਤੀ ਜਾਣਾ। ਤੇ ਸੇਲਜ਼ ਆਫਿਸ ਵੀ ਏਧਰ ਹੀ ਹੈ। ਬਾੱਸ ਮੈਨੂੰ ਫਾਈਲ ਦੇ ਕੇ ਤੇਰੇ ਕੋਲ ਭੇਜ ਦੇਣਗੇ, ਤੇ ਮੈਂ ਆੱਨ ਡਿਊਟੀ ਆ ਜਾਵਾਂਗੀ। ਫਿਰ ਮ...ਜ਼ਾ... ਕ...ਰਾਂ...ਗੇ...।" ਆਖ਼ਰੀ ਸ਼ਬਦ ਉਸਨੇ ਲਟਕਾ ਕੇ ਕਹੇ।

ਉਸ ਦਿਨ ਉਸਨੇ ਫੇਡਿਡ ਬਲੂ ਜ਼ੀਨਜ਼ ਪਾਈ ਸੀ। ਸ਼ੋਲਡਰ ਕੱਟ ਵਾਲ ਹਮੇਸ਼ਾ ਵਾਂਗ ਖੁੱਲ੍ਹੇ ਸਨ। ਆਈ ਬ੍ਰੋਜ਼ ਇਕ-ਦੋ ਦਿਨ ਪਹਿਲਾਂ ਹੀ ਤਿੱਖੇ ਕਰਵਾਏ ਲਗਦੇ ਸਨ। ਸਲੀਵਲੈੱਸ ਟਾੱਪ ਵਿਚੋਂ ਝਾਕਦੇ ਸ਼ੇਵਡ ਅੰਡਰਆਰਮਜ਼ ਬਲਰਾਜ ਦੀਆਂ ਅੱਖਾਂ ਵਿਚ ਵੱਜ ਰਹੇ ਸਨ। ਮੋਢੇ ਵਿਚ ਪਾਏ ਬੈਗ ਵਿਚੋਂ ਫਾਈਲ ਕੱਢਦੀ ਜਦੋਂ ਰੂਪਿਕਾ ਚੌਂਕ ਤੇ ਥ੍ਰੀ-ਵੀਲ੍ਹਰ ਤੋਂ ਉਤਰੀ ਸੀ, ਤਾਂ ਬਲਰਾਜ ਵੇਖਦਾ ਹੀ ਰਹਿ ਗਿਆ ਸੀ।

"ਕਿੱਧਰ ਚਲੀਏ? ਕਿੱਥੇ ਬੈਠੀਏ? " ਇਹ ਸਵਾਲ ਰੂਪਿਕਾ ਦਾ ਸੀ।

"ਤੂੰ ਦੇਖ!" ਬਲਰਾਜ ਨੇ ਸਵਾਲ ਉਸਦੇ ਹੀ ਪਾਲੇ ਵਿਚ ਸੁੱਟ ਦਿੱਤਾ ਸੀ।

ਦੋਵੇਂ ਤੁਰਦੇ-ਤੁਰਦੇ ਇਕ ਜੂਸ ਬਾਰ ਕਰੀਬ ਜਾ ਪੁੱਜੇ, ਤੇ ਅੰਦਰ ਵੇਖਦੇ ਹੋਏ ਕਿ ਕੋਈ ਉਨ੍ਹਾਂ ਦੀ ਜਾਣ-ਪਛਾਣ ਦਾ ਤਾਂ ਨਹੀਂ ਹੈ, ਅੰਦਰ ਜਾ ਬੈਠੇ। ਬੈਰੇ ਤੋਂ ਦੋ ਗਿਲਾਸ ਪਾਣੀ ਮੰਗਵਾਏ। ਫਿਰ ਇਕ-ਇਕ ਗਲਾਸ ਜੂਸ। ਫਿਰ ਦੇਰ ਤੱਕ ਇਧਰ-ਉਧਰ ਦੀਆਂ ਗੱਲਾਂ ਕਰਦੇ ਰਹੇ। ਪਰਿਵਾਰ, ਕੱਰੀਅਰ, ਭਵਿੱਖ ਅਤੇ ਫ਼ਿਲਮਾਂ।

ਬਾਹਰ ਆਉਣ ਵੇਲੇ ਜੂਸ ਬਾਰ ਦੇ ਮਾਲਕ ਤੋਂ ਪੈਸੇ ਪੁੱਛੇ ਤਾਂ ਉਸਨੇ ਡੇਢ ਸੌ ਰੁਪਏ ਮੰਗ ਲਏ।

"ਅਸੀਂ ਤਾਂ ਸਿਰਫ਼ ਦੋ ਗਲਾਸ ਜੂਸ...।" ਰੂਪਿਕਾ ਦੇ ਇਸ ਸਵਾਲ ਦੇ ਜਵਾਬ ਵਿਚ ਮਾਲਕ ਦਾ ਜਵਾਬ ਸੀ, "ਬਾਕੀ ਪੈਸੇ ਟਾਈਮ ਦੇ ਨੇ, ਤੁਸੀਂ ਲਗਭਗ ਡੇਢ ਘੰਟਾ ਬੈਠੇ।" ਬਲਰਾਜ ਨੇ ਬਹਿਸ ਵਿਚ ਪੈਣ ਨਾਲੋਂ ਪੈਸੇ ਦੇਣੇ ਬੇਹਤਰ ਸਮਝੇ। ਫਿਰ ਦੋਵੇਂ ਰੇਡੀਮੇਡ ਕੱਪੜਿਆਂ ਦੀ ਵੱਡੀ ਦੁਕਾਨ ਵਿਚ ਜਾ ਵੜੇ। ਜਾ ਰਹੀ ਗਰਮੀ ਦਾ ਮਾਲ ਸੇਲ ਤੇ ਸੀ। ਅੱਧੇ ਮੁੱਲ ਤੇ। ਰੂਪਿਕਾ ਨੇ ਬਲਰਾਜ ਲਈ ਦੋ ਟੀ-ਸ਼ਰਟਾਂ ਪਸੰਦ ਕੀਤੀਆਂ। ਪਰ ਇਕ ਦੀ ਕੀਮਤ ਹੀ 2000 ਹਜ਼ਾਰ ਸੀ, ਅੱਧੀ ਕੀਮਤ ਵੀ 1000 ਰੁਪਏ ਬਣਦੀ ਸੀ, ਅਤੇ ਟੀ-ਸ਼ਰਟ ਸਧਾਰਣ ਹੀ ਲੱਗਦੀ ਸੀ। ਦੂਸਰੀ ਦੀ ਕੀਮਤ 700 ਲਿਖੀ ਸੀ, ਅੱਧੀ 350 ਬਣਨੀ ਸੀ। ਜਦੋਂ ਪੈਕ ਕਰਵਾਉਣ ਲੱਗੇ ਤਾਂ ਸੇਲਜ਼ਗਰਲ ਆਖਣ ਲੱਗੀ, "ਇਸ ਦੇ 700 ਹੀ ਲੱਗਣੇ ਨੇ। ਨੈੱਟ ਲਿਖਿਆ।"

"ਲਗਦਾ ਅੱਜ ਸਾਰਾ ਬਜ਼ਾਰ ਆਪਾਂ ਨੂੰ ਰਲ ਕੇ ਲੁੱਟਣ ਲੱਗਾ ਹੋਇਆ।" ਕਹਿ ਕੇ ਰੂਪਿਕਾ ਬਲਰਾਜ ਨੂੰ ਦੁਕਾਨ ਚੋਂ ਬਾਹਰ ਲੈ ਆਈ। ਤੁਰਦਿਆਂ-ਤੁਰਦਿਆਂ ਰੂਪਿਕਾ ਦੇ ਬੁੱਲ੍ਹ ਫਰਕੇ,

"ਕੋਈ ਇੱਛਾ, ਜੋ ਮੈਂ ਪੂਰੀ ਕਰ ਸਕਾਂ?" ਰੂਪਿਕਾ ਦੇ ਇਸ ਸਵਾਲ ਦੇ ਜਵਾਬ ਵਿਚ ਬਲਰਾਜ ਨੇ ਕਾਫ਼ੀ ਸੋਚ-ਵਿਚਾਰ ਕੇ ਕਿਹਾ ਸੀ, "ਮੇਰੇ ਨਾਲ ਲੌਂਗ ਡਰਾਈਵ ਤੇ ਚੱਲੋਗੇ? ਮੈਂ ਤੇਰੇ ਨਾਲ ਜੀਅ ਖੋਲ੍ਹ ਕੇ ਗੱਲਾਂ ਕਰਨਾ ਚਾਹੁੰਦਾ ਹਾਂ।"

"ਗੱਲਾਂ ਤਾਂ ਆਪਾਂ ਹੁਣ ਵੀ ਬਥੇਰੀਆਂ ਕਰ ਲੈਂਦੇ ਹਾਂ? ਹੋਰ ਕੁਝ ਦੱਸ।" ਆਪਣੇ ਸ਼ੋਲਡਰ ਕੱਟ ਵਾਲਾਂ ਨੂੰ ਮੋਢੇ ਤੋਂ ਪਿਛਾਂਹ ਕਰਦਿਆਂ ਉਹ ਬੋਲੀ ਸੀ।

"ਹਾਂ, ਬੱਟ ਲੌਂਗ ਡਰਾਈਵ ਮੀਨਜ਼ ਲੌਂਗ ਡਰਾਈਵ।"

"ਚਲ ਠੀਕ ਐ। ਜਿਵੇਂ ਤੇਰੀ ਮਰਜ਼ੀ। ਕਦੋਂ?"

"ਜਦੋਂ ਮੇਰੇ ਕੋਲ ਕਾਰ ਹੋਵੇਗੀ।" ਬਲਰਾਜ ਨੇ ਕਹਿ ਤਾਂ ਦਿੱਤਾ, ਪਰ ਮਹਿਸੂਸ ਕੀਤਾ ਕਿ ਇਕ ਵਧੀਆ ਮੌਕਾ ਐਵੇਂ ਹੀ ਟਾਲ ਕੇ ਗਵਾ ਦਿੱਤਾ ਹੈ।

ਤੇ ਉਸ ਦਿਨ

"ਤੂੰ ਮੇਰਾ ਫੋਨ ਨਹੀਂ ਚੁੱਕਿਆ, ਮੈਂ ਤਿੰਨ-ਚਾਰ-ਪੰਜ ਵਾਰ ਕਾਲਾਂ ਕੀਤੀਆਂ। ਮੈਂ ਪਾਗਲ ਹਾਂ। ਕੀ ਤੂੰ ਸਮਝਦਾ ਏਂ, ਮੇਰਾ ਤੇਰੇ ਬਿਨਾਂ ਸਰਦਾ ਨੀ। ਹੱਸ ਕੇ ਦੋ ਵਾਰ ਬੁਲਾ ਲਿਆ, ਤੂੰ ਆਪਣੇ ਆਪ ਨੂੰ ਵੱਡਾ ਰੋਮੀਓ ਸਮਝਣ ਲੱਗਾ ਪਿਆ? ਤੇਰੇ 'ਚ ਹੈ ਕੀ ਕਿ ਮੈਂ ਤੈਨੂੰ ਪਿਆ...।" ਰੂਪਿਕਾ ਦਾ ਗੁੱਸਾ ਸ਼ਬਦਾਂ ਵਿਚ ਅਨੁਵਾਦ ਹੋ ਕੇ ਫੋਨ ਰਾਹੀਂ ਬਲਰਾਜ ਦੇ ਕੰਨਾਂ ਤੱਕ ਦਾ ਸਫ਼ਰ ਤੈਅ ਕਰ ਚੁੱਕਾ ਸੀ।

"ਮੈਂ ਮੈਂ।" ਬਲਰਾਜ ਸੱਚਾ ਹੋ ਕੇ ਵੀ ਝੂਠਿਆਂ ਵਾਂਗ ਹਿਚਕਚਾ ਰਿਹਾ ਸੀ, ਛਟਪਟਾ ਰਿਹਾ ਸੀ।

"ਪਿਆਰ ਦੀ ਕਰੂੰਬਲ ਫੁੱਟੀ ਵੀ ਤਾਂ ਮੇਰੀ ਗ਼ਲਤੀ ਕਰਕੇ ਮਧੋਲੀ ਗਈ।" ਪਹਿਲੀ ਵਾਰ ਇਹ ਵਿਚਾਰ ਬਲਰਾਜ ਦੇ ਦਿਲ ਦੇ ਕਿਸੇ ਖੂੰਜੇ ਵਿਚੋਂ ਫੁੱਟਿਆ ਸੀ, ਫਟਿਆ ਸੀ ਅਤੇ ਸਾਰੇ ਦਿਮਾਗ ਵਿਚ ਛਾਅ ਗਿਆ ਸੀ। ਉਸ ਰਾਤ ਉਹ ਸੁੱਤਾ ਨਹੀਂ ਸੀ, ਉੱਸਲਵੱਟੇ ਲੈਂਦਾ ਰਿਹਾ ਸੀ। ਖੁਸ਼ੀ ਇਹ ਕਿ ਕਿਸੇ ਨੇ



ਤਾਂ "ਪਿਆਰ" ਸ਼ਬਦ ਵਰਤਿਆ, ਭਾਵੇਂ ਅੱਧਾ-ਅਧੂਰਾ ਹੀ, ਭਾਵੇਂ ਪ੍ਰਗਟਾਵਾ ਨਹੀਂ, ਠੋਕਰ ਹੀ ਸਹੀ, ਇਕਰਾਰ ਨਹੀਂ, ਇਨਕਾਰ ਹੀ ਸਹੀ। ਅੱਜ ਉਸਦਾ ਦਿਲੋ-ਦਿਮਾਗ ਰੋਲਰ-ਕੋਸਟਰ ਵਿਚ ਝੂਟੇ ਲੈਂਦਾ ਰਿਹਾ। ਜੋ ਵੀ ਸੀ, ਇਸਦਾ ਇਲਾਜ ਕੀ ਹੈ?

ਹੁਣ ਉਸਨੂੰ ਕਿਵੇਂ ਮਨਾਵਾਂਗਾ? ਕਿਵੇਂ ਗੱਲ ਕਰਾਂਗਾ? ਕੀ ਮੇਰੇ ਤੋਂ ਬਹੁਤ ਵੱਡਾ ਗੁਨਾਹ ਹੋ ਗਿਆ ਹੈ? ਡੈਡ ਨੇ ਕਿਸੇ ਕੰਮ ਬਾਹਰ ਭੇਜਿਆ ਸੀ, ਤੇ ਮੋਬਾਈਲ ਚਾਰਜਰ ਤੇ ਲੱਗਾ ਹੋਣ ਕਰਕੇ ਮੈਂ ਉਸਦੀਆਂ ਕਾਲਾਂ ਅਟੈਂਡ ਨਾ ਕਰ ਸਕਿਆ ਸੀ। ਤੇ ਆਉਂਦੇ ਹੀ 'ਬੈਕ ਕਾਲ' ਕਰ ਵੀ ਲਈ ਸੀ। ਪਿਆਰ ਕਬਜ਼ਾ ਹੈ, ਤਾਂ ਸਿਰਫ਼ ਉਸ ਲਈ, ਮੇਰੇ ਲਈ ਨਹੀਂ। ਪਰ ਮੈਂ ਤਾਂ ਉਸ ਅੱਗੇ ਕੁਝ ਵੀ ਨਹੀਂ। ਵਿਚਾਰ ਮਨ ਵਿਚ ਟਕਰਾਉਂਦੇ ਅਤੇ ਅਜਾਂਈ ਮੌਤ ਮਰਦੇ ਰਹੇ।

ਤੀਜੇ ਦਿਨ ਰੂਪਿਕਾ ਨੇ ਆਪ ਗੱਲ ਤੋਰੀ, "ਜਦੋਂ ਮੈਨੂੰ ਗੁੱਸਾ ਚੜ੍ਹ ਜਾਂਦਾ, ਤਾਂ ਕੁਝ ਪਤਾ ਨਹੀਂ ਲੱਗਦਾ। ਤੂੰ ਗ਼ਲਤ ਤਾਂ ਸੀ, ਪਰ ਛੱਡ...। ਰੋਟੀ ਖਾ ਲਈ?" ਉਸਦਾ ਵਾਰ-ਵਾਰ 'ਰੋਟੀ ਖਾ ਲੀ' ਜਾਂ 'ਕੌਫੀ ਪੀਵੇਂਗਾ' ਆਦਿ ਪੁੱਛਣਾ, ਉਸਦੇ ਕੇਅਰਿੰਗ ਸੁਭਾਅ ਦੀ ਨਿਸ਼ਾਨੀ ਸੀ, ਜਾਂ ਕੁਝ ਹੋਰ ਸੀ। ਇਹ ਬਲਰਾਜ ਲਈ ਇਕ ਸਵਾਲ ਸੀ, ਜਿਸ ਦਾ ਜਵਾਬ ਉਹ ਰਾਤਾਂ ਨੂੰ ਸੌਣ ਸਮੇਂ ਲੱਭਦਾ ਰਹਿੰਦਾ। ਉਹ ਅਕਸਰ ਉਸਨੂੰ ਘਰੋਂ ਕੁਝ ਨਾ ਕੁਝ ਲਿਆ ਕੇ ਦਿੰਦੀ, ਖਵਾਉਂਦੀ। ਉਸਨੇ ਕਦੇ ਆਂਡੇ ਜਾਂ ਮਾਸ ਨਹੀਂ ਸੀ ਖਾਧਾ। ਪਰ ਰੂਪਿਕਾ ਤੋਂ ਲੈ ਕੇ ਉਸਨੇ ਕਈ ਵਾਰ ਆਂਡੇ ਦੀ ਭੁਰਜੀ ਅਤੇ ਚਿਕਨ ਫਰਾਈ ਖਾਧਾ ਸੀ। ਬੀਅਰ ਦੀ ਸੌਂ ਰੂਪਿਕਾ ਨੇ ਉਸ ਨੂੰ ਸ਼ਰਾਬ ਵੀ ਚਖਾ ਦਿੱਤੀ ਸੀ। ਉਸਨੇ ਅੱਜ ਤੱਕ ਕਿਸੇ ਦਾ ਜੂਠਾ ਨਹੀਂ ਸੀ ਖਾਧਾ, ਪਰ ਰੂਪਿਕਾ ਦਾ ਜੂਠਾ ਖਾ ਕੇ ਉਸਨੂੰ ਆਪਣਾ ਸ਼ੁੱਧੀਕਰਨ ਹੁੰਦਾ ਲਗਦਾ! ਘਰ ਜਾ ਕੇ ਉਹ ਰੂਪਿਕਾ ਬਾਰੇ ਸੋਚਦਾ ਰਹਿੰਦਾ, ਅਤੇ ਕਈ ਵਿਚਾਰ ਵੱਢੇ ਮੁਰਗੇ ਦੇ ਸਰੀਰ ਵਾਂਗ ਛਟਪਟਾਉਂਦੇ, ਤੇ ਫਿਰ ਖਾਮੋਸ਼ ਹੋ ਜਾਂਦੇ।

ਤੇ ਇਹ ਸਿਲਸਲਾ ਲਗਭਗ ਇਕ ਸਾਲ ਚੱਲਿਆ।

ਤੇ ਉਸ 'ਖਾਸ' ਦਿਨ

ਉਸ ਦਿਨ ਸੋਮਵਾਰ ਸੀ। 15 ਸਤੰਬਰ, 2003। ਰੂਪਿਕਾ ਦੇ ਚਿਹਰੇ ਤੇ ਰੌਣਕ ਗਾਇਬ ਸੀ। ਉਸਦੇ ਮੁਖੜੇ ਦੁਆਲੇ ਅਠਖੇਲੀਆਂ ਕਰਨ ਵਾਲੇ ਵਾਲ ਵੀ ਹੇਅਰ ਬੈਂਡ ਵਿਚ ਕੈਦ ਸਨ। ਖਾਮੋਸ਼ ਚਿਹਰੇ ਨਾਲ ਉਸਨੇ ਸਾਰੀ ਉਦਾਸੀ ਸ਼ਬਦਾਂ ਰਾਹੀਂ ਬਿਆਨ ਕਰ ਦਿੱਤੀ, "ਪਾਪਾ ਨੇ ਮੇਰੇ ਲਈ ਇਕ ਲੜਕਾ ਦੇਖਿਆ। ਵਿਆਹ ਦੀ ਤਾਰੀਖ ਵੀ ਮੁਕੱਰਰਤ" ਬਾਕੀ ਗੱਲ ਉਸਦੀਆਂ ਅੱਖਾਂ ਵਿਚਲੇ ਹੰਝੂਆਂ ਨੇ ਕੀਤੀ। ਪਹਿਲੀ ਵਾਰ ਉਸਦੀਆਂ ਅੱਖਾਂ ਵਿਚ ਹੰਝੂ ਆਏ ਸਨ, ਅਤੇ ਫਰਸ਼ ਤੋਂ ਡਿੱਗਣ ਤੋਂ ਪਹਿਲਾਂ ਹੀ ਇਹ ਬਲਰਾਜ ਨੇ ਆਪਣੇ ਰੁਮਾਲ ਵਿਚ ਸਾਂਭ ਲਏ ਸਨ।

ਤੇ ਇਧਰ

"ਆਹ ਸਾਂਭੋ ਆਪਣਾ ਰੁਮਾਲ, ਉਧਰ ਕਿਚਨ 'ਚ ਛੱਡ ਆਏ ਸੀ। ਕਿਉਂ, ਅੱਜ ਸ਼ੇਵ ਕਰਨ ਤੇ ਐਨੀ ਦੇਰ ਲਗਾ ਦਿੱਤੀ?" ਸੋਚਾਂ ਵਿਚ ਡੁੱਬੇ ਬਲਰਾਜ ਦੀ ਸੋਚ-ਲੜੀ ਨੂੰ ਪਤਨੀ ਅੰਮ੍ਰਿਤ ਦੇ ਬੋਲਾਂ ਨੇ ਤੋੜ ਦਿੱਤਾ ਸੀ।

"ਓ ਐਕਚੂਅਲੀ ਅੱਜ ਮੀਟਿੰਗ ਸੀ ਆਫਿਸ ਵਿਚ ਤੇ ਮੈਂ ਸੋਚਿਆ...।"

"ਕੋਈ ਸ਼ਪੈਸ਼ਲ ਮੀਟਿੰਗ ਲਗਦੀ ਆ ਅੱਜ, ਤਾਂ ਹੀ ਅੱਜ ਸ਼ੇਵ ਨੂੰ ਹੀ...।" ਅੰਮ੍ਰਿਤ ਨੇ ਜਾਣ-ਬੁੱਝ ਕੇ ਛੇੜਿਆ, ਭਾਵੇਂ ਉਸਨੂੰ ਪਤਾ ਸੀ, ਕਿ ਉਸਦੇ ਪਤੀਦੇਵ ਤਾਂ...। ਪਰ ਅੱਜ ਸ਼ਾਇਦ ਉਸਨੂੰ ਕੁਝ ਪਤਾ ਹੀ ਨਹੀਂ ਸੀ।

ਘਰ ਚੋਂ ਬਾਹਰ ਨਿਕਲਣ ਤੋਂ ਪਹਿਲਾਂ ਬਲਰਾਜ ਨੇ ਬੱਚਿਆਂ ਨੂੰ ਪਿਆਰ ਦਿੱਤਾ, ਪਤਨੀ ਅੰਮ੍ਰਿਤ ਨੂੰ ਘੁੱਟ ਕੇ ਜੱਫ਼ੀ ਵਿਚ ਲਿਆ ਅਤੇ ਕਾਰ ਸਟਾਰਟ ਕਰਕੇ ਸੜਕ ਦੀ ਭੀੜ ਵਿਚ ਗਾਇਬ-ਗੁੰਮ ਹੋ ਗਿਆ। ਅਜੇ ਦਸ ਮਿੰਟ ਵੀ ਨਹੀਂ ਟੱਪੇ ਸਨ ਕਿ ਫੋਨ ਖੜਕਿਆ, "ਕਿੱਥੇ ਰਹਿ ਗਏ?" ਤੇ ਬਲਰਾਜ ਨੇ "ਬਸ ਪੰਜ ਕੁ ਮਿੰਟ ਵਿਚ ਪਹੁੰਚ ਗਿਆ।ਪਹੁੰਚ ਗਏ ਤੁਸੀਂ?" ਕਹਿ ਕੇ ਛੇਤੀ ਨਾਲ ਫੋਨ ਕੱਟਣਾ ਚਾਹਿਆ ਪਰ ਉਧਰੋਂ ਆਵਾਜ਼ ਸੀ, "ਨਹੀਂ, ਮੈਨੂੰ ਵੀ ਲੱਗ ਜਾਣੇ ਪੰਦਰਾਂ ਕੁ ਮਿੰਟ।" ਘੱਟੋ-ਘੱਟ ਸੱਤ ਸਾਲਾਂ ਬਾਅਦ ਦੋਹਾਂ ਦੇ ਸੰਬੋਧਨ ਤਾਂ ਰਸਮੀ ਹੋ ਹੀ ਗਏ ਸਨ।

ਤੇ ਫੋਨ ਜੇਬ ਵਿਚ ਪਾ ਕੇ ਉਹ ਫਿਰ ਸੋਚਾਂ ਵਿਚ ਗ਼ਲਤਾਨ ਹੋ ਗਿਆ। ਇਕ ਮਹੀਨਾ ਪਹਿਲਾਂ ਤੋਂ ਅੱਜ ਤੱਕ ਵਾਪਰੀਆਂ ਉਹ ਸਭ ਘਟਨਾਵਾਂ ਉਸਦੇ ਜ਼ਿਹਨ ਦੇ ਚਿਤਰਪੱਟ ਤੇ ਰੇਖਾਂਕਿਤ ਹੋਣ ਲੱਗੀਆਂ, ਜਿਨ੍ਹਾਂ ਦੀ ਲੜੀ ਰੂਪਿਕਾ ਨਾਲ ਜੁੜਦੀ ਸੀ। ਇਹ ਲੜੀ ਪਿਛਲੇ 7 ਸਾਲ ਤੋਂ ਟੁੱਟੀ ਹੋਈ ਸੀ, ਤੇ ਅਚਾਨਕ ਇਕ ਮਹੀਨਾ ਪਹਿਲਾਂ ਹੀ

"ਹੈ ਲੋ ਅ, ਬਲਰਾ... ਜ।"

"ਹਾਂ, ਬਲਰਾਜ ਸਪੀਕਿੰਗ।ਕੌਣ?" ਜਾਣੀ-ਪਛਾਣੀ ਅਵਾਜ਼ ਹਣ ਦੇ ਬਾਵਜੂਦ ਉਸ ਤੋਂ ਬੇਯਕੀਨੀ ਵਿਚ ਜਵਾਬ ਅਉੜਿਆ।

"ਮੈਂ ਰੂਪਿਕਾ।"

"ਹੈਂ ਰੂਪਿਕਾ? ਤੁਸੀਂ? ਕਿੱਥੇ? ਕਿਵੇਂ?" ਨਾਮ ਸੁਣਦਿਆਂ ਬਲਰਾਜ ਨੇ ਕਈ ਸਵਾਲ ਇਕੱਠੇ ਕਰ ਦਿੱਤੇ ਸਨ।

"ਵੈਸੇ ਹੀ ਪੁਰਾਣੀ ਡਾਇਰੀ ਲੱਭ ਗਈ ਸੀ। ਤੁਹਾਡਾ ਨਾਮ ਦੇਖਿਆ, ਫੋਨ ਕਰ ਲਿਆ। ਕੋਈ ਹੋਰ ਮੀਨਿੰਗ ਨਾ ਕੱਢ ਲਇਓ, ਮੇਰੀ ਫੋਨ ਕਾਲ ਦਾੜ" ਅੱਜ ਤੋਂ ਸੱਤ ਸਾਲ ਪਹਿਲਾਂ ਵਾਲ ਡਾਇਲਾਗ ਉਸਨੇ ਦੁਹਰਾਇਆ ਅਤੇ ਅਗਲੀ ਗੱਲ ਨਾਲ ਗੱਲ ਸਮੇਟ ਦਿੱਤੀ, "ਚੱਲ, ਜ਼ਿੰਦਗੀ ਠੀਕ ਚੱਲ ਰਹੀ ਹੈ? ਵਾਈਫ਼, ਬੱਚੇ, ਜਾੱਬ? ਚੰਗਾ...ਹੈਂ?" ਤੇ ਉਸਨੇ ਫੋਨ ਕੱਟ ਦਿੱਤਾ।ਐਨ ਉਸੇ ਅੰਦਾਜ਼ ਵਿਚ, ਜਿਵੇਂ ਸੱਤ ਸਾਲ ਪਹਿਲਾਂ ਹੁੰਦਾ-ਹੁੰਦਾ ਸੀ।

ਗੱਲ ਤਾਂ ਖਤਮ ਹੋ ਗਈ ਸੀ, ਪਰ ਬਲਰਾਜ ਦੇ ਮਨ ਦੇ ਸ਼ਾਂਤ-ਸਮੁੰਦਰ ਵਿਚ ਇਕ ਜਵਾਰ-ਭਾਟਾ ਆ ਗਿਆ ਸੀ। ਸੱਤ ਸਾਲ ਪਹਿਲਾਂ ਦੇ ਉਹ ਹੁਸੀਨ ਲੁਕਣ-ਮੀਟੀ ਵਾਲੇ ਪਲ ਸਾਕਾਰ ਹੋ ਗਏ ਸਨ।

"ਕਾਸ਼! ਰੱਬ ਸਾਨੂੰ ਇਕ ਵਾਰ ਫਿਰ ਮਿਲਾ ਦੇਵੇ।" ਰੱਬ ਵਿਚ ਬੇਯਕੀਨੀ ਦੇ ਬਾਵਜੂਦ ਇਹ ਫ਼ਿਲਮੀ ਜਿਹਾ ਡਾਇਲੱਗ ਉਸਦੇ ਦਿਲ ਦੀ ਕਿਸੇ ਨੁੱਕਰ ਤੋਂ ਹੋਠਾਂ ਤੱਕ ਆ ਪੁੱਜਾ ਸੀ ਤੇ ਅੱਖਾਂ ਵਿਚ ਚਮਕ ਤੇਜ਼/ਹਰੀ ਹੋ ਗਈ ਸੀ।

"ਕਾਸ਼! ਰੱਬ ਤੈਨੂੰ ਐਨਾ ਸੁੰਦਰ ਨਾ ਬਣਾਉਂਦਾ।" ਬਲਰਾਜ ਨੇ ਇਕ ਵਾਰ ਰੂਪਿਕਾ ਦੀਆਂ ਖ਼ੂਬਸੂਰਤ ਜ਼ੁਲਫ਼ਾਂ ਵਿਚ ਹੱਥ ਫੇਰਦਿਆਂ ਕਿਹਾ ਸੀ।

"ਕਿਉਂ?"

"ਫਿਰ ਸ਼ਾਇਦ ਮੈਨੂੰ ਤੇਰਾ ਐਨਾ ਫ਼ਿਕਰ ਨਾ ਹੁੰਦਾ।"

"ਕੀ ਮਤਲਬ?"

"ਮੇਰਾ ਮਤਲ... ਫਿਰ... ਜੇ ... ਮੈਂ ... ਆਪਾਂ...।" ਤੇ ਉਸਤੋਂ ਕੋਈ ਚੱਜ ਦਾ ਜਵਾਬ ਨਹੀਂ ਸੀ ਸਰਿਆ।ਪਰ ਉਹ ਦੇਰ ਤੱਕ ਉਸਦੀਆਂ ਜ਼ੁਲਫ਼ਾਂ ਵਿਚ ਹੱਥ ਫੇਰਦਾ ਰਿਹਾ ਸੀ, ਉਸਨੂੰ ਸਹਿਲਾਉਂਦਾ ਰਿਹਾ ਸੀ, ਜਦੋਂ ਦੋਵੇਂ ਆਪਣੇ ਆਫਿਸ ਦੇ ਨੇੜੇ ਇਕ ਬਾਗ ਵਿਚ ਬੈਠੇ ਸਨ। ਭੀੜ ਵਿਚ ਇਕੱਲੇ। ਕੁੜੀ ਦੇ



ਵਾਲਾਂ ਵਿਚ ਹੱਥ ਫੇਰ ਕੇ ਉਸ ਨੂੰ ਖੁਸ਼ ਕਰਨ ਦਾ ਤਰੀਕਾ ਰੂਪਿਕਾ ਨੇ ਹੀ ਤਾਂ ਦੱਸਿਆ ਸੀ।

"ਅੱਜ ਮੈਨੂੰ ਸੱਤ ਸਾਲ ਬਾਅਦ ਰੂਪਿਕਾ ਨੇ ਫੋਨ ਕੀਤਾ ਹੈ।" ਬਲਰਾਜ ਸੋਚਾਂ ਦੇ ਘੋੜੇ ਦੌੜਾਉਣ ਲੱਗਾ, ਮੋਬਾਈਲ ਫੋਨ ਦੇ ਕੈਲਕੂਲੇਟਰ ਤੇ ਘੁੰਮਦੀਆਂ ਉਂਗਲਾਂ ਨੇ ਸਾਲਾਂ, ਮਹੀਨਿਆਂ ਅਤੇ ਦਿਨਾਂ ਦਾ ਫ਼ਾਸਲਾ ਅੰਕੜਿਆਂ ਦੇ ਰੂਪ ਵਿਚ ਸਾਹਮਣੇ ਲੈ ਆਂਦਾ। ਸੱਤ ਸਾਲ, ਅੱਠ ਮਹੀਨੇ ਅਤੇ ਅੱਠ ਦਿਨ ਪਹਿਲਾਂ ਉਹ ਆਖ਼ਰੀ ਵਾਰ ਮਿਲੇ ਸੀ, ਅਤੇ ਫਿਰ ਕਦੀ ਨਹੀਂ ਸੀ ਮਿਲੇ। ਫੋਨ ਤੇ ਵੀ ਕਦੀ ਟਾਕਰਾ ਨਹੀਂ ਸੀ ਹੋਇਆ। ਉਸਨੇ ਦੋ ਵਾਰ ਰਿਸੀਵਡ ਕਾਲਜ਼ ਵਿਚ ਉਸ ਨੰਬਰ ਨੂੰ ਵੇਖਿਆ, ਜਿਸ ਤੋਂ ਰੂਪਿਕਾ ਨੇ ਕਾੱਲ ਕੀਤੀ ਸੀ - 0988123456 । ਰੂਪਿਕਾ ਵਾਂਗ ਕਲਾਸਿਕ। ਕਾਲ ਕਰਨ ਲਈ ਬਟਨ ਪ੍ਰੈਸ ਕੀਤਾ, ਪਰ ਮਿਸ ਕਾੱਲ ਮਾਰ ਕੇ ਛੱਡ ਦਿੱਤੀ। ਪੂਰੀ ਕਾੱਲ ਕਰਨ ਦੀ ਜੁਅਰਤ ਹੀ ਨਾ ਪਈ। ਡਰ? ਕਿਸਦਾ? ਇਹ ਸਵਾਲ ਉਸਦੇ ਅੰਦਰ ਉੱਠਣ ਤੋਂ ਪਹਿਲਾਂ ਹੀ ਦਮ ਤੋੜਦਾ ਰਿਹਾ।

ਇਕ ਹਫ਼ਤੇ ਬਾਅਦ ...

ਫਿਰ ਫੋਨ ਦੀ ਘੰਟੀ ਵੱਜੀ। ਨੰਬਰ ਵੇਖਦੇ ਸਾਰ ਬਲਰਾਜ ਦਾ ਅੰਦਰ-ਬਾਹਰ ਖਿੜ ਉੱਠਿਆ, "ਹਾਏ ਰੂਪਿਕਾ, ਮੈਂ ਦੋ-ਤਿੰਨ ਵਾਰ ਤੈਨੂੰ ਫੋਨ ਕਰਨ ਦੀ ਕੋਸ਼ਿਸ਼ ਕੀਤੀ, ਪਰ।"

"ਨਹੀਂ, ਤੁਸੀਂ ਨਹੀਂ ਕਰ ਸਕਦੇ। ਤੁਸੀਂ ਉਹੀ ਹੋ ਬੱ...ਲ...ਰਾ...ਜ... ਡਰਪੋਕ। ਵੈਸੇ ਹੀ ਕਰ ਲਿਆ। ਸੁਣਾਓ ਕੀ ਕਰ ਰਹੇ ਸੀ? ਚੰਗਾ, ਚੰਗਾ... ਪਤੀਦੇਵ ਦਾ ਫੋਨ ਆ ਰਿਹੈ...ਓਕੇ ਬਾਏ।" ਬੱਸ ਐਨੀ ਹੀ ਗੱਲ ਹੋਈ।

ਉਹ ਦਿਨ ਬਲਰਾਜ ਲਈ ਬੜਾ ਔਖਾ ਲੰਘਾ। ਖ਼ੁਸ਼ੀ ਵੀ ਕਿ ਰੂਪਿਕਾ ਫਿਰ ਉਸ ਦੇ ਨਾਲ ਇਨ-ਟੱਚ ਹੈ, ਪਰ ਉਸ ਨਾਲ ਗੱਲ ਕਰਨ ਦੀ ਕਾਹਲ ਜਿਹੀ ਵੀ ਹੋਣ ਲੱਗੀ, ਅੰਦਰ-ਅੰਦਰ ਇਕ ਖੋਹ ਜਿਹੀ ਪੈਣ ਲੱਗੀ। ਹਾਰ ਕੇ ਉਸਨੇ ਉਸੇ ਨੰਬਰ ਤੇ ਬੈਕ-ਕਾਲ ਕੀਤੀ। ਇਹ ਤਾਂ ਕਿਸੇ ਪੀ.ਸੀ.ਓ. ਦਾ ਨੰਬਰ ਸੀ। ਮਜ਼ਾਕ? ਪਰ ਆਵਾਜ਼ ਤਾਂ ਰੂਪਿਕਾ ਦੀ ਹੀ ਸੀ, ਅੰਦਾਜ਼ ਵੀ ਉਹੀ, ਗੁੱਸਾ ਵੀ ਉਹੀ, ਗੱਲਾਂ ਵੀ ਉਹੀ। ਉਸਨੇ ਅੰਦਰ-ਅੰਦਰ ਕੁਝ ਮਹਿਸੂਸ ਕੀਤਾ। ਜਿਵੇਂ ਕੁਝ ਜੁੜ ਰਿਹਾ ਹੋਵੇ, ਜਿਵੇ ਕੁਝ ਟੁੱਟ ਰਿਹਾ ਹੋਵੇ। ਕੀ ਰੂਪਿਕਾ ਹੀ ਕਿਤੇ ਮੈਨੂੰ

ਦੋ ਹਫ਼ਤੇ ਬਾਅਦ ......

ਫਿਰ ਫੋਨ ਆਇਆ। ਰੂਪਿਕਾ ਦੀ ਆਵਾਜ਼ ਵਿਚ ਠਰ੍ਹੰਮਾ ਸੀ, "ਬਲਰਾਜ, ਸੌਰੀ ਮੈਂ ਐਨੇ ਦਿਨ ਤੈਨੂੰ ਫੋਨ ਨਾ ਕਰ ਸਕੀ। ਮੈਨੂੰ ਪਤਾ ਹੈ ਤੂੰ ਜ਼ਰੂਰ ਬੈਕ-ਕਾਲ ਕੀਤੀ ਹੋਵੇਗੀ। ਮੈਂ ਤੈਨੂੰ ਡਰਪੋਕ ਜੋ ਕਹਿ ਦਿੱਤਾ ਸੀ। ਮੈਂ ਸਮਝਦੀ ਹਾਂ ਤੇਰੀ ਰਗ-ਰਗ। ਅੱਛਾ, ਹੁਣ ਮੈਂ ਮੁੱਖ ਮੁੱਦੇ ਤੇ ਆਉਂਦੀ ਹਾਂ। ਅਸਲ ਵਿਚ ਮੈਂ ਤੈਨੂੰ ਬਹੁਤ ਮਿੱਸ ਕਰਦੀ ਹਾਂ। ਤੇਰੇ ਨਾਲ ਬਹਿ ਕੇ ਗੱਲਾਂ ਕਰਨ ਨੂੰ ਜੀਅ ਕਰਦਾ ਹੈ। ਤੇਰੇ ਮੋਢਿਆਂ ਤੇ ਸਿਰ ਰੱਖ ਕੇ। ਦੇਰ ਤੱਕ, ਦੂਰ ਕਿਤੇ। ਕੀ ਮੈਨੂੰ ਇਜ਼ਾਜ਼ਤ ਦੇਵੇਗਾਂ?"

"ਤੇਰੇ ਲਈ ਤਾਂ।" ਸੰਬੋਧਨ ਫਿਰ ਗੈਰ-ਰਸਮੀ ਤੇ ਦੋਸਤਾਨਾ ਹੋ ਗਿਆ ਸੀ।

"ਠੀਕ, ਮੈਂ ਸਮਝ ਗਈ। ਮੈਂ ਕਿਹਾ ਨਾਂਹ, ਮੈਂ ਤੇਰੀ ਰਗ-ਰਗ ਤੋਂ ਵਾਕਫ਼ ਹਾਂ। ਅੱਛਾ ਦੱਸ ਅਗਲੇ ਹਫ਼ਤੇ ਐਨ ਅੱਜ ਦੇ ਦਿਨ - ਮੰਗਲ ਨੂੰ, ਗੋਰਸੀਮਾ ਮਾਰਕੀਟ ਵਿਚ ਹਰਸ਼ ਰੈਸਟਰਾਂ। ਠੀਕ?"

"ਡੱਨ।"

"ਤੇ ਤੇਰਾ ਮੋਬਾਈਲ ਨੰਬਰ?"

"ਮੈਂ ਆਪੇ ਕੰਟੈਕਟ ਕਰ ਲਵਾਂਗੀ।" ਕਹਿ ਕੇ ਉਸਨੇ ਫੋਨ ਕੱਟ ਦਿੱਤਾ।

ਤੇ ਅੱਜ ਚੰਗੀ ਤਰ੍ਹਾਂ ਬਣ-ਠਣ ਕੇ ਉਹ ਸਮੇਂ ਤੋਂ ਪਹਿਲਾਂ ਹੀ ਹਰਸ਼ ਰੈਸਟਰਾਂ ਪਹੁੰਚਣ ਲਈ ਕਾਰ ਤੇ

ਜਾ ਰਿਹਾ ਪੁਰਾਣੀਆਂ ਯਾਦਾਂ ਵਿਚ ਗ਼ਲਤਾਨ ਸੀ। ਛੇਤੀ ਹੀ ਉਹ ਰੈਸਟਰਾਂ ਪਹੁੰਚ ਗਿਆ। ਬਾਹਰ ਪਾਰਕਿੰਗ ਵਿਚ ਕਾਰ ਖੜ੍ਹੀ ਕਰਕੇ ਚਾਬੀ ਨੂੰ ਜੇਬ ਵਿਚ ਪਾਉਂਦਾ ਹੋਇਆ ਉਹ ਪੌੜੀਆਂ ਤੇ ਪੈਰ ਰੱਖਣ ਹੀ ਲੱਗਾ ਸੀ, ਕਿ ਇਕ ਜਾਣੇ-ਪਛਾਣੇ ਜ਼ਨਾਨਾ ਚਿਹਰੇ ਨੇ ਉਸਨੂੰ 'ਸਰ ਬਲਰਾਜ' ਕਹਿ ਕੇ ਪੁਕਾਰਿਆ।

"ਓ, ਮੈਮ ਪੁਰੀ? "

"ਜੀ ਸਰ, ਤੁਸੀਂ ਅੱਜ ਇੱਥੇ? "

"ਬੱਸ, ਕੰਮ ਸੀ ਥੋੜ੍ਹਾ। ਹੋਰ ਸੁਣਾਓ। "

"ਹਾਂ, ਇਹ ਨੇ ਮੇਰੇ ਹਸਬੈਂਡ ਸ੍ਰੀ ਗੌਤਮ ਪੁਰੀ, ਫਾਇਨਾਂਸ ਡਿਪਾਰਟਮੈਂਟ ਵਿਚ ਸੁਪਰਡੈਂਟ ਹਨ।"

"ਹੈਲੋ ਸਰ।" ਬਲਰਾਜ ਗੱਲ ਪੁਰੀ ਜੋੜੇ ਨਾਲ ਕਰ ਰਿਹਾ ਸੀ, ਪਰ ਉਸਦੀਆਂ ਅੱਖਾਂ ਚਾਰੇ ਪਾਸੇ ਘੁੰਮ ਰਹੀਆਂ ਸਨ। ਕਿਸੇ ਜਾਣੇ-ਅਣਜਾਣੇ ਚਿਹਰੇ ਦੀ ਭਾਲ ਵਿਚ, ਜਿਸ ਨੂੰ ਵੇਖ ਕੇ ਸ੍ਰੀਮਤੀ ਪੁਰੀ ਨੇ ਆਖਿਆ, "ਸ਼ਾਇਦ ਤੁਸੀਂ ਕਿਸੇ ਨੂੰ ਲੱਭ ਰਹੇ ਹੋ। ਓ.ਕੇ., ਸੀ ਯੂ। "

ਅਜੇ ਉਹ ਜੋੜਾ ਅੰਦਰ ਹੀ ਵੜਿਆ ਸੀ, ਕਿ ਇਕ ਹੋਰ ਜਾਣਿਆ-ਪਛਾਣਿਆ ਜ਼ਨਾਨਾ ਚਿਹਰਾ ਉਸਦੇ ਨਜ਼ਰੀਂ ਪਿਆ। ਇਹ ਰੂਪਿਕਾ ਸੀ। ਬਲਰਾਜ ਨੂੰ ਪੌੜੀਆਂ ਕੋਲ ਖੜ੍ਹਿਆਂ, ਉਸ ਵੱਲ ਵੇਖ ਕੇ ਮੁਸਕਰਾਉਂਦਿਆਂ ਵੇਖ ਕੇ ਰੂਪਿਕਾ ਖਲੋ ਗਈ। ਕੁਝ ਸੋਚ ਕੇ ਬੋਲੀ, "ਬਲਰਾਜ ਹੋ ਤੁਸੀਂ? "

"ਹਾਂ ... ਤੁਸੀਂ ਰੂਪਿਕਾ? "

"ਪੱਗ... ਦਾੜ੍ਹੀ... ਕੁਝ ਵੀ ਨਹੀਂ। ਪਛਾਣ ਹੀ ਨਹੀਂ ਆ ਰਹੀ ਬਲਰਾਜ ਤੇਰੀ ਤਾਂ। ਲੁਕਿੰਗ ਸਮਾਰਟ। ਰਾਦਰ ਸਮਾਰਟਰ। "

"ਨਹੀਂ, ਨਹੀਂ। ਅਜਿਹੀ ਤਾਂ ਕੋਈ ਗੱਲ ਨਹੀਂ। "

"ਹੁਣ ਲੱਗਦੈਂ ਮੁੰਡਾ-ਖੁੰਡਾ। ਪਹਿਲਾਂ ਤਾਂ ਬਾਬਾ ਜਿਹਾ ਬਣਿਆ ਰਹਿੰਦਾ ਸੀ। ਚੱਲ ਛੱਡ। ਮੈਂ ਤੇਰੇ ਨਾਲ ਢੇਰ ਸਾਰੀਆਂ ਗੱਲਾਂ ਕਰਨੀਆਂ ਨੇ। ਦੱਸ ਕਿੱਥੇ ਬੈਠੀਏ। ਰੈਸਟਰਾਂ ਕਿਵੇਂ ਰਹੇਗਾ? "

"ਜਿਵੇਂ ਤੁਸੀਂ ਕਹੋ? ਆਹ ਮੇਰੀ ਕਾਰ ਅਤੇ ਆਹ ਰਹੀਆਂ ਚਾਬੀਆਂ। " ਕਾਰ ਦੀਆਂ ਚਾਬੀਆਂ ਰੂਪਿਕਾ ਨੂੰ ਫੜਾਉਂਦਿਆਂ ਉਹ ਬੋਲਿਆ।

"ਕੀ ਮੈਂ ਤੇਰੇ ਨਾਲ ਲੌਂਗ ਡਰਾਈਵ ਤੇ ਜਾ ਸਕਦੀ ਹਾਂ? ਯਾਦ ਹੈ... ਇਕ ਵਾਰ ਤੂੰ ਕਿਹਾ ਸੀ, ਜਦੋਂ ਕੋਲ ਕਾਰ ਹੋਵੇਗੀ ਤਾਂ...।" ਰੂਪਿਕਾ ਦੇ ਹੋਠਾਂ ਤੇ ਆਏ ਸਵਾਲ ਨੇ ਬਲਰਾਜ ਦਾ ਉਹ ਸੁਪਨਾ ਸਕਾਰ ਹੋਣ ਦਾ ਇਕ ਵਾਰ ਫਿਰ ਮੌਕਾ ਦਿੱਤਾ ਸੀ, ਜੋ ਮੌਕਾ ਉਸਨੇ ਸੱਤ ਸਾਲ ਪਹਿਲਾਂ ਹਿਚਕਚਾਹਟ ਵਿਚ ਹੀ ਗਵਾ ਦਿੱਤਾ ਸੀ। ਨਾਚਾਹੁੰਦੇ ਹੋਇਆਂ ਵੀ ਟਾਲ ਦਿੱਤਾ ਸੀ।

"ਕਿੱਥੇ ਜਾਣਾ ਚਾਹੋਗੇ? "

"ਜਿੱਥੇ ਮਰਜ਼ੀ। ਇਹ ਇਕ ਦਿਨ ਤੁਹਾਨੂੰ ਸਮਰਪਿਤ। ਮੈਂ ਆਪਣਾ ਸਿਰ ਤੁਹਾਡੇ ਮੋਢਿਆਂ ਤੇ ਰੱਖ ਕੇ ਉਹ ਖੁਸ਼ੀ, ਸੰਤੁਸ਼ਟੀ ਅਤੇ ਸਕੂਨ ਹਾਸਲ ਕਰਨਾ ਚਾਹੁੰਦੀ ਹਾਂ ਜੋ ਅੱਜ ਤੱਕ...।" ਬਾਕੀ ਦੀ ਗੱਲ ਹੰਝੂਆਂ ਨੇ ਕੀਤੀ। ਤੇ ਫਿਰ, "ਮੈਨੂੰ ਯਕੀਨ ਹੈ ਤੁਸੀਂ ਮੈਨੂੰ ਨਿਰਾਸ਼ ਨਹੀਂ ਕਰੋਗੇ।" ਆਖ਼ਰੀ ਕਥਨ ਦੇ ਕਈ ਰੰਗ-ਬਿਰੰਗੇ ਅਰਥ ਦੇਰ ਤੱਕ ਬਲਰਾਜ ਦੇ ਦਿਮਾਗ ਦੀਆਂ ਕਈ ਤੈਆਂ ਵਿਚ ਉੱਸਲਵੱਟੇ ਲੈਂਦੇ ਰਹੇ।

ਦੋਵੇ ਕਾਰ ਵਿਚ ਬੈਠ ਗਏ। ਬਲਰਾਜ ਹੌਲੀ-ਹੌਲੀ ਕਾਰ ਚਲਾਉਂਦਾ ਰਿਹਾ ਤੇ ਨਾਲ ਵਾਲੀ ਅਗਲੀ ਸੀਟ ਤੇ ਬੈਠੀ ਰੂਪਿਕਾ ਉਸ ਨਾਲ ਗੱਲਾਂ ਕਰਦੀ ਰਹੀ। ਕਰਦੀ ਰਹੀ। ਕਰਦੀ ਰਹੀ। ਉਸਦੇ ਚਿਹਰੇ ਵੱਲ ਵੇਖਦਿਆਂ ਬਲਰਾਜ ਬੋਲਿਆ,

"ਤੁਹਾਡਾ ਹੁਸਨ ਉਵੇਂ ਕਾਇਮ ਹੈ। ਹੋਰ ਨਿਖ਼ਰ ਗਏ ਹੋ ਸਗੋਂ।"



"ਕਿਹੜਾ ਹੁਸਨ? ਹੁਣ ਤਾਂ ਕਬੀਲਦਾਰੀਆਂ ਨੇ ਰੋਲ ਤਾ। ਬੱਚੇ, ਬੱਚਿਆਂ ਦਾ ਬਾਪ, ਜਿੰਮੇਵਾਰੀਆਂ। ਬੱਸ। ਹੁਣ ਨਾ ਤਾਂ ਐਕਸਰਸਾਈਜ਼ ਨੂੰ ਟਾਈਮ ਲੱਗਦਾ, ਨਾ ਕਦੇ ਪਾਰਲਰ ਲਈ।"

"ਪਰ ਤੁਹਾਡਾ ਹੇਅਰਕੱਟ ਤਾਂ...।"

"ਉਹ ਤਾਂ ਗਵਾਂਢ 'ਚ ਆ ਇਕ ਕੁੜੀ। ਪਾਰਲਰ ਤੇ ਲੱਗੀ ਆ। ਕੰਮ ਸਿੱਖਦੀ ਆ। ਕਦੇ-ਕਦੇ ਆ ਕੇ ਕਟਿੰਗ ਜਾਂ ਆਈਬ੍ਰੋਜ਼ ਕਰ ਜਾਂਦੀ ਆ। "

"ਅੱਛਾ। ਓ.ਕੇ.। ਚਲ ਦੱਸ, ਜਾਣਾ ਕਿੱਥੇ ਐ? "

"ਜਿੱਥੇ ਮਰਜ਼ੀ ਲੈ ਚੱਲ। ਅੱਜ ਦਾ ਦਿਨ ਤੇਰੇ ਨਾਂ ਲਿਖ ਦਿੱਤਾ, ਫੇਰ ਪੁੱਛਣ-ਦੱਸਣ ਕੀ? "

ਬਲਰਾਜ ਨੇ ਇਕ ਬੰਗਲੇ ਅੱਗੇ ਜਾ ਕੇ ਕਾਰ ਰੋਕੀ। ਬੋਲਿਆ, "ਐਹ ਐ ਮੇਰੇ ਦੋਸਤ ਅਜਿੰਦਰ ਦੀ ਕੋਠੀ। ਉਹ ਆਪ ਤਾਂ ਬਾਹਰ ਐ - ਆਸਟ੍ਰੇਲੀਆ। ਇਹ ਕੋਠੀ ਦੀ ਜਿੰਮੇਵਾਰੀ ਮੇਰੇ ਕੋਲ ਆ। ਸਭ ਸਹੂਲਤਾਂ ਐਥੇ।"

ਦਰਵਾਜ਼ਾ ਖੋਲ੍ਹ ਕੇ ਦੋਵੇਂ ਅੰਦਰ ਜਾ ਕੇ ਬੈਠ ਗਏ। ਪਹਿਲਾਂ ਤਾਂ ਸੋਫੇ ਤੇ ਬੈਠ ਕੇ ਗੱਲਾਂ ਕਰਦੇ ਰਹੇ, ਫਿਰ ਅੰਦਰ ਬਿਸਤਰ ਤੇ ਜਾ ਬੈਠੇ। ਬਲਰਾਜ ਦੇ ਅੰਦਰ ਕੁਝ ਪੱਕ ਰਿਹਾ ਸੀ ਸ਼ਾਇਦ। ਉਹ ਆਪਣੇ ਦਿਲ ਦੀ ਗੱਲ ਬੁੱਲ੍ਹਾਂ ਤੇ ਲਿਆਉਣ ਤੋਂ ਹਿਚਕਚਾ ਰਿਹਾ ਸੀ ਲਗਾਤਾਰ। ਸ਼ਾਇਦ ਬੁੱਲ੍ਹ ਸਾਥ ਨਹੀਂ ਸੀ ਦੇ ਰਹੇ। ਜੁ ਕੰਬੇਗੀ ਸ਼ਾਇਦ, ਉਸ ਨੇ ਸੋਚਿਆ। ਸੋ ਆਪਣੀ ਜੁ ਨੂੰ ਕਾਬੂ ਕਰਦਾ ਹੋਇਆ ਉਹ ਖੁਦ ਬੇਕਾਬੂ ਹੋ ਰਿਹਾ ਸੀ।

"ਪੀਓਗੇ ਕੁਝ?"

"ਕੀ ਪਿਆਉਣਾ? "

"ਜੋ ਕਹੇਗੀ। ਬੀਅਰ, ਵਿਸਕੀ, ਸ਼ੈਂਪੇਨ, ਰੱਮ।"

"ਨਹੀਂ, ਥੋੜ੍ਹੀ ਕੁ ਚਿੱਲਡ ਬੀਅਰ ਦੇ ਦੇ। ਮੈਂ ਹੋਰ ਨੀ ਕੁਝ ਲੈਣਾ।"

ਦੋਹਾਂ ਨੇ ਥੋੜ੍ਹੀ-ਥੋੜ੍ਹੀ ਪੀਤੀ। ਫਿਰ ਬਲਰਾਜ ਅੰਦਰ ਚਲਾ ਗਿਆ। ਸ਼ਾਇਦ ਹੋਰ ਪੀਣ ਲਈ।

ਆ ਕੇ ਬਿਸਤਰ ਤੇ ਰੂਪਿਕਾ ਕੋਲ ਬੈਠ ਗਿਆ। ਬੋਲਿਆ, "ਕਿੰਨੀ ਦੇਰ ਲੱਗੀ ਹੈ ਇਸ ਮੁਕਾਮ ਤੇ ਪੁੱਜਣ ਲਈ। ਤੇਰੇ ਐਨਾ ਨੇੜੇ ਬੈਠਣ ਦਾ ਮੌਕਾ ਸੰਭਾਲਣ ਲਈ। ਸੱਤ ਸਾਲ, ਨਹੀਂ ਅੱਠ ਸਾਲ। ਅੱਠ ਸਾਲ, ਅੱਠ ਮਹੀਨੇ, ਅੱਠ ਦਿਨ। ਕਿੰਨੀ ਖ਼ੂਬਸੂਰਤ ਲੱਗ ਰਹੀ ਏਂ ਤੂੰ ਅੱਜ। "

"ਥੈਂਕਸ ਬਲਰਾਜ।

"ਕੀ ਤੈਨੂੰ ਮੇਰੀ ਕਦੇ ਯਾਦ ਨਹੀਂ ਆਈ, ਰੂਪਿਕਾ? "

"ਆਉਂਦੀ ਹੈ, ਤਾਂ ਹੀ ਤਾਂ ਸਾਰੀ ਦੁਨੀਆਂ ਛੱਡ ਕੇ ਤੇਰੀ ਗੋਦ ਵਿਚ ਆ ਬੈਠੀਂ ਹਾਂ।"

"ਸੱਚ ਦੱਸਾਂ ਰੂਪ, ਮੈਨੂੰ ਤਾਂ ਯਕੀਨ ਹੀ ਨਹੀਂ ਆ ਰਿਹਾ...।" ਉਸਦੇ ਨੇੜੇ ਆਉਂਦਿਆਂ ਬਲਰਾਜ ਬੋਲਿਆ।

"ਸੱਚੀਂ? ਇਕ ਗੱਲ ਦੱਸਾਂ? " ਰੂਪਿਕਾ ਦੇ ਚਿਹਰੇ ਤੇ ਭੇਤਭਰੀ ਗੰਭੀਰਤਾ ਸੀ।

"ਹਾਂ। ਬੋਲ! " ਬਲਰਾਜ ਇਸ ਗੁੰਝਲ ਨੂੰ ਸੁਣਨ ਲਈ ਬੇਤਾਬ ਸੀ।

"ਯਕੀਨ ਤਾਂ ਮੈਨੂੰ ਵੀ ਨਹੀਂ ਆ ਰਿਹਾ। ਮੇਰਾ ਰੱਬ ਜਾਣਦਾ ਮੈਂ ਇਹ ਸੱਤ ਸਾਲ ਕਿਵੇਂ ਕੱਟੇ ਹਨ। ਮੇਰੀ ਜ਼ਿੰਦਗੀ ਵਿਚ ਸਭ ਕੁਝ ਹੋ ਕੇ ਵੀ ਕੁਝ ਨਹੀਂ ਹੈ। ਮੇਰੇ ਪਤੀਦੇਵ ਕੋਲ ਦੌਲਤ ਦੇ ਅੰਬਾਰ ਹਨ, ਪਰ ਮੇਰੇ ਲਈ ਸਮਾਂ ਨਹੀਂ। ਬੱਚਿਆਂ ਲਈ ਸਮਾਂ ਨਹੀਂ। ਹਾਂ, ਮੇਰੇ ਦੋ ਬੱਚੇ ਹਨ - ਛੋਟੀ ਸਪਨਾ ਤਿੰਨ ਸਾਲ ਦੀ ਹੈ। ਲੜਕਾ ਜੋਤ ਵੱਡਾ ਹੈ, ਤਕਰੀਬਨ ਪੰਜ ਸਾਲ ਦਾ। ਵਧੀਆ ਕੋਠੀ ਹੈ, ਸਭ ਕੁਝ ਹੈ, ਪਰ ਫਿਰ ਵੀ

ਖ਼ਾਲੀਪਣ ਮਹਿਸੂਸ ਹੁੰਦਾ ਹੈ, ਇਕ ਅਧੂਰਾਪਣ ਜਿਹਾ। ਤੇਰੀਆਂ ਯਾਦਾਂ ਨਾਲ ਇਸ ਖਲਾਅ ਨੂੰ ਭਰਨ ਦੀ ਅਸਫ਼ਲ ਕੋਸ਼ਿਸ਼ ਕਰਦੀ ਹਾਂ। ਨਾਲ ਹੀ ਆਪਣੇ ਆਪ ਤੇ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਹ ਦਿਲ ਹੈ ਕਿ ...।" ਉਸਦੇ ਚਿਹਰੇ ਤੇ ਖਾਮੋਸ਼ੀ ਸੀ।

"ਦਿਲ ਹੈ ਕਿ ਮਾਨਤਾ ਨਹੀਂ? " ਬਲਰਾਜ ਨੇ ਅਧੂਰੇ ਵਾਕ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ।

"ਨਹੀਂ ਬਲਰਾਜ, ਤੇਰੇ ਲਈ ਜ਼ਜ਼ਬਾਤਾਂ ਦੀ ਕੋਈ ਕੀਮਤ ਨਹੀਂ। ਤੂੰ ਇਨਸਾਨੀ ਭਾਵਨਾਵਾਂ ਦੀ ਭਾਸ਼ਾ ਨਹੀਂ ਸਮਝਦਾ। ਹੋ ਸਕਦੈ ਇਸਦਾ ਕਾਰਣ ਇਹ ਹੋਵੇ ਕਿ ਤੂੰ ਕਦੇ ਐਨੀ ਸੰਜੀਦਗੀ ਨਾਲ ਕਿਸੇ ਨੂੰ ਮਹਿਸੂਸ ਕਰਨ ਦਾ ਯਤਨ ਹੀ ਨਾ ਕੀਤਾ ਹੋਵੇ, ਹੋ ਸਕਦੈ ਤੇਰੇ ਤੇ ਕਦੀ ਅਜਿਹਾ ਸਮਾਂ ਆਇਆ ਹੀ ਨਾ ਹੋਵੇ। ਕੁਝ ਵੀ ਹੋ ਸਕਦੈ। ਤੂੰ ਦੋਸ਼ੀ ਨਹੀਂ। ਹਾਂ, ਮੈਂ ਕਹਿ ਰਹੀ ਸੀ।" ਰੂਪਿਕਾ ਨੇ ਟੁੱਟੀ ਗੱਲ ਨੂੰ ਮੁੜ ਜੋੜਣ ਦਾ ਯਤਨ ਕੀਤਾ, "ਮੈਂ ਆਪਣੇ ਆਪ ਤੇ ਕੰਟਰੋਲ ਕਰਨ ਦਾ ਖੂਬ ਯਤਨ ਕੀਤਾ। ਮੈਂ ਆਪਣੇ ਮੋਬਾਈਲ 'ਚੋਂ ਤੇਰਾ ਨੰਬਰ ਵੀ ਡਿਲੀਟ ਕਰ ਦਿੱਤਾ ਸੀ। ਪਹਿਲਾਂ ਤਾਂ ਇਹ ਮੇਰੇ ਜ਼ਿਹਨ ਵਿਚੋਂ ਨਿਕਲਣ ਦਾ ਹੀ ਨਾਮ ਨਹੀਂ ਸੀ ਲੈ ਰਿਹਾ। ਫਿਰ ਘਰੇਲੂ ਜਿੰਮੇਵਾਰੀਆਂ ਵਿਚ ਆਪਣੇ ਆਪ ਮਨ ਦੀ ਸਲੇਟ ਤੋਂ ਮਿਟ ਗਿਆ। ਤੇ ਬਸ ਮਹੀਨਾ ਕੁ ਪਹਿਲਾਂ ਵਿਹਲੀ ਬੈਠੀ ਨੇ ਸਮਾਂ ਲੰਘਾਉਣ ਲਈ ਇਕ ਕਿਤਾਬ ਚੁੱਕ ਲਈ। ਇਹ ਚੈਖਵ ਦੀਆਂ ਕਹਾਣੀਆਂ ਦੀ ਕਿਤਾਬ ਸੀ, ਜੋ ਤੂੰ ਮੈਨੂੰ ਮੇਰੇ ਸਤਾਰਵ੍ਹੇਂ ਜਨਮ ਦਿਨ ਤੇ ਗਿਫ਼ਟ ਦਿੱਤੀ ਸੀ, ਅਤੇ ਇਸ ਦੇ ਸਤਾਰਵੇਂ ਪੰਨੇ ਤੇ ਤੂੰ ਆਪਣਾ ਮੋਬਾਈਲ ਨੰਬਰ ਲਿਖਿਆ ਸੀ। ਤੇ ਬੱਸ ਕੰਟਰੋਲ ਤੋਂ ਬਾਹਰ ਹੋ ਗਿਆ ਦਿਲ ਤੇ ਹੱਥ ਮੋਬਾਈਲ ਦੇ ਨੰਬਰ ਡਾਇਲ ਕਰਨ ਲੱਗੇ। "

"ਇੰਜ ਕੀਮਤ ਪੈਂਦੀ ਆ ਗਿਫਟ ਦੀ! " ਬਲਰਾਜ ਖੁਸ਼ੀ ਨਾਲ ਸਰੋਸ਼ਾਰ ਸੀ।

"ਛੱਡ ਇਹ ਗੱਲਾਂ, ਤੂੰ ਸੁਣਾ - ਤੇਰੀ ਜ਼ਿੰਦਗੀ ਕਿਵੇਂ ਚੱਲਦੀ ਆ? " ਰੂਪਿਕਾ ਨੇ ਮੱਥੇ ਤੋਂ ਵਾਲ ਪਰ੍ਹੇ ਕੀਤੇ।

"ਅੱਜ ਮੈਂ ਆਪਣੇ ਬਾਰੇ ਕੋਈ ਗੱਲ ਨਹੀਂ ਕਰਨੀ। ਸਿਰਫ਼ ਤੂੰ ਤੇ ਤੇਰਾ ਇਹ...।"

"ਮੇਰਾ ਇਹ ਕੀ? " ਰੂਪਿਕਾ ਚੌਕੰਨੀ ਹੋ ਗਈ।

"ਤੇਰਾ ਹੀ ਹੈ ਸਭ ਕੁਝ... ਗ।" ਬਲਰਾਜ ਨੇ ਗੱਲ ਨੂੰ ਦੂਜੇ ਪਾਸੇ ਮੋੜ ਦਿੱਤਾ।

"ਹਾਂ ਤੇ ਅੱਜ ਦਾ ਕੀ

"ਅੱਜ ਮੈਂ ਸਾਰੀ ਦੁਨੀਆਂ ਨੂੰ ਭੁੱਲ ਕੇ ਤੇਰੇ ਵਿਚ ਸਮਾ ਜਾਵਾਂਗਾ। ਤੈਨੂੰ ਜਹਾਂ ਭਰ ਦੀ ਖੁਸ਼ੀ, ਐਨੀ ਖੁਸ਼ੀ ਦਵਾਂਗਾ... ਜੋ ਤੂੰ ਕਦੇ ਵੇਖੀ ਨਹੀਂ ਹੋਵੇਗੀ। ਕਦੀ ਮਹਿਸੂਸ ਨਹੀਂ ਕੀਤੀ ਹੋਵੇਗੀ। "

"ਹਾਂ, ਤਾਂ ਹੀ ਤਾਂ ਮੈਂ ਤੇਰੇ ਕੋਲ ਹਾਂ। ਮੈਂ ਆਪਣਾ ਸਾਰਾ ਦਰਦ ।"

"ਹਾਂ, ਤੂੰ ਆਪਣੇ ਸਾਰੇ ਦੁੱਖ ਮੇਰੇ ਕੋਲ ਛੱਡ ਜਾਵੀਂ।" ਕਹਿੰਦਾ ਹੋਇਆ ਉਹ ਹੋਰ ਨੇੜੇ ਹੋ ਗਿਆ।

"ਬਲਰਾਜ, ਮੇਰੇ ਪਤੀਦੇਵ ਨੇ ਮੈਨੂੰ ਬਰਬਾਦ ਕਰ ਦਿੱਤਾ ਹੈ, ਕਾਸੇ ਜੋਗਾ ਨੀ ਛੱਡਿਆ। ਤੇ ਨਾਲੇ, ਉਹ ਅਕਸਰ ਹੀ ਮੈਨੂੰ ... ।"

"ਹੁਣ ਤੂੰ ਸਭ ਭੁੱਲ ਜਾ ਰੂਪ, ਬੱਸ ਮੇਰੀ ਗੋਦ ਵਿਚ। " ਕਹਿੰਦਿਆਂ ਉਸਦੇ ਹੱਥ ਰੂਪਿਕਾ ਦੇ ਗਲਾਵੇਂ ਵੱਲ ਸਰਕਦੇ ਹਨ।

"ਮੇਰੀ ਗੱਲ ਤਾਂ ਸੁਣੋ। ਮੈਂ ਤਾਂ ਆਪਣੇ ਦਿਲ ਦਾ ਦਰਦ ...।"

"ਛੱਡ ਦਿਲ-ਦੁਲ। ਪਹਿਲਾਂ ਆਪਾਂ ਦੋ ਪਲ ਜ਼ਿੰਦਗੀ ਦੇ ਦਰਦ ਤੋਂ ਸੁਰਖ਼ਰੂ ਹੋਣ ਲਈ ਇਕ ਦੂਜੇ ਵਿਚ ਘੁਲ-ਮਿਲ ਜਾਈਏ। "

"ਨਹੀਂ ਰੂਪ, ਨਹੀਂ। "



"...। " ਬਲਰਾਜ ਦੇ ਹੱਥ ਰੂਪਿਕਾ ਦੀ ਪਿੱਠ ਦੀ ਪਰਿਕਰਮਾ ਕਰਨ ਲੱਗੇ।

"... ਬਲਰਾਜ। " ਰੂਪਿਕਾ ਨੇ ਬਲਰਾਜ ਦੇ ਚਿਹਰੇ ਤੇ ਹੱਥ ਫੇਰਿਆ।

ਪਤੀ ਦਾ ਦਿੱਤਾ ਤੋਹਫ਼ਾ

ਦਿਨ ਦੇ ਚਾਣਨ ਵਿਚ ਦੋਵੇਂ ਇਕ ਦੂਜੇ ਦੇ ਜਿਸਮਾਂ ਦਾ ਨਿੱਘ ਮਾਣ ਰਹੇ ਸਨ। ਇਹ ਇਕ ਅਜਿਹਾ ਪਲ ਸੀ, ਜਿਸ ਨੇ ਠਹਿਰਣਾ ਤਾਂ ਨਹੀਂ ਸੀ, ਪਰ ਕਾਸ਼ ਅਜਿਹਾ ਹੋ ਜਾਵੇ, ਇਹੀ ਵਿਚਾਰ ਦੋਹਾਂ ਦੇ ਦਿਮਾਗ ਵਿਚ ਇਕਦਮ ਆਇਆ। ਦੋਵੇਂ ਇਸ ਮੰਜ਼ਿਰ ਨੂੰ ਵੱਧ ਤੋਂ ਵੱਧ ਯਾਦਗਾਰੀ ਬਣਾਉਣ ਲਈ ਬੇਤਾਬ ਸਨ। ਜਿੱਥੇ ਬਲਰਾਜ ਦੇ ਹੱਥ ਰੂਪਿਕਾ ਦੇ ਸਰੀਰ ਨੂੰ ਨੋਚ ਲੈਣ ਲਈ ਬੇਤਾਬ ਸਨ, ਉੱਥੇ ਰੂਪਿਕਾ ਬਲਰਾਜ ਦੀ ਛਾਤੀ ਅਤੇ ਚਿਹਰੇ ਨੂੰ ਆਪਣੇ ਹੱਥਾਂ ਦੇ ਸ਼ਪੱਰਸ਼ ਨਾਲ ਨਿੱਘ ਪ੍ਰਦਾਨ ਕਰ ਰਹੀ ਸੀ। ਅਚਾਨਕ ਬਲਰਾਜ ਅੰਦਰ ਬਲ ਰਹੀ ਕੋਈ ਅੱਗ ਬੇਵੱਸ ਹੋ ਉੱਠੀ ਅਤੇ ਇਸ ਅੱਗ ਵਿਚ ਉਹ ਰੂਪਿਕਾ ਨੂੰ ਵੀ

"ਨਹੀਂ, ਬਲਰਾਜ ... ਇਹ ਨਹੀਂ। " ਰੂਪਿਕਾ ਨੇ ਬਲਰਾਜ ਨੂੰ ਸੁਚੇਤ ਕੀਤਾ।

"ਹੈਂ ... ਕਿਉਂ...? " ਸਵਾਲ ਉਸਦੇ ਹੋਠਾਂ ਤੇ ਰਹਿ ਗਿਆ।

"ਨਹੀਂ, ਮਤਲਬ ਨਹੀਂ।" ਰੂਪਿਕਾ ਦ੍ਰਿੜ ਸੀ।

"ਫਿ... ਰ... ਤ... ਤ... ਤੂੰ ਐਨੀ ਦੂਰ ...।" ਬਲਰਾਜ ਤੁਤਲਾ ਕੇ ਬੋਲਿਆ।

"ਕੀ ਹੋ ਗਿਆ ਤੈਨੂੰ ਰੂਪ? " ਬਲਰਾਜ ਰੂਪਿਕਾ ਦੀ ਜ਼ੀਨਜ਼ ਵੱਲ ਵਧਦਾ ਹੈ।

"ਪਾਗਲ ਨਾ ਬਣ ਬਲਰਾਜ! "

"ਅੱਜ ਸਮਾਜਿਕ ਬੰਧਨਾਂ ਨੂੰ ਭੁੱਲ ਜਾ ਰੂਪ। ਇਹ ਨੈਤਿਕਤਾ, ਇਹ ਸਮਾਜ, ਇਹ ਮਰਿਯਾਦਾ, ਇਹ ਜਿੰਦਗੀ ਨੂੰ ਮਾਣਨ ਦੇ ਰਾਹ ਵਿਚ ਰੋੜੇ ਹਨ, ਰੁਕਾਵਟਾਂ ਹਨ। ਇਹ ਜਿੰਦਗੀ ਦਾ ਮਜ਼ਾ ਖਤਮ ਕਰ ਦਿੰਦੇ ਹਨ। " ਕਹਿੰਦਿਆਂ ਬਲਰਾਜ ਹੋਰ ਬੋਲਡ ਹੋਣ ਲੱਗਾ।

"ਨਹੀਂ ਬਲਰਾਜ ਨਹੀਂ। ਸਟਾਪ ਇੱਟ। ਕੀ ਕਰ ਰਿਹਾਂ ਏਂ? "

"ਮੇਰੇ ਤੋਂ ਕੰਟਰੋਲ ਨਹੀਂ ਹੋ ਰਿਹਾ ਰੂਪ। ਇਹ ਮੰਗਲ ਸੂਤਰ, ਇਹ ਵਿਆਹ, ਇਹ ਸਭ ਛਲਾਵੇ ਹਨ, ਰੋਕਾਂ ਹਨ।"

"ਬੱਸ ਬਲਰਾਜ, ਵੱਟ ਆਈ ਕਾਂਟ।" ਕਹਿ ਕੇ ਰੂਪਿਕਾ ਛਾਲ ਮਾਰ ਕੇ ਬਿਸਤਰ ਤੋਂ ਹੇਠ ਆ ਗਈ।

"ਕਿੱਥੇ ਜਾਏਂਗੀ ਮੈਥੋਂ ਬਚ ਕੇ।" ਕਾਮ ਦੇ ਨਸ਼ੇ ਵਿਚ ਸ਼ਾਇਦ ਬਲਰਾਜ ਦੋਸਤੀ ਦੇ ਅਰਥ ਭੁੱਲ ਚੁੱਕਾ ਸੀ। ਉਸ ਨੇ ਕਹਿ ਤਾਂ ਦਿੱਤਾ, ਪਰ ਪਲੰਘ ਤੋਂ ਉੱਠ ਨਾ ਸਕਿਆ।

"ਪਲੀਜ਼ ਬਲ।" ਸ਼ਬਦ ਰੂਪਿਕਾ ਦੇ ਮੂੰਹ ਵਿਚ ਹੀ ਰਹਿ ਗਏ ਸਨ।

"ਕਿਉਂ? " ਬਲਰਾਜ ਬਜਿੱ... ਸੀ।

"ਮੈਂ ਤੈਨੂੰ ਜ਼ਿੰਦਗੀ ਦੇਣ ਆਈ ਹਾਂ, ਮੌਤ ਨਹੀਂ...।" ਕਹਿੰਦਿਆਂ ਉਹ ਇਕਦਮ ਬੂਹੇ ਵੱਲ ਦੌੜੀ। ਅਚਾਨਕ ਕਮਰੇ ਅੰਦਰ ਰਹਿ ਗਏ ਪਰਸ ਨੂੰ ਚੁੱਕਣ ਲਈ ਮੁੜੀ ਤਾਂ ਬਲਰਾਜ ਨੇ ਝਪਟ ਮਾਰ ਕੇ ਪਰਸ ਖੋਹ ਲਿਆ। ਦੋਹਾਂ ਦੀ ਕਸ਼ਮਕਸ਼ ਵਿਚ ਪਰਸ ਪਾੜ ਗਿਆ ਅਤੇ ਵਿਚ ਪਏ ਕਾਗਜ਼ਾਤ ਪਲੰਘ 'ਤੇ ਖਿਲਰ ਗਏ। ਪਾਸੇ ਪਏ ਇਕ ਕਾਗਜ਼ ਬਲਰਾਜ ਤੋਂ ਅੱਖ ਬਚਾ ਕੇ, ਚੁੱਕ ਕੇ ਰੂਪਿਕਾ ਨੇ ਹਿੱਕ ਵਿਚ ਲੁਕੋ ਲਿਆ, ਅਤੇ ਦੂਜੇ ਕਾਗਜ਼ ਇਕੱਠੇ ਕਰਨ ਲੱਗੀ। ਪਰ ਬਲਰਾਜ ਨੂੰ ਇਸ ਦਾ ਪਤਾ ਲੱਗ ਚੁੱਕਾ ਸੀ।

"ਕੀ ਆ ਆਹ?" ਕਹਿੰਦਿਆਂ ਬਲਰਾਜ ਨੇ ਧੱਕੇ ਨਾਲ ਉਸਤੋਂ ਉਹ ਕਾਗਜ਼ ਖੋਹ ਲਿਆ।

"ਕੁਝ ਨਹੀਂ।' ਰੂਪਿਕਾ ਨੇ ਕਾਗਜ਼ ਵਾਪਸ ਖੋਹਣ ਦੀ ਅਸਫ਼ਲ ਕੋਸ਼ਿਸ਼ ਕੀਤੀ।

"ਹੈ? ਤੂੰ ਐਚ.ਆਈ.ਵੀ. ਪਾਜੇ।" ਸੰਪਰਕ -9888569669

## ਯਾਦਾਂ/ ਲੂਟ ਸਕੇ ਤੋ ਲੂਟ ਲੇ.../ - ਬਲੀਜੀਤ

ਮੈਂ ਰੋਪੜ ਵਿਚ ਸਰਕਾਰੀ ਕਾਲਿਜ ਅਤੇ ਡਿਸਟ੍ਰਿਕ ਲਾਇਬ੍ਰੇਰੀ ਦੋਵਾਂ ਦਾ ਮੈਂਬਰ ਸਾਂ। ਲਾਇਬ੍ਰੇਰੀ ਮੈਂ ਕਿਤਾਬਾਂ ਚੋਰੀ ਕਰਨ ਦੀ ਇੱਛਾ ਨਾਲ ਨਹੀਂ ਜਾਂਦਾ ਸਾਂ। ਹੁਣ ਮੈਨੂੰ ਲੱਗਦਾ ਹੈ ਕਿ ਮੈਂ ਉੱਥੇ ਅੰਦਰ ਵੜ ਕੇ ਆਪਣੇ ਧੁਰ ਅੰਦਰ ਗੁੰਮਿਆ ਕੁੱਝ ਲੱਭਣ ਜਾਂਦਾ ਸਾਂ (ਚੋਰੀ ਕਰਨਾ ਵੀ ਕਹਿ ਸਕਦੇ ਹੋ)... ਪਰ ਓਦਣ... ਓਦਣ... ਕਈ ਤਰ੍ਹਾਂ ਦੇ ਅਹਿਸਾਸੇ-ਕਮਤਰੀ (ਹੀਨ ਭਾਵਨਾ) ਨੇ ਮੈਨੂੰ ਚੋਰ ਬਣਾ ਦਿੱਤਾ।...ਓਦੂੰ ਬਾਅਦ ਵਿਚ ਵੀ ਕਈ ਵਾਰ ਚੋਰ ਬਣਿਆ। ਕਦੇ ਕਦੇ ਹੁਣ ਵੀ ਨਹੀਂ ਹਟ ਹੁੰਦਾ। ਯਤਨ ਬਦਲ ਗਏ ਹਨ। ਤਰੀਕੇ ਹੋਰ ਮਿਲ ਗਏ ਹਨ।

ਪੂਰੇ ਸ਼ਹਿਰ ਰੋਪੜ ਵਿਚ ਕਿਤਾਬਾਂ ਦੀ ਕੋਈ ਦੁਕਾਨ ਨਹੀਂ ਸੀ ਹੁੰਦੀ। ਸਕੂਲਾਂ, ਕਾਲਜਾਂ ਨੂੰ ਜਾਂਦੇ ਰਾਹਾਂ ਵਿਚ ਬੱਚਿਆਂ ਦੇ ਸਿਲੇਬਸਾਂ ਨਾਲ ਜੁੜੀ ਸਟੇਸ਼ਨਰੀ ਅਤੇ ਗਾਈਡਾਂ ਦੀਆਂ ਦੁਕਾਨਾਂ ਸਨ। ਕਿਤਾਬਾਂ ਖ਼੍ਰੀਦਣ ਜੋਗੇ ਪੈਸੇ ਮੇਰੇ ਪਾਸ ਨਹੀਂ ਸਨ ਹੁੰਦੇ। ਨੇੜੇ ਚੰਡੀਗੜ੍ਹ ਸ਼ਹਿਰ ਦਾ ਨਾਂ ਸੁਣਦਾ ਸਾਂ, ਜਿਥੇ ਕਿਤਾਬਾਂ ਦੀਆਂ ਕਈ ਦੁਕਾਨਾਂ/ਮਾਰਕੀਟਾਂ/ਰੱਦੀ ਮਾਰਕੀਟਾਂ ਸਨ। ਓਦੋਂ ਚੰਡੀਗੜ੍ਹ ਜਾਣ ਜੋਗੇ ਵੀ ਮੇਰੇ ਕੋਲ ਪੈਸੇ ਨਹੀਂ ਸਨ ਹੁੰਦੇ। ਨਾ ਐਨਾ ਸਬਰ ਸੀ। ਚੰਡੀਗੜ੍ਹ ਤਾਂ ਨ੍ਹੇਰਾ ਹੀ ਦਿਸਦਾ ਸੀ। ਬੰਦਾ ਰੋਪੜ ਸ਼ਹਿਰ ਤੋਂ ਬਾਹਰ ਹੀ ਨਹੀਂ ਸੀ ਗਿਆ ਕਦੇ। ਇੱਛਾ ਪੂਰਤੀ ਲਈ ਜੇ ਲਾਇਬ੍ਰੇਰੀ 'ਚੋਂ ਕਿਤਾਬ ਨਾ ਚੋਰੀ ਕਰਦੇ ਤਾਂ ਹੋਰ ਕੀ ਕਰਦੇ। ਕਿਤਾਬ ਚੌਦਾਂ ਦਿਨਾਂ ਲਈ ਲੈ ਕੇ ਪੜ੍ਹ ਸਕਦਾ ਸਾਂ, ਪਰ ਮਨ ਕੁੱਝ ਹੋਰ ਕਰਨ ਦਾ ਸੀ।

ਉਸ ਲਾਇਬ੍ਰੇਰੀ ਦੇ ਕਲਾਸ-ਫੋਰ ਮੁਲਾਜ਼ਮਾਂ ਨੂੰ ਇਹ ਹਦਾਇਤ ਸੀ ਕਿ ਜਦੋਂ ਕੋਈ ਅਲਮਾਰੀ ਖੁੱਲ੍ਹੀ ਹੋਵੇ ਅਤੇ ਕਾਰਡ ਹੋਲਡਰ ਕਿਤਾਬਾਂ ਫਰੋਲਦਾ, ਦੇਖਦਾ ਹੋਵੇ ਤਾਂ ਉਹਦੇ ਕੋਲ ਹੀ ਖੜ੍ਹੇ ਰਹਿਣਾ। ਜੇ ਕਿਸੇ ਨੂੰ ਇਕ ਅਲਮਾਰੀ ਵਿਚੋਂ ਕੋਈ ਕਿਤਾਬ ਪੰਸਦ ਨਹੀਂ ਆਉਂਦੀ, ਤਾਂ ਦੂਸਰੀ ਖ੍ਹੋਲਣ ਤੋਂ ਪਹਿਲਾਂ ਉਹ ਪਹਿਲੀ ਨੂੰ ਤਾਲਾ ਲਾ ਦਿੰਦੇ ਸਨ। ਲਾਇਬ੍ਰੇਰੀ ਦੇ ਸਾਰੇ ਮੁਲਾਜ਼ਮ ਮੈਨੂੰ ਚੰਗੀ ਤਰ੍ਹਾਂ ਜਾਣਦੇ ਪਛਾਣਦੇ ਸਨ। ਤਾਂ ਹੀ ਉਹ ਓਦਣ ... (ਓਦਣ... ਓਦਣ 'ਤੇ ਮੈਂ ਤਾਂ ਜ਼ੋਰ ਦਿੰਦਾਂ ਕਿਉਂਕਿ ਓਦਨ ਮੈਂ ਆਪਣੇ ਆਪ ਨੂੰ ਕਿਤਾਬ-ਚੋਰ ਬਣਨ ਤੋਂ ਰੋਕ ਨਹੀਂ ਸਕਿਆ) ਉਹ ਮੁਲਾਜ਼ਮ ਅਲਮਾਰੀ ਖੁੱਲ੍ਹੀ ਛੱਡ ਕੇ, ਤਾਲਾ ਤੇ ਚਾਬੀਆਂ ਦਾ ਗੁੱਛਾ ਕੁੰਡੀ ਵਿਚ ਲਟਕਦਾ ਛੱਡ ਕੇ ਲਾਇਬ੍ਰੇਰੀ ਦੀਆਂ ਹੋਰ ਅਲਮਾਰੀਆਂ ਵਿਚ ਪਰ੍ਹਾਂ ਕਿਤੇ ਗੁੰਮ, ਗੁਆਚ ਗਿਆ...ਤੇ ਮੈਨੂੰ ਚੋਰ ਬਣਾਉਣ ਵਿਚ ਸਹਾਈ ਹੋਇਆ।

ਘਰ ਵਿਚ ਵੀ ਮੈਂ ਜਦੋਂ ਆਪਣੀਆਂ ਕਿਤਾਬਾਂ ਵਿਚੋਂ ਕਿਸੇ ਖਾਸ ਕਿਤਾਬ ਲਈ ਫ਼ਰੋਲਾ-ਫ਼ਰੋਲੀ ਕਰਨ ਲੱਗਦਾ ਹਾਂ ਤਾਂ ਮੇਰੇ ਪੈਰ ਰਬੜ-ਸੋਲ ਦੇ ਹੋ ਜਾਂਦੇ ਹਨ। ਚੋਰ ਦੇ। ਹਾਲੇ ਕਿਤਾਬਾਂ ਰੱਖਣ ਜੋਗੀ ਜਗ੍ਹਾ ਨਾ ਹੋਣ ਕਾਰਨ ਮੈਂ ਇਹਨਾਂ ਨੂੰ ਉਂਜ ਹੀ ਢੇਰ ਦੀ ਸ਼ਕਲ 'ਚ ਇਕੱਠੀਆਂ ਕਰਕੇ ਇਕ ਖੁੱਡੇ ਜਿਹੇ ਵਿਚ ਤੁਸਿਆ ਹੋਇਆ ਹੈ। ਜਦੋਂ ਜੀਵਨ ਵਿਚ ਕੋਈ ਰਾਹ ਨਾ ਦਿੱਸਦਾ ਹੋਵੇ, ਕੋਈ ਵਿਸ਼ਾ ਨਾ ਲੱਭਦਾ ਹੋਵੇ, ਹੱਥਾਂ 'ਚ ਕਲਮ ਨਾ ਫੜ ਹੁੰਦੀ ਹੋਵੇ, ਕੁਝ ਵੀ ਨਾ ਕਰ ਹੁੰਦਾ ਹੋਵੇ (ਜਿਸ ਤੋਂ ਪਤਾ ਲੱਗੇ ਕਿ ਮੈਂ ਕਿਸੇ ਚੱਜ ਨਾਲ ਜਿਊ ਰਿਹਾ ਹਾਂ) ਪੜ ਵੀ ਨਾ ਹੁੰਦਾ ਹੋਵੇ...ਤਾਂ ਮੈਂ ਆਪਣੀ ਜਮ੍ਹਾਂ-ਪੂੰਜੀ ਕਿਤਾਬਾਂ ਦੀ ਫ਼ਰੋਲਾ-ਫ਼ਰੋਲੀ ਕਰਨ ਲੱਗਦਾ ਹਾਂ। ਲੰਮੇ ਸਮੇਂ ਤੋਂ ਥਾਂ-ਥਾਂ ਉੱਤੇ, ਥਾਂ ਥਾਂ ਤੋਂ ਸ਼ੁਦਾਈਆਂ ਵਾਂਗ ਇਹ ਕਿਤਾਬਾਂ ਇਕੱਠੀਆਂ ਕਰਦਾ, ਕਦੇ ਕੁੱਝ ਨੂੰ ਰੱਦੀ ਵਿਚ ਵੇਚ ਕੇ ਖਾਲੀ ਥਾਂ ਪੈਦਾ ਕਰਦਾ, ਇਹਨਾਂ ਨਾਲ ਜਿਊਂਦਾ ਆਇਆ ਹਾਂ। ਇਹਨਾਂ ਕਿਤਾਬਾਂ ਸੰਗ ਮੈਂ ਪੰਜਾਹ ਤੱਕ ਆਇਆ ਹਾਂ ਤੇ...ਅਗਾਂਹ ਵੀ ਜਾਣਾ। ਇਹ ਮੇਰੇ ਕੋਲ ਕਿਵੇਂ ਪੁੱਜੀਆਂ... ਇਕੱਲੀ ਇਕੱਲੀ ਕਿਤਾਬ ਨਾਲ ਮੇਰੀਆਂ ਸਿਮਰਤੀਆਂ ਜੁੜੀਆਂ ਹੋਈਆਂ ਹਨ। ਢੇਰ ਵਿਚ ਜੇ ਕਿਤਾਬ ਨੂੰ ਪਛਾਣਨ ਲਈ ਬਾਹਰ ਜਿਲਦ 'ਤੇ ਕੋਈ ਅੱਖਰ ਨਾ ਦਿਸਦਾ ਹੋਵੇ, ਤਾਂ



ਵੀ ਜੋ ਵੀ ਕੁਝ ਦਿਖਦਾ ਹੈ, ਉਸ ਤੋਂ ਮੈਨੂੰ ਪਤਾ ਲਗ ਜਾਂਦਾ ਹੈ ਕਿ ਇਹ ਕੁਲਵੰਤ ਸਿੰਘ ਵਿਰਕ ਦੀ ਕਿਤਾਬ ਹੈ। ਇਹਦੇ 'ਚ ਕਹਾਣੀਆਂ ਹਨ। ਇਹ ਮੈਂ ਰਾਮਪੁਰੇ ਦੀ ਲਾਇਬ੍ਰੇਰੀ 'ਚੋਂ ਉੜਾ ਲਿਆਇਆ ਸਾਂ। ਤੁਹਾਡੇ ਕੋਲ ਕੋਈ ਕਿਤਾਬ ਕਿਵੇਂ ਆ ਸਕਦੀ ਹੈ? ਜਾਂ ਤਾਂ ਕਿਸੇ ਟਾਲਸਟਾਏ ਨੂੰ ਉਹਦਾ ਨਾਨਾ ਘਰ ਵਿਚ ਲਾਇਬ੍ਰੇਰੀ ਛੱਡ ਜਾਵੇ। ਜਾਂ ਫੇਰ ਤੁਸੀਂ ਕਾਫੀ ਸੁਹਣੇ ਪੈਸੇ ਬੋਝੇ ਵਿਚ ਪਾ ਕੇ ਬੁੱਕ ਫੇਅਰ, ਕਿਤਾਬਾਂ ਦੀ ਛੋਟੀ ਮੋਟੀ ਦੁਕਾਨ/ਮਾਰਕੀਟ ਵਿਚ ਜਾਓ। ਮਨਪੰਸਦ ਦੀ ਕਿਤਾਬ ਚੁੱਕ ਕੇ ਮਾਲਕ ਕੋਲ ਆਓ...ਪੈਸੇ ਦਿਉ...ਆ ਗਈ ਘਰ ਕਿਤਾਬ। ਕੋਈ ਤੁਹਾਨੂੰ ਕਿਤਾਬ/ਕਿਤਾਬਾਂ ਦਾ ਗਿਫਟ ਵੀ ਦੇ ਸਕਦਾ ਹੈ। ਥ੍ਹੋੜੇ ਸਮੇਂ ਲਈ ਤੁਸੀ ਕਿਤਾਬ ਉਧਾਰੀ (ਲਾਇਬ੍ਰੇਰੀ ਤੋਂ ਵੀ) ਲੈ ਸਕਦੇ ਹੋ। ਪਰ ਤੁਸੀਂ ਕਿਤਾਬ ਚੋਰੀ ਵੀ ਕਰ ਸਕਦੇ ਹੋ ! ਮੈਂ ਇਹ ਸਲਾਹ ਤੁਹਾਨੂੰ ਦਿੰਦਾ ਹਾਂ !!

ਹਾਂ.. ਤੇ ਓਦਣ ਮੈਂ ਚੋਰ ਬਣਨ ਤੋਂ ਨਾ ਰੁੱਕ ਸਕਿਆ। ਓਦਣ ਮੈਂ ਜਿਹੜੀ ਕਿਤਾਬ ਚੋਰੀ ਕੀਤੀ ਉਹ ਸ਼ਿਵ ਕੁਮਾਰ ਦੀ "ਮੈਂ ਤੇ ਮੈਂ" ਸੀ। ਨਵਯੁੱਗ ਦੇ ਭਾਪਾ ਜੀ ਦੀ ਛਾਪੀ ਹੋਈ। ਵਧੀਆ ਖੜਕਦਾ ਮੋਟਾ ਕਾਗਜ਼। ਵਧੀਆ ਬਾਂਇਡਿੰਗ। ਲਾਇਬ੍ਰੇਰੀਅਨ ਗੋਬਿੰਦ ਰਾਮ ਹੈ ਨਹੀਂ ਸੀ। ਇਹ ਕਿਤਾਬ ਮੈਂ ਪਹਿਲਾਂ ਜਾਰੀ ਕਰਵਾ ਕੇ ਪੜ੍ਹੀ ਵੀ ਹੋਈ ਸੀ। ਪੜ੍ਹ ਕੇ ਲਾਇਬ੍ਰੇਰੀ ਨੂੰ ਮੋੜਨ ਸਮੇਂ ਤਕਲੀਫ਼ ਮਹਿਸੂਸ ਕੀਤੀ ਸੀ। ਓਦਣ ਇਹੀ ਕਿਤਾਬ ਫੇਰ ਮੇਰੇ ਅੜਿੱਕੇ ਆ ਗਈ ਸੀ। ਮੌਕਾ ਵੀ ਮੇਰੇ ਅੜਿੱਕੇ ਆ ਗਿਆ ਸੀ। ਸਰਦੀ ਸੀ। ਬੁਨੈਨ, ਕਮੀਜ਼, ਸਵੈਟਰ ਉੱਤੋਂ ਮੈਂ ਲੰਮਾ ਜਿਹਾ ਕੋਟ ਪਾਇਆ ਹੋਇਆ ਸੀ। ਨੀਲਾ। ਤੇ ਇਹ ਕਿਤਾਬ ਚੁੱਕ ਕੇ ਮੈਂ ਮਲਕ ਦੇਣੀ ਕਮੀਜ਼ ਦੇ ਕਾਲਰ ਅੰਦਰੋਂ ਪਿਛਾਂਹ ਪਿੱਠ ਵੱਲ ਨੂੰ ਛੱਡ ਦਿੱਤੀ .... ਤੇ ਇਹ ਪੈਂਟ ਦੀ ਬੈਲਟ ਉੱਪਰ ਫਸੀ ਰਹੀ... ਤੇ ਜਨਾਬ ਦੋ ਹੋਰ ਕਿਤਾਬਾਂ ਰਿਸਟੋਰਰ ਤੋਂ ਕਾਰਡ ਉੱਤੇ ਚੜ੍ਹਵਾ ਕੇ ਲਾਇਬ੍ਰੇਰੀ ਤੋਂ ਬਾਹਰ ਆ ਗਿਆ। ਕਿਤਾਬ 'ਤੇ ਕਬਜਾ ਕਰਨ ਵਿਚ ਮੈਂ ਪੂਰੀ ਤਰ੍ਹਾਂ ਕਾਮਯਾਬ ਹੋ ਗਿਆ ਸਾਂ। ਮੈਂ ਬਾਰ ਬਾਰ ਏਹਨੂੰ ਦੇਖਣਾ ਚਾਹੁੰਦਾ ਸਾਂ। ਹੱਥਾਂ 'ਚ ਫੜੀ ਰੱਖਣਾ ਚਾਹੁੰਦਾ ਸਾਂ। ਹੁਣ ਇਹ ਸਦਾ ਲਈ ਮੇਰੀ ਹੋ ਚੁੱਕੀ ਸੀ। ਮੈਂ ਇਸ ਉੱਤੋਂ ਲਾਇਬ੍ਰੇਰੀ ਦੀਆਂ ਸਾਰੀਆਂ ਨਿਸ਼ਾਨੀਆਂ ਗਾਇਬ ਕਰ ਦਿੱਤੀਆਂ। ਕਿੰਨੇ ਹੀ ਸਾਲ ਇਹ ਮੇਰੇ ਢੇਰ ਵਿਚ, ਕਿੰਨੇ ਹੀ ਕਮਰਿਆਂ ਅਲਮਾਰੀਆਂ ਵਿਚ ਮੇਰੇ ਸੰਗ ਰਹੀ। ਉਦੋਂ ਤੱਕ ਜਦੋਂ ਤੱਕ ਇਸ ਨੂੰ ਰੱਦੀ 'ਚ ਵੇਚਣ ਲਈ ਮੈਂ ਉਵੇਂ ਹੀ ਮਜਬੂਰ ਨਹੀਂ ਹੋ ਗਿਆ, ਜਿਵੇਂ ਓਦਣ ਏਹਨੂੰ ਚੋਰੀ ਕਰਨ ਲਈ ਮਜਬੂਰ ਹੋ ਗਿਆ ਸਾਂ।

ਕਿਤਾਬਾਂ ਦੀ ਸ਼ਕਲ ਵਿਚ ਕੁੱਝ ਵੀ ਕਿਸੇ ਦਾ ਛੱਡਿਆ ਹੋਇਆ ਜਾਂ ਬੇ-ਮਾਲਕਾ ਹੋਵ, ਉਹ ਕਿਵੇਂ ਵੀ ਮੇਰੇ ਹੱਥ ਲੱਗ ਜਾਵੇ, ਤਾਂ ਮੈਂ ਉਸ ਉੱਤੇ ਕਬਜਾ ਕਰਨ ਲੱਗਾ ਦੇਰ ਨਹੀਂ ਲਾਉਂਦਾ। ਭਾਂਵੇ ਦੇਰ ਸਵੇਰ ਉਸ ਦੀ ਬਾਰੀ ਵੀ ਰੱਦੀ 'ਚ ਵਿਕਣ ਦੀ ਹੀ ਆ ਜਾਵੇ। ਅਖ਼ਬਾਰ, ਰਸਾਲੇ ਵੀ। ਜੇ ਮੌਕੇ ਮਿਲੇ ਤਾਂ ਮੈਂ ਪੰਦਰਾਂ ਸੈਕਟਰ ਵਿਚ ਜਾਂ ਕਿਤੇ ਵੀ ਹੋਰ ਥਾਂ ਜਿਥੇ ਸੈਕਿੰਡ ,ਥਰਡ ਹੈਂਡ... ਸਸਤੀਆਂ ਵਿਕਦੀਆਂ ਕਿਤਾਬਾਂ ਦੇ ਢੇਰਾਂ ਅੱਗੇ ਕੋਈ ਹੋਰ 'ਸੁਨਹਿਰਾ ਗੁਲਾਬ' ਲੱਭਦਾ ਰਿਹ ਹਾਂ।... ਖੈਰ...

ਉਪਰ ਦੱਸ ਆਇਆ ਹਾਂ ਕਿ ਹੁਣ ਮੈਂ ਕਿਤਾਬਾਂ ਦੱਬਣ ਦੇ ਹੋਰ ਤਰ੍ਹਾਂ ਦੇ ਯਤਨ ਕਰਦਾ ਹਾਂ। ਭੇਟ ਕੀਤੀਆਂ ਕਿਤਾਬਾਂ ਦੀ ਮੈਨੂੰ ਬਹੁਤ ਖ਼ੁਸ਼ੀ ਐ। ਉਹਨਾਂ ਦੇ ਮਾਲਕਾਂ/ਲੇਖਕਾਂ ਨੇ ਇਕ ਹੋਰ ਚੋਰੀ ਬਾਰੇ ਸੋਚਣ ਤੋਂ ਮੈਨੂੰ ਬਚਾ ਲਿਆ। ਇਕ ਵਾਰ ਮੈਂ ਜਸਵੀਰ ਰਾਣਾ ਨੂੰ sms ਕੀਤਾ ਕਿ ਮੈਨੂੰ ਉਹਦੀ ਦੂਸਰੀ ਕਿਤਾਬ 'ਚੂੜੇ ਵਾਲੀ ਬਾਂਹ' ਤੋਂ ਬਗੈਰ ਆਪਣਾ ਆਪ ਅਧੂਰਾ ਲੱਗਦਾ। ਪਰ ਉਹਨੇ ਮੇਰੇ ਅਧੂਰੇ ਦਾ ਠੇਕਾ ਲਿਆ? ਬਹੁਤੀਆਂ ਕਿਤਾਬਾਂ ਭੂਸ਼ਨ ਭਾਅ ਜੀ ਨੇ ਮੈਨੂੰ ਦਿੱਤੀਆਂ। ਬਹੁਤ ਘੱਟ ਮੌਕੇ ਹੋਣਗੇ ਜਦੋਂ ਮੈਂ ਉਹਨਾਂ ਕੋਲ ਗਿਆ ਤੇ ਮੈਨੂੰ ਕੋਈ ਕਿਤਾਬ ਨਾ ਮਿਲੀ ਹੋਵੇ। ਮੈਂ ਭਾਅ ਜੀ ਨੂੰ ਕਹਿਣਾ, "ਇਹ ਕਿਤਾਬ ਮੈਂ ਲੈ ਜਮਾਂ"। ਭਾਅ ਜੀ: "ਪੜ੍ਹ ਲੈ ਤੂੰ।" ਮਤਲਬ ਪੜ੍ਹ ਕੇ ਮੋੜ ਦੇਵੀਂ। ਹਰ ਬਾਰ ਮੈਂ 'ਪੜ੍ਹ ਕੇ ਮੋੜਨ' ਦੇ ਅਣਲਿਖੇ ਸਮਝੌਤੇ ਅਧੀਨ ਮੈਂ ਭਾਅਜੀ ਦੀਆਂ ਕਿਤਾਬਾਂ ਖਿੱਚੀ ਜਾਂਦਾ। ਪਰ ਮੈਂ ਕਦੇ ਮੋੜੀਆਂ ਨਹੀਂ। ਉਹਨਾਂ ਇਹ ਕਹਿਕੇ ਕਦੇ ਵਾਪਸ ਨਹੀਂ ਮੰਗੀਆਂ ਕਿ ਤੇਰੇ ਕੋਲ ਵਧੀਆ ਸੰਭਾਲੀਆਂ ਪਈਆਂ, ਮੈਨੂੰ

ਲੋੜ ਹੋਈ ਤਾਂ ਲੈ ਲਵਾਂਗਾ। ਗਿਣਤੀ ਵਿਚ ਮੈਂ ਜਿੰਨੀਆਂ ਉਹਨਾਂ ਦੇ ਘਰ ਰੋਟੀਆਂ ਖਾਧੀਆਂ ਉਸ ਤੋਂ ਅੱਧੀਆਂ ਕਿਤਾਬਾਂ ਐਸ ਢੰਗ ਨਾਲ ਹੱਥ ਹੇਠ ਕਰ ਲਈਆਂ। ਉਂਜ ਭਾਅ ਜੀ ਆਪ ਇਕ ਤੁਰਦੀ ਫਿਰਦੀ ਕਿਤਾਬ ਸਨ ਜਿਸ ਦਾ ਹਰ ਪਲ ਨਵਾਂ, ਅਗਲਾ ਵਰਕਾ ਸੀ। ਲੁਟ ਸਕੇ ਤੋ ਲੁਟ ਲੇ...। ਹੁਣ ਵੀ ਭੈਣ ਜੀ ਸੁਰਿੰਦਰ ਤੋਂ ਮੈਨੂੰ ਉਮੀਦ ਹੈ ਕਿ ਭਾਅ ਜੀ ਦੀ ਨਿਜੀ ਲਾਇਬ੍ਰੇਰੀ ਮੈਨੂੰ ਦੇ ਦੇਣਗੇ, ਕਿਉਂਕਿ ਮੈਨੂੰ ਇਸ ਦੀ ਲੋੜ ਬਹੁਤ ਹੈ।

ਔੜ ਤੋਂ ਪ੍ਰੇਮ ਪ੍ਰਕਾਸ਼ ਜੀ ਨਾਲ ਗੱਲ ਹੋਈ ਕਿ ਅਸੀਂ ਉਹਨਾਂ ਕੋਲ ਨੂੰ ਜਲੰਧਰ ਆ ਰਹੇ ਹਾਂ। ਮੈਂ ਤੇ ਡਰਾਈਵਰ, ਗੱਡੀ 'ਤੇ। ਉਸੇ ਦਿਨ ਹੀ 'ਲਕੀਰ' ਅਤੇ 'ਸ਼ਬਦ' ਮੈਗਜ਼ੀਨਾਂ ਦੇ ਬਿਲਟੀਆਂ-ਬੰਡਲ ਜਲੰਧਰ ਪ੍ਰਾਪਤ ਹੋਏ ਸਨ, ਜੋ ਅਸੀਂ ਟ੍ਰਾਂਸਪੋਰਟ ਦੇ ਏਜੰਟ ਕੋਲੋਂ ਚੁੱਕ ਕੇ ਮੋਤਾ ਸਿੰਘ ਨਗਰ ਲੈ ਗਏ। ਬਲੇਡ, ਛੁੱਰੀਆਂ ਲੱਭੀਆਂ ਗਈਆਂ। ਦੋਵਾਂ ਬੰਡਲਾਂ ਨੂੰ ਖੋਲ੍ਹਣ ਲਈ ਸੇਬੇ ਕੱਟੇ ਗਏ। ਪ੍ਰੇਮ ਪ੍ਰਕਾਸ਼ ਦੇ ਕਮਰੇ ਵਿਚ ਤੇਜ਼ ਹਿੱਲ ਜੁੱਲ ਹੋਣ ਲੱਗੀ। ਜਿਵੇਂ ਵਿਆਹ ਵਿਚ ਨਾਨਕ-ਛੱਕ ਲਿਆਉਣ ਵਾਲੇ ਨਾਨਕੇ ਆ ਗਏ ਹੋਣ। ਮੈਗਜ਼ੀਨ ਬੋਰੀਆਂ 'ਚੋਂ ਬਾਹਰ ਚਿਣੇ ਹੋਏ ਚਮਕਣ ਲੱਗੇ। ਪ੍ਰੇਮ ਜੀ ਨੇ ਲਕੀਰ ਮੈਗਜ਼ੀਨ ਦੀ ਇਕ ਕਾਪੀ ਮੈਨੂੰ ਫੜਾ ਦਿੱਤੀ, ਜਿਹੜੀ ਉਹਨਾਂ ਨੇ ਉਂਜ ਮੈਨੂੰ ਪੋਸਟ ਕਰਨੀ ਸੀ। ਮੈਂ ਸ਼ਬਦ ਦੀ ਵੀ ਇਕ ਕਾਪੀ ਚੁੱਕ ਲਈ। ਪ੍ਰੇਮ ਜੀ ਦੇ ਦੇਖਦੇ ਦੇਖਦੇ ਡਰਾਇਵਰ ਨੇ ਵੀ ਇੱਕ ਲਕੀਰ ਚੁੱਕ ਲਿਆ।

...ਤੇ ਮੈਂ ਪ੍ਰੇਮ ਪ੍ਰਕਾਸ਼ ਜੀ ਦਾ 'ਅੱਠਵਾਂ ਕਹਾਣੀ ਸੰਗ੍ਰਹਿ' 'ਪਦਮਾ ਦਾ ਪੈਰ' ਜੋ ਉਨ੍ਹਾਂ ਦਿਨਾਂ ਵਿਚ ਤਾਜ਼ਾ ਤਾਜ਼ਾ ਛਪਿਆ ਤੇ ਓਥੇ ਹੀ ਪਿਆ ਸੀ, ਚੁੱਕ ਕੇ ਹੱਥ 'ਚ ਫੜ ਲਿਆ। ਪ੍ਰੇਮ ਜੀ ਦੇਖੀ ਜਾਣ... ਦੇਖੀ ਜਾਣ... ਤੁਰਨ ਲੱਗੇ ਅਸੀਂ ਕਿਹਾ "ਚੰਗਾ"। ਪ੍ਰੇਮ ਪ੍ਰਕਾਸ਼ ਨੇ ਪੁੱਛਿਆ, "ਹੁਣ ਹੋਰ ਤਾਂ ਨੀਂ ਚਕੱਣਾਂ ਕੁਸ਼ ਇਥੋਂ।" ਅਸੀਂ ਮੈਗਜੀਨਾਂ ਕਿਤਾਬਾਂ ਸਮੇਤ ਨਿਕਲ ਆਏ। ਅਸੀਂ ਉਹਨਾਂ ਦੀ ਗੱਲ ਵੱਲ ਧਿਆਨ ਨਹੀਂ ਦਿੱਤਾ।

ਹੁਣ ਅਖ਼ੀਰ ਉੱਤੇ ਸੱਤ ਕਿਤਾਬਾਂ/ਲੇਖਕਾਂ ਤੇ ਉਹ ਥਾਂ/ ਬੰਦੇ ਜਿਨ੍ਹਾਂ ਤੋਂ ਉਹ ਚੋਰੀ ਕੀਤੀਆਂ ਗਈਆਂ ਦੀ ਸੂਚੀ ਦਿੱਤੀ ਜਾਂਦੀ ਹੈ:

1. ਮੇਰੀਆਂ ਸਾਰੀਆਂ ਕਹਾਣੀਆਂ /ਕੁਲਵੰਤ ਸਿੰਘ ਵਿਰਕ - ਰਾਮਪੁਰੇ ਦੀ ਲਾਇਬ੍ਰੇਰੀ ਵਿਚੋਂ - 2. ਐਨਾ ਕਰੈਨਾ/ਟਾਲਸਟਾਏ (ਦੋ ਭਾਗ ਅੰਗਰੇਜ਼ੀ ਵਿਚ) - ਬਲਾਚੌਰ ਦੀ ਕਿਸੇ ਲਾਇਬ੍ਰੇਰੀ ਵਿਚੋਂ - 3. ਪਦਮਾ ਦਾ ਪੈਰ/ਪ੍ਰੇਮ ਪ੍ਰਕਾਸ਼ - ਮੋਤਾ ਸਿੰਘ ਨਗਰ ਦੇ ਘਰ ਵਿਚੋਂ (ਸ਼ਰੇਆਮ) - 4. ਮੈਂ ਤੇ ਮੈਂ /ਸ਼ਿਵ ਕੁਮਾਰ - ਡਿਸਟ੍ਰਿਕ ਲਾਇਬ੍ਰੇਰੀ ਰੂਪ ਨਗਰ ਵਿਚੋਂ - 5. ਸਿਰਜਣਧਾਰਾ /ਭੂਸ਼ਨ - ਸ਼੍ਰੀਮਤੀ ਦੇਵਸ਼ਕਤੀ (ਭੂਸ਼ਨ ਜੀ ਦੀ ਛੋਟੀ ਭੈਣ) ਤੋਂ - 6. ਜ਼ੋਰੈਸਟਰ ਦ ਲਾਫਿੰਗ ਪਰੋਫੈਟ/ ਓਸ਼ੋ - ਸੰਦੀਪ, ਮੁੰਡੀ ਖਰੜ ਦੇ ਘਰ ਤੋਂ -7. ਮੈਨ ਵਿਦਾਊਟ ਵੂਮੈਨ, ਵਿਨਅਰਜ ਟੇਕ ਨਥਿੰਗ, ਟੌਰੈਂਟਸ ਆਫ ਸਪਰਿੰਗ (ਸਾਰੀਆਂ ਹੈਮਿੰਗਵੇ ਦੀਆਂ) - ਬੰਟੀ ਫਲੌਰ ਵਾਲਾ, ਮੇਰਾ ਦੋਸਤ। ਮੈਂ ਉਸਨੂੰ ਆਪਣੇ ਮੋਹ ਜਾਲ ਵਿਚ ਫਸਾ ਲਿਆ। ਤੇ ਉਹ ਦਿੱਲੀ ਤੋਂ ਮੇਰੇ ਲਈ ਇਹ ਕਿਤਾਬਾਂ ਲੱਭ ਕੇ ਲਿਆਇਆ।

ਨੋਟ :(ਇਹ ਸੂਚੀ ਬਹੁਤ ਹੀ ਛੋਟੀ ਹੈ, ਬਾਕੀ ਕਦੇ ਫੇਰ ਸਹੀ)


ਸੰਪਾਰਕ-81467-60045



# ਜਨ ਬੋਧ

## ਮੁਲਾਕਾਤ "ਜ਼ਿੰਦਗੀ ਹੀ ਹੈ ਸਭ ਤੋਂ ਵੱਡਾ ਪ੍ਰੇਰਨਾ ਸਰੋਤ"

## -ਗੈਬ੍ਰਿਅਲ ਗਾਰਸਿਆ ਮਾਰਖੇਜ਼



**? ਅੱਜ ਮਾਰਖ਼ੇਜ਼ ਸਾਹਿਤ ਦੀ ਦੁਨੀਆਂ ਦਾ ਇਕ ਪ੍ਰਸਿੱਧ ਨਾਂ ਹੈ, ਪ੍ਰੰਤੂ ਇਸ ਸਫ਼ਰ ਦੀ ਸ਼ੁਰੂਆਤ ਤਾਂ ਪੱਤਰਕਾਰ ਦੇ ਤੌਰ ਤੇ ਹੋਈ ਸੀ। ਕੀ ਅੱਜ ਵੀ ਪੱਤਰਕਾਰੀ ਪ੍ਰਤੀ ਕੋਈ ਖਿੱਚ ਮਹਿਸੂਸ ਹੁੰਦੀ ਹੈ?**


-ਨਾਵਲਕਾਰ ਦੇ ਰੂਪ ਵਿਚ ਐਨਾ ਅੱਗੇ ਵੱਧ ਜਾਣ ਤੋਂ ਬਾਅਦ ਅੱਜ ਵੀ ਮੈਂ ਨਿਸਚਿਤ ਰੂਪ ਨਾਲ ਪੱਤਰਕਾਰੀ ਦੇ ਪ੍ਰਤੀ ਰੁਚੀ ਮਹਿਸੂਸ ਕਰਦਾ ਹਾਂ। ਮੈਨੂੰ ਹਮੇਸ਼ਾ ਹੀ ਇਸ ਪਾਸੇ ਰੁਚੀ ਰਹੀ ਹੈ ਕਿ ਮੇਰੀ ਠੀਕ ਥਾਂ ਪੱਤਰਕਾਰੀ ਵਿਚ ਹੀ ਹੈ। ਬਸ ਇਥੇ ਕੰਮ ਕਰਨ ਦੇ ਢੰਗ ਤਰੀਕੇ ਤੰਗ ਕਰਦੇ ਹਨ। ਚਾਹੁੰਦਾ ਹਾਂ ਕਿ ਕੋਈ ਅਜਿਹਾ ਮੌਕਾ ਮਿਲੇ, ਜਿਹੜਾ ਮੈਨੂੰ ਪੁਰਾਣੇ ਦਿਨ੍ਹਾਂ ਨਾਲ ਜੋੜ ਦਵੇ। ਹਾਂ ਇਹ ਜ਼ਰੂਰ ਹੈ ਕਿ ਰੋਟੀ ਰੋਜੀ ਦੀ ਮਜਬੂਰੀ ਦੇ ਚੱਕਰ ਵਿਚ 'ਸਟੋਰੀ' ਦੇ ਮਗਰ ਭੱਜਣਾ ਸਾਇਦ ਹੁਣ ਸੰਭਵ ਨਾ ਹੋਵੇ।

**? ਕੀ ਅਜਿਹਾ ਲੱਗਦਾ ਹੈ ਕਿ ਕਿਰਦਾਰਾਂ ਦੇ ਮਧਿਆਮ ਨਾਲ ਤੁਸੀਂ ਉਹ ਕਹਿ ਸਕਦੇ ਹੋ, ਜਿਹੜੇ ਖ਼ਬਰਾਂ ਲਿਖਣ ਨਾਲ ਸੰਭਵ ਨਹੀਂ ਹੋ ਸਕਦਾ ਸੀ?**

-ਦੇਖੋ! ਚਾਹੇ ਅਖ਼ਬਾਰ 'ਚ ਛਪੀ ਕੋਈ ਖ਼ਬਰ ਹੋਵੇ ਜਾਂ ਬੁੱਕ ਸਟਾਲ ਉੱਤੇ ਪਿਆ ਨਾਵਲ 'ਚ ਕੋਈ 'ਕਹਾਣੀ' ਦੇਣ ਦਾ ਸਰੋਤ, ਸਮੱਗਰੀ ਅਤੇ ਨਾਂ-ਥਾਂ ਇਸ ਸਮਾਜ 'ਚੋਂ ਹੀ ਚੁਣੇ ਜਾਂਦੇ ਹਨ। ਜਿੱਥੇ ਤੱਕ ਕਿ ਭਾਸ਼ਾ, ਕਥਾ ਅਤੇ ਤੱਥ ਵੀ ਉਹੀ ਰਹਿੰਦੇ ਹਨ ਪ੍ਰੰਤੂ ਸ਼ੈਲੀ ਬਦਲ ਜਾਂਦੀ ਹੈ। ਪਾਤਰ ਉਸਾਰੀ ਖ਼ਬਰਾਂ ਲਿਖਣ ਵਾਂਗ ਹੀ ਹੈ।

**? ਜੇਕਰ ਗੱਲ ਕਰੀਏ 'ਸੱਚ ਬਨਾਮ ਕਲਪਨਾ' ਦੀ ਤਾਂ ਇਸ ਦਾ ਸੰਤੁਲਨ ਬਣਾਈ ਰੱਖਣ 'ਚ ਪੱਤਰਕਾਰਾਂ ਅਤੇ ਨਾਵਲਕਾਰਾਂ 'ਚੋਂ ਕਿਸ ਦੇ ਹਿੱਸੇ ਕਿੰਨੀ ਜਿੰਮੇਵਾਰੀ ਆਉਂਦੀ ਹੈ?**

- ਬਹੁਤ ਛੋਟੀ ਜਿਹੀ ਗੱਲ ਹੈ। ਪੱਤਰਕਾਰੀ ਵਿਚ ਕੇਵਲ ਇਕ ਗ਼ਲਤ ਤੱਥ, ਪੂਰੇ ਬਿਰਤਾਂਤ ਉੱਤੇ ਸਵਾਲੀਆ ਨਿਸ਼ਾਨ ਲਾ ਦਿੰਦਾ ਹੈ, ਜਦ ਕਿ ਕਹਾਣੀ (ਚਾਹੇ ਨਿੱਕੀ ਹੋਵੇ ਜਾਂ ਲੰਮੀ) ਵਿਚ ਘੁਲਿਆ ਹੋਇਆ ਇਕ ਛੋਟਾ ਜਿਹਾ ਸੱਚ ਉਸ ਨੂੰ ਕਈ ਗੁਣਾ ਯਕੀਨ ਕਰਨ ਯੋਗ ਬਣਾ ਦਿੰਦਾ ਹੈ। ਸੱਚ ਅਤੇ



ਕਲਪਨਾ.... ਚੋਣ ਲੇਖਕ ਦੀ ਸੋਚ ਅਤੇ ਪ੍ਰਤਿਬੱਧਤਾ ਉੱਤੇ ਨਿਰਭਰ ਕਰਦਾ ਹੈ। ਐਨਾ ਜ਼ਰੂਰ ਹੈ ਕਿ ਨਾਵਲਕਾਰ ਦੇ ਕੋਲ ਆਪਣੀ ਗੱਲ ਉਥੋਂ ਤੀਕ ਖਿੱਚ ਕੇ ਲੈ ਜਾਣ ਦੀ ਪੂਰੀ ਆਜ਼ਾਦੀ ਹੁੰਦੀ ਹੈ, ਜਿੱਥੋਂ ਤੱਕ ਲੋਕ ਉਸ ਉੱਤੇ ਭਰੋਸਾ ਕਰ ਸਕੇਂ। ਜਿੱਥੇ ਤੱਕ ਗੱਲ ਮੇਰੀ ਹੈ। ਪੱਤਰਕਾਰੀ ਨੇ ਮੇਰੀਆਂ ਕਹਾਣੀਆਂ ਦੇ ਸੱਚ ਨਾਲ ਜੋੜਿਆ ਅਤੇ ਕਹਾਣੀਆਂ ਨੇ ਮੇਰੀ ਪੱਤਰਕਾਰੀ ਨੂੰ ਸਾਹਿਤਕ ਵਜਨ ਦਿੱਤਾ।

**? ਪਿੱਛੇ ਮੁੜ ਕੇ ਦੇਖਣ ਤੇ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ।**

– ਮੈਨੂੰ ਲੱਗਦਾ ਹੈ ਅੱਜ ਦੇ ਹਾਲਾਤ 'ਚ ਕੁਝ ਵੀ ਲਿਖਣਾ ਪਹਿਲਾਂ ਨਾਲੋਂ ਔਖਾ ਹੈ। ਜਦੋਂ ਮੈਂ ਅਖ਼ਬਾਰ ਵਿਚ ਸੀ, ਉਦੋਂ ਮੇਰੇ 'ਚ ਆਪਣੇ ਲਿਖੇ ਸ਼ਬਦਾਂ ਦੇ ਪ੍ਰਤਿ ਉਹ ਨੇੜਤਾ ਸੀ। ਜਿੰਮੇਦਾਰੀ ਦਾ ਅਹਿਸਾਸ (ਰਤਾ ਭਰ ਵੀ) ਨਹੀਂ ਸੀ, ਜਿਹੜਾ ਅੱਜ ਹੈ। 'ਐਲ ਐਕਸਪੇਕਟਾਡੋਰ' 'ਚ ਕੰਮ ਕਰਦੇ ਹੋਏ ਮੈਂ ਰੋਜ ਦੋ ਤਿੰਨ ਸੰਪਾਦਕੀਆਂ ਅਤੇ ਫਿਲਮ ਸਮੀਖਿਆ ਲਿਖਣ ਤੋਂ ਬਾਅਦ ਹਫਤੇ ਵਿਚ ਤਿੰਨ ਵੱਡੀਆਂ ਸਟੋਰੀਅਜ਼ ਵੀ ਲਿਖਦਾ ਸੀ। ਉਦੋਂ ਦਫ਼ਤਰ ਦੀ ਲਿਨੋਟਾਇਪ ਮਸ਼ੀਨ ਦੀ ਆਵਾਜ਼ ਮੈਨੂੰ ਮੀਂਹ ਦੀਆਂ ਬੂੰਦਾਂ ਵਰਗੀ ਲੱਗਦੀ ਸੀ। ਉਸੇ ਦੇ ਸਹਾਰੇ ਮੈਂ ਰਾਤ-ਰਾਤ ਭਰ ਲਿਖਦਾ ਰਹਿੰਦਾ ਸੀ ਅਤੇ ਅੱਜ, ਚੰਗੇ ਸੁਹਾਵਨੇ ਮੌਸਮ ਵਿਚ 9 ਤੋਂ 3 ਵਜੇ ਤੱਕ ਸਟੱਡੀ ਟੇਬਲ ਨਾਲ ਚੁੰਬੜੇ ਰਹਿਣ ਤੋਂ ਬਾਅਦ ਮੁਸ਼ਕਿਲ ਨਾਲ 3-4 ਲਾਇਨਾ ਦਾ ਇਕ ਛੋਟਾ ਜਿਹਾ ਅੰਸ਼ ਲਿਖ ਸਕਦਾ ਹਾਂ ਅਤੇ ਅਗਲੇ ਦਿਨ ਉਹ 3-4 ਲਾਇਨਾ ਵੀ ਹਵਾ 'ਚ ਕਾਗਜ਼ ਦਾ ਜਹਾਜ ਬਣ ਕੇ ਉੜ ਜਾਂਦੀ ਹੈ।

**? ਕੀ ਇਹ ਬਦਰਾਓ, ਸਫ਼ਲਤਾ ਮਿਲਣ ਤੋਂ ਬਾਅਦ ਆਇਆ।**

– ਬਹੁਤ ਹੱਦ ਤੱਕ। ਇਸਦਾ ਕਾਰਨ ਸਫ਼ਲਤਾ ਹੀ ਹੈ। ਜਦੋਂ ਤੁਸੀਂ ਜਾਣ ਜਾਂਦੇ ਹੋ ਕਿ ਆਪਦੇ ਲਿਖੇ ਸ਼ਬਦ ਕਿੰਨੇ ਹੱਥਾਂ ਵਿਚੋਂ ਲੰਘਣ ਵਾਲੇ ਹਨ। ਕਿੰਨੇ ਲੋਕਾਂ ਦੀ ਜ਼ਿੰਦਗੀ, ਸੋਚ ਅਤੇ ਪਿਆਰ ਤੁਹਾਡੇ ਨਾਲ ਜੁੜਿਆ ਹੋਇਆ ਹੈ। ਉਦੋਂ ਕਲਮ ਖੁਦ ਬ ਖੁਦ ਜਿੰਮੇਵਾਰ ਹੋਣ ਲੱਗਦੀ ਹੈ। ਇਕ ਹੋਰ ਗੱਲ ਹੈ। ਇਕ ਵਾਰ ਉੱਪਰ ਚੜ੍ਹਨ ਤੋਂ ਬਾਅਦ ਆਪ ਵਾਪਸ ਉਤਰਨਾ ਨਹੀਂ ਚਾਹੁੰਦੇ, ਇਸ ਲਈ ਵਧੇਰੇ ਚੌਕੰਨੇ ਹੋ ਜਾਂਦੇ ਹੋ।

**? ਲਿਖਣ ਦਾ ਮੁੱਢ ਕਿਵੇਂ ਬੱਝਾ।**

– ਚਿੱਤਰ ਬਣਾਉਣ ਨਾਲ। ਯਕੀਨ ਮੰਨੀਏ... ਅਪਣੇ ਸਕੂਲੀ ਦਿਨਾਂ 'ਚ ਮੈਂ ਸ਼ੌਂਕ ਕਰਕੇ ਕਾਰਟੂਨ ਬਣਾਉਂਦਾ ਸੀ। ਸਾਇਦ ਉਥੋਂ ਮੇਰੇ ਵਿਚ ਆਪਣੀ ਲੱਕ ਕਹਿਣ ਦੀ ਲਲਕ ਜਾਗੀ। ਹਾਈ ਸਕੂਲ ਤੱਕ ਆਉਂਦੇ ਆਉਂਦੇ ਮੇਰੀ ਪਛਾਣ ਲਿਖਣ ਪੜ੍ਹਨ ਵਾਲੇ ਬੱਚੇ ਦੇ ਤੌਰ ਤੇ ਹੋਣ ਲੱਗੀ ਸੀ।

ਪੈਂਫ਼ਲਟ ਲਿਖਵਾਉਣੇ ਹੋਣ, ਕਿਸੇ ਮੀਟਿੰਗ ਦੀ ਕਾਰਵਾਈ ਜਾਂ ਕੋਈ ਪੱਤਰ... ਸਾਰੇ ਲੋਕ ਮੇਰੇ ਕੋਲ ਆਉਂਦੇ ਸਨ। ਬਾਗੋਟਾ ਯੂਨੀਵਰਸਿਟੀ ਵਿਚ ਆਉਣ ਤੋਂ ਬਾਅਦ ਮੈਂ ਥੋੜ੍ਹਾ ਗੰਭੀਰ ਹੋਇਆ। ਮੈਂ ਸਮਕਾਲੀ ਲੇਖਕਾਂ ਵਿਚ ਨੇੜਤਾ ਬਣਾਉਣੀ ਸ਼ੁਰੂ ਕਰ ਦਿੱਤੀ। ਇਕ ਦਿਨ ਮੇਰੇ ਇਕ ਦੋਸਤ ਨੇ ਮੈਨੂੰ ਫ੍ਰੈਂਜ ਕਾਫ਼ਕਾ ਦੀਆਂ ਕਹਾਣੀਆਂ ਪੜ੍ਹਨ ਨੂੰ ਦਿੱਤੀਆਂ। ਕਿਤਾਬ ਦਾ ਪਹਿਲਾ ਪੰਨਾ... ਕਹਾਣੀ ਦੀ ਪਹਿਲੀ ਸਤਰ ਸੀ-



"ਘਣਘੋਰ ਸਮਾਂ ਸਵੇਰੇ ਆਪਣੇ ਅਧੂਰੇ ਸੁਪਨੇ ਤੋਂ ਜਾਗਿਆ ਅਤੇ ਉਸਨੇ ਖੁਦ ਨੂੰ ਬਿਸਤਰ ਉੱਤੇ ਰੀਂਗਦੇ ਹੋਏ ਇਕ ਕੀੜੇ ਵਿਚ ਤਬਦੀਲ ਪਾਇਆ...' ਇਸ ਨੂੰ ਪੜ੍ਹ ਕੇ ਪੂਰੀ ਰਾਤ, ਮੇਰੇ ਦਿਲ ਉੱਤੇ ਦਸਤਕ ਹੁੰਦੀ ਰਹੀ। ਮੈਂ ਕੀ ਸੋਚ ਰਿਹਾ ਸੀ ਕਹਾਣੀ ਦੇ ਸਬੰਧ ਵਿਚ ਜਾਂ ਆਪਣੇ ਸੰਬੰਧ ਵਿਚ ? ਅਗਲੇ ਹੀ ਦਿਨ ਮੈਂ ਆਪਣੀ ਪਹਿਲੀ ਕਹਾਣੀ ਲਿਖੀ, ਜਿਹੜੀ ਜਾਅਸੀਅਨ ਤੋਂ ਪ੍ਰਭਾਵਿਤ ਸੀ। ਫਿਰ ਅਜਿਹੀਆਂ ਹੋਰ ਬਹੁਤ ਸਾਰੀਆਂ। ਇਹ ਬਾਗੋਟਾ ਦੇ 'ਏਲ ਐਕਸਪੇਕਟਾਡੋਰ' ਵਿਚ ਛਪੀ। ਮੈਂ ਇਨ੍ਹਾਂ ਕਹਾਣੀਆਂ ਨੂੰ ਸਾਹਿਤਕ ਅਨੁਭਵ ਨਾਲ ਪ੍ਰਾਪਤ ਕੀਤਾ ਸੀ ਨਾ ਕਿ ਜ਼ਿੰਦਗੀ ਦੀ ਖੁੱਲ੍ਹੀ ਖਿੜਕੀ ਤੋਂ ਝਾਕਦੇ ਸ਼ਬਦ ਤੋਂ। ਸਾਇਦ ਉਨ੍ਹਾਂ ਵਿਚ ਬੋਧਿਕਤਾ ਦੀ ਪੁੱਠ ਵਧੇਰੇ ਸੀ। ਫਿਰ ਵੀ ਸਮਾਂ ਤੇ ਸਮਾਜ ਦੇ ਸਬੰਧ ਵਿਚ ਲਿਖਣ ਪੜ੍ਹਨ ਵਾਲੇ ਦੀ ਜਮਾਤ 'ਚ ਇਹ ਆਪਣੀ ਕਿਸਮ ਦਾ ਪਹਿਲਾ ਪ੍ਰਯੋਗ ਸੀ। ਇਸ ਲਈ ਉਹ ਰਚਨਾਵਾਂ ਹੱਥੋਂ-ਹੱਥੀਂ ਪੜ੍ਹੀਆਂ ਗਈਆਂ।

? **ਹੁਣੇ ਹੁਣੇ ਤੁਸੀਂ ਕਿਹਾ ਕਿ ਆਪਣੀ ਪਹਿਲੀ ਕਹਾਣੀ 'ਜਾੱਇਸ' ਤੋਂ ਪ੍ਰਭਾਵਿਤ ਸੀ। ਕੀ ਉਸ ਸਮੇਂ ਤੱਕ 'ਜਾੱਇਸ' ਨੂੰ ਪੜ੍ਹਿਆ ਸੀ? ਕੁਝ ਉਨ੍ਹਾਂ ਲੋਕਾਂ ਦੇ ਸਬੰਧ ਵਿਚ ਦੱਸੋਂ ਜਿਸ ਨਾਲ ਆਪ ਵਿਚ ਤਬਦੀਲੀ ਆਈ?**

– ਨਹੀਂ 'ਜਾੱਇਸ' ਨੂੰ ਮੈਂ ਕਦੇ ਨਹੀਂ ਪੜ੍ਹਿਆ। ਮੈਂ ਯੂਲੀਸੀਜ਼ ਪੜ੍ਹੀ ਹੈ ਸਪੇਨਿਸ਼ ਵਿਚ। ਹਾਲਾਂਕਿ ਇਸਦਾ ਫ੍ਰੈਂਚ ਅਤੇ ਅੰਗ੍ਰੇਜ਼ੀ ਅਨੁਵਾਦ ਪੜ੍ਹਨ ਤੋਂ ਬਾਅਦ ਮੈਨੂੰ ਪਤਾ ਲੱਗਿਆ ਕਿ ਮੈਂ ਕੀ ਛੱਡ ਰਿਹਾ ਸੀ। ਇਸ ਨੇ ਮੈਨੂੰ 'ਇਕੱਲਤਾ' ਦੇ ਸੰਬੰਧ ਵਿਚ ਸਿਖਾਇਆ। ਬਾਅਦ ਵਿਚ ਇਹੀ ਕੰਮ ਵਰਜੀਨੀਆ ਵੂਲਫ਼ ਨੇ ਵੀ ਕੀਤਾ। ਲਿਖਣ ਦੇ ਢੰਗ ਤਰੀਕੇ ਮੈਂ ਇਸ ਤਰ੍ਹਾਂ ਸਿੱਖੇ। ਮੇਰੀਆਂ ਕਹਾਣੀਆਂ ਨੂੰ ਬੌਧਿਕ ਉਚਾਈਆਂ ਦੇਣ ਦਾ ਕੰਮ ਅਗਲੀ ਪੀੜ੍ਹੀ ਦੇ ਲੈਟਿਨ ਅਮਰੀਕੀ ਲੇਖਕਾਂ ਨੇ ਕੀਤਾ। ਉਨ੍ਹਾਂ ਨੂੰ ਪੜ੍ਹ ਕੇ ਮੈਂ ਜਾਣਿਆ ਕਿ ਮੇਰੀਆਂ ਕਹਾਣੀਆਂ ਉਨ੍ਹਾਂ ਦੀ ਸਿਰਜਣਾ ਸਾਹਮਣੇ ਅਜਿਹੀਆਂ ਸਨ ਜਿਵੇਂ ਅਸਮਾਨ ਖਾਲੀ ਹੁੰਦਾ ਹੈ...

ਮੇਰੀ ਗ਼ਲਤ ਫਹਿਮੀਆਂ ਨੂੰ ਉਖਾੜ ਸੁੱਟਣ 'ਚ ਬਹੁਤ ਵੱਡਾ ਹੱਥ 9 ਅਪ੍ਰੈਲ, 1048 ਦੀ ਘਟਨਾ ਦਾ ਵੀ ਰਿਹਾ। ਉਸ ਦਿਨ 'ਗੈਟਨ' (ਰਾਜਨੇਤਾ) ਉੱਤੇ ਹਮਲਾ ਹੋਇਆ ਸੀ। ਸੜਕਾਂ 'ਤੇ ਪਾਗਲ ਹੋਈ ਭੀੜ ਦੁਕਾਨਾਂ ਅਤੇ ਘਰਾਂ ਨੂੰ ਲੁੱਟ ਕੇ ਆਪਣੇ ਦੁੱਖ ਅਤੇ ਗੁੱਸੇ ਨੂੰ ਠੰਡਾ ਕਰ ਰਹੀ ਸੀ ਅਤੇ ਮੈਂ ਸੋਚ ਰਿਹਾ ਸੀ ਕਿ ਕੀ ਮੇਰੀਆਂ ਕਹਾਣੀਆਂ ਕੁਝ ਬਦਲ ਸਕਣਗੀਆਂ। ਤਕਰੀਬਨ ਦੋ ਸਾਲ ਬਾਅਦ ਮੈਂ ਆਪਣੇ ਪਿੰਡ 'ਅਰਾਕਾਟਕਾ' ਗਿਆ। ਇਥੇ ਹੀ ਮੈਂ ਪਹਿਲੀ ਵਾਰ ਅੱਖਾਂ ਖੋਲ੍ਹੀਆਂ ਸੀ ਅਤੇ ਜੀਵਨ ਦਾ ਪਹਿਲਾ ਸਾਲ ਬਤੀਤ ਕੀਤਾ ਸੀ। ਉਥੇ ਪਹੁੰਚ ਕੇ ਇਸ ਤਰ੍ਹਾਂ ਲੱਗਾ ਜਿਵੇਂ ਕਿਸੇ ਕਿਤਾਬ ਦੇ ਪੰਨੇ ਫੜ-ਫੜਾ ਰਹੇ ਸਨ। ਝੌਂਪੜੀ, ਝਰਨੇ, ਖੇਤ, ਨਹਿਰ, ਬਚਪਨ... ਸਭ ਕੁਝ ਲਿਖਿਆ ਜਾ ਚੁੱਕਾ ਹੈ ਬਹੁਤ ਪਹਿਲਾ। ਬਸ ਮੈਂ ਉਸ ਨੂੰ ਮੁੜ ਲਿਖਣਾ ਹੈ ਜਿਵੇਂ ਦਾ ਤਿਵੇਂ... ਪਰਤ ਕੇ ਮੈਂ ਆਪਣਾ ਨਾਵਲ ਲਿਖਿਆ, 'ਲੀਫ-ਸਟੋ੍ਮ' ਦੁਨੀਆਂ ਨੂੰ ਦੱਸਣ ਦੇ ਲਈ ਕਿ ਜ਼ਿੰਦਗੀ ਦਾ ਇਕ ਚਿਹਰਾ ਅਜਿਹਾ ਵੀ ਹੈ।

**? 'ਲੀਫ-ਸਟੋ੍ਮ' ਤੋਂ ਲੈ ਕੇ 'ਵਨ ਹੰਡਰੇਡ ਈਯਰ ਆਫ ਸਾੱਲਿਟਿਊਡ' ਤੱਕ ਤੁਹਾਡੀ ਵੱਖਰੀ ਸ਼ੈਲੀ ਰਹੀ ਹੈ। ਉਸ ਦੇ ਸਬੰਧ ਵਿਚ ਕੁਝ ਦੱਸੋਂ।**

–'ਲੀਫ-ਸਟੋ੍ਮ' ਲਿਖਣ ਤੋਂ ਬਾਅਦ ਮੇਰੇ ਵਿਚ ਇਹ ਅਹਿਸਾਸ ਜਾਗਿਆ ਕਿ ਪਿੰਡ, ਬਚਪਨ, ਯਾਦਾਂ... ਇਸ ਨਾੱਸਟੇਲਜਿਆ ਦੇ ਪਿੱਛੇ ਮੈਂ ਉਨ੍ਹਾਂ ਸੱਚਾਈਆਂ ਤੋਂ ਭੱਜ ਰਿਹਾ ਹਾਂ, ਜਿਸ ਨਾਲ ਦੇਸ਼ ਅਤੇ ਸਮਾਜ ਲੜ ਰਿਹਾ ਹੈ। 'ਫਾੱਕਨਰ' ਅਤੇ 'ਹੇਮਿੰਗਵੇ' ਨੂੰ ਪੜ੍ਹਦੇ ਹੋਏ ਮੈਂ ਸਾਹਿਤ ਅਤੇ ਰਾਜਨੀਤੀ ਦੇ ਵਿਚ ਦੀਆਂ ਖਾਈਆਂ ਪੂਰਨ ਵਿਚ ਲੱਗ ਗਿਆ। 'ਨੋ ਵਨ ਰਾਇਟਸ ਟੂ ਦ ਕਾਲੋਨਲ', 'ਇਨ ਇਵਲ ਆਵਰ', 'ਬਿੱਗ ਮਮਾਜ ਫਿਊਨਰਲ'... ਇਹ ਸਾਰੇ ਅੱਗੇ ਪਿੱਛੇ ਲਿਖੇ ਗਏ। ਇਨ੍ਹਾਂ ਕਿਤਾਬਾਂ ਨੂੰ ਮੈਂ ਕੋਈ ਜਦੂਈ

ਧਰਤੀ ਦੇਣ ਦੀ ਕੋਸ਼ਿਸ਼ ਨਹੀਂ ਕੀਤੀ। ਇਹ ਇਕ ਤਰ੍ਹਾਂ ਨਾਲ ਸਾਹਿਤਕ ਪੱਤਰਕਾਰੀ ਦਾ ਯਤਨ ਸੀ। ਪਰ ਇਕ ਵਾਰ ਫਿਰ ਮੈਨੂੰ ਲੱਗਣ ਲੱਗਾ ਕਿ ਮੈਂ ਗਲਤ ਰਸਤੇ ਉੱਤੇ ਹਾਂ। ਮੇਰੇ ਬਚਪਨ ਦੀਆਂ ਕਹਾਣੀਆਂ 'ਚ ਸਮੇਂ ਦਾ ਸੱਚ ਕਿਤੇ ਵਧੇਰੇ ਪ੍ਰਮੁੱਖ ਸੀ। ਵਾਰ ਵਾਰ ਰਸਤੇ ਬਦਲਦੇ ਹੋਇਆ ਮੈਂ ਖੁਦ ਵੀ ਬਹੁਤ ਥੱਕ ਗਿਆ ਸੀ ਸਾਇਦ, ਇਸ ਲਈ ਅਗਲੇ ਪੰਜ ਸਾਲ ਖ਼ਾਮੋਸ਼ ਰਹਿ ਕੇ ਮੈਂ ਆਪਣਾ ਰਸਤਾ ਤਲਾਸ਼ਦਾ ਰਿਹਾ।

**? ਕੀ ਸੀ ਉਹ ਰਸਤਾ, ਉਹ ਪ੍ਰਸੰਗ।**

– ਗੱਲਾਂ 'ਚੋਂ ਅਛੂਤੇ ਰਹਿ ਕੇ ਗੱਲ ਕਹਿਣਾ। ਮੇਰੀ ਦਾਦੀ ਮਾਂ ਅਜਿਹਾ ਹੀ ਕਰਦੀ ਸੀ। ਉਨ੍ਹਾਂ ਦੀ ਕਹਾਣੀ 'ਚ ਕਿੰਨੇ ਹੀ ਉਤਾਰ ਚੜ੍ਹਾਅ ਹੋਣ ਪਰ ਆਪਣਾ ਚਿਹਰਾ ਹਮੇਸ਼ਾ ਅਛੂਤਾ ਰਹਿੰਦਾ ਸੀ। ਉਹ ਜਦੋਂ ਕਹਾਣੀ ਸੁਣਾਦੀ ਤਾਂ ਅਜਿਹਾ ਲੱਗਦਾ ਜਿਵੇਂ ਪੱਥਰ ਤੇ ਕੋਈ ਇਬਾਰਤ ਖੁਣੀ ਹੋਵੇ। ਆਪਣੀ ਗੱਲ ਨੂੰ ਬਸ ਓਨੀ ਦੂਰ ਤੀਕ ਖਿੱਚਣਾ ਜਿੱਥੇ ਸੱਚ ਅਤੇ ਵਿਸ਼ਵਾਸ ਦੀ ਹੱਦ ਖਤਮ ਹੁੰਦੀ ਹੋਵੇ... ਇਹ ਮੇਰੀ ਰਿਦਮ ਸੀ, ਮੇਰਾ ਰਸਤਾ ਅਤੇ ਸਭ ਤੋਂ ਵੱਡਾ ਸਬਕ... ਜਿਸ ਉੱਤੇ ਮੈਂ 'ਵਨ ਹੰਡ੍ਰੇਡ ਈਅਰ ਆੱਫ ਸਾੱਲਿਟੂਊਡ' ਲਿਖਦਿਆ ਪਹਿਲੀ ਵਾਰ ਚੱਲਿਆ।

**? ਬਨਾਨਾ ਫੀਵਰ' ਇਕ ਸ.ਫਲ ਪ੍ਰਯੋਗ ਸੀ। ਇਸ ਦਾ ਵਿਚਾਰ ਕਿੱਥੋਂ ਆਇਆ?**

– 'ਬਨਾਨਾ ਫੀਵਰ' ਸੱਚਾਈ ਦੇ ਬਹੁਤ ਨੇੜੇ ਹੈ। ਦੇਖੋ, ਲਿਖਦੇ ਸਮੇਂ ਕੁਝ ਗੱਲਾਂ ਅਸੀਂ ਅਜਿਹੀਆਂ ਕਹਿ ਜਾਂਦੇ ਹਾਂ ਜਿਸਦੀ ਇਤਿਹਾਸਕਤਾ ਨੂੰ ਸਾਬਿਤ ਨਹੀਂ ਕੀਤਾ ਜਾ ਸਕਦਾ ਫਿਰ ਵੀ ਉਹ ਕਿਸੇ ਸਮੇਂ ਦਾ ਸੱਚ ਹੁੰਦੀ ਹੈ। ਇਕ ਸਮੂਹਿਕ ਹਤਿਆਵਾਂ ਦੇ ਸਬੰਧ ਵਿਚ ਤੱਤਾ ਤੱਤਾ ਲੇਖ ਲਿਖਦੇ ਹੋਏ ਮੈਨੂੰ ਪਤਾ ਨਹੀਂ ਸੀ ਕਿ ਉਸ ਵਿਚ ਮਰਨ ਵਾਲਿਆਂ ਦੀ ਸੰਖਿਆ ਕੀ ਸੀ। ਮੈਨੂੰ ਚੇਤੇ ਆਇਆ ਕਿ ਬਚਪਨ 'ਚ 3000 ਕੇਲਿਆਂ ਨਾਲ ਭਰੀ ਟਰੇਨ ਨੂੰ ਸਮੁੰਦਰ 'ਚ ਸਮਾਉਂਦੇ ਦੇਖਿਆ ਸੀ। ਬਸ ਥੋੜ੍ਹੀ ਅਤਿਕਥਨੀ ਵਰਗੀ ਲੱਗਣ ਦੇ ਬਾਵਜੂਦ ਇਸ ਸੰਖਿਆ ਨੂੰ ਮੈਂ ਚੁਣ ਲਿਆ। ਅਤੇ ਤੁਸੀਂ ਯਕੀਨ ਨਹੀਂ ਕਰੋਗੇ ਅਗਲੇ ਕੁਝ ਦਿਨ੍ਹਾਂ 'ਚ 3000 ਦਾ ਇਹ ਅੰਕੜਾ ਸਾਰਿਆ ਦੀ ਜ਼ੁਬਾਨ ਉੱਤੇ ਸੀ। ਇਹੀ ਹੈ 'ਬਨਾਨਾ ਫੀਵਰ' ... ਕਦੇ ਕਦੇ ਮੈਨੂੰ ਸ਼ੱਕ ਹੁੰਦਾ ਹੈ ਕਿ ਸਾਡਾ ਅੱਧਾ ਇਤਿਹਾਸ ਇਸ ਤਰ੍ਹਾਂ ਦੀਆਂ ਸੱਚਾਈਆਂ ਨਾਲ ਭਰਿਆ ਪਿਆ ਹੈ। 'ਕੋਈ ਅਰਥ ਨਹੀਂ ਰੱਖਦਾ ਕਿ ਤੁਸੀਂ ਜੋ ਕਹਿ ਰਹੇ ਹੋ ਉਹ ਸੱਚ ਹੈ ਜਾਂ ਨਹੀਂ, ਕਿਉਂਕਿ ਕਦੀ ਨਾ ਕਦੀ ਉਸ ਨੂੰ ਸੱਚ ਮੰਨ ਲਿਆ ਜਾਵੇਗਾ। ਇਕ ਦਿਨ ਆਵੇਗਾ, ਜਦੋਂ ਨੇਤਾਵਾਂ ਦੀ ਬਜਾਏ ਲੋਕ ਲੇਖਕਾਂ ਦਾ ਯਕੀਨ ਕਰਨਗੇ...।'

**? ਤੁਹਾਡੀ ਕਲਮ ਅਕਸਰ ਇਕੱਲਤਾ ਦੇ ਆਸ ਪਾਸ ਰੁਕੀ ਮਿਲਦੀ ਹੈ।**

– ਲੇਖਕ ਇਕੱਲਾ ਹੀ ਹੁੰਦਾ ਹੈ ਪਰ ਇਕੱਲਤਾ 'ਚ ਵਿਚਾਰ ਉਸਦੇ ਨਾਲ ਹੁੰਦੇ ਹਨ। ਮੇਰੀਆਂ ਕਹਾਣੀਆਂ 'ਚ ਜਿਹੜੀ ਇਕੱਲਤਾ ਹੈ ਉਹ ਦੂਜੇ ਤਰ੍ਹਾਂ ਦੀ ਹੈ। ਇਹ ਉਚਾਈਆਂ ਦਾ ਇਕੱਲਾਪਨ ਹੈ। ਪੂਰੀ ਜ਼ਿੰਦਗੀ ਕੁਝ ਬਣ ਜਾਣ ਦੇ ਲੋਭ 'ਚ ਭੱਜਦੇ ਰਹਿਣ ਤੋਂ ਬਾਅਦ ਜਿਸ ਦਿਨ ਤੁਸੀਂ ਸਿਖਰ ਉੱਤੇ ਹੁੰਦੇ ਹੋ, ਉਥੇ ਤੁਸੀਂ ਇਕੱਲੇ ਹੁੰਦੇ ਹੋ। ਬਿਲਕੁੱਲ ਇਕੱਲੇ। ਮੈਂ ਦੋਹਾਂ ਨੂੰ ਭੋਗਿਆ ਹੈ। ਇਸ ਲਈ ਮੈਂ ਪੱਤਰਕਾਰੀ ਨਾਲ ਲਗਾਤਾਰ ਜੁੜੇ ਰਹਿਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਕਿ ਲੋਕਾਂ ਨਾਲ ਦੂਰੀ ਨਾ ਹੋਵੇ ਅਤੇ ਫਿਰ ਦੋਸਤ ਹੈਂ ਨਾ ਮੇਰੇ ਪੈਰ ਜ਼ਮੀਨ ਉੱਤੇ ਟਿਕਾਈ ਰੱਖਣ ਦੇ ਲਈ।

**? ਇਸਦਾ ਮਤਲਬ ਸਫਲਤਾ ਲੇਖਕ ਨੂੰ ਭ੍ਰਮਿਤ ਕਰ ਸਕਦੀ ਹੈ?**

–ਕੇਵਲ ਲੇਖਕ ਹੀ ਨਹੀਂ ਸਫਲਤਾ ਕਿਸੇ ਵੀ ਵਿਅਕਤੀ ਨੂੰ ਉਸਦੇ ਟੀਚੇ ਤੋਂ ਦੂਰ ਕਰ ਦਿੰਦੀ ਹੈ। ਤੁਹਾਡੇ ਜੀਵਨ ਵਿਚ ਘੁਸਪੈਠ ਕਰਕੇ ਇਹ ਤੁਹਾਡੇ ਨਾਲ ਦੋਸਤੀ ਦਾ ਸਾਥ, ਜੀਣ ਦੀ ਆਜ਼ਾਦੀ ਅਤੇ ਸਕੂਨ ਖੋਹ ਲੈਂਦੀ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਮੇਰੀਆਂ ਕਿਤਾਬਾਂ ਮੇਰੀ ਇਸ ਦੁਨੀਆਂ ਤੋਂ ਜਾਣ ਤੋਂ



ਬਾਅਦ ਲੋਕਾਂ ਤੱਕ ਪਹੁੰਚੇਗੀ। ਹੋ ਸਕਦਾ ਹੈ ਇਸ ਤਰ੍ਹਾਂ ਮੈਂ ਬਹੁਤ ਅੱਗੇ ਨਾ ਜਾ ਸਕਾਂ, ਪਰ ਮੈਂ ਜਿੱਥੇ ਵੀ ਰਹਾਂਗਾ ਉਥੇ ਇਕੱਲਤਾ ਨਹੀਂ ਹੋਵੇਗੀ। ਬਸ ਏਨਾ ਯਕੀਨ ਹੈ।

**? ਤੁਸੀਂ ਕਿਸ ਦੇ ਲਈ ਲਿਖਦੇ ਹੋ? ਆਪਣੀ ਅੰਦਰੂਨੀ ਪ੍ਰੇਰਨਾ ਦੇ ਲਈ ਜਾਂ ਆਪਣੇ ਪਾਠਕਾਂ ਦੇ ਲਈ।**

–ਦੇਖੋ ਪ੍ਰੇਰਨਾ ਇਕ ਲਕੀਰ ਹੈ, ਜਿਸ ਉੱਤੇ ਚੱਲ ਕੇ ਤੁਸੀਂ ਮੰਜਿਲ ਦਾ ਪਤਾ ਲਗਾ ਲੈਂਦੇ ਹੋ। ਬਹੁਤ ਸਾਰੇ ਲੋਕ ਅਜਿਹੇ ਹੁੰਦੇ ਹਨ, ਜਿਹੜੇ ਕਹਿੰਦੇ ਹਨ ਕਿ ਉਨ੍ਹਾਂ ਦੇ ਸੁਪਨੇ ਉਨ੍ਹਾਂ ਦੀ ਪ੍ਰੇਰਨਾ ਹਨ। ਮੇਰੇ ਲਈ ਜ਼ਿੰਦਗੀ ਹੀ ਸਭ ਤੋਂ ਵੱਡਾ ਸੁਪਨਾ ਹੈ। ਸਭ ਤੋਂ ਵੱਡਾ ਪ੍ਰੇਰਨਾ ਸਰੋਤ। ਇਸਦੇ ਦੇ ਸਾਹਮਣੇ ਰਾਤ ਨੂੰ ਆਉਣ ਵਾਲੇ ਸੁਪਨੇ ਬਹੁਤ ਛੋਟੇ ਹਨ। ਅਧੂਰੇ... ਏਥੋਂ ਤੱਕ ਜ਼ਿੰਦਗੀ ਹੀ ਮੇਰੀ ਪ੍ਰੇਰਨਾ ਹੈ ਅਤੇ ਯਕੀਨਨ ਮੈਂ ਉਸ ਦੇ ਲਈ ਲਿਖਦਾ ਹਾਂ। ਰਹੀ ਗੱਲ ਪਾਠਕਾਂ ਦੀ ਤਾਂ ਇਹ ਸੱਚ ਹੈ ਕਿ ਉਸ ਦੇ ਬਿਨਾ ਮੈਂ ਅਧੂਰਾ ਹਾਂ। ਮੈਂ ਪੂਰਾ ਹੁੰਦਾ ਹਾਂ ਉਨ੍ਹਾਂ ਦੀਆਂ ਨਜ਼ਰਾਂ ਵਿਚੋਂ ਲੰਘਣ ਤੋਂ ਉਪਰੰਤ। ਲਿਖਦੇ ਸਮੇਂ ਹਮੇਸਾਂ ਮੇਰੇ ਜਿਹਨ ਵਿਚ ਕੋਈ ਸੱਚਾਈ ਹੁੰਦੀ ਹੈ। ਕਦੀ ਕੋਈ ਖਾਸ ਚਿਹਰਾ, ਤਾਂ ਕਦੇ ਇਕ ਭੀੜ ਦੀ ਧੁੰਦਲੀ ਤਸਵੀਰ... ਸਾਇਦ ਇਹ ਉਹੀ ਪਾਠਕ ਹਨ ਜਿਨ੍ਹਾਂ ਤੱਕ ਮੈਂ ਨਹੀਂ ਪਹੁੰਚ ਸਕਦਾ। ਪਰ ਫਿਰ ਵੀ ਮੈਂ ਉਨ੍ਹਾਂ ਨਾਲ ਗੱਲਾਂ ਕਰਦਾ ਹਾਂ। ਆਪਣੀਆਂ ਕਹਾਣੀਆਂ ਦੇ ਮਧਿਆਮ ਨਾਲ।

**? 'ਵਨ ਹੰਡ੍ਰੇਡ ਇਅਰਸ ਆੱਫ ਸਾੱਲਿਟਿਯੂਡ' ਦੀ ਬੇਹੱਦ ਸਫਲਤਾ ਦੇ ਸੰਬੰਧ ਵਿਚ ਸੋਚਿਆ ਸੀ?**

– ਬਿਲਕੁਲ ਨਹੀਂ। ਜਦੋਂ ਪ੍ਰਕਾਸ਼ਕ ਨੇ ਮੈਨੂੰ ਦੱਸਿਆ ਕਿ ਉਹ ਇਸਦੀਆਂ 8000 ਕਾਪੀਆਂ ਛਾਪਣ ਵਾਲਾ ਹੈ ਤਾਂ ਮੈਂ ਹੈਰਾਨ ਸੀ। ਜਿਸ ਲੇਖਕ ਨੇ 600 ਦਾ ਅੰਕੜਾ ਪਾਰ ਨਾ ਕੀਤਾ ਹੋਵੇ ਉਸਦੀ ਕਿਤਾਬ ਦੀਆਂ 8000 ਕਾਪੀਆਂ। ਪਰ ਉਸ ਨੂੰ ਯਕੀਨ ਸੀ ਕਿ 4-6 ਮਹੀਨੇ ਵਿਚ ਸਾਰੀਆਂ ਕਾਪੀਆਂ ਵਿਕ ਜਾਣਗੀਆਂ। ਉਨ੍ਹਾਂ ਦਾ ਭਰੋਸਾ ਸੱਚ ਸਾਬਿਤ ਹੋਇਆ, 4-6 ਮਹੀਨੇ ਨਹੀਂ ਕੇਵਲ ਇਕ ਹਫਤੇ ਵਿਚ ਸਾਰੀਆਂ ਕਾਪੀਆਂ ਵਿਕ ਗਈਆਂ। ਲੋਕ ਕਹਿੰਦੇ ਸਨ ਕਿ ਇਹ ਕਿਤਾਬ ਇਕ ਸ਼ੀਸ਼ਾ ਹੈ, ਜਿਸ ਵਿਚ ਹਰ ਜ਼ਿੰਦਗੀ ਦਾ ਅਕਸ ਨਜ਼ਰ ਆਉਂਦਾ ਹੈ।

**? ਕੀ ਅਨੁਵਾਦ ਕਰਨਾ ਵੀ ਪਸੰਦ ਕਰਦੇ ਹੋ?**

– 'ਸੈਂਟ ਅਕਸ੍ਰੇ' ਅਤੇ 'ਕਾੱਨਰਾਡ' ਜਦੋਂ ਮੈਂ ਪੜ੍ਹਦਾ ਸੀ ਉਦੋਂ ਤੋਂ ਇਨ੍ਹਾਂ ਦਾ ਅਨੁਵਾਦ ਕਰਨਾ ਚਾਹੁੰਦਾ ਸੀ। ਉਂਜ ਵੀ ਕੁਝ ਮਾਸਟਰ ਪੀਸ ਨੂੰ ਛੱਡ ਕੇ ਵਧੇਰੇ ਕਰਕੇ ਕਿਤਾਬਾਂ ਦੇ ਅਨੁਵਾਦ ਸੰਸਕਰਨ ਪੜ੍ਹਨੇ ਪਸੰਦ ਕਰਦਾ ਹਾਂ। ਇਸ ਦੇ ਕਾਰਨ ਮੇਰੀ ਸਪੇਨਿਸ਼ ਨਾਲ ਮੋਹ ਹੋ ਸਕਦਾ ਹੈ। ਅਤੇ ਪਿਛਲੇ 20 ਸਾਲ ਤੋਂ ਟਾਇਮ ਮੈਗਜ਼ੀਨ ਦੇ ਪੰਨੇ ਤੋਂ ਰਿਸ ਕੇ ਅੰਗ੍ਰੇਜ਼ੀ ਵੀ ਇਕ ਮਿੱਠੀ ਜ਼ਹਿਰ ਦੇ ਵਾਂਗ ਮੇਰੇ ਅੰਦਰ ਦਾਖਲ ਹੋ ਚੁੱਕੀ ਹੈ। ਪ੍ਰੰਤੂ ਸਪੇਨਿਸ਼ ਤੋਂ ਇਲਾਵਾ ਕਿਸੇ ਵੀ ਭਾਸ਼ਾ ਦੀ ਅਪਣੱਤ ਮਹਿਸੂਸ ਨਹੀਂ ਹੁੰਦੀ। ਬਹੁਤ ਸਾਰੀਆਂ ਕਿਤਾਬਾਂ ਹੋਰ ਹਨ ਜਿਨ੍ਹਾਂ ਦਾ ਮੈਂ ਸਪੇਨਿਸ਼ ਅਨੁਵਾਦ ਕਰਨਾ ਚਾਹੁੰਦਾ ਹਾਂ। ਪਰ ਮੈਨੂੰ ਪਤਾ ਹੈ ਇਕ ਨਵੀਂ ਕਿਤਾਬ ਲਿਖਣ ਤੋਂ ਵਧੇਰੇ ਮਿਹਨਤ ਲਗਾਉਣ ਉੱਤੇ ਮੈਂ ਉਸ ਨਾਲ ਅੱਧਾ ਵੀ ਇਨਸਾਫ ਨਹੀਂ ਕਰ ਸਕਦਾ।

**? ਤੁਸੀਂ ਕਹਿਣਾ ਚਾਹੁੰਦੇ ਹੋ ਕਿ ਅਨੁਵਾਦ ਦੀ ਭੂਮਿਕਾ ਔਖੀ ਹੈ।**

– ਬਿਲਕੁਲ ਕਿਸੇ ਦੂਜੇ ਦੇ ਵਿਚਾਰਾਂ ਨੂੰ ਆਪਣੀ ਆਵਾਜ਼ ਦੇਣਾ ਵਾਕਿਆ ਔਖਾ ਹੈ। ਅਨੁਵਾਦ ਕੇਵਲ ਭਾਸ਼ਾ ਪਰਿਵਰਤਨ ਨਹੀਂ ਬਲਕਿ ਪੁਨਰ ਸਿਰਜਣਾ ਦੀ ਇਕ ਪ੍ਰਕਿਰਿਆ ਹੈ। ਜਿਸ ਵਿਚ ਮੂਲ ਆਤਮਾ ਨੂੰ ਬਚਾਈ ਰੱਖਣਾ ਇਕ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਕਈ ਵਾਰ ਅਜਿਹੀ ਗਲਤੀ ਅਨੁਵਾਦਕ ਕਰ ਬੈਠਦਾ ਹੈ। ਭਾਸ਼ਾ ਦੇ ਨਾਲ ਭਾਵ ਬਦਲ ਜਾਣ ਖਤਰਨਾਕ ਹੈ। ਮੇਰੀ ਕਿਤਾਬਾਂ ਦਾ 37

ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਅਤੇ ਮੈਨੂੰ ਖੁਸ਼ੀ ਹੈ ਕਿ ਮੇਰੇ ਅਨੁਵਾਦਕ ਨੇ ਆਪਣੀ ਜਿੰਮੇਵਾਰੀ ਬਖੂਬੀ ਨਿਭਾਈ ਹੈ। ਬਸ ਅਫਸੋਸ ਇਹ ਹੈ ਕਿ ਅਨੁਵਾਦ ਦੀ ਰਚਨਾਤਮਿਕਤਾ ਨੂੰ ਕਦੀ ਹੋਰ ਵਿਧਾਵਾਂ ਜਿਨਾ ਸਨਮਾਨ ਨਹੀਂ ਮਿਲਦਾ।

? **ਆਲੋਚਕਾ ਦੀ ਭੂਮਿਕਾ ਉਤੇ ਕੋਈ ਟਿੱਪਣੀ ਕਰਨਾ ਚਾਹੁੰਦੇ ਹੋ?**

– ਮੇਰੀ ਨਜ਼ਰ ਵਿਚ ਆਲੋਚਕ ਇੰਟਲੈਕਚੂਅਲਿਜ਼ਮ ਭਾਵ ਕਿ ਬੋਧਿਕਤਾਵਾਦ ਦੀ ਸਭ ਤੋਂ ਵੱਡੀ ਉਦਾਹਰਨ ਹਨ। ਉਨ੍ਹਾਂ ਦੇ ਕੋਲ ਇਕ ਬੰਨ੍ਹੀ ਹੋਈ ਲਕੀਰ ਹੁੰਦੀ ਹੈ ਅਤੇ ਉਹ ਚਾਹੁੰਦੇ ਹਨ ਕਿ ਹਰ ਲੇਖਕ ਉਸ ਲਕੀਰ ਉੱਤੇ ਚੱਲਣ। ਜਿਹੜ ਲੇਖਕ ਉਨ੍ਹਾਂ ਦੇ ਬਣਾਏ ਹੋਏ ਸੱਚੇ ਵਿਚ ਫਿਟ ਨਹੀਂ ਹੁੰਦਾ ਜਾਂ ਤਾਂ ਉਸ ਉੱਤੇ ਅਨਾੜੀ ਦੀ ਮੋਹਰ ਲਗਾ ਦਿੱਤੀ ਜਾਂਦੀ ਹੈ ਜਾਂ ਉਸ ਨੂੰ ਸੋਚ ਅਤੇ ਸ਼ੈਲੀ ਬਦਲਣ ਦੇ ਲਈ ਮਜਬੂਰ ਕੀਤਾ ਜਾਂਦਾ ਹੈ। ਮੈਨੂੰ ਇਸ ਨਾਲ ਫਰਕ ਨਹੀਂ ਪੈਂਦਾ ਕਿ ਆਲੋਚਕ ਮੇਰੇ ਬਾਰੇ ਵਿਚ ਕੀ ਸੋਚਦੇ ਹਨ। ਮੇਰਾ ਟੀਚਾ ਪਾਠਕਾਂ ਨਾਲ ਸਿੱਧਾ ਸੰਵਾਦ ਕਰਨਾ ਹੈ ਅਤੇ ਉਸ ਦੇ ਲਈ ਮੈਨੂੰ ਕਿਸੇ ਕਿਸਮ ਦਾ ਪੁਲ ਨਹੀਂ ਚਾਹੀਦਾ।

? **ਤੁਹਾਡੇ ਨਿੱਤ ਦੇ ਰੁਝੇਵੇ ਕਿਸ ਤਰ੍ਹਾਂ ਦੇ ਹੁੰਦੇ ਹਨ।**

– ਜਦੋਂ ਤੋਂ ਪਹਿਚਾਣ ਮਿਲੀ ਹੈ। ਪੂਰੇ ਦਿਨ ਦੀ ਤਰਤੀਬ ਵਿਚ ਬੰਨਣਾ ਕਠਿਨ ਹੋ ਗਿਆ ਹੈ। ਪਰ ਲਿਖਣ ਦੇ ਲਈ ਅਨੁਸ਼ਾਸਨ ਜ਼ਰੂਰੀ ਹੈ। ਇਸ ਲਈ ਮੈਂ 9 ਤੋਂ ਦੁਪਹਿਰ 3 ਵਜੇ ਤਕ ਲਿਖਦਾ ਹਾਂ। ਉਸ ਤੋਂ ਬਾਅਦ ਦਾ ਸਮਾਂ ਲੋਕਾਂ ਨਾਲ ਮਿਲਦਾ ਹਾਂ। ਮੇਰੇ ਨਾਲ ਇਕ ਸਮੱਸਿਆ ਇਹ ਹੈ ਕਿ ਮੈਂ ਘਰੇਲੂ ਵਾਤਾਵਰਨ ਵਿਚ ਲਿਖ ਸਕਦਾਂ ਹਾਂ। ਯਾਤਰਾ ਦੇ ਸਮੇਂ ਤਾਂ ਲੱਖ ਕੋਸ਼ਿਸ਼ ਕਰਨ ਤੋਂ ਬਾਅਦ ਵੀ ਨਹੀਂ ਲਿਖ ਸਕਦਾ। ਕਿੰਨਾ ਕੁਝ ਮੇਰੀਆਂ ਅੱਖਾਂ ਵਿਚੋਂ ਗੁਜਰਦਾ ਹੈ ਅਤੇ ਮੈਂ ਖਾਲੀ ਹੱਥ ਪਰਤ ਆਉਂਦਾ ਹਾਂ। ਇਕ ਹੋਰ ਗੱਲ ਹੈ, ਜਿਹੜੀ ਮੈਨੂੰ ਪਰੇਸ਼ਾਨ ਕਰਦੀ ਹੈ। ਉਹ ਹੈ ਕਿਸੇ ਵੀ ਕਹਾਣੀ ਦਾ ਮੁੱਢ। ਪਹਿਲੀ ਲਾਇਨ, ਪਹਿਲਾ ਵਾਕ... ਕਦੀ ਕਦੀ ਮਹੀਨੇ ਗੁਜ਼ਰ ਜਾਂਦੇ ਹਨ। ਇਸ ਔਖੇ ਸਵਾਲ ਨੂੰ ਹੱਲ ਕਰਨ ਵਿਚ।

? **'ਬੁੱਕ ਆਨ ਕਿਊਬਾ' ਕੀ ਹੈ?**

– ਮੇਰੀ ਆਉਣ ਵਾਲੀ ਕਿਤਾਬ, ਜਿਸ ਉੱਤੇ ਅੱਜਕੱਲ ਮੈਂ ਕੰਮ ਕਰ ਰਿਹਾ ਹਾਂ। ਇਕ ਲੰਮੀ ਖਬਰ ਵਰਗੀ ਚੀਜ ਕੁਝ ਲਿਖਦਿਆਂ ਹੋਇਆ ਮੈਂ ਕਿਊਬਾ ਸਮਾਜ ਦੀਆਂ ਸਮੱਸਿਆਵਾਂ ਉੱਤੇ ਰੋਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਦੁਨੀਆਂ ਦਾ ਇਕ ਅਜਿਹਾ ਕੋਨਾ ਹੈ ਜਿੱਥੇ ਲੋਕ ਉਪਕਾਰਾ ਵਿਚ ਜਿਓ ਕੇ ਵੀ ਨਹੀਂ ਜਾਣਦੇ ਕਿ ਉਹ ਕੀ ਹਨ। ਉਥੇ ਜ਼ਿੰਦਗੀ ਉਦਾਸ ਨਹੀਂ ਪਰ ਅੱਗੇ ਵੱਧਦੀ ਦੁਨੀਆਂ ਨੂੰ ਕੀ ਮੁੜ ਕੇ ਉਨ੍ਹਾਂ ਨੂੰ ਨਾਲ ਲੈਣ ਦੀ ਪਹਿਲ ਨਹੀਂ ਕਰਨੀ ਚਾਹੀਦੀ? ਇਹੀ ਸਵਾਲ ਸਮੇਟਦੇ ਸਮੇਟਦੇ ਛੋਟੀ ਜਿਹੀ ਗੱਲ ਕਈ ਪੰਨਿਆ ਤੱਕ ਵੱਧ ਗਈ।

? **ਐਨਾ ਨਾਮ, ਪਹਿਚਾਣ ਪਾਉਣ ਦੇ ਬਾਅਦ ਵੀ ਕੀ ਕੁਝ ਅਜਿਹਾ ਹੈ ਜਿਸ ਨੂੰ ਪਾਉਣ ਦੀ ਇੱਛਾ ਬਾਕੀ ਹੋਵੇ?**

– ਮੈਂ ਅਪਣੇ ਅੰਦਰ ਉਹ ਉਰਜਾ ਪੈਦਾ ਹੁੰਦੀ ਦੇਖਣਾ ਚਾਹੁੰਦਾ ਹਾਂ ਜਿਹੜੀ ਮੈਨੂੰ ਮੇਰੇ ਪਾਠਕਾਂ ਦੀ ਨਜ਼ਰਾਂ ਵਿਚ ਬੰਨ੍ਹੀ ਰੱਖ ਸਕੇ। ਮੈਂ ਨਹੀਂ ਚਾਹੁੰਦਾ ਕਿ ਕੱਲ ਜਦੋਂ ਕੋਈ ਕਲਪਨਾ ਭਰਿਆ ਪਲ ਮੇਰੇ ਬੂਹੇ 'ਤੇ ਦਸਤਕ ਦੇਵੇ ਉਸ ਨੂੰ ਸੰਭਾਲਣ ਸਮੇਂ ਮੈਂ ਆਪਣੇ ਨਾਲ ਨਜ਼ਰਾ ਨਾ ਮਿਲਾ ਸਕਾਂ। ਕਿਸੇ ਵੱਡੇ ਇਨਾਮ ਦੀ ਇੱਛਾ ਨਹੀਂ ਪਰ ਇਕ ਘਾਟ ਮੈਨੂੰ ਹਮੇਸ਼ਾ ਰਹੇਗੀ ਕਿ ਮੇਰੇ ਕੋਈ ਬੇਟੀ ਨਹੀਂ ਹੈ।

**ਮੁਲਾਕਾਤੀ: ਪੀਟਰ ਐਚ. ਸਟੋਨ**


**ਅਨੁਵਾਦ: ਭਗਵੰਤ ਰਸੂਲਪੁਰੀ**



**ਆਲੋਚਨਾ-**

## ਪੂੰਜੀਵਾਦੀ ਦੌਰ 'ਚ 'ਖੇਤਾਂ ਦਾ ਰੁਦਨ' /- ਡਾ. ਅੰਮ੍ਰਿਤਪਾਲ ਕੌਰ

ਬਲਬੀਰ ਪਰਵਾਨਾ ਦਾ ਹਥਲਾ ਨਾਵਲ 'ਖੇਤਾਂ ਦਾ ਰੁਦਨ' ਉਸ ਸਮਾਜ ਸਭਿਆਚਾਰ (ਖਿੱਤੇ) ਨਾਲ ਜੁੜਿਆ ਹੋਇਆ ਹੈ, ਜਿਸ ਨੂੰ ਕੌਮੀ / ਕੌਮਾਂਤਰੀ ਪੱਧਰ ਉੱਤੇ 'ਅੰਨਦਾਤਾ' ਵਜੋਂ ਜਾਣਿਆ ਜਾਂਦਾ ਹੈ ਪ੍ਰੰਤੂ ਅੰਨਦਾਤਾ ਦੀ ਮੂਲ ਸਮੱਸਿਆ ਨੂੰ ਸੁਲਝਾਉਣ ਦੀ ਨੀਅਤ ਅਤੇ ਨੀਤੀ ਨਾਵਲੀ ਬਿਰਤਾਂਤ ਵਿਚ ਕਿਧਰੇ ਵੀ ਦਿਖਾਈ ਨਹੀਂ ਦਿੰਦੀ। ਨਾਵਲ ਦਾ ਪੀਡਾ ਬਿਰਤਾਂਤ ਸਮੁੱਚੀਆਂ ਘਟਨਾਵਾਂ ਦੀ ਲੜੀਬੱਧਤਾ, ਨਾਵਲ ਨੂੰ ਸਾਹਿਤਕਤਾ ਦੀ ਸਿਰਮੌਰਤਾ ਬਖਸ਼ਦੇ ਹਨ।




ਨਾਵਲੀ ਬਿਰਤਾਂਤ ਇਸ ਦੇ ਮੁੱਖ–ਪਾਤਰ ਰਵਿੰਦਰ ਸਿੰਘ ਸਹੋਤਾ ਉਰਫ਼ ਰਵੀ ਦੇ ਦੁਆਲੇ ਉਸਰਿਆ ਹੈ। ਸਮੁੱਚਾ ਨਾਵਲ ਪੰਜਾਬੀ ਨਿਮਨ ਜ਼ਮੀਨੀ ਕਿਰਸਾਨੀ ਦੇ ਇਰਦ–ਗਿਰਦ ਘੁੰਮਦਾ ਹੋਇਆ, ਖਪਤ ਸਭਿਆਚਾਰ ਦੇ ਪੰਜਾਬੀ ਜਨ ਜੀਵਨ ਤੇ ਸਭਿਆਚਾਰ 'ਤੇ ਪਏ ਪ੍ਰਭਾਵਾਂ ਨੂੰ ਆਤਮਸਾਤ ਕਰਦਾ ਹੋਇਆ, ਮਨੁੱਖ ਦੀ ਪਲ–ਪਲ ਬਦਲਦੀ ਸੋਚ 'ਤੇ ਨਿੱਜ ਦੀ ਬੂ ਨੂੰ ਉਭਾਰਦਾ ਦਿਖਾਈ ਦਿੰਦਾ ਹੈ। ਇਕ ਪਾਸੇ ਉਹ ਲੋਕ ਹਨ ਜਿਹੜੇ ਸਮਾਜ ਦੇ ਵਿਗੜੇ ਹਾਲਾਤਾਂ ਨੂੰ ਬਦਲਣ ਲਈ ਤਰਲੋਮੱਛੀ ਹੁੰਦੇ ਹਨ, ਹੀਲੇ ਵੀ ਕਰਦੇ ਹਨ ਪਰ ਉਹਨਾਂ ਦੇ ਹੱਥ ਵਿਚੋਂ ਰੇਤ ਦੀ ਮੁੱਠੀ ਵਾਂਗ ਸਭ ਕਿਰਦਾ ਜਾਂਦਾ ਹੈ। ਦੂਜੇ ਪਾਸੇ ਉਹ ਲੋਕ ਜਿਹੜੇ ਨਿੱਜ ਲਈ, ਜਿਉਂਦੇ ਹਨ, ਮੰਡੀ ਦੇ ਇਸ ਦੌਰ ਵਿਚ ਅੱਗੇ ਵਧਣ ਲਈ ਆਪਣੀਆਂ ਅਕਾਂਖਿਆਵਾਂ ਦੀ ਪੂਰਤੀ ਲਈ ਅਤੀਤ ਨੂੰ ਆਪਣੇ ਪੱਲੇ ਨਾਲੋਂ ਝਾੜ ਕੇ ਨਵੇਂ ਸਮਾਜਿਕ ਪ੍ਰਬੰਧ ਵਿਚੋਂ ਆਪਣੀ ਹੋਂਦ ਹਾਸਿਲ ਕਰਨ ਲਈ ਹਰ ਹੀਲਾ–ਵਸੀਲਾ ਵਰਤਦੇ ਹਨ। ਉੱਚੇ ਆਰਥਿਕ ਸਟੇਟਸ ਦੀ ਇੱਛਾ ਕਰਦੇ ਹੋਏ ਇਹ ਪਾਤਰ ਆਪਣੀ ਜ਼ਿੰਦਗੀ ਵਿਚੋਂ ਉਨ੍ਹਾਂ ਰਿਸ਼ਤਿਆਂ ਨਾਤਿਆਂ ਨੂੰ ਮਨਫ਼ੀ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ, ਜਿਨ੍ਹਾਂ ਨਾਲ ਇਹਨਾਂ ਦੀ ਜ਼ਿੰਦਗੀ ਦੀਆਂ ਹੁਸੀਨ ਯਾਦਾਂ ਜੁੜੀਆਂ ਹੁੰਦੀਆਂ ਹਨ।

ਬਲਬੀਰ ਪਰਵਾਨਾ ਦਾ ਹਥਲਾ ਨਾਵਲ ਪਰਿਵਰਤਿਤ ਹੋ ਰਹੀਆਂ ਸਮਾਜਿਕ ਸਭਿਆਚਾਰਕ ਕਦਰਾਂ–ਕੀਮਤਾਂ ਦੇ ਅੰਤਰਗਤ ਉਹਨਾਂ ਵਰਤਾਰਿਆਂ ਨੂੰ ਨਾਵਲੀ ਬਿਰਤਾਂਤ ਵਿਚ ਉਦਘਾਟਿਤ ਕਰਦਾ ਹੈ, ਜਿਹੜੇ ਅਜੋਕੇ ਮਨੁੱਖੀ ਵਿਵਹਾਰ ਨੂੰ ਦ੍ਰਿਸ਼ਟੀਗਤ ਕਰਦੇ ਹਨ। ਤਕਨਾਲੋਜੀ ਅਤੇ ਗਿਆਨ–ਵਿਗਿਆਨ ਨੇ ਜਿਥੇ ਮਨੁੱਖ ਦੀ ਸੋਚ/ ਦ੍ਰਿਸ਼ਟੀ ਨੂੰ ਪ੍ਰਭਾਵਿਤ ਕੀਤਾ ਹੈ, ਉਥੇ ਇਸ ਪ੍ਰਭਾਵ ਨੇ ਨਿੱਜ ਨੂੰ ਅਹਿਮੀਅਤ ਦਿੱਤੀ ਹੈ।

ਨਾਵਲ ਦਾ ਮੁੱਖ ਪਾਤਰ ਰਵਿੰਦਰ ਸਿੰਘ ਅਜੋਕੇ ਦੌਰ ਵਿਚ ਵਿਘਟਤ ਹੋ ਰਹੇ ਮਨੁੱਖੀ ਸੰਬੰਧਾਂ ਪ੍ਰਤੀ ਜਿਥੇ ਚਿੰਤਿਤ ਦਿਖਾਈ ਦਿੰਦਾ ਹੈ, ਉਥੇ ਕੋਈ ਸਾਰਥਕ ਹੰਭਲਾ ਵੀ ਨਹੀਂ ਮਾਰ ਸਕਿਆ। ਨਿਮਨ ਕਿਰਸਾਨੀ ਪਿਛੋਕੜ ਨਾਲ ਜੁੜਿਆ ਇਹ ਪਾਤਰ ਪੰਜਾਬੀ ਭਾਸ਼ਾ ਵਿਚ ਪੀ. ਐਚ ਡੀ. ਕਰਕੇ ਇਕ ਪ੍ਰਾਈਵੇਟ ਕਾਲਜ ਵਿਚ ਐਡਹਾਕ ਲੈਕਚਰਾਰ ਹੈ। ਕਿਰਸਾਨੀ ਪਿਛੋਕੜ ਨਾਲ ਸੰਬੰਧਿਤ ਹੋਣ ਕਾਰਨ

ਘਾਟੇ ਦੇ ਧੰਦੇ ਕਿਰਸਾਨੀ ਕਰਜ਼ੇ ਨਾਲ ਦੱਬੇ-ਕੁਚਲੇ ਕਿਸਾਨ, ਆਤਮ ਹੱਤਿਆ ਕਰ ਰਹੇ ਕਿਸਾਨਾਂ ਉੱਪਰ ਇਕ ਕਿਤਾਬ ਲਿਖ ਰਿਹਾ ਹੈ। ਉਹਨਾਂ ਕਾਰਨਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਉਹ ਸਮਾਜ ਨੂੰ ਸਾਰਥਕ ਸੇਧ ਦੇਣਾ ਲੋਚਦਾ ਹੈ।

ਨਾਵਲੀ ਬਿਰਤਾਂਤ ਵਿਚ ਪੰਜਾਬ ਦੀ ਖੇਤੀਬਾੜੀ ਦਾ ਮਸ਼ੀਨੀਕਰਨ, ਪਿੰਡਾਂ ਦਾ ਸ਼ਹਿਰੀਕਰਨ ਨਾਵਲੀ ਸੰਵੇਦਨਾ ਦਾ ਇਕ ਅਹਿਮ ਝਰੋਖਾ ਹੈ, ਜਿਸ ਰਾਹੀਂ ਨਾਵਲਕਾਰ ਬਦਲ ਰਹੀਆਂ ਕਦਰਾਂ-ਕੀਮਤਾਂ ਨੂੰ, ਰੂਪਾਂਤਰਿਤ ਹੋ ਰਹੇ ਰਿਸ਼ਤਿਆਂ ਨੂੰ ਇਕਾਗਰਤਾ ਨਾਲ ਪੇਸ਼ ਕਰਦਾ ਹੈ। ਸੱਠਵੇਂ ਸੱਤਰਵੇਂ ਦਹਾਕੇ ਵਿਚ, ਪੰਜਾਬ ਵਿਚ ਆਏ ਹਰੇ ਇਨਕਲਾਬ ਕਾਰਨ ਬੜੀ ਤੇਜ਼ੀ ਨਾਲ ਵਾਪਰੇ ਇਸ ਬਦਲਾਓ ਨੂੰ ਪਰਵਾਨੇ ਨੇ ਸਿਧਾਂਤਾਂ, ਵਿਚਾਰਾਂ, ਵਿਹਾਰਾਂ ਤੇ ਵਰਤਾਰਿਆਂ ਰਾਹੀਂ ਰੂਪਮਾਨ ਕੀਤਾ ਹੈ। ਹਰ ਫ਼ਸਲ ਲਈ ਆਸਵੰਦ ਹੁੰਦਾ ਕਿਸਾਨ ਪੀੜੀ ਦਰ ਪੀੜੀ ਕਰਜ਼ੇ ਦੇ ਸੰਤਾਪ ਨੂੰ ਭੋਗ ਰਿਹਾ ਹੈ,

"ਇੰਝ ਕਿੰਨਾ ਕੁ ਚਿਰ ਚੱਲੇਗਾ...?...ਤੈਨੂੰ ਵੀ ਪਤਾ, ਜ਼ਮੀਨ 'ਚੋਂ ਕਿੰਨੀ ਕੁ ਆਮਦਨ ਨਿਕਲਦੀ ਐ... ਆਪ ਤੰਗ ਹੋ ਕੇ, ਕਰਜ਼ਾ ਚੁੱਕ ਕੇ ਤੇਰੀ ਪੜ੍ਹਾਈ 'ਤੇ ਲਾਉਂਦੇ ਰਹੇ ਕਿ ਤੂੰ ਕਿਤੇ ਲੱਗ ਗਿਆ ਤਾਂ ਆਪੇ ਘਰ ਦੇ ਧੋਣੇ ਧੋਤੇ ਜਾਣਗੇ...।"

ਰਵੀ ਦਾ ਪਿਤਾ ਵਧੀਆ ਭਵਿੱਖ ਦੀ ਆਸ ਵਿਚ ਨਿਰੰਤਰ ਜਦੋ-ਜਹਿਦ ਕਰਦਾ ਹੋਇਆ, ਹੋਰ ਕਰਜ਼ਾਈ, ਹੋਰ ਨਿਮਾਣੇ ਹੋ ਰਹੇ ਖੇਤਾਬਾੜੀ ਆਧਾਰਿਤ ਪਰਿਵਾਰਾਂ ਦਾ ਵਿਵੇਕ ਸਿਰਜ ਕੇ ਪੰਜਾਬੀ ਸਭਿਆਚਾਰ ਵਿਚ 'ਉਤਮ ਖੇਤੀ' ਦੀ ਮਿੱਥ ਨੂੰ ਨਕਾਰਦਾ ਹੋਇਆ, ਹਰੇ ਇਨਕਲਾਬ ਦਾ ਸ਼ੋਰ ਮਚਾ ਰਹੇ ਪੰਜਾਬ ਦੇ ਖੇਤੀ ਅਰਥਚਾਰੇ ਦੀ ਜਰਜਰ ਹੋ ਰਹੀ ਹੋਂਦ ਦਾ ਖ਼ੌਫਨਾਕ ਪ੍ਰਮਾਣ ਸਾਡੇ ਸਾਹਮਣੇ ਪੇਸ਼ ਕਰ ਰਿਹਾ ਹੈ। ਨਾਵਲ ਦੇ ਮੁੱਖ ਪਾਤਰ ਦੁਆਰਾ ਲਿਖੀ ਜਾ ਰਹੀ ਪੁਸਤਕ 'ਨਵਾਂ ਅਰਥਕ ਵਰਤਾਰਾ ਤੇ ਕਿਸਾਨ ਆਤਮ ਹੱਤਿਆਵਾਂ' ਦੁਆਰਾ ਉਹ ਸਾਰੇ ਸਿਸਟਮ ਨੂੰ ਤਹਿਸ ਨਹਿਸ ਕਰ ਰਹੀਆਂ, ਉਹਨਾਂ ਪ੍ਰਸਥਿਤੀਆਂ ਦਾ ਵਿਸਫੋਟ ਕਰਨਾ ਚਾਹੁੰਦਾ ਹੈ ਜਿਹੜੀਆਂ ਨਿਮਨ ਕਿਰਸਾਨੀ ਨੂੰ ਖੂਹ ਵਿਚ ਧੱਕ ਰਹੀਆਂ ਨੇ। ਪ੍ਰੰਤੂ ਨਾਵਲੀ ਬਿਰਤਾਂਤ ਵਿਚ ਤਣਾਓ ਉਦੋਂ ਉਤਪੰਨ ਹੁੰਦਾ ਹੈ ਜਦੋਂ ਰਵੀ ਦਾ ਪਿਤਾ ਰਵੀ ਦਾ ਵਿਆਹ ਆਪਣੀ ਮਰਜ਼ੀ ਨਾਲ ਕਰਨਾ ਚਾਹੁੰਦਾ ਹੈ ਜਿਥੋਂ ਉਸਨੂੰ ਦਾਜ ਵਿਚ ਕਾਰ ਆਉਣ ਦੀ ਲਾਲਸਾ ਹੈ। ਰਵੀ ਆਪਣੀ ਮਨਪਸੰਦ ਕੁੜੀ ਮਾਲਤੀ ਸ਼ਰਮਾ, ਜਿਹੜੀ ਕਿ ਉਸ ਦੇ ਨਾਲ ਹੀ ਐਡਹਾਕ ਲੈਕਚਰਾਰ ਹੈ, ਨਾਲ ਵਿਆਹ ਕਰਵਾਉਣ ਦੀ ਤੀਬਰ ਇੱਛਾ ਆਪਣੇ ਅੰਦਰ ਪਾਲੀ ਰੱਖਦਾ ਹੈ। ਫ਼ਲਸਰੂਪ ਪਿਤਾ ਉਸਨੂੰ ਜ਼ਮੀਨ ਅਤੇ ਘਰ 'ਚੋਂ ਬੇਦਖਲ ਕਰ ਦਿੰਦਾ ਹੈ। ਪਰਿਵਾਰਕ ਰਿਸ਼ਤਿਆਂ ਵਿਚ ਟੁੱਟ-ਭੱਜ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਪਿਉ-ਪੁੱਤਰ ਵਿਚ ਟਕਰਾਅ ਪ੍ਰਧਾਨ ਹੋ ਕੇ ਭਾਵੁਕਤਾ ਆਲੋਪ ਹੋ ਜਾਂਦੀ ਹੈ। ਇਥੋਂ ਤੱਕ ਕਿ ਪਿਤਾ ਦੀ ਮੌਤ ਦੀ ਖ਼ਬਰ ਵੀ ਰਵੀ ਨੂੰ ਦੱਸਣੀ ਰਿਸ਼ਤਿਆਂ ਵਿਚਲੀ ਇਕ ਪੂਰਤੀ ਜਿਹੀ ਹੀ ਕੀਤੀ ਗਈ।

"ਜੇ ਕੁਝ ਲੇਟ ਹੋ ਜਾਂਦਾ, ਉਸ ਨੂੰ ਸ਼ਾਇਦ ਉਡੀਕਦੇ ਵੀ ਨਾ।

ਕੀ ਉਹ ਮੇਰਾ ਬਾਪ ਨਹੀਂ ਸੀ? "

ਇਥੇ ਪੰਜਾਬੀ ਸਮਾਜ ਸਭਿਆਚਾਰ ਦਾ ਨਵਾਂ ਦੁਖਾਂਤ ਉਪਜਦਾ ਹੈ ਕਿ ਪਿਓ ਪੁੱਤਰ ਜਿਹਾ ਪੀਡਾ ਰਿਸ਼ਤਾ ਮਨੁੱਖ ਦੀ 'ਮੈਂ' ਵਾਦੀ ਹਉਮੈਂ ਦਾ ਸ਼ਿਕਾਰ ਹੋ ਜਾਂਦਾ ਹੈ। ਇਥੇ ਹੀ ਬਸ ਨਹੀਂ ਪਿਤਾ ਦੀ ਮੌਤ ਤੇ ਆਇਆ ਰਵੀ ਆਪਣੇ ਵੱਡੇ ਭਰਾ ਭਰਜਾਈ ਦੀਆਂ ਅੱਖਾਂ ਵਿਚ ਵੀ ਅੱਖਰਦਾ ਹੈ,

"ਨਰਿੰਦਰ ਨੇ ਤਾਂ ਵਸੀਅਤ ਕਰਾ ਲਈ ਹੋਈ ਐ ਆਪਣੇ ਨਾਂ...।"

ਭਰਾ-ਭਰਾ ਦੀ ਸਾਂਝ ਵੀ ਆਰਥਿਕਤਾ ਦੀ ਆੜ ਹੇਠ ਖ਼ਤਮ ਹੋ ਰਹੀ ਹੈ। ਵੱਡੇ ਭਰਾ ਨੂੰ ਛੋਟੇ ਭਰਾ ਦੀ ਕੋਈ ਫ਼ਿਕਰ ਨਹੀਂ। ਉਹ ਤਾਂ ਉਸ ਦਾ ਹਿੱਸਾ ਵੀ ਨੱਪ ਲੈਂਦਾ ਹੈ। ਸਮਾਜ ਸਭਿਆਚਾਰ ਵਿਚ ਜਿਥੇ ਪਰਿਵਾਰਕ ਪੱਧਰ 'ਤੇ ਬੇਗਾਨਗੀ ਦੀ ਸੁਰ ਉਭਰਦੀ ਹੈ, ਉਥੇ ਪਰਿਵਾਰ ਬਾਹਰੀ ਸੰਬੰਧ ਵੀ ਉਸ ਨਾਲ ਕੋਈ ਵਫ਼ਾ ਨਹੀਂ ਪਾਲਦੇ। ਮਾਲਤੀ ਸ਼ਰਮਾ ਉਸ ਤੋਂ ਦੇਹੀ ਸੁੱਖ ਭੋਗਦੀ ਤਾਂ ਹੈ, ਪਰ ਉਸ ਨਾਲ ਇਕ ਰਿਸ਼ਤੇ



ਵਿਚ ਬੱਝਣ ਤੋਂ ਇਨਕਾਰੀ ਹੈ,

"ਉਸ ਨਾਲ ਵਿਆਹ ਬਾਰੇ ਕਦੀ ਸੋਚਿਆ ਹੀ ਨਹੀਂ ਸੀ!"

ਮਾਲਤੀ ਅਜੋਕੇ ਦੌਰ ਦੀ ਉਸ ਔਰਤ ਦੀ ਨਿਸ਼ਾਨਦੇਹੀ ਕਰਦੀ ਹੈ, ਜਿਹੜੀ ਮੰਡੀ ਦੇ ਮੁਨਾਫ਼ੇ ਨਾਲ ਆਪਣੀਆਂ ਕਦਰਾਂ-ਕੀਮਤਾਂ ਦਾ ਗ੍ਰਾਫ਼ ਹੇਠਾਂ ਵੱਲ ਸਰਕਾ ਰਹੀ ਹੈ ਅਤੇ ਸਰੀਰਕ ਸੁੱਖਾਂ ਦਾ ਗ੍ਰਾਫ਼ ਉੱਪਰ ਵੱਲ ਲਿਜਾ ਰਹੀ ਹੈ।

"ਇਹ ਹੈ ਪੋਸਟ ਮੌਡਰਨਿਟੀ, ਕਾਰਪੋਰੇਟੀ ਜੀਵਨ-ਜਾਚ ...ਦੋਸਤੀ ਕਿਤੇ, ਵਿਆਹ ਕਿਤੇ...।"

ਮਨੁੱਖੀ ਰਿਸ਼ਤਿਆਂ ਵਿਚ ਸਦਾ ਰਹਿਣਾ ਵਾਲੀ ਸਾਂਝ ਅਤੇ ਅਪਣੱਤ, ਪਦਾਰਥਕ ਉੱਨਤੀ ਕਾਰਨ ਸਭਿਆਚਾਰਕ ਮੁੱਲਾਂ ਵਿਚ ਆਈ ਤਬਦੀਲੀ ਨੇ ਰਿਸ਼ਤਿਆਂ ਵਿਚ ਟਕਰਾਅ ਤੇ ਤਣਾਅ ਵਧਾ ਦਿੱਤਾ ਹੈ, ਭਾਵੇਂ ਮਨੁੱਖੀ ਜ਼ਿੰਦਗੀ ਵਿਚ ਪੂੰਜੀ ਦੀ ਵਿਸ਼ੇਸ਼ ਮਹੱਤਤਾ ਹੈ। ਪਰ ਇਸ ਦੀ ਅੰਨ੍ਹੀ ਲਾਲਸਾ ਨੇ ਮਨੁੱਖ ਨੂੰ ਨਿਜ ਤੱਕ ਸੀਮਤ ਕਰ ਦਿੱਤਾ ਹੈ। ਨਾਵਲ ਦੀ ਪਾਤਰ ਮਾਲਤੀ ਸ਼ਰਮਾ ਵੀ ਐਡਹਾਕ ਲੈਕਚਰਾਰ, ਜਿਹੜਾ ਕਿ ਘਰੋਂ ਵੀ ਬੇਦਖਲ ਕਰ ਦਿੱਤਾ ਜਾਂਦਾ ਹੈ ਉਸਨੂੰ ਆਸਾਨੀ ਨਾਲ ਆਪਣੀ ਜ਼ਿੰਦਗੀ ਵਿਚੋਂ ਮਨਫ਼ੀ ਕਰ ਦਿੰਦੀ ਹੈ। ਐਨ. ਆਰ. ਆਈ. ਅਵਿਨਾਸ਼ ਨਾਲ ਵਿਆਹ ਬੰਧਨ ਵਿਚ ਬੱਝਣ ਲੱਗਿਆ ਵੀ ਉਹ ਰਵਿੰਦਰ ਨੂੰ ਕੋਈ ਬਹੁਤੀ ਅਹਿਮੀਅਤ ਨਹੀਂ ਦਿੰਦੀ।

ਹਥਲਾ ਨਾਵਲ ਸਾਡੇ ਸਮਾਜ ਸਭਿਆਚਾਰ ਦੇ ਉਸ ਦੁਖਾਂਤ ਨੂੰ ਪ੍ਰਗਟਾਉਂਦਾ ਹੈ, ਜਿਸ ਵਿਚ ਮਕਾਨਕੀ ਤੇ ਖੁਦਗਰਜ਼ ਰਿਸ਼ਤਿਆਂ ਦਾ ਬਿਰਤਾਂਤ ਮਨੁੱਖੀ ਜੀਵਨ ਵਿਚ ਉਪਜਦੇ ਵਿਸ਼ਾਦ ਤੇ ਪੀੜਾ, ਮਨੁੱਖ ਨੂੰ ਆਪਣੇ ਹੀ ਕਲੇਵਰ ਵਿਚ ਸਮੇਟਣ ਲਈ ਮਜ਼ਬੂਰ ਕਰਦੀ ਹੈ। ਨਾਵਲ ਵਿਚ ਔਰਤ-ਮਰਦ ਦੇ ਮਨੋਵੇਗਾਂ ਦੀ ਤਸਵੀਰ ਨੂੰ ਨਵੇਂ ਸਮੀਕਰਣ ਤੋਂ ਵੇਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਲੇਖਕ ਖੱਬੇ ਪੱਖੀ ਧਾਰਾ ਨਾਲ ਜੁੜਿਆ ਹੋਣ ਕਾਰਨ, ਸਮੱਸਿਆ ਦੇ ਕਾਰਨਾਂ ਨੂੰ ਆਰਥਿਕ ਗਹਿਰਾਈਆਂ ਨਾਲ ਵਾਚਦਾ ਅਤੇ ਸਮਝਦਾ ਹੈ ਅਤੇ ਇਸ ਗੰਭੀਰ ਮਸਲੇ ਨੂੰ ਮਨੁੱਖ ਦੀ ਸਮਾਜਿਕ ਸਭਿਆਚਾਰਕ ਹੋਂਦ ਨਾਲ ਜੋੜ ਕੇ ਪੇਸ਼ ਕਰਨ ਦਾ ਇਕ ਵੱਡਾ ਹੀਲਾ ਕਰਦਾ ਹੈ। ਅਜਿਹਾ ਕਰਦਿਆਂ ਹੋਇਆ ਉਹ ਨਾਵਲ ਦੇ ਅੰਤ ਵਿਚ ਰਵਿੰਦਰ ਸਿੰਘ ਸਹੋਤਾ ਨੂੰ ਡੋਲਣ ਨਹੀਂ ਦਿੰਦਾ ਸਗੋਂ ਪ੍ਰਸਥਿਤੀਆਂ ਦਾ ਸਾਹਮਣਾ ਕਰਕੇ ਜੀਵਨ-ਜਾਚ ਦੀ ਹੱਲਾਸ਼ੇਰੀ ਦਿੰਦਾ ਹੈ। ਆਰਥਿਕ ਪੱਧਰ 'ਤੇ ਘਰੇਲੂ ਉਥਲ-ਪੁੱਥਲ ਅਤੇ ਤਿੜਕਦੇ ਸਭਿਆਚਾਰਕ ਰਿਸ਼ਤਿਆਂ / ਵਰਜਿਤ ਰਿਸ਼ਤਿਆਂ ਤੋਂ ਉਪਜੀਆਂ ਮਾਨਸਿਕ ਉਲਝਣਾਂ ਤੇ ਸਮੱਸਿਆਵਾਂ ਨਾਲ ਜੂਝਦੇ ਰਵਿੰਦਰ ਸਿੰਘ ਸਹੋਤਾ ਦੀਆਂ ਮਾਨਸਿਕ ਪਰਤਾਂ ਨੂੰ ਪਰਵਾਨਾ ਬੜੇ ਹੀ ਕਲਾਤਮਕ ਢੰਗ ਨਾਲ ਪੇਸ਼ ਕਰਦਾ ਹੈ।

ਪਤਾ-ਅਸਿਸਟੈਂਟ ਪ੍ਰੋਫੈਸਰ, ਡੀ. ਏ. ਵੀ. ਕਾਲਜ ਫਾਰ ਵਿਮੈਨ, ਫਿਰੋਜ਼ਪੁਰ ਕੈਂਟ।

## ਕਰੂਰ ਯਥਾਰਥ ਦੇ ਰੂਬਰੂ : 'ਮੇਰਾ ਬਚਪਨ ਮੇਰੇ ਮੋਢੇ'/- ਐਚ ਐਸ ਡਿੰਪਲ


*ਸਵੈ ਜੀਵਨੀਕਾਰ: ਸ਼ਿਓਰਾਜ ਸਿੰਘ ਬੇਚੈਨ, ਅਨੁਵਾਦ: ਬਲਬੀਰ ਮਾਧੋਪੁਰੀ*

*ਪ੍ਰਕਾਸ਼ਕ :ਪਰਵਾਜ਼ ਪ੍ਰਕਾਸ਼ਨ, ਜਲੰਧਰ,*

*ਮੁੱਲ :200, ਪੰਨੇ :198*

ਇਕ ਚੰਗੀ ਰਚਨਾ ਪੜ੍ਹਨ ਵਿਚ ਜਿੰਨੀ ਆਸਾਨ ਹੁੰਦੀ ਹੈ, ਉਸ ਤੇ ਲਿਖਣਾ ਕਈ ਵਾਰ ਉੱਨਾ ਹੀ ਔਖਾ ਹੋ ਜਾਂਦਾ ਹੈ। ਕੁਝ ਕੁ ਘੰਟਿਆਂ ਵਿਚ ਪੜ੍ਹੀ ਗਈ ਰਚਨਾ ਤੇ ਲਿਖਣ ਲਈ ਕਈ ਵਾਰ ਕਈ ਦਿਨ ਅਤੇ ਕਈ ਵਾਰ ਮਹੀਨੇ ਲੱਗ ਸਕਦੇ ਹਨ, ਇਸ ਗੱਲ ਦਾ ਗਿਆਨ ਅਤੇ ਅਨੁਭਵ ਮੈਨੂੰ ਚਰਚਿਤ ਹਿੰਦੀ ਗੱਦਕਾਰ ਅਤੇ ਚਿੰਤਕ ਸ਼ਿਓਰਾਜ ਸਿੰਘ ਬੇਚੈਨ ਦੀ ਸਵੈ ਜੀਵਨੀ 'ਮੇਰਾ ਬਚਪਨ ਮੇਰੇ ਮੋਢੇ' ਦੀ ਸਮੀਖਿਆ ਕਰਨ ਸਮੇਂ ਹੋਇਆ। ਸਾਡੇ ਸਮਾਜਿਕ ਤਾਣੇ-ਬਾਣੇ ਵਿਚ ਊਣੇ, ਨਿਗੂਣੇ ਅਤੇ ਵਿਹੂਣੇ ਸਮਝੇ ਜਾਣ ਵਾਲੇ

ਭਾਈਚਾਰੇ ਨਾਲ ਅਖੌਤੀ ਓਪਰਲੀ ਜਮਾਤ ਵਲੋਂ ਦਮਨ ਤੇ ਸ਼ੋਸ਼ਣ ਵਾਲਾ ਵਿਵਹਾਰ ਕੀਤਾ ਜਾਂਦੀ ਹੈ, ਉਸ ਕਰੂਰ ਯਥਾਰਥਵਾਦ ਨੂੰ ਸਾਡੇ ਰੂਬਰੂ ਕਰਨ ਲਈ ਇਹ ਰਚਨਾ ਸਾਡੇ ਸੱਭਿਅਕ ਸਮਾਜ ਬਾਰੇ ਕਈ ਮਿੱਥਾਂ ਤੋੜਦੀ ਹੋਈ ਪਾਠਕ ਨੂੰ ਅਨੇਕ ਅਜਿਹੇ ਤੱਤਾਂ ਅਤੇ ਤੱਥਾਂ ਤੋਂ ਜਾਣੂ ਕਰਵਾਉਂਦੀ ਹੈ, ਜੋ ਅੰਗਰੇਜ਼ੀ ਕਹਾਵਤ "Fact is stranger than fiction" ਨੂੰ ਸੱਚ ਸਾਬਤ ਕਰਦੇ ਹਨ। ਰੌਂਗਟੇ ਖੜੇ ਕਰਨ ਵਾਲਾ ਬਿਰਤਾਂਤ ਗਲਪ ਦੀ ਅਣਹੋਂਦ ਦੇ ਬਾਵਜੂਦ ਕਥਾਰਸ ਨਾਲ ਲਬਰੇਜ਼ ਅਤੇ ਭਰਪੂਰ ਹੈ। ਪੁਸਤਕ ਦੀ ਹਰ ਸਤਰ 'ਚੋਂ ਵਿਜੈ ਵਿਵੇਕ ਦੀ ਕਾਵਿ-ਪੰਕਤੀ –




"ਦਰਦ ਐਨਾ ਕਿ ਰੇਤ ਵੀ ਤੜਪੀ,
ਜਬਤ ਐਨਾ ਕਿ ਬੋਲਿਆ ਨਾ ਗਿਆ।"

ਦੀ ਧੁਨੀ ਸੁਣਾਈ ਦਿੰਦੀ ਹੈ। ਪੁਸਤਕ ਦਾ ਪਾਠ ਕਰਦਿਆਂ ਤੁਲਸੀ ਰਾਮ ਦੀ ਸਵੈ-ਜੀਵਨੀ 'ਮੁਰਦ੍ਹੀਆ' 'ਅਤੇ 'ਮਣੀ-ਕ੍ਰਨਿਕਾ' ਦੀ ਯਾਦ ਚੇਤੇ ਵਿਚ ਆ ਸਮਾਉਂਦੀ ਹੈ। ਬੇਸ਼ੱਕ ਸ਼ਿਓਰਾਜ ਸਿੰਘ ਅੱਜ ਇਕ ਚੇਤਨ ਸਾਹਿਤਕਾਰ ਅਤੇ ਰਾਖਵੇਂਕਰਨ ਦੀਆਂ ਫਹੁੜੀਆਂ ਬਿਨਾਂ ਉੱਚ ਅਧਿਆਪਨ ਰੁਤਬੇ ਤੇ ਪੁੱਜਿਆ ਸੈਲਫ-ਮੇਡ ਇਨਸਾਨ ਹੈ, ਪਰ ਉਸਨੇ ਸਮਾਜਿਕ ਅਚਾਰ-ਵਿਹਾਰ ਦੀ ਜੋ ਤਸਵੀਰ ਵੇਖੀ ਅਤੇ ਨੰਗੇ ਪਿੰਡੇ ਹੰਢਾਈ ਹੈ, ਉਸਦੀ ਚੀਸ ਉਸਦੀ ਹਰ ਰਚਨਾ ਚੋਂ ਹਮੇਸ਼ਾ ਸੁਣਾਈ ਦੇਵੇਗੀ, ਕਿਉਂਕਿ ਉਸਦੇ ਕੌੜੇ ਅਨੁਭਵ ਅਤੇ ਬਚਪਨ ਦੀ ਮਿਠਾਸ ਦੇ ਗੈਰ-ਅਨੁਭਵ ਜੁੜ ਕੇ ਉਸਦੀ ਸੋਚ ਅਤੇ ਅਹਿਸਾਸ ਤੇ ਪੂਰੀ ਸਿੱਦਤ ਨਾਲ ਕਬਜ਼ਾ ਕਰੀ ਬੈਠੇ ਹਨ ਜਿਸ ਕਰਕੇ ਉਸ ਲਈ ਜੀਵਨ ਦੇ ਅਤਿ-ਹੈਰਾਨੀਜਨਕ ਵਰਤਾਰੇ ਵੀ ਐਨੇ ਸਧਾਰਣ ਜਾਪਦੇ ਹਨ। ਕਾਰਣ ਇਹ ਹੈ ਕਿ ਸੰਵੇਦਨਸ਼ੀਲ ਇਨਸਾਨ ਦੇ ਮਾਨਸਿਕ ਪਿੰਡੇ ਦੇ ਜ਼ਖ਼ਮ ਜ਼ਿਆਦਾ ਡੂੰਘੇ ਅਤੇ ਸੂਖ਼ਮ ਹੁੰਦੇ ਹਨ। ਸਿਗਮੰਡ ਫਰਾਇਡ ਨੇ ਬਚਪਨ ਦੇ ਅਨੁਭਵਾਂ ਨਾਲੋਂ ਗੈਰ-ਅਨੁਭਵਾਂ ਨੂੰ ਵੱਧ ਸ਼ਕਤੀਸ਼ਾਲੀ ਅਤੇ ਅਸਰਦਾਰ ਦੱਸਿਆ ਹੈ। ਜਿਹੜੇ ਸੁਪਨੇ ਤੇ ਇਛਾਵਾਂ ਪੂਰੇ ਨਹੀਂ ਹੁੰਦੇ, ਉਹ ਇਨਸਾਨ ਦੀ ਸੋਚ ਤੇ ਹਾਵੀ ਹੋ ਜਾਂਦੇ ਹਨ ਅਤੇ ਸੁਪਨਿਆਂ ਦੇ ਰੂਪ ਵਿਚ ਉਸ ਇਨਸਾਨ ਦੀ ਸੋਚ ਦੀ ਪਰਿਕਰਮਾ ਕਰਦੇ ਹਨ। ਇਹੀ ਦੱਬੇ-ਕੁਚਲੇ ਭਾਵ ਉਸਦੀ ਕਲਮ ਦੀ ਨੋਕ ਤੇ ਆ ਕੇ ਰਚਨਾ ਵਿਚ ਅਜਿਹਾ ਜਾਦੂਮਈ ਵਾਤਾਵਰਣ ਸਿਰਜਦੇ ਹਨ ਕਿ ਪਾਠਕ ਵੀ ਦੰਗ ਰਹਿ ਜਾਂਦਾ ਹੈ। ਅਜਿਹੇ ਲੇਖਕ ਦੀ ਵਾਰਤਕ ਵਿਚ ਕਥਾ ਰਸ ਅਤੇ ਗਲਪ ਵਿਚ ਵਾਰਤਕਮਈ ਤੱਥ ਹਾਵੀ ਹੋ ਜਾਂਦੇ ਹਨ। ਰਸੂਲਪੁਰੀ ਦੀਆਂ ਕਹਾਣੀਆਂ ਦਾ ਬਿਰਤਾਂਤ-ਬੋਧ ਇਸੇ ਸੱਚ ਦੀ ਸਾਖੀ ਭਰਦਾ ਹੈ।

ਅਸਲ ਵਿਚ ਚਰਚਿਤ ਹਿੰਦੀ ਲੇਖਕ ਸ਼ਿਓਰਾਜ ਸਿੰਘ ਬੇਚੈਨ ਲਿਖਿਤ 'ਮੇਰਾ ਬਚਪਨ ਮੇਰੇ ਮੋਢੇ' ਦੁਖਾਂਤ ਦਾ ਸ਼ਿਖਰ ਹੈ ਅਤੇ ਵਿਡੰਬਨਾ ਇਹ ਹੈ ਕਿ ਇਹ ਲੇਖਕ ਦੀ ਸਵੈ-ਜੀਵਨੀ ਹੈ। ਡਾ: ਸ਼ਰਣ ਕੁਮਾਰ ਲਿੰਬਾਲੇ ਦੀ 'ਅੱਕਰਮਾਸੀ' ਅਤੇ ਡਾ: ਤੁਲਸੀ ਰਾਮ ਦੀ 'ਮੁਰਦ੍ਹੀਆ' ਵਾਂਗ ਇਹ ਪੁਸਤਕ ਵੀ ਸਮਾਜ ਦੇ ਹਾਸ਼ੀਆਗ੍ਰਸਤ ਦਲਿਤ ਭਾਈਚਾਰੇ ਨਾਲ ਪੈਰ-ਪੈਰ ਤੇ ਹੋਣ ਵਾਲੇ ਪੱਖਪਾਤ ਨੂੰ ਉਭਾਰਦੀ ਹੈ ਅਤੇ ਪਾਠਕ ਦੇ ਮਨ ਵਿਚ ਕਰੁਣਾ ਭਾਵ ਪੈਦਾ ਕਰਨ ਦੀ ਥਾਂ ਸੰਵਾਦ ਰਚਾਉਂਦੀ ਹੈ, ਪ੍ਰਸ਼ਨ ਚਿੰਨ ਪੈਦਾ ਕਰਦੀ ਹੈ, ਸੋਚਣ ਲਈ ਮਜਬੂਰ ਕਰਦੀ ਹੈ। ਇਕ ਸਵੈ-ਜੀਵਨੀ ਹੋਣ ਦੇ ਬਾਵਜੂਦ ਪੁਸਤਕ ਵਿਚ ਉਤਸੁਕਤਾ-



ਭਰਪੂਰ ਖ਼ੂਬਸੂਰਤ ਬਿਰਤਾਂਤ ਸ਼ਾਸ਼ਤਰ ਉਭਰਦਾ ਹੈ, ਜੋ ਪਾਠਕ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ। ਬੇਚੈਨ ਨੇ ਪੁਸਤਕ ਨੂੰ ਨੌਂ ਭਾਗਾਂ ਵਿਚ ਵੰਡਿਆ ਹੈ, ਅਤੇ ਹਰ ਭਾਗ ਨੂੰ ਵੱਖਰਾ ਸਿਰਲੇਖ ਦਿੱਤਾ ਹੈ। ਪੁਸਤਕ ਦਾ ਆਰੰਭ ਲੇਖਕ ਨੇ ਆਪਣੇ ਜੀਵਨ ਦੇ ਘੋਲ ਦੇ ਆਰੰਭ ਨਾਲ ਕੀਤਾ ਹੈ, ਜੋ ਕਿ ਉਸਦੇ ਪਿਤਾ ਦੇ 23-24 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰਨ ਨਾਲ ਵਾਬਸਤਾ ਹੈ। ਪਰ, ਲੇਖਕ ਦੀ ਬਿਰਤਾਂਤਕ ਤਰਾਸਦੀ ਪਿਤਾ ਦੀ ਐਨੀ ਛੋਟੀ ਉਮਰ ਵਿਚ ਮੌਤ ਦੀ ਘਟਨਾ ਵਿਚ ਨਹੀਂ ਸਗੋਂ ਇਸ ਦੇ ਕਾਰਣਾਂ ਵਿਚ ਛੁਪੀ ਹੈ। ਰਿਸ਼ਤੇਦਾਰੀ ਵਿਚ ਇਕ ਵਿਆਹ ਤੇ ਬੇਚੈਨ ਦਾ ਪਿਤਾ ਬੀਮਾਰ ਹੋ ਜਾਂਦਾ ਹੈ, ਤਾਂ ਅੰਧ-ਵਿਸ਼ਵਾਸ਼ੀ ਲੋਕ ਉਸ ਅੰਦਰਲੇ "ਭੂਤ" ਨੂੰ ਕੱਢਣ ਲਈ ਉਸ ਦੇ ਜਿਸਮ ਤੇ ਜੋ ਜ਼ੁਲਮ ਢਾਉਂਦੇ ਹਨ, ਉਹੀ ਉਸਦੀ ਮੌਤ ਦਾ ਕਾਰਨ ਬਣਦੇ ਹਨ। ਉਸ ਪਿੱਛੋਂ ਆਪਣੀ ਹੋਂਦ ਕਾਇਮ ਰੱਖਣ ਲਈ ਕਿਸ ਤਰ੍ਹਾਂ ਪਰਿਵਾਰ ਸਮਾਜ ਨਾਲ ਟਕਰਾਉਂਦਾ ਅਤੇ ਰੋਜ਼ੀ-ਰੋਟੀ ਦੇ ਜੁਗਾੜ ਲਈ ਅਤਿ-ਨਿਮਨ ਦਰਜੇ ਦੇ ਕੰਮ ਕਰਨ ਲਈ ਮਜਬੂਰ ਹੁੰਦਾ ਹੈ, ਉਸ ਤੋਂ ਅਸੀਂ ਬੇਚੈਨ ਵਲੋਂ ਹੰਢਾਏ ਦੋਹਰੇ ਸੰਤਾਪ ਦੇ ਰੂਬਰੂ ਹੁੰਦੇ ਹਾਂ।

ਬੇਚੈਨ ਇਸ ਸਵੈ-ਜੀਵਨੀ ਰਾਹੀਂ ਆਪਣੇ ਸਵੈ-ਵਿਕਾਸ ਦੀ ਯਾਤਰਾ ਦਾ ਸੰਸਮਰਣ ਕਰਦਾ ਹੈ, "ਅਪਣੱਤ, ਸਨੇਹ ਅਤੇ ਹੋਰ ਛੋਟੀਆਂ-ਛੋਟੀਆਂ ਲੋੜ ਵਾਲੀਆਂ ਚੀਜ਼ਾਂ ਤੋਂ ਵਿਰਵੇ ਰਹਿਣ ਕਾਰਨ ਮੈਂ ਹੌਲੀ-ਹੌਲੀ ਗੰਭੀਰ ਅਤੇ ਜਿੰਮੇਵਾਰ ਹੁੰਦਾ ਗਿਆ।" ਦਲਿਤ ਬਰਾਦਰੀ ਦੇ ਅੰਧ-ਵਿਸ਼ਵਾਸ਼ ਦਾ ਤਰਕਮਈ ਉਲੇਖ ਕਰਦਾ ਹੋਇਆ ਬੇਚੈਨ ਕਈ ਥਾਂ ਤੇ ਵਿਅੰਗਮਈ ਚੋਭਾਂ ਵੀ ਦਿੰਦਾ ਹੈ, ਜਿਸ ਤੋਂ ਤਰਸ ਅਤੇ ਹਾਸੇ ਦਾ ਸੰਯੁਕਤ ਵਾਤਾਵਰਣ ਪੈਦਾ ਹੁੰਦਾ ਹੈ, "ਅਗਲੇ ਦਿਨ ਨਾਲ ਦੇ ਪਿੰਡ ਤੋਂ ਝਾੜ-ਫੂਕ ਕਰਨ ਵਾਲੇ ਸਿਆਣਿਆਂ ਦੀ ਇਕ ਢਾਣੀ ਸੱਦੀ ਗਈ। ਮੋਹਰੀ ਸਿਆਣੇ ਨੇ ਐਲਾਨ ਕਰ ਦਿੱਤਾ ਕਿ ਇਸ ਨੂੰ ਕਿਸੇ ਮਾਮੂਲੀ ਭੂਤ ਨੇ ਨਹੀਂ ਫੜਿਆ। ਚੁਰਾਹੇ ਵਾਲੀ ਬਹੁਤ ਤਾਕਤਵਰ ਹੈ ਅਤੇ ਉਹਦੇ ਨਾਲ ਹੋਰ ਕਈ ਭੂਤਨੀਆਂ ਵੀ ਨੇ। ਇਸ ਲਈ ਦੋ-ਤਿੰਨ ਦਿਨ ਤੱਕ ਲਗਾਤਾਰ ਥਾਲੀ ਵੱਜੇਗੀ, ਬੈਠਕ ਬੈਠੇਗੀ, ਤੇ ਚਾਬੁਕ ਚੱਲਾ।" ਅੰਤਲੀਆਂ ਕਾਵਿ-ਮਈ ਸਤਰਾਂ ਕਲਾਤਮਕ ਵਾਤਾਵਰਣ ਸਿਰਜਦੀਆਂ, ਦੁਖਾਂਤਿਕ ਸਿਖ਼ਰ ਦੀ ਉਸਾਰੀ ਕਰਦੀਆਂ ਹਨ। ਮਿੱਟੀ ਦੇ ਮਟਕੇ ਉੱਤੇ ਥਾਲ਼ੀ ਰੱਖ ਕੇ "ਛੰਦਾਂ ਯਾਨੀ ਭੂਤ-ਗੀਤਾਂ" ਦੇ ਵਾਕੰਸ਼ ਰਾਹੀਂ ਲੇਖਕ ਆਪਣੀ ਵਿਲੱਖਣ ਲਿਖਣ ਸ਼ੈਲੀ ਪੇਸ਼ ਕਰਦਾ ਹੋਇਆ ਅੱਜ ਦੇ ਵਿਗਿਆਨਕ ਪਸਾਰੇ ਦੇ ਯੁਗ ਵਿਚ ਅਨਪੜ੍ਹਤਾ ਦੇ ਹਨੇਰੇ ਵਿਚ ਰਹਿ ਰਹੇ ਸਮਾਜ ਦਾ ਪਰਨਾਲਾ ਉੱਥੇ ਦਾ ਉੱਥੇ ਹੋਣ ਦੀ ਗਵਾਹੀ ਭਰਨ ਦੇ ਨਾਲ-ਨਾਲ ਇਸ ਦੇ ਪਿਛੋਕੜ ਦੀ ਨਿਸ਼ਾਨਦੇਹੀ ਕਰਕੇ ਬੇਚੈਨ ਆਪਣਾ ਸਮਾਜਿਕ ਫਰਜ਼ ਸਮਝਦਾ ਅਤੇ ਨਿਭਾਉਂਦਾ ਦਿਖਾਈ ਦਿੰਦਾ ਹੈ। ਜਿਵੇਂ, "ਭੂਤਾਂ ਦੀ ਅੰਨ੍ਹੀ-ਭਗਤੀ ਤੇ ਰੋਗੀ ਨਾਲ ਵਧੀਕੀ ਦਾ ਦਿਲ-ਦਹਿਲਾ ਦੇਣ ਵਾਲਾ ਨਜ਼ਾਰਾ ਸੀ ਜੋ ਕਿਸੇ ਪੱਥਰ ਦਿਲ ਨੂੰ ਵੀ ਪਿਘਲਾ ਦਿੰਦਾ। ਕਲਾਵਤੀ ਭੂਆ ਬੇਨਤੀਆਂ-ਤਰਲੇ ਕਰ ਰਹੀ ਸੀ - ਮੇਰੇ ਭਰਾ ਨੂੰ ਸ਼ਹਿਰ ਲੈ ਚਲੋ, ਪਰ ਸੁਣਨ ਵਾਲਾ ਕੋਈ ਨਹੀਂ ਸੀ। ਤ੍ਰਾਸਦ ਵੇਦਨਾ ਨਾਲ ਭਰੇ ਚਾਚੇ ਦੇ ਹੰਝੂਆਂ ਦੀ ਭਾਸ਼ਾ ਸਮਝਣ ਵਾਲਾ ਕੋਈ ਨਹੀਂ ਸੀ।" ਚਾਚੇ ਦੇ ਬੋਲ "ਮੇਰੇ ਵਿਚ ਕੋਈ ਭੂਤ ਨਹੀਂ ਹੈ, ਕਿਸੇ ਵੈਦ ਨੂੰ ਸੱਦ ਲਿਆਓ, ਮੈਨੂੰ ਜੀਂਦੇ ਨੂੰ ਨਾ ਮਾਰੋ।" ਪੇਸ਼ ਕਰਦਾ ਹੋਇਆ ਲੇਖਕ "ਅਛੂਤਾਂ ਦੀ ਅਲੱਗ ਦੁਨੀਆਂ ਮੰਨ ਕੇ ਗੈ ਉਸ ਵਿਚ ਦਖ਼ਲਅੰਦਾਜ਼ੀ ਨਹੀਂ ਕਰਦੇ ਸਨ।" ਦਾ ਵਾਕ ਲਿਖ ਕੇ ਇਸ ਪੀੜਾ ਨੂੰ ਜ਼ਰਬ ਹੁੰਦਿਆਂ ਦਿਖਾਉਂਦਾ ਹੈ। ਇਹੀ ਨਹੀਂ "ਉਹ ਜਿੰਨੇ ਅਣਹੋਣੀ ਦੇ ਨਤੀਜਿਆਂ ਬਾਰੇ ਸੁਚੇਤ ਸਨ, ਓਨਾ ਚਾਚੇ ਦੇ ਇਲਾਜ ਬਾਰੇ ਨਹੀਂ।" ਵਾਕ ਰਾਹੀਂ ਇਸ ਪੀੜਾ ਨੂੰ ਚਰਮ ਸੀਮਾ ਤੇ ਪਹੁੰਚਾਉਂਦਾ ਹੈ, ਕਿਉਂਕਿ ਸਮਾਜ ਲਈ ਸ਼ਿਓਰਾਜ ਦੇ ਪਿਤਾ ਦੀ ਜਾਨ ਦੀ ਪ੍ਰਵਾਹ ਨਹੀਂ ਸੀ, ਉਸ ਅੰਦਰਲੇ ਭੂਤ ਤੋਂ ਡਰ ਸੀ, ਕਿ ਕਿਤੇ ਇਹ ਕਿਸੇ ਹੋਰ ਨੂੰ ਨਾ ਚੁੰਬੜ ਜਾਵੇ! ਅਗਲੀਆਂ ਸਤਰਾਂ ਵੇਖੋ - ਓਧਰ ਭੂਆ ਦੀ ਦੁਲਹਨ ਨਣਦ ਉਦਾਸ ਅਤੇ ਚਿੰਤਾ ਭਰੇ ਮਾਹੌਲ ਵਿਚ ਪੋਲੇ-ਪੋਲੇ ਪੈਰੀਂ ਸਰਦਲ ਟੱਪ ਰਹੀ ਸੀ ਤੇ ਇਧਰ ਕੱਚੇ ਕੋਠੇ ਵਿਚ ਚਾਚੇ ਦੇ ਪ੍ਰਾਣ ਦੇਹ ਤੋਂ ਵਿਦਾ ਹੋ ਰਹੇ ਸਨ। ਅਜਿਹੇ ਕਈ ਦਵੰਦ ਸਮੁੱਚੀ ਪੁਸਤਕ ਦੇ ਪੰਨਿਆਂ ਵਿਚ ਬਿਖ਼ਰੇ ਪਏ ਹਨ।

23-24 ਸਾਲ ਦੀ ਉਮਰ ਵਿਚ ਪਿਤਾ ਦੀ ਮੌਤ ਬਾਅਦ ਜਦੋਂ ਉਸਦੀ ਚਿਖਾ ਤਿਆਰ ਹੁੰਦੀ ਹੈ, ਤਾਂ ਬੇਚੈਨ ਦੀਆਂ ਅੱਖਾਂ ਖੁਸ਼ਕ ਹਨ। ਇਹ ਦਰਦ ਦਾ ਸ਼ਿਖ਼ਰ ਹੈ। ਉਪਰੰਤ ਘਰ ਦਾ ਚੁੱਲ੍ਹਾ ਬਲਦਾ ਰੱਖਣ ਲਈ ਬੇਚੈਨ ਪਸ਼ੂਆਂ ਦੀਆਂ ਲਾਸ਼ਾਂ ਅਤੇ ਚੰਮ ਲਾਹੁਣ ਅਤੇ ਢੋਹੁਣ ਦਾ ਕੰਮ ਕਰਦਾ ਹੈ- "ਸਿੰਙ-ਪੂਛ ਫੜਦਿਆਂ ਆਨਾ-ਦੋ-ਆਨਾ ਦੇ ਲਾਲਚ ਵਿਚ ਲੰਮੇ ਸੋਟੇ ਹੇਠ ਮੇਰੇ ਮੋਢੇ ਕਦੋਂ ਆ ਗਏ, ਪਤਾ ਹੀ ਨਹੀਂ ਲੱਗਾ ਸੀ। ਖੱਲ ਲਾਹੁਣੀ ਇਕ ਕਲਾ ਸੀ, ਅਤੇ ਉਸਨੂੰ ਪਕਾਉਣ ਦੀ ਪ੍ਰਕ੍ਰਿਆ ਪੂਰੀ ਇੰਜੀਨੀਅਰਿੰਗ ਸੀ। ਬਿਨਾਂ ਕੱਟ ਦੇ ਸਫ਼ਾਈ ਨਾਲ ਖੱਲ੍ਹ ਲਾਹ ਦੇਣਾ ਜਾਂ ਪ੍ਰਯੋਗਸ਼ਾਲਾ ਵਿਚ ਪਕਾ ਕੇ ਸੁੱਕਾ ਕਰਨਾ ਕੋਈ ਘੱਟ ਹੁਨਰਮੰਦੀ ਦਾ ਕੰਮ ਨਹੀਂ। ਪੋਥੀ ਮੈਰਿਟ ਵਾਲਾ ਕੰਮ ਸਮਾਜ ਦੀ ਨਜ਼ਰ ਵਿਚ ਸਨਮਾਨਜਨਕ ਹੈ, ਮਰੇ ਪਸ਼ੂ ਚੁੱਕਣਾ ਅਪਮਾਨਜਨਕ।" ਇਥੇ ਹੀਣ-ਬੋਧ ਦੇ ਖੋਖਲੇਪਣ ਨੂੰ ਸਾਬਤ ਕਰਦਾ ਬੇਚੈਨ ਲਿਖਦਾ ਹੈ - ਇਕ ਜ਼ਰੂਰੀ ਸੇਵਾ ਹੋਣ ਤੇ ਵੀ ਇਸ ਕਰਕੇ ਚਮਾਰਾਂ ਨੂੰ ਜਿੰਨੀ ਘ੍ਰਿਣਾ ਅਤੇ ਤ੍ਰਿਸਕਾਰ ਮਿਲੇ ਹਨ, ਉਹ ਗਿਣਾਏ ਨਹੀਂ ਜਾ ਸਕਦੇ। ਡਾਕਟਰ ਮਨੁੱਖ ਦੀ ਲਾਸ਼ ਦਾ ਪੋਸਟ-ਮਾਰਟਮ ਕਰਦਾ ਹੈ ਤਾਂ ਇੱਜ਼ਤਦਾਰ। ਭੰਗਣ ਸਫ਼ਾਈ ਕਰਦੀ ਏ ਤਾਂ ਦੁਰਕਾਰੀ ਜਾਂਦੀ ਹੈ।


ਸਵੈ-ਜੀਵਨੀ ਨੂੰ ਸਵੈ-ਕੇਂਦਰਤ ਕਰਨ ਦੀ ਥਾਂ ਇਸ ਨੂੰ ਸਮੁੱਚੇ ਦਲਿਤ ਭਾਈਚਾਰੇ ਦੀ ਤਸਵੀਰ ਪੇਸ਼ ਕਰਨ ਦਾ ਸਾਧਨ ਬਣਾਉਣ ਲਈ ਉਹ "ਦੇਸ਼ ਦੇ ਕਰੋੜਾਂ ਦਲਿਤ ਬੱਚਿਆਂ ਵਾਂਗ ਕਦੀ ਮੇਰਾ ਵੀ ਜਨਮ ਦਿਨ ਨਹੀਂ ਮਨਾਇਆ ਗਿਆ।" ਜਿਹੇ ਵਾਕ ਰਾਹੀਂ ਆਪਣੇ ਦਰਦ ਦਾ ਸਧਾਰਣੀਕਰਨ ਕਰਦਾ ਹੈ ਅਤੇ ਨਾਲ ਹੀ ਰਾਜਸੀ ਵਰਤਾਰੇ ਦੀ ਸੋਝੀ ਦਾ ਵੀ ਦਮ ਭਰਦਾ ਹੈ, "ਗਾਂਧੀਵਾਦੀ ਸਿਰਫ਼ ਉਪਦੇਸ਼ ਭਰੀ ਸ਼ੈਲੀ ਵਿਚ ਛੂਆ-ਛਾਤ ਨਾ ਮੰਨੋ ਕਹਿੰਦੇ ਨੇ, ਕੋਈ ਪ੍ਰਭਾਵੀ ਕਦਮ ਨਹੀਂ ਚੁੱਕਦੇ।" ਕਾਵਿਕ ਸਤਰਾਂ ਨਾਲ ਉਹ ਆਪਣੀ ਦਰਦ-ਗਾਥਾ ਨੂੰ ਹੋਰ ਵਿਯੋਗਮਈ ਬਣਾਉਂਦਾ ਹੈ।

ਜਿੱਥੇ ਨਿਮਨ ਜਾਤ ਲਈ ਅਗਿਆਨਤਾ ਅਤੇ ਗੈਰ-ਚੇਤਨਾ ਉਨ੍ਹਾਂ ਦੀ ਹੋਣੀ ਵਿਚ ਦੁਖਾਂਤਿਕ ਰੰਗ ਭਰਦੀ ਹੈ, ਉੱਥੇ ਸਮਾਜਿਕ ਵਿਹਾਰ ਉਨ੍ਹਾਂ ਦੇ ਦਰਦ ਨੂੰ ਜ਼ਰਬ ਕਰਦਾ ਹੈ। ਬਕੌਲ ਅਨੁਵਾਦਕ ਬਲਬੀਰ ਮਾਧੋਪੁਰੀ, "ਡਾ: ਬੇਚੈਨ ਆਪਣੇ ਪਿਤਾ, ਜਿਸ ਦਾ ਉਸਨੂੰ ਚਿਹਰਾ ਵੀ ਯਾਦ ਨਹੀਂ, ਨੂੰ ਸਾਢੇ ਕੁ ਚਾਰ ਸਾਲ ਦੀ ਉਮਰ ਵਿਚ ਖੋ ਲੈਂਦਾ ਹੈ।" ਉਸਨੇ ਬਾਲ ਮਜਦੂਰੀ ਕੀਤੀ। ਆਂਡੇ-ਨਿੰਬੂ ਵੇਚੇ। ਇੱਟਾਂ ਪੱਥੀਆਂ, ਕਾਰਖਾਨਿਆਂ ਵਿਚ ਖਤਰਨਾਕ ਰਸਾਇਣਾਂ ਨਾਲ ਜੂਝਿਆ। ਭੁੱਖ ਕਰਕੇ ਕਈ ਵਾਰ ਮਰਦਾ-ਮਰਦਾ ਬਚਿਆ। ਭੁੱਖ ਨੇ ਮਾਂ ਖੋਹੀ। ਉਦੋਂ ਬੇਚੈਨ ਇਨਕਲਾਬੀ ਗਤੀਵਿਧੀਆਂ ਕਰਕੇ ਜੇਲ੍ਹ ਵਿਚ ਸੀ। ਪੜ੍ਹਾਈ ਲਈ ਇਕ ਜ਼ਮੀਂਦਾਰ ਅਧਿਆਪਕ ਘਰ-ਖੇਤ ਵਗਾਰੀ ਕੀਤੀ। ਵੱਖ-ਵੱਖ ਇਲਾਕਿਆਂ ਦੀਆਂ ਦਲਿਤ ਜੀਵਨ ਨਾਲ ਸੰਬੰਧਤ ਸਵੈ-ਜੀਵਨੀਆਂ ਵਿਚ ਸਿਰਫ਼ ਲਿਪੀਅੰਤਰ ਵਿਖਾਈ ਦਿੰਦਾ ਹੈ, ਸਥਿਤੀਆਂ ਉਹੀ ਹਨ। ਇਸ ਸਵੈ ਜੀਵਨੀ ਦੀ ਵਿਲੱਖਣਤਾ ਇਹ ਹੈ ਕਿ ਇਸ ਦਾ ਅਨੁਵਾਦ ਇਕ ਸਫ਼ਲ ਦਲਿਤ ਸਵੈ-ਜੀਵਨੀ ਲੇਖਕ ਨੇ ਕੀਤਾ ਹੈ। ਸਮਾਜਿਕ ਵਰਤਾਰੇ ਉਹੀ ਹਨ। ਇਹ ਯਥਾਰਥ ਸਾਨੂੰ ਸਮਾਜ ਵਿਗਿਆਨ ਨੂੰ ਸਮਝਣ ਅਤੇ ਇਸ ਵਿਚ ਲੋੜੀਂਦੀਆਂ ਸੋਧਾਂ ਕਰਨ ਲਈ ਪ੍ਰੇਰਤ ਕਰਦਾ ਹੈ।

ਸਵੈ-ਜੀਵਨੀ ਵਿਚ ਸੱਚਾਈ ਨੂੰ ਇੰਨ-ਬਿੰਨ ਪੇਸ਼ ਕਰਨ ਦੀ ਜੁਗਤ ਵਰਤਦਿਆਂ ਲੇਖਕ ਨੇ ਆਪਣੀ ਸਾਹਿਤਕ ਕਲਾਤਮਿਕਤਾ ਪੇਸ਼ ਕਰਨ ਦਾ ਯਤਨ ਨਹੀਂ ਕੀਤਾ ਹੈ, ਫਿਰ ਵੀ ਬੇਚੈਨ ਦੀ ਆਤਮ-ਕਥਾ ਪੂਰੀ ਤਰ੍ਹਾਂ ਸੰਗਠਤ ਹੋਣ ਕਰਕੇ ਕਿਸੇ ਵੀ ਤਰ੍ਹਾਂ ਦੀ ਝੋਲ ਜਾਂ ਨੁਕਸ ਤੋਂ ਰਹਿਤ ਹੈ। ਘਟਨਾਵਾਂ ਦੀ ਤਰਤੀਬ ਅਤੇ ਪਾਤਰਾਂ ਦੀ ਪੇਸ਼ਕਾਰੀ ਕਰਦਿਆਂ ਬੇਚੈਨ ਭਾਵਨਾਤਮਕ ਹੋਣ ਦੀ ਥਾਂ ਇਕ ਤੱਥ ਅਤੇ ਤੱਤ ਨਿਖੇੜੂ ਸਵੈ-ਬਿੰਬ ਵਜੋਂ ਪੇਸ਼ ਹੁੰਦਾ ਹੈ। ਸਵੈ-ਹਮਦਰਦੀ ਆਕਰਸ਼ਕ ਕਰਨ ਦੀ ਥਾਂ ਲੇਖਕ ਸਮੁੱਚੇ ਵਰਤਾਰੇ ਨੂੰ ਸਮਝਣ ਅਤੇ ਸਮਝਾਉਣ ਲਈ ਤੱਥਾਂ ਅਤੇ ਤੱਤਾਂ ਦੀ ਇੰਨ-ਬਿੰਨ ਪੇਸ਼ਕਾਰੀ ਕਰਕੇ ਇਕ ਸਫ਼ਲ ਸਵੈ-ਜੀਵਨੀਕਾਰ ਸਾਬਤ ਹੁੰਦਾ ਹੈ।(ਸੰਪਾਰਕ 98885-69669)



# ਨਵ-ਬਸਤੀਵਾਦੀ ਚਕਰਵਿਊ 'ਚ ਘਿਰੇ ਸਰਵਹਾਰਾ ਮਨ ਦੀ 'ਅੰਤਰ ਲੀਲ੍ਹਾ' / - ਡਾ. ਸਤਿੰਦਰ ਸਿੰਘ ਰੈਬੀ




ਇਹ ਮਿੱਥ-ਕਥਾ ਆਮ ਸੁਣੀਦੀ ਹੈ ਕਿ ਸਾਗਰ ਮੰਥਨ ਹੋਇਆ ਤਾਂ ਅਸੁਰਾਂ ਨੂੰ ਲੱਭਾ 'ਅੰਮ੍ਰਿਤ' ਉਨ੍ਹਾਂ ਤੋਂ ਚਲਾਕੀ ਨਾਲ ਲੈ 'ਦੇਵਤਿਆਂ' ਵਿਚ ਵੰਡ ਦਿੱਤਾ ਗਿਆ ਅਤੇ ਉਨ੍ਹਾਂ ਪੱਲੇ ਜ਼ਹਿਰ ਪਾ ਦਿੱਤਾ ਗਿਆ, ਜਿਸ ਤੋਂ ਉਹ 'ਨਾਬਰ' ਹੋ ਗਏ। ਰਿੜਕਣਾਂ ਤਾਂ ਹੁਣ ਵੀ ਪਿਆ ਹੈ, ਪੂੰਜੀਵਾਦੀ ਮੁਲਕਾਂ ਤੇ ਕਾਰਪੋਰੇਸ਼ਨਾਂ ਦੁਆਰਾ ਪਾਇਆ 'ਵਿਸ਼ਵੀਕਰਨ' ਦਾ ਰਿੜਕਣਾ। ਪੂੰਜੀਪਤੀ 'ਪੂੰਜੀ' ਰੂਪੀ 'ਅੰਮ੍ਰਿਤ' ਆਪਣੇ ਹਿੱਸੇ ਪਾ ਰਹੇ ਹਨ ਤੇ ਸਰਵਹਾਰੇ' ਪੱਲੇ ਪੈ ਰਿਹਾ ਹੈ ਕੰਗਾਲੀ ਬਦਹਾਲੀ, ਬੇਰੁਜ਼ਗਾਰੀ, ਹਿੰਸਾ, ਸੰਪ੍ਰਦਾਇਕਤਾ, ਦਹਿਸ਼ਤ, ਸੈਕਸ, ਬਿਮਾਰ ਮਾਨਸਿਕਤਾ, ਬੇਵਸੀ, ਲਾਚਾਰੀ ਦਾ 'ਜ਼ਹਿਰ'। ਗਲੇ 'ਚ ਅਟਕਿਆ ਦੁੱਖਾਂ ਦਰਦਾਂ ਦਾ ਜ਼ਹਿਰ ਤੇ ਸੀਨੇ 'ਚ ਦਫ਼ਨ 'ਨਾਬਰੀ' ਦੀ ਲਲਕ।

ਨਵ-ਪੂੰਜੀਵਾਦ ਦੇ ਇਸ ਵਿਸ਼ਵੀਕਰਨ' ਰੂਪੀ ਮਕੜ-ਜਾਲ ਵਿਚ ਚੌਤਰਫਾ ਫਾਥੇ 'ਸਰਵਹਾਰਾ' ਮਨ ਦੀ ਅੰਤਰ-ਪੀੜਾ ਨੂੰ 'ਸ਼ਬਦ' ਦੇਣ ਦਾ ਹੀਆ ਕੀਤਾ ਹੈ ਪੰਜਾਬੀ ਦੇ ਪ੍ਰਬੁੱਧ ਤੇ ਪ੍ਰਬੀਨ ਕਥਾਕਾਰ ਕੁਲਵੰਤ ਗਿੱਲ ਨੇ, ਆਪਣੇ ਕਹਾਣੀ ਸੰਗ੍ਰਹਿ 'ਅੰਤਰ-ਲੀਲ੍ਹਾ' ਰਾਹੀਂ। ਕਥਾ ਸਿਰਜਣਾ ਦੇ ਮਨੋਰਥ ਨੂੰ ਪੂਰਨ ਭਾਂਤ ਸਪੱਸ਼ਟ ਕਰਦੀਆਂ ਉਸਦੀ ਸਤਰਾਂ ਹਨ,

ਤੁਰ ਰਹੇ ਸਮੇਂ ਦੀ ਪੈੜ ਨੱਪਦੀਆਂ ਉਸ 'ਚੀਕ' ਦੀਆਂ ਕਹਾਣੀਆਂ ਜੋ ਮੈਂ ਮਾਰਨਾ ਚਾਹੁੰਦਾ ਹਾਂ। ਇਹ 'ਚੀਕ' ਉਸ ਇਕੱਲੇ-ਕਾਰੇ ਦੀ ਨਹੀਂ, ਸਰਬ-ਸਾਂਝੀ ਹੈ। ਲੋਕਾਈ ਦੀ ਅੰਤਰ-ਪੀੜਾ' ਪ੍ਰਤਿ ਚੇਤੰਨ ਹੈ।

" ... ਤੇ ਸ਼ਾਇਦ ਤੁਸੀਂ !"

ਕਹਿਣਾ ਹੋਵੇਗਾ ਕਿ ਆਪਣੇ ਪ੍ਰਥਮ ਕਹਾਣੀ ਸੰਗ੍ਰਹਿ '**ਦਾਦੇ ਮਗਾਉਣਾ**' ਰਾਹੀਂ ਹੀ ਜਟਿਲ ਬਣਤਰ ਵਾਲਾ ਬਿਰਤਾਂਤ ਸਿਰਜਣ ਤੇ 'ਪਾਤਰਾਂ ਦੀਆਂ ਮਾਨਸਿਕ ਡੂੰਘਾਈਆਂ" ਫਰੋਲ ਸਕਣ ਦੇ ਸਮਰੱਥ ਇਸ ਕਹਾਣੀਕਾਰ ਦੀ ਕਥਾ ਪੈਰਾਡਾਈਮ ਹਥਲੇ ਸੰਗ੍ਰਹਿ ਤੇ ਆ ਹੋਰ ਵਸੀਹ ਹੋ ਜਾਂਦਾ ਹੈ। ਇਨ੍ਹਾਂ ਕਹਾਣੀਆਂ ਵਿਚ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਆਪਣੀਆਂ ਸਭਿਆਚਾਰਕ ਜੜ੍ਹਾਂ ਤੋਂ ਉਖੜ ਕੇ ਚੌਫ਼ਾਲ ਡਿੱਗਦੇ ਸਥਾਨਕ ਪੰਜਾਬੀ ਸਮਾਜ-ਭਾਈਚਾਰੇ ਅਤੇ ਮਨੁੱਖ ਦਾ ਜੀਵਨ ਦੇ ਹਰੇਕ ਪਹਿਲੂ ਤੋਂ ਵੱਜ ਰਿਹਾ 'ਘੋਰੜੂ' ਵੀ ਸੁਣੀਂਦਾ ਹੈ। 'ਚਾਨਣ' ਦੀ ਭਾਲ ਵਿਚ ਤੁਰੀ ਜ਼ਿੰਦਗੀ 'ਕਾਮਨਾਵਾਂ' ਤੇ ਅਹੰ' ਦੇ ਚੱਕਰਾਂ ਵਿਚ ਘਿਰੀ 'ਗੋਲ ਗੋਲ ਘੁੰਮਦੀ' ਵੀ ਨਜ਼ਰ ਪੈਂਦੀ ਹੈ। 'ਰੂਹਾਨੀਅਤ' ਦਾ ਮਾਰਗ 'ਸੰਸਥਾਗਤ' ਰੂਪ ਲੈਂਦਾ ਤੇ ਧਿਆਨ ਪ੍ਰਵਚਨ ਜਿਹੇ ਰੂਹਾਨੀ ਸੰਕਲਪ ਬਜ਼ਾਰ ਦੀਆਂ ਲੁਭਾਵਣੀਆਂ ਵਸਤਾਂ ਬਣ ਮੁੱਲ ਮਿਲਣ ਲਗਦੇ ਹਨ। ਇਕ ਪਾਸੇ ਜਗੀਰੂ ਸੰਸਕਾਰਾਂ ਦੀਆਂ ਮਨ ਵਿਚ ਬੱਝੀਆਂ 'ਗੰਢਾਂ' ਤੇ ਦੂਜੇ ਪਾਸੇ, ਪੂੰਜੀਵਾਦੀ ਜੀਵਨ ਜਾਚ 'ਚੋਂ ਮਿਲੀ ਇਕੱਲਤਾ, ਨਿੱਜਤਾ, ਉਦਾਸੀ ਦੇ ਦੋਹਰੇ 'ਦਮਨਕਾਰੀ ਪੁੜਾਂ 'ਚ ਪਿਸਦੇ ਮਨ ਦੇ ਧਰਾਤਲ ਤੇ ਅਸੀਮ ਪ੍ਰਾਕਿਰਤਕ ਵੇਗਾਂ ਦਾ ਤਾਂਡਵ ਮੱਚਦਾ ਦਿਸਦਾ ਹੈ। ਸਾਪਿੰਗ ਕੰਪਲੈਕਸ 'ਚ ਖਪਦੇ 'ਲੋਕ ਧੰਦੇ' ਤੇ ਹੁਨਰਮੰਦ ਕਿਰਤੀ ਪੂੰਜੀਵਾਦ ਦੇ ਵਰੋਸਾਏ ਖੁੱਲ੍ਹੇ ਪਰ ਮਸਨੂਈ ਰਿਸ਼ਤਿਆਂ 'ਚ ਪੈ ਦੇਹੀ ਜਸ਼ਨਾਂ 'ਚ ਸੁਤੰਤਰਤਾ ਤੇ

ਸਮਾਨਤਾ ਦਾ ਭਰਮ ਪਾਲੀ ਬੈਠੀਂ ਨਵੀਂ ਪੀੜ੍ਹੀ ਦੀ ਮਿਰਗ ਤ੍ਰਿਸ਼ਨਾ ਦਲਾਲਗਾਹ ਬਣ ਚੁੱਕੇ ਮੁਲਕ ਵਿਚ ਨਿਆਂ ਦੀ ਸਮੁੱਚੀ ਵਿਵਸਥਾ ਦਾ ਮਹਿਜ ਨਾਟਕ ਬਣ ਕੇ ਰਹਿ ਜਾਣਾ, ਐਸੇ ਕਈ ਸੰਵਦਨਸ਼ੀਲ ਤੇ ਗੰਭੀਰ ਮਸਲੇ ਹਨ ਜਿਨ੍ਹਾਂ ਨੂੰ ਕਹਾਣੀਕਾਰ ਨੇ ਆਪਣੀ ਦ੍ਰਿਸ਼ਟੀ ਤੋਂ ਹੁਨਰਮੰਦੀ ਨਾਲ ਸਿਰਜ ਵਿਸ਼ਵੀਕਰਨ ਦੇ ਘਿਨਾਉਣੇ ਅਮਾਨਵੀ ਕਰੂਰ ਤੇ ਬਰਬਰ ਚਿਹਰੇ ਨੂੰ ਬੇਪਰਦ ਕਰਨ ਦਾ ਹੀਆਂ ਕੀਤਾ ਹੈ। ਸੰਗ੍ਰਹਿ ਵਿਚਲੀ ਪ੍ਰਥਮ ਕਹਾਣੀ 'ਘਰੋੜੂ' ਮੌਤ ਦੇ ਮੰਜੇ ਤੇ ਪਏ ਬਜ਼ੁਰਗ ਬਾਪੂ ਦੀ ਸੰਭਾਵਿਤ ਮੌਤ ਵੇਲੇ ਦੇ ਰੁਕੇ ਹੋਏ ਪਲਾਂ ਦੇ ਮੈਟਾਫ਼ਰ ਉੱਤੇ ਬੁਣੀ ਗਈ ਹੈ ਕਹਾਣੀ ਦੀ ਖ਼ੂਬੀ ਮੌਤ ਦੇ ਇਸ ਮੈਟਾਫ਼ਰ ਅਤੇ ਘੋਰੜੂ ਦੇ ਚਿਹਨ ਨੂੰ ਪੰਜਾਬੀ ਸਮਾਜ-ਸਭਿਆਚਾਰ ਦੀ ਹਰੇਕ ਅਹਿਮ ਪਰਿਪੇਖ ਆਰਥਿਕਤਾ, ਨੈਤਿਕਤਾ, ਕਿਰਦਾਰ, ਵਿਚਾਰਧਾਰਾ, ਵਿਰਸਾ, ਭਾਸ਼ਾ ਆਦਿ ਤੋਂ ਬਣੀ ਮਰਨਹਾਰ ਦਸ਼ਾ ਵਿਚ ਅਰਥਾਉਣ ਵਿਚ ਹੈ। ਮਰ ਰਹੇ ਬਾਪੂ ਵਾਲਾ 'ਧਰਮੀ' ਸੁਭਾਅ ਰਜ਼ਾ, ਹਲੀਮੀ ਨਿਰਵਾਣਤਾ ਦੇ ਗੁਣ ਹੁਣ ਕਿਸੇ ਵਿਚ ਨਜ਼ਰੀਂ ਨਹੀਂ ਪੈਂਦੇ। ਪਿਤਾ ਸ੍ਰੀ ਵਾਲੀ ਦਲੀਲ ਤੇ ਦਲੇਰੀ ਦੇ ਗੁਣਾਂ ਦਾ ਵੀ ਅੱਗੇ ਘੋਰੜੂ ਵੱਜ ਚੁੱਕਾ ਹੈ। ਡਾਲਰ ਵਾਲੀ ਨਵੀਂ ਪੀੜ੍ਹੀ ਨੂੰ ਪ੍ਰਥਮ ਪੁਰਖ ਵਾਲੀ ਵਰਤਮਾਨ ਪੀੜ੍ਹੀ ਬਦਲਦੀਆਂ ਸਥਿਤੀਆਂ ਦੇ ਮੱਦੇਨਜ਼ਰ ਜੇਕਰ ਆਪ ਹੀ ਉਸਨੂੰ ਆਪਣੀ 'ਭਾਸ਼ਾ' ਵਿਰਸੇ, ਪਰਿਵਾਰਕ ਰਿਸ਼ਤਿਆਂ ਸਮਾਜਕ ਜ਼ਿੰਮੇਵਾਰੀਆਂ ਤੋਂ ਤੋੜ ਬੇਲਾਗ ਜੀਵਨ-ਜਾਚ ਤੇ ਅੰਨ੍ਹੀ ਪਦਾਰਥਕ ਦੌੜ ਦੇ ਰਸਤੇ ਪਾ ਰਹੀ ਹੈ ਤਾਂ ਅਣਚਾਹੇ ਉਸਦਾ ਘੋਰੜੂ ਵਜਾਉਣ ਦਾ ਹੀ ਪ੍ਰਬੰਧ ਬਣ ਰਿਹਾ ਹੈ।

ਵਰਤਮਾਨ ਪੀੜ੍ਹੀ ਦੇ ਮਾਨਸਿਕ ਅਵਚੇਤਨ ਦੀ ਥਾਹ ਪੁੱਤਰ ਦੇ ਨਾਂ ਡਾਲਰ ਤੋਂ ਹੀ ਮਿਲ ਰਹੀ ਹੈ। ਕਹਾਣੀਕਾਰ ਇਹ ਨਾਂ ਅਣਜਾਣੇ ਹੀ ਨਹੀਂ ਵਰਤ ਰਿਹਾ। ਤੀਸਰੀ ਦੁਨੀਆਂ ਦੇ ਮੱਧ ਸ਼੍ਰੇਣਿਕ ਮਨੁੱਖ ਦੇ ਅਵਚੇਤਨ ਵਿਚ ਵਸੀ ਡਾਲਰ ਪ੍ਰਤਿ ਲਲਕ ਦੀ ਲੱਖਣਾ ਦੇ ਰਿਹਾ ਹੈ ਇਹ ਨਾਂ/ ਸਾਡੀ ਮਾਨਸਿਕਤਾ ਵਿਚ ਵਸ ਚੁੱਕੀ 'ਪੱਛਮ ਦੀ ਸ੍ਰੇਸ਼ਟਤਾ' , 'ਪੱਛਮ' ਦੇ 'ਪਿਛਲੱਗ' ਬਣਨ ਅਤੇ 'ਮਾਨਸਿਕ ਅਧੀਨਗੀ ਦੀ ਇਸ ਤਬੀਅਤ ਨੂੰ ਅਸੀਂ ਪ੍ਰਸਿੱਧ ਚਿੰਤਕ ਐਡਵਰਡ ਸੱਯਦ ਦੇ ਸੰਕਲਪ 'ਪੂਰਬਵਾਦ' ਦੇ ਸੰਦਰਭ ਵਿਚ ਵਧੇਰੇ ਬਿਹਤਰ ਢੰਗ ਨਾਲ ਸਮਝ ਸਕਦੇ ਹਾਂ। ਜਿਥੇ ਪੱਛਮੀ 'ਦਰਸ਼ਨ' ਦੇ ਚਿੰਤਨ ਨੂੰ ਅਧਾਰ ਬਣਾ ਕੇ ਚਿਰਾਂ ਤੋਂ ਪੂਰਬੀ ਦਰਸ਼ਨ ਤੇ ਚਿੰਤਨ ਤੇ ਹਮਲੇ ਕੀਤੇ ਜਾਂਦੇ ਰਹੇ ਹਨ। ਉਥੇ ਵਿਸ਼ਵੀਕਰਨ ਦੇ ਦੌਰ ਵਿਚ ਇਹ ਕੰਮ ਹੋਰ ਤੇਜ਼ੀ ਨਾਲ ਪ੍ਰਭਾਵਸ਼ੀਲਤਾ ਨਾਲ ਹੋ ਰਿਹਾ ਹੈ। ਉਦਾਰਵਾਦੀ ਪੂੰਜੀਵਾਦੀ ਆਰਥਿਕ ਰਾਜਸੀ ਪ੍ਰਬੰਧ ਦੀ ਸਥਾਪਤੀ ਦੇ ਨਾਲ ਨਾਲ ਪੱਛਮ ਤੇ ਪੱਛਮੀ ਜੀਵਨ-ਜਾਚ ਦੀ ਸ੍ਰੇਸ਼ਟਤਾ ਨੂੰ ਵੀ ਮੰਨਵਾਇਆ ਜਾ ਰਿਹਾ ਹੈ।

ਕਹਾਣੀ ਜੜ੍ਹ ਤੋਂ ਉੱਖੜ ਕੇ ਚੌਫਾਲ ਡਿੱਗਿਆ ਤੇ ਡਿੱਗਣ ਦੇ 'ਖ਼ਦਸੇ ਵਾਲਿਆਂ ਦਾ ਸੰਭਾਵੀ ਯਥਾਰਥ ਸਿਰਜਦੀ ਹੈ। 'ਬਾਈ ਜੀ' ਜ਼ਮੀਨ ਵੇਚ ਜਦ ਭੌਂ ਰੂਪੀ ਜੜ੍ਹ ਤੋਂ ਉੱਖੜਦਾ ਹੈ ਤਾਂ ਸਮਾਜਕ ਧਰਾਤਲ ਦੇ ਨਾਲ ਨਾਲ ਮਾਨਸਿਕ ਧਰਾਤਲ ਤੇ ਵੀ ਚੌਫਾਲ ਡਿੱਗਦਾ ਹੈ।

"ਮੈਂ ਲੰਡੀ ਬੰਦਾ ਨਹੀਂ !!"

ਉਹ ਜਾਣ ਗਿਆ ਹੈ ਕਿ ਜ਼ਮੀਨ ਵਿਹੂਣਾ ਉਹ ਲੰਡੀ ਹੋ ਚੁੱਕਾ ਹੈ।

ਅਸਲੀਅਤ ਤੋਂ ਭੱਜਣ ਦਾ ਅਸਫਲ ਯਤਨ ਕਰ ਰਿਹਾ ਹੈ ਪਰ ਸਰਮਾਏਦਾਰੀ ਦੀ ਸੱਟ ਏਨੀ ਡਾਢੀ ਹੈ ਕਿ ਬੰਦੇ ਦਾ ਡਿਫੈਸਿਵ ਮੈਕਾਨਿਜ਼ਮ' ਤੱਕ ਤੋੜ ਦਿੱਤਾ ਹੈ, ਮਾਨਸਿਕ ਤਵਾਜ਼ਨ ਵਿਗਾੜ ਦਿੱਤਾ ਹੈ।

ਦੂਜਾ ਭਰਾ 'ਨਿੰਦਰ' ਵੱਟੇ ਪੈਸਿਆਂ ਚੋਂ 'ਨਵੀਂ ਕਾਰ' ਖਰੀਦਦਾ ਹੈ। ਠੋਸ ਸੰਪਤੀ ਦ੍ਰਵ ਪੂੰਜੀ ਵਿਚ ਵਟ ਗਈ ਤੇ ਇਹ ਪੂੰਜੀ ਕਿਸੇ ਪੈਦਾਵਾਰੀ ਕਾਰਜ ਵਿਚ ਨਹੀਂ ਬਲਕਿ ਬੇਲੋੜੀਆਂ ਲਗਜ਼ਰੀ ਚੀਜ਼ਾਂ ਖਰੀਦਣ ਵਿਚ ਲੱਗੀ ਇਹ ਉਪਭੋਗੀ ਕਲਚਰ ਵਿਚ ਬਣੀ ਉਪਭੋਗੀ ਮਾਨਸਿਕਤਾ ਦਾ ਕਾਰਾ ਹੈ।

ਤੀਜਾ ਸ਼ੈਰੀ ਕੁਝ ਸਮੇਂ ਦੇ ਸਮਾਜ ਦੀਆਂ ਲਹਿਰਾਂ ਤੇ ਕੁਝ ਮਨ ਦੇ ਵੇਗਾਂ ਦਾ ਪੱਟਿਆ ਨਿੱਘਰੇ ਹੋਏ ਕਿਰਦਾਰ ਵਾਲਾ ਪਾਤਰ ਹੈ। ਇਹ ਵਿਹਲੜ ਨਸ਼ਿਆਂ 'ਚ ਗਲਤਾਨ ਪਰ ਪਦਾਰਥਕ ਸਹੂਲਤਾਂ ਦੀ ਚਾਹਵਾਨ ਐਸੀ ਨੌਜਵਾਨ ਪੀੜ੍ਹੀ ਦਾ ਪ੍ਰਤਿਰੂਪਕ ਪਾਤਰ ਹੈ ਜੋ ਆਪਣੀ ਮੁਕਤੀ ਦਾ ਮਾਰਗ ਵਿਦੇਸ਼ ਦੇ ਵੀਜ਼ੇ ਨੂੰ ਹੀ ਮੰਨਦੇ ਹਨ। ਇਸ ਲਈ ਉਹ ਹਰ ਜਾਇਜ਼-ਨਜਾਇਜ਼ ਹੀਲਾ, ਵਰਤਦੇ ਗੇਅ ਬਣਨ ਲਈ ਵੀ ਤਿਆਰ



ਰਹਿੰਦੇ ਹਨ। ਪਿਤਾ ਸ੍ਰੀ ਦੇ ਸ਼ੈਰੀ ਨੂੰ ਸਿੱਧੂ ਸਰਦਾਰ ਕਹਿਣ ਵਿਚਲੀ ਤਨਜ਼ ਇਹੀ ਹੈ ਕਿ ਕਿਵੇਂ ਪੰਜਾਬੀ ਮਨੁੱਖ ਆਪਣੇ ਸੌੜੇ ਸਵਾਰਥਾਂ ਲਈ ਉੱਚ ਨੈਤਿਕ ਕੀਮਤਾਂ ਵਾਲੇ ਸਰਦਾਰੀ ਕਿਰਦਾਰ ਤੋਂ ਨੈਤਿਕ ਨਿਘਾਰ ਵੱਲ ਹੋ ਤੁਰਿਆ ਹੈ। ਕਹਾਣੀਕਾਰ ਦੀ ਤਨਜ਼ ਬੜੀ ਤਿੱਖੀ ਹੈ।

'ਵਾਹ ਸ਼ੈਰੀ ! ਵਾਹ !!'

ਕਹਿਣ ਨੂੰ ਇਹ ਪ੍ਰਥਮ ਪੁਰਖ ਦੁਆਰਾ ਸ਼ੈਰੀ ਨੂੰ ਮਨ ਹੀ ਵਿਚ ਦਿੱਤੀ ਸ਼ਾਬਾਸ ਹੈ ਪਰ ਦਰਅਸਲ ਇਹ ਜੁਆਨ ਮੌਤ ਤੇ ਪਾਇਆ ਕੀਰਨਾ ਹੈ। ਸ਼ੈਰੀ ਜਿਹਿਆਂ ਦੀ ਨੈਤਿਕ ਮੌਤ ਦਾ ਕੀਰਨਾ। 'ਘੋਰੜੂ' ਵੱਜ ਚੁੱਕਾ ਹੈ। ਡਾਲਰ ਵਾਲੀ ਪੀੜ੍ਹੀ ਤਾਂ ਵਿਰਸੇ ਦੀਆਂ ਜੜ੍ਹਾਂ ਨਾਲ ਜੁੜਨ ਹੀ ਨਹੀਂ ਦਿੱਤੀ ਜਾ ਰਹੀ। ਇਹ ਸਭ ਜੜ੍ਹਾਂ ਤੋਂ ਉਖੜੇ ਪੰਜਾਬੀ ਭਾਈਚਾਰੇ ਦੀਆਂ ਵੱਖੋ-ਵੱਖਰੀਆਂ ਸਥਿਤੀਆਂ ਦੇ ਹੀ ਪ੍ਰਤਿਰੂਪ ਹਨ।

ਜੜ੍ਹ ਤੋਂ ਉਖੜਿਆ ਬੰਦਾ ਇਉਂ ਹੀ ਧਰਤੀ 'ਤੇ ਚੌਫਾਲ ਡਿੱਗਦਾ।" ਕਥਾ-ਬਿਰਤਾਂਤ ਬਿਚਲੀਆਂ ਵੱਖ-ਵੱਖ ਲਘੂ ਬਿਰਤਾਂਤਕ ਇਕਾਈਆਂ ਦਰਅਸਲ ਇਸੇ ਕੇਂਦਰੀ ਥੀਮ ਉੱਤੇ ਉਸਰੀਆਂ ਹਨ ਅਤੇ ਕਥਾ ਦਾ ਸਮੁੱਚਾ ਬਿਰਤਾਂਤ ਵੀ। ਇਸ ਇਕ ਵਾਕ ਵਿਚ ਕਥਾ ਦਾ ਕੇਂਦਰੀ ਥੀਮ ਪਿਆ ਹੈ। ਗੁਰਬਾਣੀ ਤੇ ਸੂਫ਼ੀ ਕਾਵਿ ਵਿਚਲੀ ਰਹਾਓ ਦੀ ਜੁਗਤ ਵਾਲਾ ਪ੍ਰਕਾਰਜ ਹੈ ਇਸ ਕਥਾ ਬਿਰਤਾਂਤ ਵਿਚ ਇਸ ਇਕ ਵਾਕ ਦਾ। ਇਸ ਕੇਂਦਰੀ ਥੀਮ ਨਾਲ ਸੰਬੰਧਿਤ ਵੱਖ-ਵੱਖ ਘਟਨਾਵੀਂ ਕਲੋਜ਼ਅਪ ਇਕ ਥਾਂ ਟਿਕਾ ਕੇ ਕੋਲਾਜ਼ ਰੂਪੀ ਕਥਾ-ਬਿਰਤਾਂਤ ਤਿਆਰ ਕੀਤਾ ਗਿਆ ਹੈ। ਐਸ. ਕੋਲਾਜ਼ ਰੂਪੀ ਕਥਾ ਬਿਰਤਾਂਤ 'ਨਿੰਮ ਵਾਲੀ ਗਲੀ' ਕਹਾਣੀ ਵਿਚ ਵੀ ਮਿਲਦਾ ਹੈ।

ਸਮੁੱਚਾ ਕਥਾ-ਬਿਰਤਾਂਤ ਮਰਨ ਮੰਜੀ ਤੇ ਪਏ ਬਾਪੂ ਕੋਲ ਬੈਠੇ ਪ੍ਰਥਮ ਪੁਰਖ ਪਾਤਰ ਦੇ ਮਨੋ-ਧਰਾਤਲ ਤੇ ਵਾਪਰਦਾ ਹੈ।

ਘੋਰੜੂ ਜਿਥੇ ਕਥਾ ਦਾ ਕੇਂਦਰੀ ਚਿਹਨ ਬਣ ਰਿਹਾ ਹੈ। ਉਥੇ ਨਾਲ ਹੀ ਪ੍ਰਥਮ ਪੁਰਖ ਦੀ ਚੇਤਨਾ ਨੂੰ ਪ੍ਰਵਾਹਮਾਨ ਰੱਖਣ ਤੇ ਦਿਸ਼ਾ ਬਦਲਣ ਦਾ ਪ੍ਰੇਰਕ ਵੀ ਬਣ ਰਿਹਾ ਹੈ। ਚੇਤਨਾ ਪ੍ਰਵਾਹ 'ਚ ਚਲਦੇ ਬਿਰਤਾਂਤ ਦਾ ਇਹ ਸਫ਼ਰ ਕੇਵਲ ਤ੍ਰੈ ਕਾਲ ਗ਼ਮਨ ਦਾ ਹੀ ਨਹੀਂ ਬਲਕਿ ਵਸਤੂ ਧਰਾਤਲ ਤੋਂ ਮਨੋ-ਧਰਾਤਲ ਅਤੇ ਅੱਗੋਂ ਫੈਂਤਸੀ ਤੇ ਫੈਂਤਸੀ ਵਸਤੂ ਧਰਾਤਲ ਤੇ ਪਰਤਣ ਦਾ ਵੀ ਹੈ। ਮਰਨ ਮੰਜੀ ਤੇ ਪਏ ਬਾਪੂ ਦੇ ਗਤੀਰੋਧਕ ਦ੍ਰਿਸ਼ਟਾਂਤ ਦੇ ਓਹਲੇ ਹੇਠ ਪ੍ਰਥਮ ਪੁਰਖ ਦੀ ਚੇਤਨਾ ਵਿਚ ਕਥਾ ਬਿਰਤਾਂਤ ਪ੍ਰਵਾਹ ਮਾਨ ਹੈ। ਕਹਾਣੀ ਵਿਚ ਫੈਂਤਸੀ ਦੀ ਜੁਗਤ ਨੂੰ ਬਾ ਕਮਾਲ ਵਰਤਿਆ ਗਿਆ ਹੈ। ਪ੍ਰਥਮ ਪੁਰਖ ਬਾਪੂ ਦੀ ਮੌਤ ਦੀ ਸੰਭਾਵਨਾ ਦੀ ਵਾਸਤਵਿਕ ਸਥਿਤੀ ਤੋਂ ਉਸਦੀ ਮੌਤ ਦੀ ਕਲਪਨਾ ਕਰਦਾ ਅੱਗੋਂ ਆਪਣੀ ਮੌਤ ਨੂੰ ਫੈਂਟੇਸਾਈਜ਼ ਕਰਨ ਲਗਦਾ ਹੈ।

'ਫੁੱਲ ਤਾਰਨ ਜਾਣ ਲੱਗਿਆਂ ਅਜਿਹਾ ਕਰਦੇ ਹਨ। ਆਮ ਵਿਸ਼ਵਾਸ ਹੈ ਇਹ ! ਤਾਂ ਜੋ ਬੰਦੇ ਦੀ ਰੂਹ ਕਿਤੇ ਘਰ ਹੀ ਨਾ ਬੈਠੀ ਰਹਿ ਜਾਵੇ। ਪਰ ਪਿਤਾ ਸ੍ਰੀ ਬਾਪੂ ਜੀ ਦਾ ਨਹੀਂ ਮੇਰਾ ਨਾਂ ਲੈ ਰਹੇ ਸਨ।

'ਸੁੱਖੀ ਪੁੱਤਰ... ਚੱਲ ਚੱਲੀਏ।'

ਫੈਂਤਸੀ ਦੇ ਇਸ ਦ੍ਰਿਸ਼ ਰਾਹੀਂ ਜਿਥੇ ਕਹਾਣੀਕਾਰ ਦੀ ਜਿਥੇ ਚੇਤਨਾ ਪ੍ਰਵਾਹ ਨੂੰ ਵਧੇਰੇ ਸੁਭਾਵਿਕ ਰੂਪ ਵਿਚ ਸਿਰਜ ਸਕਣ ਦੀ ਮੁਹਾਰਤ ਦਾ ਪਤਾ ਲਗਦਾ ਹੈ ਉਥੇ ਦੂਜੇ ਪਾਸੇ ਮਨੁੱਖੀ ਮਨ ਵਿਚ ਪਏ ਆਪਣੀ ਮੌਤ ਦੇ ਡਰ ਦਾ ਵੀ ਪਤਾ ਲਗ ਰਿਹਾ ਹੈ।

'ਗੋਲ ਗੋਲ ਘੁੰਮਦਿਆਂ' ਕਹਾਣੀ ਮਾਇਆ ਦੇ ਚੱਕਰਾਂ 'ਚੋਂ ਕੱਢਣ ਵਾਲਿਆਂ ਦੇ ਖੁਦ ਚੱਕਰਾਂ 'ਚ ਫਾਥੇ ਹੋਣ ਦੀ ਕਹਾਣੀ ਹੈ। ਜ਼ਿੰਦਗੀ ਦੀਆਂ ਮੁਸ਼ਕਿਲਾਂ ਤੇ ਝਮੇਲਿਆਂ ਤੋਂ ਤੰਗ ਆ ਮਨੁੱਖ ਮਨ ਦੀ ਸਾਂਤੀ ਤਲਾਸ਼ਦਾ ਸਮਾਜਿਕ ਜੀਵਨ ਤੋਂ ਕਿਨਾਰਾ ਲੈ ਆਸ਼ਰਮ ਵਿਚ ਆ ਆਪਣੀ ਸਾਧਨਾ ਤੇ ਭਗਤੀ ਰਾਹੀਂ ਆਸ਼ਰਮ ਦੀ ਸੱਤਾ ਤੇ ਗੱਦੀ ਨਸ਼ੀਨ ਵੀ ਬਣ ਸਕਦਾ ਹੈ, ਪਰ ਮੋਹ ਮਾਇਆ ਦੇ ਜਾਲ ਨੂੰ ਭੇਦ ਪਾਉਣਾ ਅਸਲ ਨਹੀਂ। ਮੋਕਸ਼ ਨੂੰ ਭਾਲਦਾ ਮਨੁੱਖ ਕਦੇ ਕਾਮ ਅਤੇ ਕਦੇ ਵਡੇਰੀ ਹਉ ਦੇ ਚੱਕਰ ਵਿਚ ਵਲਿਆ

ਮਾਇਆ ਦੇ ਰੰਗ 'ਚ ਰੰਗਿਆ ਰਹਿੰਦਾ ਹੈ। ਕਹਾਣੀ ਦਾਰਸ਼ਨਿਕ ਅਤੇ ਯਥਾਰਥਵਾਦੀ ਦੋਹਰੇ ਨਜ਼ਰੀਏ ਤੋਂ ਵਾਚੇ ਜਾਣ ਦੀ ਮੰਗ ਕਰਦੀ ਹੈ।

ਯਥਾਰਥਕ ਨਜ਼ਰੀਏ ਤੋਂ ਇਹ ਕਹਾਣੀ ਵਰਤਮਾਨ ਭਾਰਤੀ ਸਮਾਜ ਵਿਚ ਖੁੰਬਾਂ ਵਾਂਗ ਉੱਗ ਆਏ ਆਸ਼ਰਮਾਂ ਤੇ ਡੇਰਿਆਂ ਦੀ ਹੋਂਦ ਦੇ ਵਾਸਤਵਿਕ ਕਾਰਣਾਂ ਨੂੰ ਤਲਾਸ਼ਦੀ ਵਰਤਮਾਨ ਵਸਤੂ ਯਥਾਰਥ ਦਾ ਹੀ ਪ੍ਰਤਿਰੂਪਕ ਹੈ। ਦੁੱਖਾਂ ਮੁਸੀਬਤਾਂ ਤੋਂ ਆਤੁਰ ਲੋਕਾਈ ਨੂੰ ਜਦ ਸਮਾਜਿਕ ਆਰਥਿਕ ਰਾਜਸੀ ਪ੍ਰਬੰਧ ਕੋਈ ਠਾਹਰ ਨਹੀਂ ਦਿੰਦਾ ਤਾਂ ਲੋਕਾਈ ਇਨ੍ਹਾਂ ਦਾ ਚਮਤਕਾਰੀ ਹੱਲ ਭਾਲਦੀ ਧਰਮ ਦੀ ਸ਼ਰਨ ਲੈਂਦੀ ਹੈ। ਦੂਜੇ ਪਾਸੇ ਜੇਕਰ ਕੇਵਲ ਵਰਤਮਾਨ ਸਥਿਤੀ ਤੇ ਹੀ ਨਜ਼ਰ ਟਿਕਾ ਲਈ ਜਾਵੇ ਤਾਂ ਰੂਹਾਨੀਅਤ ਦੇ ਇਹ ਮਾਰਗ ਅੱਜ ਸੰਸਥਾਗਤ ਰੂਪ ਧਾਰਨ ਕਰ ਰਹੇ ਹਨ ਅਤੇ ਧਰਮ ਦੀਆਂ ਇਹ ਸੰਸਥਾਵਾਂ ਆਪਣੇ ਆਸਣ ਨਸ਼ੀਨਾਂ ਲਈ ਸੱਤਾ ਦੇ ਗਲਿਆਰਿਆਂ ਅਤੇ ਲੋਕਪ੍ਰਿਯਤਾ ਦੇ ਸਿਖ਼ਰ ਤੱਕ ਜਾਣ ਲਈ ਪਹੁੰਚ ਮਾਰਗ ਬਣ ਗਈਆਂ ਹਨ। ਐਸੇ ਆਸ਼ਰਮਾਂ ਤੇ ਸੰਸਥਾਵਾਂ ਦੇ ਅਲੰਬਰਦਾਰਾਂ ਨੂੰ ਜਦ ਵਿਸ਼ਵੀਕਰਨ ਦੇ ਚਾਨਣ ਨਾਲ ਬਜ਼ਾਰ ਦੀ ਲੋਅ ਲੱਗੀ ਤਾਂ ਧਿਆਨ ਅਤੇ ਪ੍ਰਵਚਨ ਜਿਹੇ ਰੂਹਾਨੀ / ਧਾਰਮਿਕ ਸੰਕਲਪ ਲੁਭਾਵਣੀਆਂ ਵਸਤਾਂ ਬਣ ਹੱਥੋਂ-ਹੱਥੀਂ ਵਿਕਣ ਲੱਗੇ।

'ਸਾਗਰ ਆਸ਼ਰਮ ਦਾ ਸਾਗਰ ਮੈਡੀਟੇਸ਼ਨ ਰਿਜੋਰਟ ਆਤਮ ਰੂਪਾਂਤਰਣ ਦਾ ਪ੍ਰਮੁੱਖ ਕੇਂਦਰ ਬਣ ਗਿਆ। ਧਿਆਨ ਦੀਆਂ ਕਲਾਸਾਂ ਸ਼ੁਰੂ ਹੋ ਗਈਆਂ।... ਸਾਗਰ ਮਿਊਜ਼ੀਕਲ ਸੈਂਟਰ ਵਲੋਂ ਤਿਆਰ... ਮਾਂ ਅਮ੍ਰਿਤਾ ਸਾਗਰ ਦੇ ਪ੍ਰਵਚਨਾਂ ਦੀਆਂ ਸੀ. ਡੀਜ਼...'

ਟੀ. ਵੀ. ਚੈਨਲਾਂ ਉਤੇ ਕਥਾ ਪ੍ਰਵਚਨਾਂ ਦਾ ਸਿੱਧਾ ਪ੍ਰਸਾਰਨ ਚਾਹੇ ਸਰਧਾਵਾਨਾਂ ਦੀ ਜਗਿਆਸਾ ਸਾਂਤ ਕਰਦਾ ਹੋਵੇ ਪਰ ਦੂਜੇ ਪਾਸੇ,ਇਸਦਾ ਵਪਾਰਕ ਪਹਿਲੂ ਵੀ ਹੈ। ਧਰਮ ਦੇ ਅਚਾਰੀਆਂ ਲਈ ਆਪਣਾ ਆਭਾ ਮੰਡਲ ਫੈਲਾਉਣ ਅਤੇ ਚੈਨਲ ਲਈ 'ਐਡ' ਰਾਹੀਂ ਮੁਨਾਫਾ ਕਮਾਉਣ ਦਾ ਜ਼ਰੀਆ।

ਕਥਾ ਅਤੇ ਕੀਰਤਨ ਦੀ ਆਪਸੀ ਜੁਗਲਬੰਦੀ ਵਿਚਕਾਰ ਕੈਮਰਾ ਆ ਗਿਆ ਹੈ। ਆਸਣ ਭਜਨ ਮੰਡਲੀ ਨੂੰ ਪਿੱਛੇ ਸਰਕਾ ਟੀ. ਵੀ. ਕੈਮਰੇ ਨਾਲ ਜੁਗਲਬੰਦੀ ਕਰ ਰਿਹਾ ਹੈ। ਫੋਕਸ ਵਿਚ ਕੇਵਲ ਆਸਣ ਹੈ, ਇਹ ਆਸਣ ਦੀ ਪ੍ਰਭੁਤਾ ਦਾ ਚਿਹਨ ਹੈ।

"ਔਰ ਕਹੇ ਦੇਤੀ ਹੂੰ ਜੋ ਸੱਤਾ ਮੇਂ ਨਹੀਂ ਹੈਂ, ਮਗਰ ਆਨਾ ਚਾਹਤੇ ਹੈਂ ਵੋਹ ਔਰ ਭੀ ਜ਼ਿਆਦਾ ਖ਼ੂੰਖਾਰ ਹੋਤੇ ਹੈਂ...।"

ਮਾਂ ਅਮ੍ਰਿਤਾ ਦੇ ਇਹ ਪ੍ਰਵਚਨੀ ਬੋਲ ਉਸਦੀ ਆਪਣੀ ਸਥਿਤੀ ਦਾ ਸੱਚ ਬਿਆਨ ਕਰਦੇ ਜਾਪਦੇ ਹਨ। ਕਈ ਅਗਲਿਆਂ ਨੂੰ ਪਿੱਛੇ ਧੱਕ ਕੇ ਆਸ਼ਰਮ ਦੀ ਸੱਤਾ ਤੇ ਪਹੁੰਚੀ ਹੈ ਮਾਂ ਅਮ੍ਰਿਤਾ ਅੰਦਰ ਦਾ ਕਈ ਕੁਝ ਦੱਬ ਕੇ ਦਫ਼ਨਾ ਕੇ। ਪਿਆਰ , ਕਾਮ, ਵਾਤਸਲ।

ਕੁਲਵੰਤ ਗਿੱਲ ਦੀ ਬਿਰਤਾਂਤਕਾਰੀ ਦਾ ਇਕ ਅਹਿਮ ਪਹਿਲੂ ਇਹ ਵੀ ਹੈ ਕਿ ਉਹ ਕਥਾ-ਬਿਰਤਾਂਤ ਵਿਚ ਇਕ ਐਸਾ ਦ੍ਰਿਸ਼ਟਾਂਤ ਵਰਤਦਾ ਹੈ ਜੋ ਕਿ ਅੰਤਰ-ਪਾਠ ਵਾਂਗ ਬਿਰਤਾਂਤਕ-ਪਾਠ ਨਾਲ ਅੰਤਰ-ਸੰਬੰਧਿਤ ਵੀ ਹੁੰਦਾ ਹੈ ਅਤੇ ਬਿਰਤਾਂਤ ਦੇ ਕੇਂਦਰੀ ਥੀਮ ਨੂੰ ਸਪੱਸ਼ਟ ਭਾਂਤ ਸਾਹਮਣੇ ਰੱਖ ਰਹੀ ਹੈ। ਕਥਾਕਾਰ ਦੀ ਤਨਜ਼ ਇਹ ਹੈ ਕਿ ਦੂਜਿਆਂ ਨੂੰ ਮਾਰਗ ਦਿਖਾਉਣ ਵਾਲੀ ਖੁਦ 'ਚੱਕਰਾਂ ਵਿਚ ਪਈ ਹੈ।

ਕਹਾਣੀ ਵਿਚ ਮਾਂ ਅਮ੍ਰਿਤਾ ਨੂੰ ਆਪਣੀ ਸਾਧਨਾ ਰਾਹੀਂ ਅੰਦਰੋਂ ਪ੍ਰਕਾਸ਼ਮਾਨ ਹੁੰਦੀ ਦਰਸਾਇਆ ਗਿਆ ਹੈ। ਪਰ ਬਿਰਤਾਂਤ ਦੇ ਅਖੀਰ ਤੇ ਉਹ ਹਉਂ ਦੇ ਵਡੇਰੇ ਹੋਣ ਵਿਚ ਪੈਂਦੀ ਰੁਕਾਵਟ ਕਰਕੇ ਬੇਚੈਨ ਹੈ, ਅਤ੍ਰਿਪਤ ਹੈ। ਭਾਵ ਉਹ ਮਾਇਆ ਦੇ ਤਲਿਸਮ ਨੂੰ ਤੋੜ ਨਹੀਂ ਸਕੀ, ਕਾਲ ਦੇ ਚੱਕਰ ਵਿਚ ਹੀ ਹੈ। ਰਹੱਸਵਾਦੀ ਨਜ਼ਰੀਏ ਤੋਂ ਮਾਂ ਅੰਮ੍ਰਿਤਾ ਦੀਆਂ ਇਹ ਦੋਵੇਂ ਸਥਿਤੀਆਂ ਅੰਤਰ-ਵਿਰੋਧੀ ਹਨ। ਜੇਕਰ ਪ੍ਰਕਾਸ਼ਮਾਨ ਹੈ ਤਾਂ ਅਤ੍ਰਿਪਤ ਕਿਉਂ? ਜੇਕਰ ਅਤ੍ਰਿਪਤ ਹੈ ਤਾਂ ਪ੍ਰਕਾਸ਼ਮਾਨ ਕਿਵੇਂ? ਦਰਅਸਲ ਕਹਾਣੀਕਾਰ ਮਾਂ ਅਮ੍ਰਿਤਾ ਨੂੰ ਪ੍ਰਕਾਸ਼ਮਾਨ ਦਰਸਾ ਤਾਂ ਚੁੱਕਾ ਹੈ ਪਰ ਇਹ ਕਥਾ ਦੀ ਮਨੋਰਥ-ਸਿੱਧੀ ਨਹੀਂ। ਕਥਾ ਨੂੰ ਯਥਾਰਥਕ ਧਰਾਤਲ ਤੇ



ਖੜੇ ਰੱਖਣਾ ਅਨਿਵਾਰੀ ਹੈ ਇਸੇ ਅਨਿਵਾਰਤਾ ਵੱਸ ਬਿਰਤਾਂਤ ਦੇ ਅਖੀਰ ਤੇ ਘਟਨਾਵਾਂ ਅਚਾਨਿਕ ਉਲਟ-ਫੇਰ ਲੈਣ ਲਗਦੀਆਂ ਹਨ ਅਤੇ ਬਿਰਤਾਂਤ ਦਾ ਅੰਤ ਘਟਨਾਵੀਂ ਵਿਸਫੋਟ ਤੇ ਹੁੰਦਾ ਹੈ।

1991 ਈ. ਵਿਚ ਅੰਤਰ-ਰਾਸ਼ਟਰੀ ਪੱਧਰ ਤੇ ਸੋਵੀਅਤ ਸੰਘ ਦੇ ਵਿਭਾਜਨ ਨਾਲ ਜਿਥੇ ਰਾਜਸੀ ਸ਼ਕਤੀ ਦਾ ਅਮਰੀਕਾ ਦੇ ਪੱਖ ਵਿਚ ਇਕ ਧਰੁਵੀਕਰਨ ਹੋਇਆ ਉਥੇ ਨਾਲ ਹੀ ਉਦਾਰਵਾਦੀ ਪੂੰਜੀਵਾਦੀ ਲੋਕਤੰਤਰੀ ਸਮਾਜਕ ਆਰਥਿਕ ਰਾਜਸੀ ਪ੍ਰਬੰਧ ਨੂੰ ਅਬਦਲ ਤੇ ਅੰਤਿਮ ਪ੍ਰਬੰਧ ਵਜੋਂ ਪੇਸ਼ ਕੀਤਾ ਜਾਣ ਲੱਗਾ। ਰਾਸ਼ਟਰੀ ਪੱਧਰ ਤੇ ਭਾਰਤ ਨੇ ਵੀ ਆਪਣਾ ਰੁਖ ਸਮਾਜਵਾਦੀ ਮੁਲਕਾਂ ਦੀ ਥਾਂ ਪੂੰਜੀਵਾਦੀ ਮੁਲਕਾਂ ਵੱਲ ਕਰ ਲਿਆ। ਆਰਥਿਕ ਸੁਧਾਰਾਂ ਦੇ ਨਾਂ ਤੇ ਉਦਾਰਵਾਦੀ ਪੂੰਜੀਵਾਦੀ ਨੀਤੀਆਂ ਲਾਗੂ ਕੀਤੀਆਂ ਜਾਣ ਲੱਗੀਆਂ। ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਤੇ ਜ਼ਮਾਨੇ ਦੀ ਬਦਲੀ ਹਵਾ ਚੂਹੇ ਦੀ ਬਿੱਲ ਤੱਕ ਵੀ ਪਹੁੰਚੀ। ਪ੍ਰਸਿੱਧ ਚਿੰਤਕ ਗੁਰਚਰਨ ਦਾਸ ਦੇ ਸ਼ਬਦਾਂ ਵਿਚ ਪੂੰਜੀਵਾਦੀ ਉਦਾਰਵਾਦ ਦੀ ਇਸ ਮੂਕ ਕ੍ਰਾਂਤੀ ਸਦਕਾ ਜਿਥੇ ਸਾਡੇ ਸਮਾਜ ਵਿਚ ਹੋਰ ਅਨੇਕਾਂ ਅਹਿਮ ਤਬਦੀਲੀਆਂ ਵਾਪਰੀਆਂ ਉਥੇ ਸਭ ਤੋਂ ਅਹਿਮ ਸੀ ਉਹ ਮਾਨਸਿਕ ਤਬਦੀਲੀ ਜਿਸ ਨਾਲ ਕੌਮ ਦੀ ਵਿਸ਼ਵ ਦ੍ਰਿਸ਼ਟੀ ਹੀ ਬਦਲਣੀ ਸ਼ੁਰੂ ਹੋ ਗਈ।[1]

ਦ੍ਰਿਸ਼ਟੀ ਵਿਚ ਆਏ ਇਸ ਬਦਲਾਵ ਨੂੰ ਹੀ ਕੁਲਵੰਤ ਗਿੱਲ ਨੇ ਆਪਣੀ ਕਹਾਣੀ 'ਸਿਗਰਟ ਜਿਹੀ ਜ਼ਿੰਦਗੀ' ਵਿਚ ਸਿਰਜਣ ਦਾ ਉਪਰਾਲਾ ਕੀਤਾ ਹੈ।

ਵਿਸ਼ਵੀਕਰਨ ਦਾ ਪ੍ਰਪੰਚ ਪੂੰਜੀਵਾਦੀ ਮੁਲਕਾਂ ਤੇ ਸਰਮਾਏਦਾਰ ਘਰਾਣਿਆਂ ਦੁਆਰਾ ਮੁਨਾਫ਼ਾ ਹਿੱਤਾਂ ਦੀ ਪੂਰਤੀ ਹਿੱਤ ਹੀ ਰਚਿਆ ਗਿਆ ਹੈ। ਜੇ ਵਿਸ਼ਵ ਨੂੰ ਬਜ਼ਾਰ ਵਿਚ ਢਾਲਿਆ ਹੈ ਤਾਂ ਮਨੁੱਖ ਦਾ ਗ੍ਰਾਹਕ ਬਣਨਾ ਲਾਜਮੀ ਸੀ। ਮਨੁੱਖ ਨੂੰ ਚੰਗਾ ਗ੍ਰਾਹਕ ਬਣਾਉਣ ਲਈ ਉਸਨੂੰ ਉਪਭੋਗੀ ਮਾਨਸਿਕਤਾ ਦਿੱਤੀ ਗਈ। ਇਹ ਕੰਮ ਇਲੈਕਟ੍ਰਾਨਿਕ ਮੀਡੀਆ ਨੇ ਕਰ ਵਿਖਾਇਆ। ਮੱਧਵਰਗੀ ਮਨੁੱਖ ਲਈ ਥਾਟ ਆਫ ਦ ਡੇਅ ਇਹ ਹੈ ਕਿ ਜ਼ਿੰਦਗੀ ਏਕ ਸਿਗਰਟ ਹੈ ਲੁਤਫ਼ ਲਓ.. ਵਰਨਾ ਸੁਲਖ ਤੋਂ ਯੂ ਭੀ ਜਾਏਗੀ।" ਹਰ ਉਲਝਣ ਦਾ ਕਾਰਨ ਦਮਿਤ ਕਾਮੁਕ ਵੇਗ ਤੇ ਹੱਲ ਦੇਹੀ ਦੇ ਜਸ਼ਨਾਂ ਵਿਚ ਦੱਸਿਆ ਜਾ ਰਿਹਾ ਹੈ। ਉਲਝਣ ਦੇ ਇਸੇ ਸੁਲਝਾਓ ਤੇ ਹੀ ਬਜ਼ਾਰ ਟਿਕਿਆ ਹੈ, ਪੂੰਜੀਵਾਦੀ ਕਾਰਪੋਰੇਟ ਜਗਤ ਦੀ ਮਨੋਰਥ ਸਿੱਧੀ ਹੈ। ਪੂੰਜੀਵਾਦ ਕੇਵਲ ਆਰਥਿਕ ਪ੍ਰਬੰਧ ਹੀ ਨਹੀਂ ਰਿਹਾ, ਬਲਕਿ ਜੀਵਨ-ਜਾਚ ਕਲਚਰ ਬਣ ਚੁੱਕਾ ਹੈ। ਸਾਡਾ ਮਾਨਸਿਕ ਅਵਚੇਤਨ ਜੀਵਨ ਪੱਧਰ ਫੈਸਨ ਤੇ ਮਜਬੂਰੀ।

ਤੁਸੀਂ ਦਾਲ ਵਿਚ ਕਿਹੜਾ ਨਮਕ ਪਾਉਗੇ... ਕਿਹੜਾ ਪੇਸਟ ਕਰੋਗੇ... ਕਿਹੜੇ ਸਾਬਣ ਨਾਲ ਨਹਾਉਗੇ... ਤੁਹਾਡੀ ਬੀਵੀ ਕਿਹੜੀ ਕੰਪਨੀ ਦੇ ਅੰਦਰੂਨੀ ਵਸਤਰ ਪਹਿਨੇਗੀ... ਇਹ ਤੁਸੀਂ ਨਹੀਂ ਉਹ ਤੈਅ ਕਰੇਗਾ... ਸੁਰਮਈ ਕੋਟ ਪੈਂਟ ਵਾਲਾ... ਗਲੋਬਲ ਪਿੰਡ ਦਾ ਥਾਣੇਦਾਰ।

ਉਦਾਰਵਾਦੀ ਪੂੰਜੀਵਾਦ ਦੇ ਹੱਕ ਵਿਚ ਇਸ ਸਥਿਤੀ ਪਰਿਵਰਤਨ ਨੇ ਸਮਾਜਵਾਦੀ ਵਿਚਾਰਧਾਰਾ ਨੂੰ ਪਰਨਾਏ ਵਿਅਕਤੀ ਨੂੰ ਦੋਰਾਹੇ 'ਤੇ ਲਿਆ ਖੜਾ ਕਰ ਦਿੱਤਾ। ਉਸਦੀ ਚੇਤਨਾ ਦੋਫਾੜ ਹੋ ਗਈ। ਆਪਾ ਵੰਡ ਹੋ ਗਿਆ। ਹਰਪਾਲਜੀਤ ਪਾਲੀ ਤੇ ਪਾਲੀ ਸਿੱਧੂ ਇਕ ਹੀ ਵਿਅਕਤੀ ਦੀਆਂ ਦੋ ਵਿਰੋਧੀ ਸ਼ਖ਼ਸੀਅਤਾਂ ਹਨ-ਦੋ ਵਿਰੋਧੀ ਵਿਸ਼ਵ ਦ੍ਰਿਸ਼ਟੀਆਂ ਦੇ ਅਧਾਰ ਤੇ ਦੋਫਾੜ ਹੋਇਆ ਆਪਾ। ਬੰਦੇ ਅੰਦਰ ਬੰਦੇ। ਹਰਪਾਲਜੀਤ ਪਾਲੀ ਸਮਾਜਵਾਦੀ ਵਿਚਾਰਧਾਰਾ ਪ੍ਰਤਿ ਪ੍ਰਤਿਬੱਧਤਾ ਦਰਸਾਉਣ ਵਾਲੀ ਇਨਕਲਾਬ ਦੀ ਚਾਹਵਾਨ ਹੱਕ-ਸੱਚ 'ਤੇ ਪਹਿਰਾ ਦੇਣ ਦੀ ਤਾਂਘ ਤੇ ਪੂੰਜੀਵਾਦ ਦੀਆਂ ਅਮਾਨਵੀਂ ਚਾਲਾਂ ਨਾਲ ਕਦਮ ਤਾਲ ਮਿਲਾਉਣ ਤੋਂ ਇਨਕਾਰੀ ਅੰਦਰ ਦੀ ਅਵਾਜ਼ ਹੈ ਤੇ ਪਾਲੀ ਸਿੱਧੂ ਪੂੰਜੀ ਦੀ ਵਹਿੰਦੀ ਗੰਗਾ 'ਚ ਇਸ਼ਨਾਨ ਕਰ ਨਿੱਜੀ ਕਲਿਆਣ ਦਾ ਚਾਹਵਾਨ ਆਪਾ। ਕਹਾਣੀਕਾਰ ਨੇ ਬਦਲੀਆਂ ਸਮਾਜਕ ਇਤਿਹਾਸਕ ਪਰਿਸਥਿਤੀਆਂ ਵਿਚ ਵਿਰੋਧੀ ਵਿਸ਼ਵ-ਦ੍ਰਿਸ਼ਟੀਆਂ ਦੇ ਅਧਾਰ ਤੇ ਆਪ ਦੀ ਪਾਟੋ-ਧਾੜ ਨੂੰ ਚੇਤਨਾ ਪ੍ਰਵਾਹ ਦੀ ਵਿਧੀ ਨਾਲ ਬਖ਼ੂਬੀ ਸਿਰਜਿਆ ਹੈ।

ਵਿਸ਼ਵ ਪੱਧਰ 'ਤੇ ਪੂੰਜੀਵਾਦ ਦੇ ਦਬਾਵਾਂ ਤੋਂ ਇਲਾਵਾ ਮਾਰਕਸਵਾਦੀ ਲਹਿਰ ਨੂੰ ਖੋਰਾ ਲਾਉਣ ਵਾਲੇ

ਅਵਸਰਵਾਦੀਆਂ ਦਾ ਕੱਚ-ਸੱਚ ਬੱਲੀ ਕਾਮਰੇਡ ਪਾਤਰ ਰਾਹੀਂ ਪੇਸ਼ ਹੋਇਆ ਹੈ। ਮਾਰਕਸੀ ਲਹਿਰ ਦੇ ਵਿਗਠਨ ਨੂੰ ਇਤਿਹਾਸਕ ਪਰਿਪੇਖ ਵਿਚ ਰਚਦਿਆਂ ਗਲਪਕਾਰ ਬਲਬੀਰ ਪਰਵਾਨਾ ਨੇ ਵੀ ਬਿਹਤਰ ਨਾਵਲ ਲਿਖੇ ਹਨ।

'ਤਾਂਡਵ ਨ੍ਰਿਤ' ਵਰਤਮਾਨ ਪੂੰਜੀਵਾਦੀ ਸਮਾਜਕ ਆਰਥਿਕ ਵਿਵਸਥਾ ਵਿਚਲੇ ਸਮਾਜਕ ਤੌਰ ਤੇ ਛਾਂਗੇ ਹੋਏ ਖੰਡਿਤ ਆਪੇ ਵਾਲੇ ਸਕਿਜ਼ੋਫਰੈਨਿਕ ਭਾਂਤ ਦੇ ਬਿਮਾਰ ਮਨੁੱਖ ਦੀ ਕਹਾਣੀ ਹੈ। ਕਹਾਣੀ ਦੇ ਸਿਰਲੇਖ ਵਿਚ ਹੀ ਅੰਤਰਪਾਠ ਵਜੋਂ ਮਿਥ ਪਈ ਹੈ। ਤਾਂਡਵ ਭੋਲੇਨਾਥ ਦਾ ਨਾਚ ਹੈ। ਰੁਦ੍ਰਨਾਟ ਪ੍ਰਚੰਡ ਵਿਨਾਸ਼ਕਾਰੀ ਕਹਾਣੀ ਵਿਚ ਵੀ ਇਹ ਤਾਂਡਵ ਹੋਇਆ ਹੈ, ਪ੍ਰਚੰਡ ਪਤਿਰੋਸ਼ ਦਾ ਪ੍ਰਾਕਿਰਤਕ ਵੇਗ ਦਾ ਅਸੀਮ ਮਹੱਤਵਕਾਂਖਿਆਵਾਂ ਦਾ ਇਕੱਲ ਮਾਰੇ ਆਪੇ ਤੇ ਛਾਈ ਪੀੜਾ ਦਾਇਕ ਉਦਾਸੀ ਤੇ ਨਿਰਾਸ਼ਤਾ ਦਾ। ਸਮੁੱਚੇ ਕਥਾ ਬਿਰਤਾਂਤ ਵਿਚ ਪ੍ਰਾਕਿਰਤਕ ਵੇਗਾਂ ਤੇ ਸਾਂਸਕ੍ਰਿਤਕ ਆਪੇ ਵਿਚਾਲੇ ਦਵੰਦ ਕਾਰਜਸ਼ੀਲ ਹੈ। ਡਾ. ਗੁਰਜੰਟ ਸਿੰਘ ਇਸਨੂੰ ਮਾਰਯਾਦਾ ਤੇ ਨਾਬਰੀ ਦਾ ਤਾਂਡਵ ਨ੍ਰਿਤ [2] ਆਖਦਾ ਹੈ।

ਜਿਵੇਂ ਕਿ ਪਹਿਲਾਂ ਚਰਚਾ ਕੀਤੀ ਗਈ ਹੈ ਇਸ ਕਹਾਣੀ ਵਿਚ ਵੀ ਕਹਾਣੀਕਾਰ ਕੇਂਦਰੀ ਥੀਮ ਨੂੰ ਦ੍ਰਿਸ਼ਟਾਉਂਦਾ ਮੈਟਾਫ਼ਰ ਸਿਰਜਦਾ ਹੈ। ਇਕ ਆਲੀਸ਼ਾਨ ਕਿਲ੍ਹੇ ਦੀ ਕੰਧ ਨਾਲ ਖਹਿ ਕੇ ਲੰਘ ਰਿਹਾ ਸ਼ੂਕਦਾ ਦਰਿਆ। ਮੈਂ ਕਿਲ੍ਹੇ ਦੀ ਛੱਤ 'ਤੇ ਖੜ੍ਹੀ ਹਾਂ। ਹੇਠਾਂ ਛਾਲ ਲਗਾਉਣ ਲਈ ਅੱਗੇ ਵਧਦੀ ਹਾਂ। ਪਰ ਡਰ ਕੇ ਪਿਛਾਂਹ ਹੱਟ ਜਾਂਦੀ ਹਾਂ। ਫਿਰ ਆਦਮ ਬੋ... ਆਦਮ ਬੋ ਦੀ ਅਵਾਜ਼ ਗੂੰਜਦੀ ਹੈ।

ਇਹ ਆਲੀਸ਼ਾਨ ਕਿਲ੍ਹਾ ਸਮੁੱਚੇ ਸਮਾਜ ਸਾਂਸਕ੍ਰਿਤਿਕ ਮੁੱਲ ਪ੍ਰਬੰਧ ਦਾ ਚਿਹਨਿਕ ਹੈ। ਸੂਕਦਾ ਦਰਿਆ ਮਨੁੱਖਾ ਮਨ ਅੰਦਰ ਦੀ ਪ੍ਰਾਕਿਰਤਕ ਕਾਮ ਸ਼ਕਤੀ ਮਨ-ਅੰਤਰ ਦਾ ਇਹ ਪ੍ਰਾਕਿਰਤਕ ਵੇਗ ਸਮਾਜ ਦੇ ਉਸਾਰੇ ਸਾਂਸਕ੍ਰਿਤਕ ਉਸਾਰ ਨਾਲ ਖਹਿੰਦਾ ਹੈ। ਸਾਂਸਕ੍ਰਿਤਕ ਉਸਾਰ ਦੀਆਂ ਪੱਕੀਆਂ ਕੰਧਾਂ ਤੋੜ ਬੇਮੁਹਾਰ ਸ਼ੂਕਣਾ ਚਾਹੁੰਦਾ ਹੈ। ਬੇਰੋਕ ਤਾਂਡਵ ਨੱਚਣਾ ਲੋਚਦਾ ਹੈ। ਨੱਚਦਾ ਵੀ ਹੈ ਦੀਪ ਤੇ ਤ੍ਰਿਪਤਾ ਦੇ ਜੀਵਨ ਵਿਚ। ਸਿਮਰਨ ਅੰਦਰ ਵੀ ਲੋਚਾ ਹੈ, ਇਸ ਵੇਗ ਵਿਚ ਛਾਲ ਮਾਰਨ ਦੀ। ਪਰ ਉਸਨੂੰ ਆਦਮ ਬੋ ਦੀ ਆਵਾਜ਼ ਸੁਣਦੀ ਹੈ, ਇਹ ਆਵਾਜ਼ ਅੰਤਰ ਮਨ ਦੀ ਆਵਾਜ਼ ਹੈ, ਸਾਂਸਕ੍ਰਿਤਿਕ ਆਪੇ ਦੀ ਆਵਾਜ਼। ਜੋ ਆਗਾਹ ਕਰ ਰਿਹਾ ਹੈ ਕਿ ਇਸ ਵੇਗ ਨੇ ਤੇਰੀ ਆਦਮੀਅਤ ਨੂੰ ਖਾ ਜਾਣਾ ਹੈ। ਵਰਜਿਤ ਹੈ ਇਹ। ਉਹ ਡਰ ਕੇ ਪਿਛੇ ਪਰਤ ਵੇਖਦੀ ਹੈ ਪਰ ਹੁਣ ਆਲੀਸ਼ਾਨ ਕਿਲ੍ਹਾ ਖੰਡਰ ਬਣਿਆ ਨਜ਼ਰ ਆ ਰਿਹਾ ਹੈ ਭਾਵ ਸਮਾਜਕ ਪਰਿਵਾਰਕ ਜੀਵਨ ਦਾ ਤਬਾਹਕੁੰਨ ਮੰਜ਼ਰ। ਸੰਸਕ੍ਰਿਤੀ ਤੇ ਪ੍ਰਕਿਰਤੀ ਵਿਚਾਲੇ ਤ੍ਰਿਸ਼ੰਕੂ ਦੀ ਇਹ ਸਥਿਤੀ ਹੀ ਸਮਾਜਕ ਮਨੁੱਖ ਦੀ ਹੋਣੀ ਹੈ ਦੁਖਾਂਤਕ ਹੋਣੀ। ਕਹਾਣੀ ਨਾਰੀਵਾਦੀ ਦ੍ਰਿਸ਼ਟੀ ਤੋਂ ਪਤੀ ਤੇ ਪ੍ਰੇਮੀ ਵਿਚਾਲੇ ਅੰਤਰ ਦੀ ਰੇਖਾ ਨੂੰ ਮੇਟ ਰਹੀ ਹੈ। ਨਾਰੀਵਾਦੀ ਪੱਖ ਤੋਂ ਦੋਹਾਂ ਵਿਚਾਲੇ ਅੰਤਰ ਦੇਖਣ ਨੂੰ ਹੀ ਹੈ-ਵਿਰੋਧਭਾਸ ਹੈ ਦਰਅਸਲ ਕੋਈ ਅੰਤਰ ਨਹੀਂ। ਸਿਮਰਨ ਨੂੰ ਆਪਣਾ ਪ੍ਰੇਮੀ ਦੀਪ ਆਪਣੇ ਪਤੀ ਦੇਵ ਦਾ ਹੀ ਕਲੋਨ ਜਾਪਦਾ ਹੈ। ਦੋਵੇਂ ਉਸਦੀ ਅਜ਼ਾਦ ਹੋਂਦ ਤੇ ਅਜ਼ਾਦ ਸੋਚ ਤੋਂ ਇਨਸਕਿਓਰ ਫੀਲ ਕਰਦੇ ਹਨ। ਦੋਵੇਂ ਉਸ ਕੋਲ ਆਪਣੀ ਤਲਬ ਪੂਰਤੀ ਲਈ ਹੀ ਆਉਂਦੇ ਹਨ ਪ੍ਰੇਮੀ ਤਾਂ ਸਗੋਂ ਜਿਸਮਾਨੀ ਖੇਡ ਪਿੱਛੋਂ ਉਸ ਤੇ ਵਿਜਾਈ ਹੋਣ ਦੇ ਅਹਿਸਾਸ ਨਾਲ ਵੀ ਭਰਦਾ ਜਾਪਦਾ ਹੈ।

"ਸਟਾਰ ਅਦਾਕਾਰ ਸਿਮਰਨ ਮੇਰੀਆਂ ਬਾਹਾਂ 'ਚ ਹੈ ਅੱਜ।"

ਜੇਕਰ ਪ੍ਰੇਮੀ ਸਾਰੇ ਸ਼ਬਦ ਜਾਲ ਚੰਦਰੀਆਂ ਇਨ੍ਹਾਂ ਦੋ ਘੜੀਆਂ ਲਈ ਬੁਣਦਾ ਹੈ ਤਾਂ ਪਤੀ ਵੀ ਦੋਹਰੇ ਕਿਰਦਾਰ ਵਾਲਾ ਹੈ। ਹਿਪੋਕਰੇਟਿਕ ਮਨੁੱਖ। ਪਤਨੀ ਦੀ ਖ਼ੁਸ਼ੀ ਆਜ਼ਾਦੀ, ਸਮਾਜਕ ਸੰਸਥਾ ਵਿਚ ਇਨਸਕਿਓਰ ਫੀਲ ਕਰਦਾ ਹੈ ਅਤੇ ਆਪਣੇ ਸਵਾਰਥ ਲਈ ਪਤਨੀ ਨੂੰ ਸੀਨੀਅਰਜ਼ ਸਾਹਵੇਂ ਪੇਸ਼ ਕਰਨ ਤਕ ਜਾਂਦਾ ਹੈ। ਨਾਰੀ ਦਮਨ ਦੀ ਪਿਤਰਕੀ ਵਿਵਸਥਾ ਦਾ ਜੀਵੰਤ ਰੂਪ, ਕੇਂਦਰੀ ਮੋਹਰਾ।

ਕਹਾਣੀ ਵਿਚ ਵਿਆਹ ਬਾਹਰੇ ਸੰਬੰਧਾਂ ਪ੍ਰਤਿ ਦੋਵੇਂ ਨਜ਼ਰੀਏ ਪੇਸ਼ ਹੋਏ ਹਨ-ਅਪਰਾਧ ਬੋਧ ਅਤੇ ਸੈਲੀਬ੍ਰੇਸ਼ਨ। ਦੀਪ ਤੇ ਤ੍ਰਿਪਤਾ ਇਨ੍ਹਾਂ ਸੰਬੰਧਾਂ ਨੂੰ ਸੈਲੀਬਰੇਟ ਕਰਦੇ ਹਨ ਜਦਕਿ ਸਿਮਰਨ ਇਕੱਲਤਾ ਨਿਰਾਸ਼ਤਾ ਪ੍ਰਤਿਰੋਧ



ਵਿਚ ਘਿਰੀ ਹੋਈ ਪ੍ਰੇਮੀ ਦੀਪ ਤੇ ਸਹੇਲੀ ਤ੍ਰਿਪਤਾ ਤੇ ਤਮਾਮ ਤਰਕਾਂ ਤੇ ਬਹਿਕਾਵਿਆਂ ਦੇ ਬਾਵਜੂਦ ਲਕੀਰ ਤੋਂ ਪਾਰ ਵਾਲੇ ਇਸ ਸਬੰਧ ਦੇ ਦੋਸ਼ ਭਾਵ ਤੋਂ ਮੁਕਤ ਨਹੀਂ ਹੋ ਪਾਉਂਦੀ। ਉਸਦਾ ਇਹ ਰਿਸ਼ਤਾ ਵੀ ਕਾਮ ਅਭਿਨਾਸ਼ਾ ਕਰਕੇ ਨਹੀਂ ਸਗੋਂ ਵਿਆਹੁਤਾ ਜ਼ਿੰਦਗੀ ਵਿਚਲੀ ਨਿਰਾਸਤਾ ਇਕੱਲਤਾ ਕਰਕੇ ਬਣਦਾ ਹੈ। ਜਿਸ ਖਾਲੀਪਨ ਨੂੰ ਭਰਨ ਤੇ ਖ਼ਾਮੋਸੀ ਨੂੰ ਦੂਰ ਕਰਨ ਲਈ ਉਹ ਇਹ ਰਿਸ਼ਤਾ ਬਣਾਉਂਦੀ ਹੈ, ਖਾਮੋਸ਼ੀ ਦੀ ਉਹ ਖਾਈ ਇਸ ਪਿੱਛੋਂ ਹੋਰ ਡੂੰਘੀ ਹੋ ਜਾਂਦੀ ਹੈ। ਉਹ ਇਸ ਰਿਸ਼ਤੇ ਦਾ ਮਿਰਗ ਛਲ ਨੂੰ ਜਾਣ ਜਾਂਦੀ ਹੈ। ਸਿਮਰਨ ਦੇ ਇਸ ਵਿਵੇਕ ਵਿਚ ਹੀ ਕਥਾ ਵਿਵੇਕ ਪਿਆ ਹੈ।

ਸਿਮਰਨ ਪਾਤਰ ਨੂੰ ਪੰਜਾਬੀ ਕਹਾਣੀ ਵਿਚਲੇ ਨਾਰੀ ਪਾਤਰਾਂ ਦੀ ਸਾਹਿਤ ਇਤਿਹਾਸਕ ਕ੍ਰਮਤਾ ਵਿਚ ਵੀ ਪਛਾਣਿਆ ਜਾਣਾ ਬਣਦਾ ਹੈ। ਬੇਸ਼ੱਕ ਇਹ ਪੂੰਜੀਵਾਦੀ ਪ੍ਰਬੰਧ ਅਨੁਕੂਲਿਤ ਨਾਰੀ ਦਾ ਅਪਵਾਦ ਹੀ ਬਣ ਰਿਹਾ ਹੈ ਮਗਰ ਇਸ ਕਹਾਣੀ ਦੇ ਸੰਦਰਭ ਵਿਚ ਵਰਤਮਾਨ ਨਾਰੀ ਆਪਣੀ ਵਸਤੂ ਹੋਂਦ ਪ੍ਰਤਿ ਸੁਚੇਤ ਵੀ ਹੈ ਤੇ ਮਰਦ ਵਲੋਂ ਚਾਹੇ ਉਹ ਪਤੀ ਹੋਵੇ ਜਾਂ ਪ੍ਰੇਮੀ ਉਸਨੂੰ ਕਾਮੁਕ ਅਨਾਤਮ ਤੱਕ ਘਟਿਤ ਕੀਤੇ ਜਾਣ ਤੋਂ ਨਾਬਰ ਵੀ। ਪਤੀ ਵਲੋਂ ਸਿਮਰਨ ਨੂੰ ਮਾਨਵੀ ਹੋਂਦ ਤੋਂ ਚੰਮ ਦੀ ਗੁੱਡੀ ਤੱਕ ਘਟਾ ਲਏ ਜਾਣ ਵਿਰੁੱਧ ਉਸਦਾ ਪ੍ਰਤਿਰੋਧ ਤੇ ਪ੍ਰਤਿਰੋਸ਼ ਪ੍ਰਚੰਡ ਹੈ। ਐਸਾ ਪ੍ਰਚੰਡ ਪ੍ਰਤਿਰੋਸ਼ ਪਹਿਲੀ ਕਹਾਣੀ ਵਿਚ ਘੱਟ ਮਿਲਦਾ ਹੈ।

... ਤੇ ਮੈਂ ਬਿਨਾਂ ਕੁਝ ਬੋਲਿਆਂ ਇਕ ਇਕ ਕਰ ਆਪਣੇ ਸਾਰੇ ਕੱਪੜੇ ਉਤਾਰ ਦਿੱਤੇ। ਪਹਿਲਾਂ ਬਾਹਰੀ ... ਫਿਰ ਅੰਦਰੂਨੀ ਵੀ... ਤੇ ਨਿਰਵਸਤਰ ਹੋ ਕੇ ਭਾਵ-ਹੀਣ ਚਿਹਰੇ ਨਾਲ ਲਾਸ਼ ਵਾਂਗ ਵਿਛ ਗਈ ਬੈੱਡ ਤੇ। ਦੇਵ ਲਈ ਇਕ ਨਗਨ ਲਾਸ਼ ਨੂੰ ਨੋਚ ਲੈਣ ਦਾ ਸੱਦਾ ਸੀ ਇਹ।

ਬੇਸ਼ੱਕ ਬਿਰਤਾਂਤ ਦੇ ਅਖੀਰ ਵਿਚ ਉਹ ਮੁੜ ਸਮਝੌਤਾਵਾਦੀ ਸਥਿਤੀ ਵਿਚ ਹੈ ਮਗਰ ਉਸਦਾ ਇਹ ਪ੍ਰਤਿਰੋਧ ਦਮ ਤੋੜਣ ਤੋਂ ਪਹਿਲਾਂ ਜੀਊਣ ਲਈ ਕੀਤਾ ਸੰਘਰਸ਼ ਹੀ ਹੈ।

ਕਹਾਣੀ ' ਇਕ ਜ਼ਰਾ ਜਿੰਨੀ ਗੱਲ' ਦਲਿਤ ਹੋਂਦ ਦੇ ਮਸਲੇ ਦੇ ਅਨੇਕ ਪਸਾਰ ਖੋਲ੍ਹਦੀ ਕਈ ਸਵਾਲ ਖੜੇ ਕਰਦੀ ਹੈ। ਕੁਲਵੰਤ ਗਿੱਲ ਦੀਆਂ ਹੋਰਨਾਂ ਕਹਾਣੀਆਂ ਵਾਂਗ ਇਸ ਵਿਚਲੇ ਪਾਤਰ ਵੀ ਕੇਂਦਰੀ ਮਸਲੇ ਨਾਲ ਸੰਬੰਧਿਤ ਅਲਹਿਦਾ ਪਹਿਲੂ ਆਪਣੇ ਆਪ ਵਿਚ ਸੰਜੋਈ ਬੈਠੇ ਹਨ। ਮੁੱਖ ਪਾਤਰ ਆਈ. ਏ. ਐਸ. ਸ੍ਰ. ਬੀ. ਐਸ. ਅਟਵਾਲ ਨਾਲ ਤਾਂ ਇਸ ਮਸਲੇ ਦੇ ਦੋਹਰੇ ਪਹਿਲੂ ਜੁੜਦੇ ਹਨ। ਉਹ ਇਕੋ ਸਮੇਂ ਦਲਿਤ ਵੀ ਹੈ ਤੇ ਸ੍ਵਰਣ ਵੀ। ਇਕ ਪਾਸੇ ਜਾਤ ਤੋਂ ਦਲਿਤ ਇਹ ਪਾਤਰ ਉੱਚ ਅਹੁਦੇ ਤੇ ਪਹੁੰਚ ਕੇ ਆਰਥਿਕ ਸੰਪੰਨਤਾ ਅਫ਼ਸਰੀ ਰੁਅਬ ਤੇ ਤਾਕਤ ਤਾਂ ਹਾਸਲ ਕਰ ਲੈਂਦਾ ਹੈ ਪਰ ਇਸਦੇ ਬਾਵਜੂਦ ਆਪਣੇ ਬੰਦੇ ਤੇ ਇਨ੍ਹਾਂ ਲੋਕਾਂ ਵਾਲੇ ਜਾਤੀ ਵਿਤਕਰੇ ਭਰੇ ਬੋਲਾਂ ਦੀ ਛਿਲਤ ਉਸਨੂੰ ਚੁੱਭਦੀ ਹੈ। ਜਾਤੀ ਵਿਤਕਰਾ ਤੇ ਜਾਤੀ ਹੀਣਤਾ ਦਾ ਭਾਵ ਬਣਿਆ ਰਹਿੰਦਾ ਹੈ। ਦੂਜੇ ਪਾਸੇ ਇਹੀ ਪੀੜਿਤ ਵਿਅਕਤੀ ਉੱਚੇ ਅਹੁਦੇ ਤੇ ਪਹੁੰਚ ਖੁਦ ਹੀ ਲੋਕਾਈ ਨੂੰ ਨਪੀੜਣ ਵਾਲੀ ਵਿਵਸਥਾ ਦਾ ਅੰਗ ਹੈ ਨਿੱਜੀ ਮੁਫ਼ਾਦ ਵੀ ਸੋਚਦਾ ਲੋਟੂ ਸ਼੍ਰੇਣੀ ਦਾ ਭਾਈਵਾਲ ਬਣਦਾ ਹੈ। ਜਾਤੀ ਵਿਤਕਰੇ ਦੇ ਪੀੜਾ ਦਾਇਕ ਅਨੁਭਵ ਵਾਲਾ ਤੇ ਦਲਿਤ ਸਮਾਜ ਨਾਲ ਹੁੰਦੇ ਰਹੇ ਵਿਤਕਰੇ ਤੇ ਦਮਨ ਦੀ ਇਤਿਹਾਸਕ ਚੇਤਨਾ ਵਾਲਾ ਇਹ ਪਾਤਰ ਉੱਚ ਅਹੁਦੇ ਤੇ ਪਹੁੰਚ ਪ੍ਰਤਿਰੋਧ ਦੀ ਭਾਵਨਾ ਤਹਿਤ ਬਦਲਾ ਲਊ ਵਿਹਾਰ ਕਰਦਾ ਹੈ। ਗੰਨਮੇਨ ਜੁਗਰਾਜ ਤੋਂ ਗੋਹਾ ਹਟਵਾਉਣਾ ਤੇ ਮੈਡਮ ਤਵਲੀਨ ਸ਼ੁਕਲਾ ਨਾਲ ਸੌਣਾ ਲੇਖੇ ਬਰਾਬਰ ਕਰਨਾ ਦਾ ਹੀ ਪ੍ਰਤਿਰੋਧੀ ਕਾਰਜ ਹੈ। ਗੰਨਮੈਨ ਜੁਗਰਾਜ ਦੇ ਪੱਖ ਤੋਂ ਵੇਖਿਆ ਜਾਵੇ ਤਾਂ ਉਹ ਬੀ. ਐਸ. ਅਟਵਾਲ ਦੇ ਸਾਹਵੇਂ ਦਲਿਤ ਸਥਿਤੀ ਵਿਚ ਹੈ। ਮੈਡਮ ਤਵਲੀਨ ਸ਼ੁਕਲਾ ਪੂੰਜੀਵਾਦੀ ਰੰਗ ਵਿਚ ਰੰਗੀ ਪਾਤਰ ਹੈ। ਉਪਭੋਗੀ ਸੋਚ ਵਾਲੀ, ਬਲਕਿ ਖ਼ੁਦ ਦੀ ਵਸਤੂ ਹੋਂਦ ਤੋਂ ਸੁਚੇਤ ਖੁਦ ਦਾ ਹੀ ਮੁੱਲ ਪਾਉਣ ਵਾਲੀ। ਜੇਕਰ ਪ੍ਰਥਮ ਪੁਰਖ ਪਾਤਰ ਉਸਨੂੰ ਵਰਤਦਾ ਹੈ ਤਾਂ ਉਹ ਉਸਨੂੰ ਵਰਤਦੀ ਹੈ। ਇਹ ਪੂੰਜੀਵਾਦੀ ਪ੍ਰਬੰਧ ਦੇ ਬਜ਼ਾਰ ਨੂੰ ਮੁਆਫ਼ਿਕ ਉੱਚ ਮੱਧ ਸ਼੍ਰੈਣਿਕ ਵਿਹਾਰ ਤੇ ਕਿਰਦਾਰ ਹੈ। ਤਵਲੀਨ ਦਾ ਅਪਵਾਦ ਉਸਦੀ ਨੂੰਹ ਸ਼ੀਤਲ ਹੈ। ਪਦਾਰਥਕ ਸੁੱਖ ਸਹੂਲਤਾਂ ਪਹੁੰਚ ਤੇ ਉੱਚ ਸ੍ਰੈਣਿਕ ਲਾਈਫ ਸਟਾਈਲ ਲਈ ਜ਼ਮੀਰ ਨਾਲ ਸਮਝੌਤਾ ਨਾ ਕਰਨ ਵਾਲੀ।

ਦਲਿਤ ਹੋਂਦ ਦਾ ਇਕ ਅਹਿਮ ਪਹਿਲੂ ਅਰਮਾਨ ਪਾਤਰ ਰਾਹੀਂ ਪੇਸ਼ ਹੋ ਰਿਹਾ ਹੈ। ਅਰਮਾਨ ਦਾ ਜਾਤੀ ਪਿਛੋਕੜ ਹੀ ਦਲਿਤਾਂ ਨਾਲ ਜੁੜਦਾ ਹੈ ਉਂਜ ਉਹ ਏ. ਡੀ. ਸੀ. ਸ੍ਰਾ ਬੀ. ਐਸ. ਅਟਵਾਲ ਦਾ ਪੁੱਤਰ ਹੈ, ਆਰਥਿਕ ਪੱਖੋਂ ਸੁੱਖ ਸਹੂਲਤਾਂ ਮਾਣਨ ਵਾਲਾ, ਦਲਿਤ ਇਤਿਹਾਸ ਤੋਂ ਕੋਰਾ ਜਾਤੀ ਹੀਣਤਾ ਦੇ ਅਹਿਸਾਸ ਜਾਤੀ ਵਿਤਕਰੇ ਦੇ ਅਨੁਭਵ ਤੋਂ ਅਭਿੱਜ ਕੀ ਇਹ ਵੀ ਦਲਿਤ ਹੈ? ਕੀ ਇਹ ਵੀ ਦਲਿਤਾਂ ਨੂੰ ਮਿਲਣ ਵਾਲੀਆਂ ਰਿਆਇਤਾਂ ਦਾ ਅਸਲ ਹੱਕਦਾਰ ਹੈ? ਇਹ ਕੁਝ ਐਸੇ ਪ੍ਰਸ਼ਨ ਹਨ ਜੋ ਕਥਾ ਬਿਰਤਾਂਤ ਖਾਮੋਸ਼ ਜਿਹੇ ਹੀ ਕਰਦਾ ਜਾਂਦਾ ਹੈ। ਕਥਾ ਬਿਰਤਾਂਤ ਵਿਚ ਸਵਰਨ ਜਾਤੀ ਨਾਲ ਜੁੜਦੇ ਪਰ ਸਾਧਨ ਵਿਹੀਣ ਲੋਕਾਂ ਦੀ ਸੰਕਟਸ਼ੀਲ ਸਥਿਤੀ ਨੂੰ ਪ੍ਰਗਟਾਉਂਦੀਆਂ ਪ੍ਰਤਿਧੁਨਾਂ ਵੀ ਗੂੰਜਦੀਆਂ ਹਨ। ਵਰਤਮਾਨ ਸਮੇਂ ਵਿਚ ਪੂੰਜੀਵਾਦ ਦਾ ਪ੍ਰਚਾਰਕ ਮੀਡੀਆ ਜਿਸ ਕਦਰ ਉਪਭੋਗਤਾਵਾਦ ਅਤੇ ਚੇਤਨਾ ਵਿਹੂਣੀ ਐਂਟਰਟੇਨਮੈਂਟ ਨੂੰ ਬੜ੍ਹਾਵਾ ਦੇ ਰਿਹਾ ਹੈ ਇਸ ਮਨੋਰੰਜਨ ਦੀ ਹਵਾ ਵਿਚ ਨਵੀਂ ਪੀੜ੍ਹੀ ਚਾਹੇ ਉਹ ਕਿਸੇ ਵੀ ਜਾਤ ਜਾਂ ਜਮਾਤ ਦੀ ਹੋਵੇ, ਆਪਣੇ ਜਾਤੀ ਜਮਾਤੀ ਇਤਿਹਾਸ ਤੇ ਚੇਤਨਾ ਤੋਂ ਵਿਰਵੀ ਹੁੰਦੀ ਜਾ ਰਹੀ ਹੈ। ਕੁਲਵੰਤ ਗਿੱਲ ਦੀ ਕਹਾਣੀ ਵਿਚ ਇਹ ਮਨੋਰੰਜਨ ਸਾਧਨ ਸੰਪੰਨ ਦਲਿਤ ਪਰਿਵਾਰ ਦੀ ਨਵੀਂ ਪੀੜ੍ਹੀ ਤੇ ਅਸਰ ਅੰਦਾਜ ਹੋ ਰਿਹਾ ਹੈ।

"ਅਰਮਾਨ ਖੁਸ਼ ਸੀ ਹੁਣ... ਉਸਦਾ ਮਨਪਸੰਦ ਸਟਾਰ ਆਪਣੀ ਸ਼ਰਟ ਉਤਾਰ ਇਸ਼ਕ ਦੀ ਗਲੀ ਵਿਚ ਨੋ ਐਂਟਰੀ ਦੀ ਧੁਨ ਤੇ ਡਾਂਸ ਕਰ ਰਿਹਾ ਸੀ। ਕਹਾਣੀ ਵਿਚ ਉਨਾਭੀ ਪੱਗ ਨਿਮਨ ਜਾਤੀ ਮਨੁੱਖ ਦੇ ਅਵਚੇਤਨ ਵਿਚ ਵਸੀ ਉੱਚ ਜਾਤੀ ਦੀ ਧੌਂਸ ਦੀ ਚਿਹਨਿਕ ਹੈ।

'ਨਿੰਮ ਵਾਲੀ ਗਲੀ' ਵਿਸ਼ਵੀਕਰਨ ਦੇ ਪ੍ਰਭਾਵ ਹੇਠ ਸ਼ਹਿਰਾਂ ਕਸਬਿਆਂ ਦੇ ਬਦਲਦੇ ਸਮਾਜਿਕ ਆਰਥਿਕ ਰਾਜਸੀ ਮੁਹਾਂਦਰੇ ਨੂੰ ਸਿਰਜਦੀ ਕਹਾਣੀ ਹੈ। ਨਿੰਮ ਵਾਲੀ ਗਲੀ ਦੇ ਟਾਵਰ ਵਾਲੀ ਗਲੀ ਵਿਚ ਬਦਲ ਜਾਣ ਦੇ ਚਿਹਨ ਵਿਚ ਹੀ ਕਹਾਣੀ ਦਾ ਸੁਮੁੱਚਾ ਅਰਥ ਪ੍ਰਬੰਧ ਪਿਆ ਹੈ।

'ਸਾਪਿੰਗ ਕੰਪਲੈਕਸ ਪਿੱਪਲ ਵਾਲੀ ਥਾਂ ਤੇ ਉਸਰਿਆ ਹੈ। ਇਹ ਇਕ ਦ੍ਰਿਸ਼ਟਾਂਤ ਪੂਰੇ ਕਥਾ ਬਿਰਤਾਂਤ ਵਿਚ ਕੇਂਦਰੀ ਥੀਮ ਬਣ ਪਸਰਿਆ ਹੋਇਆ ਹੈ। ਪਿੱਪਲ ਕਥਾ ਵਿਚਲਾ ਕੇਂਦਰੀ ਪਰ ਬਹੁ ਅਰਥੀ ਚਿਹਨ ਹੈ। ਇਹ ਪੂੰਜੀਵਾਦੀਆਂ ਵਲੋਂ ਵਿਕਾਸ ਦੇ ਨਾਂ ਤੇ ਕੁਦਰਤ ਨਾਲ ਕੀਤੇ ਜਾਂਦੇ ਖਿਲਵਾੜ ਨੂੰ ਚਿਹਨਿਤ ਕਰਦਾ ਹੈ। ਦੂਜਾ ਇਹ ਸਾਡੀ ਸਥਾਨਕ ਪਰੰਪਰਾ ਸੰਸਕ੍ਰਿਤੀ ਭਾਈਚਾਰਕ ਸਾਂਝ, ਕਿਰਤ, ਹੁਨਰਾਂ ਦਾ ਚਿਹਨ ਹੈ ਜਿਸਨੂੰ ਉਖੇੜ ਕੇ ਪੂੰਜੀਵਾਦ ਦਾ ਨਵਾਂ ਵਿਕਾਸ ਮਾਡਲ ਖੜਾ ਕੀਤਾ ਜਾ ਰਿਹਾ ਹੈ। ਤਾਲੇ ਠੀਕ ਕਰਨ ਵਾਲਾ ਹੰਸ ਰਾਜ ਨਾਨਕ ਚੰਦ ਦਾ ਭੱਠ, ਬਿਸਕੁਟ ਬਣਾਉਣ ਵਾਲਾ, ਕਰਤਾਰ ਘੜੀਸਾਜ਼, ਧਨੀ ਰਾਮ ਦਾ ਟਾਲ, ਦਰਅਸਲ ਕਹਾਣੀ ਪਿੱਪਰ ਰਾਹੀਂ ਇਨ੍ਹਾਂ ਲੋਕ ਧੰਦਿਆਂ ਅਥਵਾ ਭਾਰਤ ਦੇ ਲਘੂ ਉਦਯੋਗਾਂ ਦੇ ਉਖੇੜੇ ਜਾਣ ਦੀ ਗੱਲ ਕਰਦੀ ਹੈ। ਇਨ੍ਹਾਂ ਦੇ ਉਜਾੜੇ ਤੇ ਉੱਸਰਿਆ ਹੈ ਨਵ ਪੂੰਜੀਵਾਦੀ ਨਿਜ਼ਾਮ ਦਾ ਚਿਹਨ ਸਾਪਿੰਗ ਕੰਪਲੈਕਸ। ਪੂੰਜੀਵਾਦ ਦਾ ਇਹ ਵਿਕਾਸ ਮਾਡਲ ਜਿਥੇ ਭਾਰਤ ਦੇ ਲਘੂ ਉਦਯੋਗਾਂ ਤੇ ਕਿੱਤਿਆ ਤੇ ਹਾਵੀ ਹੋਇਆ ਹੈ ਉਥੇ ਇਹ ਸਵੈ ਧੀਨ ਹੁਨਰਮੰਦਾਂ ਨੂੰ ਦਿਹਾੜੀਦਾਰ ਕਾਮਿਆਂ ਵਿਚ ਘਟਾ ਅਧੀਨਗੀ ਦੀ ਪਿਛਲ ਤੋਰੇ ਪਾ ਰਿਹਾ ਹੈ। ਇਹ ਵਿਕਾਸ ਹੈ ਜਾਂ ਵਿਨਾਸ਼? ਕਹਾਣੀਕਾਰ ਇਹੀ ਚੀਕ ਮਾਰਨਾ ਚਾਹੁੰਦਾ ਹੈ।

ਬਿਰਜ ਲਾਲ... ਤੇ ਹੰਸ ਰਾਜ ਲਿਸ਼ਕਵੇਂ ਸੰਗਮਰਮਰੀ ਫਰਸ਼ ਤੇ ਪੋਚਾ ਲਗਾ ਰਹੇ ਸਨ। ਕਰਤਾਰ ਤੇ ਨਾਨਕ ਚੰਦ ਵੀ ਝਾੜਾ-ਪੂੰਝੀ ਕਰਦੇ ਦਿਖਾਈ ਦਿੱਤੇ।

"ਲਾ ਇਲਾਜ਼ ਰੋਗਾਂ ਲਈ ਅਜਮਾਏ ਹੋਏ ਦੇਸੀ ਨੁਸਖਿਆਂ ਵਾਲੇ ਵੈਦ ਮੁਕੰਦ ਲਾਲ ਸਿੱਧ ਯੋਗੀ ਦੀ ਵਿਸ ਬਦਲੇ ਨਿਜ਼ਾਮ ਵਿਚ ਐਸੀ ਦੁਰਦਸ਼ਾ ਹੁੰਦੀ ਹੈ ਕਿ ਉਹ ਵੈਦ ਤੋਂ ਸੱਟੇ-ਬਾਜ਼ਾਂ ਦਾ ਭਾਈਵਾਲ ਬਣਨ ਲਈ ਮਜਬੂਰ ਹੁੰਦਾ ਹੈ।

ਇਕ ਹੀ ਸ਼ਹਿਰ ਦੋ ਰੂਪਾਂ ਵਿਚ ਵਟਿਆ ਦਿਸਦਾ ਹੈ। ਇਕ ਪਾਸੇ ਪੂੰਜੀਵਾਦੀ ਰੰਗ ਵਿਚ ਰੰਗਿਆ 'ਸਾਪਿੰਗ ਕੰਪਲੈਕਸ, ਫਲਾਈ ਓਪਰ, ਏ. ਸੀ., ਮਾਰਕੀਟ ਵਾਲਾ ਰੂਪ ਤੇ ਦੂਜਾ ਇਸ ਪਿਛੇ ਦੁਬਕ ਕੇ ਬੈਠਾ ਪੁਰਾਣਾ ਤੰਗ ਤਲੀਆਂ ਤੇ ਤੰਗ ਜਿਹੇ ਬਜ਼ਾਰ ਵਾਲਾ ਮੁਹੱਲੇਦਾਰ ਸ਼ਹਿਰ।



ਤਿਲਕ ਰਾਜ ਕਾਲੜਾ, ਪਰਦੀਪ ਕੁਮਾਰ ਖੀਂਗੜਾ, ਮੁਕੰਦ ਲਾਲ, ਸੋਮਨਾਥ, ਮਨਚੰਦਾ ਸਾਹਿਬ ਜਿਹੇ ਵਰਤਮਾਨ ਨਵ-ਪੂੰਜੀਵਾਦੀ ਲੋਟੂ ਵਰਤਾਰੇ ਦੇ ਨਾਕਸ ਕੀਤੇ ਹੋਏ ਪਾਤਰ ਹਨ ਜੋ ਬਦਲੇ ਹਾਲਾਤ ਨਾਲ ਕਦਮ ਤਾਲ ਨਾ ਮਿਲਾ ਸਕੇ ਜਾਂ ਫਿਰ ਵਗਦੀ ਹਵਾ ਦੀ ਉਲਟ ਦਿਸ਼ਾ ਤੁਰੇ। ਆਪਣੇ ਆਪਣੇ ਯੁੱਧ ਇਕੱਲਿਆਂ ਲੜਣ ਕਰਕੇ ਉਨ੍ਹਾਂ ਦੀ ਇਹ ਹੋਣੀ ਤੈਅ ਸੀ। ਕਹਾਣੀਕਾਰ ਵੀ ਇਹ ਮੰਨਦਾ ਹੈ, "ਇਕੱਲਾ ਸੀ ਇਹ... ਇਸ ਨਾਲ ਇੰਜ ਹੀ ਹੋਣਾ ਤੈਅ ਸੀ।" ਵਿਵਸਥਾ ਦੇ ਨਪੀੜੇ ਇਹ ਪਾਤਰ ਆਰਥਿਕ ਸੰਕਟਾਂ ਤੇ ਮਾਨਸਿਕ ਤਣਾਵਾਂ ਕਰਕੇ ਮਨੋ ਰੋਗੀ ਹੋਣ ਦੀ ਸਥਿਤੀ ਹੰਢਾ ਰਹੇ ਹਨ। ਨਿਜ਼ਾਮ ਦੇ ਪੈਦਾ ਕੀਤੇ ਮਾਨਵੀ ਸੰਕਟਾਂ ਦਾ ਹੱਲ ਮੱਧ ਸ੍ਰੈਣਿਕ ਮਨੁੱਖ ਦਵਾਈਆਂ ਮਨੋਚਿਕਿਤਸਾ, ਧਰਮ, ਆਸਥਾ, ਯੋਗਾ, ਧਿਆਨ, ਟੀ. ਵੀ. ਦੇ ਵਿਵੇਕਹੀਣ ਪ੍ਰੋਗਰਾਮਾਂ ਵਿਚ ਲੱਭਦਾ ਹੈ ਪਰ ਇਹ ਸਭ ਵਿਅਕਤੀ ਦੀ ਵਿਵੇਕਸ਼ੀਲਤਾ ਚੇਤਨਾ ਨੂੰ ਸੁੰਨ ਕਰਦੇ ਆਖਰਕਾਰ ਸਥਾਪਤੀ ਦੇ ਹੱਕ ਵਿੱਚ ਹੀ ਭੁਗਤਦੇ ਹਨ। ਮਨੁੱਖ ਦੀਆਂ ਇਨ੍ਹਾਂ ਤਮਾਮ ਸਮੱਸਿਆਵਾਂ ਦਾ ਸਮੱਸਿਆਕਾਰ ਪੂੰਜੀਵਾਦੀ ਨਿਜ਼ਾਮ ਹੈ। ਜੋ ਜਿਉਂ ਦਾ ਤਿਉਂ ਖੜਾ ਹੈ। ਚਾਹੇ ਕਿ ਸੁਪਨਮਈ ਜਿਹਾ ਹੀ ਪਰ ਕਹਾਣੀਕਾਰ ਇਸਦਾ ਹੱਲ ਪ੍ਰਬੰਧ ਖਿਲਾਫ਼ ਸਰਵਹਾਰੇ ਦੇ ਲਾਮਬੱਧ ਵਿਦ੍ਰੋਹ ਵਿਚ ਵੇਖਦਾ ਹੈ।

'ਮਿਰਗ ਤ੍ਰਿਸ਼ਨਾ' ਕਹਾਣੀ ਵਿਸ਼ਵੀਕਰਨ ਦੇ ਇਸ ਦੌਰ ਵਿਚ ਨਵ-ਪੂੰਜੀਵਾਦੀ ਨਿਜ਼ਾਮ ਦੇ ਦਿੱਤੇ ਲਿਵ ਇਨ ਰਿਲੇਸ਼ਨ ਜਿਹੇ ਮਸਨੂਈ ਰਿਸ਼ਤੇ ਜਿਸਨੂੰ ਕਿ ਵਿਸ਼ੇਸ਼ ਤੌਰ 'ਤੇ ਨਾਰੀਵਾਦੀ ਨਜ਼ਰੀਏ ਤੋਂ ਵਿਆਹ ਦੇ ਮੁਕਾਬਲੇ ਵਧੇਰੇ ਖੁੱਲ੍ਹ, ਸਮਾਨਤਾ ਅਤੇ ਅਜ਼ਾਦੀ ਵਾਲੇ ਰਿਸ਼ਤੇ ਵਜੋਂ ਖਿਆਲੇ ਜਾ ਰਿਹਾ ਹੈ, ਨੂੰ ਮਿਰਗ ਵਾਲੀ ਤ੍ਰਿਸ਼ਨਾ ਦੇ ਰੂਪ ਵਿਚ ਪੇਸ਼ ਕਰ ਇਸਦੇ ਕਾਰਣਾਂ ਤੇ 'ਆਫ਼ਟਰ ਇਫ਼ੈਕਟ' ਤੇ ਫੋਕਸ ਕਰਨ ਵਾਲੀ ਕਹਾਣੀ ਹੈ।

ਕ੍ਰਿਸ਼ਨਾ ਨਿਵਾਸ' ਪਿਤਰਕੀ ਵਿਵਸਥਾ ਵਾਲਾ ਪਰੰਪਰਾਗਤ ਪਰਿਵਾਰ ਹੈ, ਔਰਤ ਦੀ ਇੱਛਾ ਸੁਤੰਤਰਤਾ ਤੇ ਸਮਾਨਤਾ ਦੇ ਦਮਨ ਦੀ ਸੰਸਥਾ ਦੂਜੇ ਪਾਸੇ ਮਹਾਂਨਗਰ ਵਿਚ ਪੈਰਾਡਾਈਜ਼ ਟਾਵਰ' ਵਿਚ ਤੇਰ੍ਹਵੀਂ ਮੰਜ਼ਿਲ ਤੇ ਰਿਸ਼ਮ ਦਾ ਅਪਾਰਟਮੈਂਟ ਮਾਨੋ ਸਤਵੇਂ ਅਸਮਾਨ ਤੇ ਵੱਸਿਆ ਇੰਦਰ ਦਾ ਸਵਰਗ। ਔਰਤ ਲਈ ਮੁੱਲ ਮੁਕਤ ਅਜ਼ਾਦ ਜ਼ਿੰਦਗੀ। ਐਸੀ ਜ਼ਿੰਦਗੀ ਦਾ ਸੁਪਨਾ ਲੈ ਹੀ ਇਥੇ ਆਰਤੀ ਪਹੁੰਚਦੀ ਹੈ।

ਜੇਕਰ ਜਾਨਕੀ ਦੇਵੀ ਤੇ ਸੁਮਿੱਤਰਾ ਦੇਵੀ ਜਿਹੀਆਂ ਔਰਤਾਂ ਜਗੀਰਦਾਰੀ ਪ੍ਰਬੰਧ ਵੱਲ ਵੀ ਪਿਤਰਕੀ ਵਿਵਸਥਾ ਦੀਆਂ ਘੜੀਆਂ ਔਰਤਾਂ ਹਨ ਤਾਂ ਆਰਤੀ, ਰਿਸ਼ਮ, ਵਿਵੇਕਾ ਜਿਹੀਆਂ ਔਰਤਾਂ ਨਵ-ਪੂੰਜੀਵਾਦੀ ਨਿਜ਼ਾਮ ਦੀ ਸਹੂਲਤ ਮੁਤਾਬਿਕ ਘੜੀਆਂ ਔਰਤਾਂ ਹਨ। ਮਨਸੂਈ ਰਿਸ਼ਤਿਆਂ 'ਚ ਨਿੱਘ ਅਜ਼ਾਦੀ, ਸਮਾਨਤਾ ਜ਼ਿੰਦਗੀ ਦੇ ਭ੍ਰਮ ਨੂੰ ਜਿਊਣ ਵਾਲੀਆਂ ਪੂੰਜੀਵਾਦ ਦੀ ਫੈਲਾਈ ਜੀਵਨ-ਜਾਚ ਤੇ ਝੂਠੀ ਚੇਤਨਾ ਦੀਆਂ ਪਿਛਲੱਗ ਔਰਤਾਂ। ਅਜ਼ਾਦੀ ਦੇ ਭੁਲਾਵੇ ਕਾਮੁਕ ਅਨਾਤਮ 'ਚ ਢਲਦੀਆਂ ਔਰਤਾਂ। ਆਰਤੀ ਦਾ ਜੀਵਨ ਆਦਰਸ਼ ਰਿਸ਼ਮ ਅਤੇ ਰਿਸ਼ਮ ਦਾ ਆਦਰਸ਼ ਸੁਪਰ ਮਾਡਲ ਵਿਵੇਕਾ ਹੈ। ਅਰਥਾਤ ਮੁੱਲ-ਮੁਕਤ ਜ਼ਿੰਦਗੀ ਖੁੱਲ-ਖੇਡ, ਗਲੈਮਰ ਦੇ ਜਿਸ ਰਸਤੇ ਆਰਤੀ ਤੁਰੀ ਹੈ ਉਸ ਦੀ ਮੰਜ਼ਲ ਵਿਵੇਕ ਹੈ। ਪਰ ਮਿਸ ਮਾਰੀਸ਼ਸ਼ , ਕਾਮਸੂਤਰ ਗਰਲ, ਵਿਵੇਕਾ, ਗਲੈਮਰ ਦੀ ਦੁਨੀਆਂ ਵਿਚ ਇਕੱਲਤਾ ਡਿਪਰੈਸ਼ਨ, ਅਸੁੱਰਖਿਆ ਵਿਚ ਜਿਊਂਦਿਆਂ ਖੁਦਕੁਸ਼ੀ ਕਰਦੀ ਹੈ। ਦੂਜਾ, ਰਿਸ਼ਮ ਲਿਵ ਇਕ ਰਿਲੇਸ਼ਨਸਿਪ ਰਿਸ਼ਤੇ ਵਿਚ ਧੋਖਾ ਖਾ ਆਖਰ ਨੀਡ ਬੇਸਡ ਰਿਲੇਸ਼ਨਸ਼ਿਪ ਹੰਢਾਉਣ ਲਗਦੀ ਹੈ। ਉਸਦਾ ਸਤਿਅਮ ਗਰੁੱਪ ਦੇ ਚੇਅਰਮੈਨ ਬੁੱਢੇ ਸਤਿਅਮ ਚੰਦਰਾ ਦੀ ਰਖੇਲ ਬਣਨਾ ਉਸਦਾ ਵਸਤੂ ਹੋਂਦ ਵਿਚ ਘਟਣ ਦਾ ਹੀ ਪ੍ਰਮਾਣ ਹੈ। ਨਵ-ਪੂੰਜੀਵਾਦੀ ਪ੍ਰਬੰਧ ਵਿਚ ਮਨੁੱਖ ਦੇ ਅਨਾਤਮ ਹੋਂਦ ਵਿਚ ਘਟਣ ਦਾ ਇਕ ਹੋਰ ਪਹਿਲੂ ਦੇਖਦੇ ਹਾਂ,

"ਆਰਤੀ ਨੇ ਵਾਇਸ ਕੋਲੋਂ ਪੇ ਪੈਕਜ ਲੈਣ ਵਕਤ ਲਿਖ ਕੇ ਦਿੱਤਾ ਹੈ ਕਿ ਨਾ ਤਾਂ ਤਿੰਨ ਸਾਲਾਂ ਤੱਕ ਵਿਆਹ ਕਰਾਵਾਂਗੀ... ਤੇ ਨਾ ਹੀ ਇਸ ਸਮੇਂ ਦੌਰਾਨ ਮਾਂ ਬਣਾਂਗੀ। ਸੋ ਨਵ-ਪੂੰਜੀਵਾਦ ਮਨੁੱਖ ਨੂੰ ਕੇਵਲ ਆਪਣੇ ਅਨੁਸਾਰੀ ਚੇਤਨਾ ਦੇ ਕੇ ਮਾਨਸਿਕ ਅਨੁਕੂਲਣ ਕਰਕੇ ਹੀ ਅਧੀਨਗੀ ਵਿਚ ਨਹੀਂ ਲਿਆਉਂਦਾ ਬਲਕਿ ਦਾਬੇ ਤੇ ਦਮਨ ਦਾ ਰਾਹ ਵੀ ਅਖ਼ਤਿਆਰ ਕਰਦਾ ਹੈ। ਆਖ਼ਰਕਾਰ ਮਨੁੱਖ ਦੇ ਉਪਭੋਗੀ ਅਨਾਤਮ

ਵਿਚ ਢਲਣ ਵਿਚ ਹੀ ਪੂੰਜੀਵਾਦੀ ਬਜ਼ਾਰ ਦੀ ਚੜ੍ਹਤ ਹੈ।

ਆਰਤੀ ਪੂੰਜੀਵਾਦ ਦੇ ਇਸ ਗਲੈਮਰੀ ਸੰਸਾਰ ਵਿਚ ਹੋਣ ਵਾਲੀ ਸੰਭਾਵੀ ਹੋਣੀ ਤੋਂ ਡਰ ਕੇ ਹੀ ਵਾਪਸ ਕ੍ਰਿਸ਼ਨਾ ਨਿਵਾਸ ਪੁੱਜਦੀ ਹੈ। ਪਿਤਰਕੀ ਪ੍ਰਬੰਧ ਦੀ ਕੈਦ ਵਿਚ। ਸੋ ਉਸਦੀ ਸਥਿਤੀ ਵੀ 'ਤਾਂਡਵ ਨਾਚ' ਦੀ ਪਾਤਰ ਸਿਮਰਨ ਵਾਂਗ ਹੈ, ਤ੍ਰਿਸ਼ੰਕੂ ਵਾਲੀ ਸਥਿਤੀ ਨਾ ਘਰ ਦੇ ਨਾ ਘਾਟ ਦੇ।"

ਕੁਲਵੰਤ ਗਿੱਲ ਦੀ ਇਸ ਕਹਾਣੀ ਨੂੰ ਪ੍ਰਸਿੱਧ ਕਹਾਣੀਕਾਰਾ ਵਿਸ਼ਵਜੋਤੀ ਧੀਰ ਦੀ ਇਸੇ ਵਿਸ਼ੇ ਤੇ ਲਿਖੀ ਕਹਾਣੀ 'ਰਿਲੇਅ ਰੇਸ' ਨਾਲ ਤੁਲਨਾਤਮਿਕ ਪਰਿਪੇਖ ਵਿਚ ਵੇਖਿਆ ਵਾਚਿਆ ਜਾਣਾ ਬਣਦਾ ਹੈ। ਰਿਲੇਅ ਰੇਸ' ਦੀ ਰਚਨਕਾਰ ਵਿਸ਼ਵਜੋਤੀ ਧੀਰ ਕਾਰਪੋਰੇਟ ਜਗਤ ਨੂੰ ਮੁਆਫਿਕ ਇਸ ਲਿਵ ਇਨ ਰਿਲੇਸ਼ਨ ਜਿਹੇ ਮਸਨੂਈ ਰਿਸ਼ਤੇ ਵਿਚਲੀ ਸੈਲੀਬ੍ਰੇਸ਼ਨ ਨੂੰ ਹੀ ਔਰਤ ਦੀ ਅਜ਼ਾਦੀ, ਸੁਤੰਤਰਤਾ ਸਮਾਨਤਾ ਖਿਆਲਦੀ ਇਸ ਵਿਚਲੇ ਮਾਨਵੀ, ਸਮਾਜਕ ਤੇ ਇਥੋਂ ਤੱਕ ਕਿ ਨਾਰੀਵਾਦੀ ਪਹਿਲੂ ਤੋਂ ਗ਼ੈਰ-ਜ਼ਿੰਮੇਦਾਰਨਾ ਤੇ ਅਮਾਨਵੀ ਪਹਿਲੂਆਂ ਨੂੰ ਸਮਝਣ ਸਿਰਜਣ ਤੋਂ ਖੁੰਝ ਜਾਂਦੀ ਹੈ। ਜਦਕਿ ਕੁਲਵੰਤ ਗਿੱਲ ਇਸ ਰਿਸ਼ਤੇ ਦੇ ਉਤਰ ਸੈਲੀਬਰੇਸ਼ਨ ਦੌਰ ਤੱਕ ਪਹੁੰਚਦਾ ਨਾਰੀਵਾਦੀ ਪਰਿਪੇਖ ਤੋਂ ਇਸਦੇ ਆਫਟਰ ਇਫੈਕਟਸ ਨੂੰ ਸਮਝਦਾ ਸਿਰਜਦਾ ਹੈ।

'ਦਲਾਲਗਾਹ' ਕਹਾਣੀ ਲੋਕਤੰਤਰ ਹੋਣ ਦਾ ਦਾਅਵਾ ਭਰਦੇ ਮੁਲਕ ਵਿਚ ਨਿਆਂ-ਪ੍ਰਣਾਲੀ ਦੇ ਦਲਾਲਗਾਹ ਵਿਚ ਘਟਿਤ ਹੋਣ ਅਤੇ ਨਿਆਂ ਤੰਤਰ ਤੇ ਪੁਲਿਸ ਤੰਤਰ ਦੇ ਹਾਕਮ ਧਿਰਾਂ ਦੇ ਪੱਖ ਵਿਚ ਸਰਵਹਾਰੇ ਖਿਲਾਫ਼ ਦਾਬੇ ਤੇ ਦਮਨ ਦੀਆਂ ਏਜੰਸੀਆਂ ਬਣਨ ਦੀ ਥਾਹ ਦੇਂਦੀ ਹੈ। ਸੱਚ ਦੇ ਮੇਮਣੇ ਨੂੰ ਤਾਂ ਕੋਈ ਮਿਆਂਕਣ ਵੀ ਨਹੀਂ ਦਿੰਦਾ।" ਚੁੱਪ ਰਹਿ ਕੇ ਦਿਨ ਕੱਟਣ ਵਿਚ ਹੀ ਸਿਆਣਪ ਸਮਝੀ ਜਾਂਦੀ ਹੈ। ਐਸਾ ਮੁਲਕ ਜਿਸ ਦਾ ਸਮੁੱਚਾ ਨਿਜ਼ਾਮ ਬਜ਼ਾਰ ਤੇ ਖੜਾ ਹੋਵੇ, ਉਹ ਮੁਲਕ ਸਮੁੱਚੇ ਰੂਪ ਵਿਚ ਦਲਾਲਗਾਹ ਬਣ ਚੁੱਕਾ ਹੈ। ਨਿਆਂ ਦਾ ਕੇਵਲ ਨਾਟਕ ਹੀ ਰਚਿਆ ਜਾ ਰਿਹਾ ਹੈ ਮਹਾਂਨਾਟਕ।


ਸੋ ਇਹ ਹਨ ਕੁਲਵੰਤ ਗਿੱਲ ਵੱਲੋਂ ਮਾਰੀ ਚੀਕ ਦੀਆਂ ਪ੍ਰਤਿਧੁਨੀਆਂ ਜਿਨੀਆਂ ਕੁ ਮੈਂ ਬਤੌਰ ਪਾਠਕ ਸੁਣ ਸਮਝ ਕੇ ਆਪ ਨਾਲ ਸਾਂਝੀਆਂ ਕਰ ਪਾਇਆ ਹਾਂ। (ਸੰਪਰਕ 98880-51362)

**ਭਾਰਤ ਵਿਚ ਜਾਤ ਦੇ ਮਸਲੇ ਨੂੰ ਗੰਭੀਰਤਾ ਨਾਲ ਸਮਝਣ ਵਾਲੀ ਪੁਸਤਕ**

**ਭਾਰਤ ਵਿਚ ਜਾਤ ਤੇ ਜਮਾਤ**

**ਡਾ. ਸੰਤੋਖ ਸਿੰਘ**

ਭਾਰਤੀ ਸਮਾਜ ਵਿਚ ਜਾਤ ਅਤੇ ਜਮਾਤ ਦਾ ਮਸਲਾ ਜਟਿਲ ਤਾਂ ਹੈ ਹੀ ਪਰੰਤੂ ਬੌਧਿਕ ਹਲਕਿਆਂ ਵਿਚ ਜਾਂ ਤਾਂ ਇਸਨੂੰ ਉਲਾਰ ਹੋ ਕੇ ਅਧਿਐਨ ਹੇਠ ਲਿਆਂਦਾ ਗਿਆ ਜਾਂ ਇਸ ਨੂੰ ਮਹੱਤਵਹੀਣ ਹੀ ਕਰ ਦਿੱਤਾ ਗਿਆ। ਪਰੰਤੂ ਜਾਤ ਅਤੇ ਜਮਾਤ ਦਾ ਸੰਬੰਧ ਅਤੇ ਵਖਰੇਵਾਂ ਸਮਝਣ ਦੇ ਯਤਨ ਬਹੁਤ ਘੱਟ ਹੋਏ ਹਨ। ਡਾ. ਸੰਤੋਖ ਸਿੰਘ ਸੁੱਖੀ ਨੇ ਇਸ ਮਸਲੇ ਨੂੰ ਸਮਝਣ ਲਈ ਸਹੀ ਦਿਸ਼ਾ ਦੀ ਚੋਣ ਕੀਤੀ ਹੈ। ਇਸ ਕਰਕੇ ਉਸਦੀ ਇਹ ਪੁਸਤਕ ਪੰਜਾਬੀ ਚਿੰਤਨ ਵਿਚ ਪਈਆਂ ਕਈ ਗੁੰਝਲਾਂ ਨੂੰ ਸੁਲਝਾਉਂਦੀ ਹੈ ਅਤੇ ਪੰਜਾਬੀ ਚਿੰਤਨ ਦੇ ਕਈ ਭੁਲਾਂਦਰਾਪਾਊ ਤੱਤਾਂ ਤੇ ਤੱਥਾਂ ਦਾ ਨਿਖੇੜਾ ਕਰਦੀ ਹੈ। -ਡਾ. ਸਰਬਜੀਤ ਸਿੰਘ




**ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਮੁੱਲ 250, ਪੰਨੇ 144**



# ਦੇਹ ਦੇ ਜ਼ਸਨ ਤੇ ਨੈਤਿਕਤਾ ਦੇ ਘਾਣ ਦਾ ਬਿਰਤਾਂਤ : ਅੰਗਾਰ

- ਡਾ. ਸੰਤੋਖ ਸਿੰਘ ਸੁੱਖੀ




ਮੰਡੀ ਦੇ ਦੋ ਵਰਤਾਰੇ ਅਹਿਮ ਹਨ -ਇੱਕ ਵਸਤ ਲਾਲਸਾ ਪੈਦਾ ਕਰਨਾ ਤੇ ਦੂਜਾ ਮਨੁੱਖੀ ਵਿਹਾਰ ਵਿਚ ਪਰਿਵਰਤਨ ਲਿਆਉਣਾ। ਇਸਦੇ ਸਮਾਨਅੰਤਰ ਚੱਲਣ ਵਾਲੇ ਵਰਤਾਰੇ ਹਨ- ਸਮਾਜ ਨੂੰ ਗਿਆਨ ਵਿਹੂਣਾ ਕਰ ਜਾਣਕਾਰੀ 'ਤੇ ਕੇਂਦਰਤ ਕਰ ਕੇਵਲ ਵਸਤੂਨਿਸ਼ਟ ਕਰਨਾ ਤੇ ਜੀਵਨ ਨੂੰ ਅਲਪੀ ਕਰਾਰ ਦੇ ਕੇ ਭੋਗੀ ਵ੍ਰਿਤੀਆਂ ਨੂੰ ਪੈਦਾ ਕਰਨਾ ਹਨ। ਜਿਸ ਕਾਰਨ ਲੰਮੇ ਸੰਘਰਸ਼ਾਂ ਨੂੰ ਤਿਲਾਂਜਲੀ ਦੇ ਕੇ ਛੋਟੇ ਅਕੀਦਿਆਂ ਦੀਆਂ ਲੜਾਈਆਂ ਹੋਂਦ ਵਿਚ ਆਈਆਂ ਹਨ। ਇਸ ਤਰ੍ਹਾਂ ਛੋਟੀਆਂ ਖੁਸ਼ੀਆਂ ਲਈ ਛੋਟਾ ਸੰਘਰਸ਼ ਤੇ ਉਸਦਾ ਸੈਲੀਬਰੇਸ਼ਨ ਅਜੋਕੇ ਸਮੇਂ ਦਾ ਪਛਾਣ ਚਿੰਨ੍ਹ ਬਣ ਚੁੱਕਾ ਹੈ। ਪਰ ਇਸ ਦੇ ਨਾਲ ਹੀ ਦੇਹ ਇੱਕ ਅਜਿਹਾ ਮਾਧਿਅਮ ਬਣ ਗਈ ਹੈ ਜਿਸ 'ਤੇ ਪਹਿਲਾਂ ਜ਼ੁਲਮ ਕੀਤਾ ਜਾਂਦਾ ਸੀ, ਹੁਣ ਉਸ ਨਾਲ ਜ਼ਸ਼ਨ ਹੋਣ ਲੱਗਾ ਹੈ। ਇਹ ਰੂਪਾਂਤਰਣ ਦੀ ਪਰਿਕਿਰਿਆ ਨੂੰ ਸਮਝਣ ਲਈ ਸਾਨੂੰ ਜਿੱਥੇ ਮੰਡੀ ਦੇ ਪ੍ਰਕੋਪ ਨੂੰ ਸਮਝਣਾ ਪਵੇਗਾ ਉੱਥੇ ਮਨੁੱਖੀ ਮਾਨਸਿਕ ਗੰਢਾਂ ਨੂੰ ਸਮਝਣਾ ਹੋਵੇਗਾ।

ਦੇਹ ਦੇ ਸਾਧਨ ਰਾਹੀਂ ਜੀਵਨ ਵਰਤਾਰਿਆਂ ਨੂੰ ਸਮਝਿਆ ਜਾ ਸਕਦਾ ਹੈ। ਦੇਹ ਨਾਲ ਜੁੜਿਆ ਪੂਰਾ ਪ੍ਰਬੰਧ ਮਨੁੱਖ ਦੀਆਂ ਮਾਨਸਿਕ ਸ਼ਕਤੀਆਂ ਨੂੰ ਜ਼ਾਹਿਰ ਕਰਦਾ ਹੈ। ਅਧਿਆਤਮਵਾਦੀ ਇਹ ਸਾਬਤ ਕਰਦੇ ਹਨ ਕਿ ਕਾਮ ਨੂੰ ਮਾਰਿਆ ਨਹੀਂ ਜਾ ਸਕਦਾ ਪਰੰਤੂ ਇਸ ਦਾ ਰੂਪਾਂਤਰਣ ਕੀਤਾ ਜਾ ਸਕਦਾ ਹੈ। ਕਾਮ ਤੋਂ ਵਾਸ਼ਨਾ ਤੇ ਕਾਮ ਤੋਂ ਰਾਮ ਦੋ ਰਾਹ ਬਣਦੇ ਨਜ਼ਰ ਆਉਂਦੇ ਹਨ ਵਾਸ਼ਨਾ ਵੈਸ਼ ਪ੍ਰਵਿਰਤੀ ਵਿਚ ਤਬਦੀਲ ਹੋ ਕੇ ਵਸਤੂ ਸੰਗ੍ਰਹਿ ਵੱਲ ਜਾਂਦੀ ਹੈ ਤੇ ਕਾਮ ਤੋਂ ਰਾਮ ਵੱਲ ਮੁੜੀ ਚੇਤਨਾ ਵਸਤੂ ਪ੍ਰਤੀ ਉਪਰਾਮਤਾ ਪੈਦਾ ਕਰਦੀ ਹੈ। ਇਸ ਦੇ ਵਿਚਕਾਰ ਲਟਕਿਆਂ ਮਨੁੱਖ ਤ੍ਰਿਸ਼ੰਕੂ ਦੀ ਸਥਿਤੀ ਵਿਚ ਪਹੁੰਚ ਜਾਂਦਾ ਹੈ। ਅਜਿਹਾ ਮਨੁੱਖ ਵੱਡੇ ਮਨੁੱਖੀ ਅਕੀਦਿਆਂ ਲਈ ਸੰਪਰਕ ਦਾ ਰਾਹ ਤਿਆਗ ਕੇ ਸਵੈ ਨੂੰ ਸੁਰੱਖਿਆ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ ਜਿਹੜਾ ਸਮੂਹਿਕ ਤੋਂ ਨਿੱਜ ਵੱਲ ਚਲਿਆ ਜਾਂਦਾ ਹੈ।

ਦੁਨੀਆਂ ਵਿਚ ਮੰਡੀ ਨੇ ਤੇ ਕੁਝ ਕੁ ਨੇਤਾਵਾਂ ਨੇ ਆਪਣੇ 'ਉੱਦਮ' ਨਾਲ ਵਿਭਿੰਨ ਪਹਿਲੂਆਂ ਤੋਂ ਤਬਦੀਲੀਆਂ ਲਿਆਦੀਆਂ ਹਨ। ਇਹ ਸਿਆਸਤ ਸਭ ਤਰ੍ਹਾਂ ਦੇ ਵਖਰੇਵਿਆਂ ਨੂੰ ਵਰਤ ਸਕਣ ਦੀ ਸਮਰੱਥਾ ਹੁੰਦੀ ਹੈ। ਸਰਮਾਏਦਾਰੀ ਆਪਣੇ ਵਿਸਥਾਰ ਕਈ ਅਣ-ਮਨੁੱਖੀ ਵਰਤਾਰਿਆਂ ਨੂੰ ਜਨਮਦੀ ਜਿੱਥੇ ਸਾਮਰਾਜੀ ਲੜਾਈ ਲੜਦੀ ਸੈਨਿਕਾ ਤੇ ਆਮ ਲੋਕਾਂ ਦਾ ਘਾਣ ਕਰਦੀ ਹੈ ਉੱਥੇ ਸਰਮਾਏਦਾਰੀ ਮੰਡੀ ਦੇ ਪ੍ਰਕੋਪ ਨਾਲ ਜਿਸਮ ਨੂੰ ਜਿਣਸ ਵਿਚ ਵੀ ਤਬਦੀਲ ਕਰਦੀ ਹੈ। ਇਸ ਦੀ ਇੱਕ ਉਦਾਹਰਨ ਇਹ ਲਈ ਜਾ ਸਕਦੀ ਹੈ ਕਿ ਬਸਤੀਵਾਦੀ ਦੌਰ 'ਚ ਸਭ ਤੋਂ ਵੱਧ ਚਿੱਟਾ ਰੰਗ ਕਰਨ ਵਾਲਾ ਪਾਊਡਰ ਸਭ ਤੋਂ ਵਧ ਵਿਕਿਆ ਅਜਿਹਾ ਹੁਲਾਰਾ ਦਿੰਦੀ ਹੈ ਕਿ ਮਨੁੱਖ ਦੇ ਆਦਰਸ਼ਵਾਨ ਭਾਵੁਕ ਵਿਵੇਕ ਦੀ ਬਜਾਇ ਅਜਿਹਾ ਭੋਗੀ ਚਿੰਤਨ ਉਭਰ ਜਾਂਦਾ ਹੈ ਜਿਹੜਾ ਦੇਹ ਵਿਚੋਂ ਵਿਚਰਦਾ ਜੀਵਨ ਨੂੰ ਕੁਰਾਹੇ ਪਾ ਲੈਂਦਾ ਹੈ। ਇਸ ਵਿਚ

ਭੋਗ ਬਾਹਰੀ ਵਰਤਾਰਾ ਤੇ ਮਨੁੱਖੀ ਮਾਨਸਿਕ ਟੁੱਟ ਭੱਜ ਇਸ ਦੇ ਅੰਦਰੂਨੀ ਤੌਰ 'ਤੇ ਕੰਮ ਕਰਦੀ ਹੈ। ਦੇਹ ਨੂੰ ਵਿਭਿੰਨ ਕੋਣਾਂ ਤੇ ਦ੍ਰਿਸ਼ਟੀਕੋਣਾਂ ਵਿਚੋਂ ਦੇਖਿਆ ਜਾ ਸਕਦਾ ਹੈ। ਦੇਹ ਜਦੋਂ ਸ਼ਰੀਰਕ ਭੋਗ ਵਿਚ ਸ਼ਾਮਿਲ ਹੁੰਦੀ ਹੈ ਤਾਂ ਇਹ ਪੁਰਸ਼ ਇਸਤਰੀ ਦੇ ਸਹਿਯੋਗ ਤੇ ਸਹਿ ਹੋਂਦ ਵਿਚ ਵਿਚਰਦੀ ਹੈ ਜਦਕਿ ਮਾਨਸਿਕ ਸਾਂਝ ਨਾ ਹੋ ਕੇ ਭੋਗ ਸਿਰਜਣਾ ਇਕ ਅਜਿਹਾ ਮੁਕਾਬਲਾ ਬਣਦਾ ਹੈ ਜਿਸ ਨਾਲ ਦੋਵੇਂ ਧਿਰਾਂ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਦੇ ਆਹਰ ਵਿਚ ਸ਼ਾਮਿਲ ਹੋ ਜਾਂਦੀਆਂ ਹਨ। ਇਸ ਦੇ ਸਮਾਨਅੰਤਰ ਹੀ ਸਰਮਾਏਦਾਰੀ ਦੇ ਖੇਡ ਵਿਚ ਸ਼ਾਮਿਲ ਸ਼ਾਮਰਾਜੀ ਵਰਤਾਰਿਆਂ ਵਿਚ ਵਿਕਸਿਤ ਦੇਸ਼ ਉਦੋਂ ਤੱਕ ਸਹਿਯੋਗੀ ਹੁੰਦੇ ਨਜ਼ਰ ਆਉਂਦੇ ਹਨ, ਜਿੰਨਾ ਚਿਰ ਉਹ ਸਾਮਰਾਜੀ/ਸਰਮਾਏਦਾਰੀ ਤਾਕਤਾਂ ਨੂੰ ਲਾਭ ਵਧਾ ਕੇ ਦਿੰਦੇ ਹਨ ਜਦੋਂ ਉਲਟ ਹੁੰਦਾ ਹੈ ਤਾਂ ਇਹੀ ਦੇਸ਼ ਦੁਸ਼ਮਣ ਬਣ ਜਾਂਦੇ ਹਨ। ਇਹੀ ਦੇਸ਼ ਤੇ ਦੇਸ਼ ਅੰਦਰਲੇ ਉਚ ਧਿਰਾਂ ਦੇ ਵਰਤਾਰੇ ਇਕ ਦੂਜੇ ਲਈ ਵੈਮਪਾਇਰ ਬਣੇ ਨਜ਼ਰ ਆਉਂਦੇ ਹਨ।

ਹਥਲੇ ਕਥਾ ਸੰਗ੍ਰਹਿ ਦੀਆਂ ਕਹਾਣੀਆਂ ਉਪਰੋਕਤ ਵਰਤਾਰਿਆਂ ਨੂੰ ਸਪਸ਼ਟ ਕਰਦੀਆਂ ਨਜ਼ਰ ਆਉਂਦੀਆਂ ਹਨ। ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਵੈਮਪਾਇਰ ਫੈਲ ਚੁੱਕਾ ਹੈ। ਹਰ ਮੁਲਕ ਅੰਦਰ ਤੇ ਮੁਲਕਾਂ ਦੇ ਅੰਦਰਲੇ ਤਣਾਵਾਂ ਨੇ ਮਨੁੱਖੀ ਹੋਂਦ ਨੂੰ ਖਤਰੇ ਵਿਚ ਹੀ ਨਹੀਂ ਪਾਇਆ ਹੋਇਆ ਸਗੋਂ ਮਨੁੱਖ ਹੋਣ ਦੇ ਅਰਥਾਂ ਨੂੰ ਵੀ ਤਬਦੀਲ ਕੀਤਾ ਜਾ ਰਿਹਾ ਹੈ। ਕਹਾਣੀਕਾਰਾ ਨੇ ਵੈਮਪਾਇਰ ਕਹਾਣੀ ਰਾਹੀਂ ਪੇਸ਼ ਕੀਤੇ 1947 ਦੇ ਦੰਗੇ, 1965, 71 ਦੀ ਲੜਾਈ, 1984 ਦੇ ਦਿੱਲੀ ਦੰਗੇ, ਹਿਟਲਰ ਦੀ ਹਿੰਸਾ, ਅੰਗਰੇਜ਼ਾਂ ਦੇ ਨਸਲੀ ਵਿਤਕਰੇ, ਬਾਬਰੀ ਮਸਜਿਦ ਢਾਹੁਣਾ ਆਦਿ ਵਰਤਾਰੇ ਸਾਬਤ ਕਰਦੇ ਹਨ ਕਿ ਭਾਰਤ ਅੰਦਰ ਕਿਹੋ ਜਿਹੀ ਹਿੰਸਾ ਦਾ ਪ੍ਰਕੋਪ ਹੈ ਤੇ ਬਾਹਰਲੇ ਦੇਸ਼ਾਂ ਭਾਵ ਵਿਕਸਿਤ ਦੇਸ਼ ਵਿਕਾਸ਼ਸ਼ੀਲ ਦੇਸ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਵਿਚ ਹਨ। ਕਹਾਣੀ ਦੁਨੀਆਂ ਅੰਦਰ ਵਿਭਿੰਨ ਕਿਸਮ ਦੀ ਹਿੰਸਾ, ਜ਼ੁਲਮ, ਚਲਾਕੀ ਆਦਿ ਨਾਕਾਰਾਤਮਕ ਤੱਤਾਂ ਦੇ ਵਿਸਥਾਰਾਂ ਨੂੰ ਪੇਸ਼ ਕਰਦੀ ਹੈ।

ਇਸੇ ਤਰ੍ਹਾਂ ਕਹਾਣੀ ਸਰਸਰਾਹਟ ਵਿਚ ਔਰਤ ਦੀਆਂ ਵਿਲੱਖਣ ਸਵੈ ਵਿਰੋਧੀ ਧਾਰਨਾਵਾਂ ਨੂੰ ਪੇਸ਼ ਕਰਦੀ ਹੈ। ਨਾਟਕ ਤੋਂ ਬਾਹਰਲੇ ਨਾਟਕ ਵਿਚ ਪਾਰਦਰਸ਼ੀ ਦੁੱਪਟੇ ਵਿਚ ਲਿਪਟੀ ਦੁਵੱਲੀ ਮਾਨਸਿਕਤਾ ਵਿਚ ਉਲਝੀ ਜ਼ਰੀ, ਅਸ਼ਵਨੀ, ਨਵਤੇਜ ਤੇ ਪ੍ਰਮੋਦ ਵਿਚ ਆਪਣਾ ਜਿਸਮ ਖਚਿਤ ਕਰਕੇ ਸਰਮਾਏਦਾਰੀ ਦੌਰ ਦੇ ਸਿਰਜੇ ਜਾ ਰਹੇ ਭੋਗੀ ਸਭਿਆਚਾਰ ਨੂੰ ਪੇਸ਼ ਕਰਦੀ ਹੋਈ ਜਿੱਥੇ ਜਿਸਮ, ਜਿਨਸ ਤੇ ਜਸ਼ਨ ਦੇ ਅਰਥਾਂ ਨੂੰ ਪੇਸ਼ ਕਰਦੀ ਹੈ ਉਥੇ ਮੇਨਕਾ ਤੇ ਦਰੋਪਦੀ ਦੇ ਔਰਤ ਬਿੰਬਾਂ ਸਾਹਮਣੇ ਨਵੀਆਂ ਧਾਰਨਾਵਾਂ ਪੇਸ਼ ਕਰਦੀ ਹੈ। ਕਿਉਂਕਿ ਕਿਸੇ ਥਾਂ 'ਤੇ ਔਰਤ ਕਿਸੇ ਦਾ ਯੋਗ ਭੰਗ ਕਰਨ ਲਈ ਵਰਤੀ ਜਾਂਦੀ ਹੈ ਤੇ ਕਿਤੇ ਔਰਤ ਨੂੰ ਪੰਜ-ਪੰਜ ਮਰਦਾਂ ਨਾਲ ਭੋਗ ਕਰਨਾ ਪੈਂਦਾ ਹੈ ਤੇ ਸਭਾ ਵਿਚ ਪਰਦਹੀਣ ਕੀਤਾ ਜਾਂਦਾ ਹੈ। ਔਰਤ ਸੰਵੇਦਨਾਂ ਤੇ ਭੋਗੀ ਵ੍ਰਿਤੀਆਂ ਇੱਕਠਿਆਂ ਕਰਕੇ ਵਿਭਿੰਨ ਪਹਿਲੂਆਂ ਨੂੰ ਪੇਸ਼ ਕਰਨਾ ਕਹਾਣੀਕਾਰ ਦੀ ਪ੍ਰਾਪਤੀ ਹੈ।

'ਗਲੇਸ਼ੀਅਰ' ਕਹਾਣੀ ਅਤੀਤ ਦੇ ਇੱਕ ਪੱਖ ਤੋਂ ਖ਼ਹਿੜਾ ਛੁਡਾਉਂਦਿਆਂ ਤੇ ਇੱਕ ਪੱਖ ਨਾਲ ਜੁੜਦਿਆਂ ਤਨ ਭੋਗਣ ਦੀ ਇੱਛਾ ਤੇ ਕੇਂਦਰਤ ਹੁੰਦਿਆਂ, ਪੱਛਮੀ ਅਸਭਿਆਚਾਰ ਨੂੰ ਅਪਨਾਉਣ ਤਾਂਘ ਵਿਚੋਂ ਉਪਜੇ ਕਾਮ ਦੇ ਵਿਵੇਕ ਨੂੰ ਪੇਸ਼ ਕਰਦੀ ਹੈ। ਇਹ ਕਹਾਣੀ ਮਨੁੱਖ ਦੇ ਟੁੱਟਣ ਤੇ ਜੁੜਨ ਦੇ ਅਭਿਆਸ ਵਿਚੋਂ ਉਭਰੇ ਜ਼ਖ਼ਮ ਤੇ ਜਸ਼ਨ ਦੇ ਪਰਉਸਾਰਾਂ ਦੇ ਫਿਲਾਸਫੀਕ ਪਹਿਲੂਆਂ ਨੂੰ ਨਸ਼ਰ ਕਰਦੀ ਹੈ। ਕਹਾਣੀ ਦੋ ਤਰ੍ਹਾਂ ਦੇ ਗਲੇਸ਼ੀਅਰਾਂ ਨੂੰ ਕੇਂਦਰਤ ਕਰਦੀ ਹੈ। ਉਹ ਹਨ ਭੌਤਿਕ ਗਲੇਸ਼ੀਅਰ ਤੇ ਮਾਨਵੀ ਗਲੇਸ਼ੀਅਰ। ਮਾਨਵੀ ਗਲੇਸ਼ੀਅਰ ਅਸੁਰੱਖਿਆ ਦੀ ਗਰਮੀ ਕਾਰਨ ਪਿਘਲਦੇ ਜਾ ਰਹੇ ਹਨ ਜਿਸ ਨਾਲ ਲੋਕਾਈ ਕਾਮ ਦੇ ਸਮੁੰਦਰ ਵਿਚ ਡੁੱਬਦੀ ਜਾ ਰਹੀ ਹੈ ਉੱਥੇ ਭੌਤਿਕ ਗਲੇਸ਼ੀਅਰਾਂ ਦੇ ਪਿਘਲਣ ਨਾਲ ਸਮੁੰਦਰ ਵਿਚ ਪਾਣੀ ਦਾ ਪੱਧਰ ਵਧਣ ਦੀ ਸੰਭਾਵਨਾ ਹੈ। ਇਹਨਾਂ ਦੋਹਾਂ ਡਰਾਂ ਵਿਚ ਹੀ ਵਿਅਕਤੀ ਸੰਘਰਸ਼ੀ ਹੋਣ ਦੀ ਬਜਾਇ ਅਪਾਹਿਜ ਤਰੀਕੇ ਨਾਲ ਭੋਗੀ ਹੋ ਰਿਹਾ ਹੈ।



'ਇਕ ਲੰਮੀ ਉਦਾਸੀ' ਕਹਾਣੀ ਔਰਤ-ਮਰਦ ਦੇ ਸਬੰਧਾਂ ਨੂੰ ਵਿਦੇਸ਼ਾਂ ਵਿਚ ਅਤੇ ਦੇਸ਼ ਵਿਚ ਰਹਿੰਦਿਆਂ ਵਿਖਾਇਆ ਗਿਆ ਹੈ। ਪਰਵਾਸ ਧਾਰਨ ਕਰਨ 'ਤੇ ਮੁੱਖ ਪਾਤਰ ਆਪਣੇ ਰਿਸ਼ਤਿਆਂ ਨੂੰ ਬਚਾ ਨਹੀਂ ਸਕਦਾ। ਕਹਾਣੀ ਦਾ ਮੈਂ ਪਾਤਰ ਵਿਦੇਸ਼ਾਂ ਵਿਚ ਤੇ ਪੰਜਾਬ ਵਿਚ ਆ ਕੇ ਨੌਕਰਰਾਣੀ, ਕਵਿਤਰੀ, ਕਵਿਤਰੀ ਦੀ ਸਹੇਲੀ ਆਦਿ ਨਾਲ ਨਜਾਇਜ਼ ਸੰਬੰਧ ਬਣਾਉਂਦਾ ਹੈ। ਜਿਹੜੀ ਵੀ ਕੋਈ ਔਰਤ ਉਸ ਨਾਲ ਜੁੜਦੀ ਹੈ, ਉਸ ਦਾ ਲਾਭ ਜਾਂ ਤਾਂ ਆਰਥਿਕ ਪੱਖ ਤੋਂ ਲੈਣਾ ਚਾਹੁੰਦੀ ਹੈ ਜਾਂ ਉਸ ਦੀ ਸਹਾਇਤਾ ਨਾਲ ਵਿਦੇਸ਼ਾਂ ਵਿਚ ਫ਼ਿਟ ਹੋਣਾ ਚਾਹੁੰਦੀ ਹੈ। ਕਹਾਣੀ ਦੇ ਅਖੀਰ ਵਿਚ ਮੈਂ ਪਾਤਰ ਦੁਆਰਾ ਔਰਤਾਂ ਲਈ ਵਰਤਿਆ ਐਕਾਸਪਲਾਇਟ ਸ਼ਬਦ ਡੂੰਘੇਰੇ ਅਰਥ ਲੈਂਦਾ ਹੈ। ਇਥੇ ਔਰਤ ਦੇ ਮਰਦ ਦਾ ਸੰਬੰਧ ਔਕੜਾਂ ਵਿਚ ਵੀ ਸਹਿਯੋਗੀ ਜਾ ਸਹਿਹੋਂਦੀ ਨਹੀਂ, ਸਗੋਂ ਭੋਗੀ ਹੈ।

'ਉਹ ਇਕ ਚੂਹਾ' ਕਹਾਣੀ ਔਰਤ ਮਰਦ ਦੇ ਸਬੰਧਾਂ ਨੂੰ ਅੰਦਰ-ਵਰਤੀ ਤੇ ਬਾਹਰ-ਵਰਤੀ ਰੂਪ ਵਿਚ ਪੇਸ਼ ਕਰਦੀ ਹੈ। ਕਹਾਣੀ ਦੀ ਮੈਂ ਪਾਤਰ ਆਪਣੀ ਪਤੀ ਦੀਆਂ ਪ੍ਰਾਪਤੀਆਂ ਤੇ ਅਪ੍ਰਾਪਤੀਆਂ ਨੂੰ ਵਿਸ਼ਲੇਸ਼ਣਾਤਮਕ ਜੁਗਤ ਰਾਹੀਂ ਪੇਸ਼ ਕਰਦੀ ਜਿੱਥੇ ਇੱਕ ਸੁਹਿਰਦ ਪਤਨੀ ਰਾਹੀਂ ਸਮਾਜ ਅੰਦਰਲੀਆਂ ਸਾਊ ਤੇ ਆਮ ਔਰਤਾਂ ਦਾ ਚਿਤਰਣ ਕਰਦੀ ਹੈ ਉੱਥੇ ਬਰਾੜਨੀ ਤੇ ਬ੍ਰਾਹਮਣੀ ਪਾਤਰ ਰਾਹੀਂ ਆਪਣੇ ਫਾਇਦੇ ਲਈ ਮਰਦ ਨੂੰ ਵਰਤ ਸਕਣ ਵਾਲੀਆਂ ਔਰਤਾਂ ਨੂੰ ਪੇਸ਼ ਕਰਦੀ ਹੈ। ਤਿੰਨ ਔਰਤਾਂ ਦੀ ਤਿਕੋਨ ਵਿਚ ਉਲਝਿਆ ਮਰਦ ਪਾਤਰ ਜਿਸਮ ਦੀ ਭੁੱਖ ਲਈ ਰੀਂਗਦਾ ਨਜ਼ਰ ਆਉਂਦਾ ਹੈ। ਕਹਾਣੀ ਆਰਥਿਕ ਲਾਭਾਂ ਲਈ ਜੂਝਦੇ ਮਨੁੱਖ ਦਾ ਨਕਸ਼ ਦਿਖਾਉਂਦੀ ਹੈ, ਉੱਥੇ ਸਥਾਪਤੀ ਲਈ ਕਾਮ ਖੇਡ ਨੂੰ ਵੀ ਆਧਾਰ ਬਣਾਉਂਦੀ ਹੈ। ਇਹ ਅਜਿਹੀ ਹਿੰਸਾ ਤੇ ਚਾਨਣ ਪਾਉਂਦੀ ਹੈ ਤੇ ਇਹ ਹਿੰਸਾ ਪਰ ਤੋਂ ਲੈ ਕੇ ਸਵੈ ਤੱਕ ਫੈਲੀ ਹੋਈ ਹੈ। ਮੈਂ ਪਾਤਰ ਦਾ ਪਤੀ ਸਰਮਾਏਦਾਰੀ ਪ੍ਰਬੰਧ ਵਿਚ ਪੁੱਟੀਆਂ ਗਈਆਂ ਸੁਰੰਗਾਂ/ਖੱਡਾਂ ਦਾ ਸ਼ਿਕਾਰ ਹੋਇਆ ਹੈ ਜਿਸ ਵਿਚ ਜਿੱਥੇ ਸ਼ਰੀਰਕ ਵਿਧਾਨ ਹਾਜ਼ਰ ਹਨ ਉੱਥੇ ਉਹ ਸਥਿਤੀਆਂ ਵੀ ਹਾਜ਼ਰ ਹਨ ਜਿੱਥੇ ਇਹੋ ਜਿਹਾ ਮਨੁੱਖ ਅਜਿਹੀਆਂ ਹੀ ਪ੍ਰਤੀਕਿਰਿਆਵਾਂ ਕਰਦਾ ਹੈ। ਸਰਮਾਏਦਾਰੀ ਪ੍ਰਬੰਧ ਸ਼ਰੀਰਕ ਖੁੱਲਾਂ ਦੀ ਖੁੱਲ ਦਿੰਦਾ ਹੈ ਜਿਸ ਦਾ ਸ਼ਿਕਾਰ ਅੱਜ ਦਾ ਮਰਦ ਹੋ ਰਿਹਾ ਹੈ। ਕਹਾਣੀ ਵੀ ਹਵਾਲਾ ਦਿੰਦੀ ਹੈ ਕਿ "ਕਿਹੋ ਜਿਹਾ ਕੋਲਾਜ? ਬੰਦਾ ਔਰਤ ਨੂੰ ਬੇਪਰਦ ਕਰਦਾ ਕਰਦਾ ਆਪ ਹੀ ਨੰਗਾ ਖੜਾ ਹੋ ਗਿਆ।" ਨਗਨਤਾ ਵੀ ਇਸ ਸਮੇਂ ਦਾ ਪਛਾਣ ਚਿੰਨ੍ਹ ਬਣ ਚੁੱਕੀ ਹੈ।

'ਲਹਿਰਾਂ' ਕਹਾਣੀ ਆਦਰਸ਼ਾਂ ਦੇ ਸਮਾਨਅੰਤਰ ਸਿਰਜੇ ਜਾ ਰਹੇ ਭੋਗੀ ਸਭਿਆਚਾਰ ਵਿਚ ਦਵੰਧ ਨੂੰ ਪੇਸ਼ ਕਰਦੀ ਹੈ। 'ਰਾਣੀ' ਪਾਤਰ ਇਸ ਦੁਵਿਧਾ ਦੀ ਸ਼ਿਕਾਰ ਹੈ ਕਿ ਉਹ ਆਪਣੇ ਪਿਤਾ ਦੀਆਂ ਸਮਝਾਈਆਂ ਗੱਲਾਂ ਨੂੰ ਸਮਝੇ ਜਾਂ ਖਪਤੀ ਸਭਿਆਚਾਰ ਵਿਚ ਖਚਿਤ ਹੋ ਕੇ ਆਪਣੇ ਅੰਦਰ ਉੱਠਦੀਆਂ ਲਹਿਰਾਂ ਨੂੰ ਸਵੀਕਾਰੇ। ਵਿਸ਼ੇਸ਼ ਗੱਲ ਇਹ ਹੈ ਕਿ ਇਸ ਖਪਤੀ ਸਭਿਆਚਾਰ ਵਿਚ ਪ੍ਰੋਫੈਸਰ, ਫੌਜੀ, ਨੌਜਵਾਨ, ਲੜਕਾ, ਲੜਕੀ, ਸਮਾਜ ਸ਼ਾਸ਼ਤਰੀ, ਘਰੇਲੂ ਔਰਤਾਂ ਆਦਿ ਕਿੰਨੇ ਹੀ ਪਾਤਰ ਖਚਿਤ ਹੋਏ ਪਏ ਹਨ। ਇਸ ਲਈ ਪਾਤਰਾਂ ਨੂੰ ਬੇਹੋਸ਼ੀ ਵਿਚ ਪੇਸ਼ ਕਰਕੇ ਦੂਹਰੇ ਪੱਖ ਉਭਾਰੇ ਹਨ-ਇੱਕ ਸਮਾਜ ਵਿਚ ਫੈਲੀ ਹੋਈ ਬੇਹੋਸ਼ੀ ਤੇ ਦੂਜੀ ਬੇਹੋਸ਼ੀ ਵਿਚ ਉਹ ਕੁਝ ਉਜਾਗਰ ਹੋ ਰਿਹਾ ਹੈ ਜਿਹੜਾ 'ਕੁਝ' ਪਾਤਰ 'ਚਾਹੁੰਦੇ' ਹਨ। ਨਸ਼ਾ, ਬੇਹੋਸ਼ੀ, ਅਵਚੇਤਨੀ ਗੰਢਾਂ ਅੰਦਰ ਵਿਚ ਫਸੇ ਮਨੁੱਖ ਦਾ ਸੰਵਾਦ ਬਹੁ-ਤਲ ਦਾ ਹੈ ਜਿਸ ਤੋਂ ਇਹ ਸਾਬਤ ਹੋ ਰਿਹਾ ਹੈ ਕਿ ਆਦਮੀ ਅੰਦਰ ਕਿਸੇ ਤਰ੍ਹਾਂ ਦੀ ਬੇਚੈਨੀ ਪਸਰ ਰਹੀ ਹੈ। ਇਹ ਬੇਚੈਨੀ ਵਿਭਿੰਨ ਨਾਕਾਰਾਤਮਕ ਲੱਛਣਾਂ ਰਾਹੀਂ ਪ੍ਰਗਟ ਹੋ ਰਹੀ ਹੈ। ਇਸ ਕਹਾਣੀ ਵਿਚ 'ਕਿਸ' ਇੱਕ ਅਜਿਹੀ ਕਿਰਿਆ ਬਣਦੀ ਹੈ ਜਿਥੋਂ ਆਦਮੀ ਦੇ ਤ੍ਰਿਸ਼ੰਕੂ ਦੀ ਅਵਸਥਾ ਵਿਚ ਪਹੁੰਚਣ ਦੀ ਤਰਜ਼ਮਾਨੀ ਕਰਦਾ ਹੈ। ਅੱਧਾ ਕਾਮੁਕ ਵਿਹਾਰ ਤੇ ਅੱਧਾ ਕੁ ਆਦਰਸ਼ ਆਦਮੀ ਨੂੰ ਵਿਚਕਾਰ ਲਟਕਾਉਣ ਤੋਂ ਸਿਵਾ ਕੁਝ ਨਹੀਂ ਕਰ ਸਕਦਾ।

'ਨੀਲੀਆਂ ਧਾਰੀਆਂ ਵਾਲਾ ਰੁਮਾਲ' ਕਹਾਣੀ ਕਿਰਨ, ਟਿਵਾਣਾ ਤੇ ਕਰਮੇ ਦੇ ਪਾਤਰਾਂ ਰਾਹੀਂ ਭਾਰਤੀ

ਸਮਾਜ ਵਿਚ ਵਾਪਰ ਰਹੀਆਂ ਤਬਦੀਲੀਆਂ ਦੀ ਪੇਸ਼ਕਾਰੀ ਕਰਦੀ ਹੈ। ਗੈਫੈਸ਼ਨਡ ਹੋ ਰਹੇ ਸਮਾਜ ਵਿਚ ਸਹਿਯੋਗ ਦੀ ਬਜਾਏ ਅਜਿਹਾ ਵਟਾਂਦਰਾ ਸ਼ੁਰੂ ਹੋ ਗਿਆ ਹੈ ਜਿਸ ਵਿਚ ਨੈਤਿਕਤਾ ਪੂਰੀ ਤਰ੍ਹਾਂ ਗਾਇਬ ਹੋ ਗਈ। ਹਰ ਕਮਜ਼ੋਰ ਧਿਰ ਨੂੰ ਤਾਕਤਵਰ ਧਿਰ ਨੂੰ ਵਿਭਿੰਨ ਪੱਧਰਾਂ ਤੋਂ ਵਰਤ ਲੈਣਾ ਚਾਹੁੰਦੀ ਹੈ। ਇਸ ਦੇ ਉਲਟ ਕਮਜ਼ੋਰ ਧਿਰਾਂ ਸੰਘਰਸ਼ ਦੀ ਬਜਾਇ ਵਰਤਣ ਦੇ ਦ੍ਰਿਸ਼ਟੀਕੋਣ ਤੋਂ ਆਪਣਾ ਜੀਵਨ ਫਲਸਫ਼ਾ ਬਣਾ ਰਹੀਆਂ ਹਨ। ਕਿਰਨ ਕਰਮੇ ਨੂੰ ਵਰਤਣਾ ਚਾਹੁੰਦੀ ਹੈ ਤੇ ਕਰਮਾ ਕਿਰਨ ਨੂੰ। ਇਹ 'ਵਰਤਣ' ਹੀ ਵਸਤੂਵਾਦੀ ਯੁੱਗ ਦਾ ਅਹਿਮ ਪੱਖ ਹੈ। ਕਹਾਣੀ ਇਕ ਘਟਨਾ ਵਿਚੋਂ ਔਰਤ ਤੇ ਮਰਦ ਦੇ ਵਿਭਿੰਨ ਭੇਤਾਂ ਨੂੰ ਨਸ਼ਰ ਕਰਦੀ ਹੈ। ਮੱਧਵਰਗੀ ਔਰਤ ਤੇ ਮਰਦ ਦੇ ਚਰਿੱਤਰ ਨੂੰ ਉਭਾਰਦੀ ਇਹ ਕਹਾਣੀ ਨੌਕਰੀ ਕਰਦੇ ਲੋਕਾਂ ਅੰਦਰ ਫੈਲੇ 'ਵਖਰੇ ਕਿਸਮ' ਦੇ 'ਰਸਾਂ' ਨੂੰ ਪੇਸ਼ ਕਰਦੀ ਹੈ ਕਿ ਜ਼ਿੰਦਗੀ ਦਾ ਬਹੁਤ ਸਾਰਾ ਹਿੱਸਾ ਕਾਮ ਨੇ ਦਬੋਚ ਲਿਆ ਹੈ। ਕਹਾਣੀ ਵਿਚ ਪਾਤਰ ਹਰ ਸਮੇਂ ਕਾਮ 'ਚ ਉਲਝੇ ਨੰਗੇਜ਼ ਨਾਲ ਘੁੰਮਦੇ ਨਜ਼ਰ ਆਉਂਦੇ ਹਨ।

'ਲਾਲਸਾ' ਕਹਾਣੀ ਕੁੜੀਆਂ ਨੂੰ ਕੁੱਖ ਵਿਚ ਮਾਰਨ ਦੇ ਅਵਚੇਤਨੀ ਸਰੋਕਾਰਾਂ ਦੇ ਨਾਲ-ਨਾਲ ਪਰਿਵਾਰ ਦੇ ਸਭਿਅਕ ਭੁਲਾਦਰਿਆਂ ਦੀ ਤਰਜ਼ਮਾਨੀ ਕਰਦੀ ਹੈ। ਭਾਰਤੀ ਮਨੋਵਿਗਿਆਨ ਵਿਚ ਮਰਦ ਦਾ ਅਵਚੇਤਨ ਏਨਾ ਭਾਰੂ ਹੈ ਕਿ ਉਹ ਹਰ ਵਰਤਾਰੇ ਵਿਚ ਮਰਦ ਨੂੰ ਹੀ ਮਹੱਤਤਾ ਦਿੰਦਾ ਹੈ। ਨਿੱਜੀ ਜਾਇਦਾਦ ਦੇ ਵਿਰਾਸਤੀ ਸੰਚਾਰ ਲਈ ਲੋੜੀਂਦੇ ਮਰਦ ਨੂੰ ਸ਼ਕਤੀਸ਼ਾਲੀ ਬਣਾਉਣਾ ਭਾਰਤੀ ਫਲਸਫੇ ਦੀ ਸਭ ਤੋਂ ਵੱਡੀ ਚਲਾਕੀ ਹੈ। ਦਰਅਸਲ ਮੈਂ ਪਾਤਰ ਦੀ ਸੱਸ ਤੇ ਵਰਿੰਦਰ ਦੀ ਮਾਂ ਭਾਰਤੀ ਸੰਸਕ੍ਰਿਤੀ ਦੀ ਮਰਦ ਪ੍ਰਧਾਨਤਾ ਦੇ ਅਵਚੇਤਨ ਨੂੰ ਗੂੜ੍ਹੇ ਰੂਪ ਵਿਚ ਦਰਸਾਉਂਦੀ ਹੈ।


'ਅੰਗਾਰ' ਕਹਾਣੀ ਸ਼ਹਿਰ ਵਿਚ ਗਏ ਉਹਨਾਂ ਨੌਜਵਾਨਾਂ ਦੀ ਹੈ ਜਿਹਨਾਂ ਨੇ ਪਿੰਡਾ ਨੂੰ ਆਪਣੇ ਆਰਥਿਕ ਵਿਕਾਸ ਲਈ ਛੱਡਿਆ ਹੈ। ਵਿਕਾਸ ਦੇ ਅਸਲੀ ਅਰਥਾਂ ਨੂੰ ਨਾ ਜਾਣਿਆਂ ਤੇ ਜ਼ਿੰਦਗੀ ਦੇ ਫਲਸਫੇ ਨੂੰ ਮਾਨਣ ਹਿਤਕਾਰੀ ਸਾਂਚੇ 'ਚ ਨਾ ਢਾਲਿਆਂ, ਇਹ ਵਿਕਾਸ ਵਿਨਾਸ਼ ਹੋ ਨਿਬੜਦਾ ਹੈ। ਸ਼ਹਿਰ ਕੁਦਰਤੀ ਅਵੇਸ਼ਾਂ ਦੀ ਪੂਰਤੀ ਲਈ ਸਪੇਸ ਦਿੰਦਾ ਹੈ ਤੇ ਗੁਲਾਮ ਰਹਿਤਲਾਂ ਤੋਂ ਆਏ ਲੋਕ ਇਸ ਅੰਦਰ ਬਹੁਤ ਛੇਤੀ ਉਲਝ ਜਾਂਦੇ ਹਨ। ਸੁਨੀਲਾ ਤੇ ਵਿਸ਼ਾਲ ਦੋਵੇਂ ਇਸ ਤਰ੍ਹਾਂ ਦੇ ਹੀ ਪਾਤਰ ਹਨ ਜਿਹਨਾਂ ਦੇ ਮਿਲਾਪ ਦਾ ਕੇਂਦਰ ਆਰਥਿਕ ਵਿਕਾਸ ਦੇ ਨਾਲ-ਨਾਲ, ਕਾਮਿਕ ਮਿਲਾਪ ਵੀ ਬਣਦਾ ਹੈ। ਵਿਸ਼ਾਲ ਦੇ ਸੁਨੀਲਾ ਨਾਲ ਕਾਮੁਕ ਸਬੰਧ 'ਤੇ ਵਿਸ਼ਾਲ ਦੇ ਅੰਕਲ ਦਾ ਸੁਨੀਲਾ ਨਾਲ ਰੇਪ ਤੇ ਵਿਸ਼ਾਲ ਦੀ ਚੁੱਪ ਸੁਨੀਲਾ ਅੰਦਰ ਅੰਗਾਰ ਪੈਦਾ ਕਰਦੇ ਹਨ। ਇਹ ਅੰਗਾਰ ਵੀ ਦੋ ਤਰ੍ਹਾਂ ਦੇ ਹਨ। ਪਹਿਲੇ ਜਿਸਮ ਨੂੰ ਭੋਗਣ ਦੇ ਤੇ ਦੂਜੇ ਪਛਤਾਵੇ ਤੇ ਬਦਲਾ ਲੈਣ ਦੇ। ਕਹਾਣੀ ਮਰਦ ਤੇ ਸਾਥੀ ਦੇ ਅਰਥ ਨੂੰ ਖੋਲਦੀ ਹੋਈ ਅਜਿਹਾ ਖੁਰਦਰਾਪਣ ਤਲਾਸ਼ਦੀ ਹੈ ਜਿਹੜਾ ਨਿਪੁੰਸਕ ਦੀ ਨਿਪੁੰਸਕਤਾ ਨੂੰ ਵੰਗਾਰ ਸਕੇ। ਸੁਨੀਲਾ ਨੂੰ ਉਹ ਮਰਦ ਤੇ ਪੂਰਾ ਸਿਸਟਮ ਉਸ ਨੂੰ ਕਦੋਂ ਬਕਰੀ ਬਣਾ ਜਾਂਦਾ ਹੈ, ਉਸ ਨੂੰ ਪਤਾ ਹੀ ਨਹੀਂ ਚਲਦਾ ਕਿਉਂਕਿ ਔਰਤ ਨੂੰ ਭੋਗਣ ਤੇ ਦਮਨ ਦੀ ਪ੍ਰਕਿਰਿਆ ਨਾਲੋਂ ਨਾਲ ਚਲਦੀ ਹੈ ਜਿਸ ਵਿਚ ਇਕ ਪਾਸੇ ਸਰਮਾਏਦਾਰੀ ਪ੍ਰਬੰਧ ਉਸ ਨੂੰ ਉਕਸਾਉਂਦਾ ਹੈ ਤੇ ਜਗੀਰੂ ਅਵਚੇਤਨ ਉਸ ਦੇ ਦਮਨ ਲਈ ਨਵੀਆਂ ਵਿਧੀਆਂ ਤਲਾਸ਼ਦਾ ਹੈ।

ਸੋ ਸਮੁੱਚੇ ਰੂਪ ਵਿਚ ਕਹਾਣੀਆਂ ਸਰਮਾਏਦਾਰੀ ਨਿਜ਼ਾਮ ਵਿਚ ਔਰਤ ਮਰਦਾਂ ਦੇ ਅਜਿਹੇ ਸਬੰਧਾਂ ਨੂੰ ਪੇਸ਼ ਕਰਦੀਆਂ ਹਨ ਜਿਹੜੇ ਤੰਦਰੁਸਤ ਨਹੀਂ ਸਗੋਂ ਬਿਮਾਰ ਹੋ ਚੁੱਕੇ ਹਨ। ਇਹ ਦੇਹ, ਕਾਮ, ਕਾਮਨਾ ਵਿਚੋਂ ਲੋਕਾਈ ਦੇ ਫਲਸਫੇ ਨੂੰ ਪੇਸ਼ ਕਰਦੀਆਂ, ਆਦਰਸਿਆਈ ਜ਼ਿੰਦਗੀ ਦਾ ਮਜ਼ਾਕ ਉਡਾਉਂਦੀਆਂ, ਮਨੁੱਖੀ ਵਿਹਾਰ ਵਿਚੋਂ ਹੀ ਜੀਵਨ ਦੇ ਪ੍ਰਤਿਮਾਨ ਸਿਰਜਣ ਦਾ ਸੁਨੇਹਾ ਦਿੰਦੀਆਂ ਹਨ ਤੇ ਸਾਬਤ ਕਰਦੀਆਂ ਹਨ ਕਿ ਹੁਣ ਔਰਤ ਮਰਦ ਦੇ ਸਬੰਧ ਹੁਣ ਸਿੱਧੇ ਨਹੀਂ ਰਹੇ, ਸਗੋਂ ਤਿਕੋਨ ਵਿਚ ਤਬਦੀਲ ਹੋ ਚੁੱਕੇ ਹਨ ਜਿਸ ਦੇ ਹਰ ਕੋਨੇ 'ਤੇ ਨਵਾਂ ਨਜਾਇਜ ਸਬੰਧ ਉਸਰ ਰਿਹਾ ਹੈ ਤੇ ਖਪਤ ਕਲਚਰ ਇਸ ਜਿੱਤ ਦਾ ਐਲਾਨ ਹੀ ਨਹੀਂ ਕਰਦਾ, ਜਸ਼ਨ ਵੀ ਮਨਾ ਰਿਹਾ ਹੈ। (ਸੰਪਰਕ 99151-28868)



## ਬਹੁਪਾਸਾਰੀ ਕਥਾ ਬੋਧ : ਖ਼ੁਸ਼ਕ ਅੱਖ ਦਾ ਖ਼ਾਬ

- ਡਾ. ਮਿਨਾਕਸ਼ੀ ਰਾਠੌਰ




ਅਜੋਕੀ ਪੰਜਾਬੀ ਕਹਾਣੀ ਨਵੀਨ ਦਿੱਸਹੱਦਿਆਂ ਨੂੰ ਛੋਂਹਦੀ ਵਿਸਥਾਰ ਧਾਰਨ ਕਰ ਰਹੀ ਹੈ।ਜਿਸ ਵਿਚ ਸਾਡੇ ਕਥਾਕਾਰਾਂ ਨੇ ਭਰਪੂਰ ਯੋਗਦਾਨ ਪਾਇਆ ਹੈ। ਇਹਨਾਂ ਕਥਾਕਾਰਾਂ ਵਿਚ ਅਜਮੇਰ ਸਿੱਧੂ ਵੀ ਇਕ ਅਜਿਹੀ ਪੁਖ਼ਤਾ ਸੋਚ ਦਾ ਮਾਲਕ ਸੁੱਘੜ ਜ਼ਹੀਨ ਬੁੱਧੀ ਵਾਲਾ ਕਹਾਣੀਕਾਰ ਹੈ,ਜੋ ਕਿਸੇ ਜਾਣ ਪਛਾਣ ਦਾ ਮੁਹਤਾਜ਼ ਨਹੀਂ।ਉਹ ਹੁਣ ਤੱਕ ਦੋ ਕਹਾਣੀ ਸੰਗ੍ਰਹਿ 'ਨਚੀਕੇਤਾ ਦੀ ਮੌਤ'(1998) ਤੇ 'ਖੂਹ ਗਿੜਦਾ ਹੈ' (2004) ਪੰਜਾਬੀ ਕਹਾਣੀ ਸਾਹਿਤ ਦੀ ਨਜ਼ਰ ਕਰ ਚੁੱਕਾ ਹੈ।ਇਸ ਤੋਂ ਇਲਾਵਾ ਉਸ ਨੇ ਬਹੁਤ ਸਾਰੀਆਂ ਕਿਤਾਬਾਂ ਵੀ ਸੰਪਾਦਿਤ ਕੀਤੀਆਂ ਹਨ।ਭਾਵੇਂ ਉਸ ਨੇ ਪੱਤਰਕਾਰੀ ਤੇ ਵਾਰਤਕ ਦੇ ਖੇਤਰ ਵਿਚ ਵੀ ਨਾਮ ਕਮਾਇਆ ਹੈ ਪਰ ਉਸ ਦੀ ਪਛਾਣ ਇਕ ਕਹਾਣੀਕਾਰ ਦੇ ਤੌਰ ਤੇ ਹੀ ਬਣਦੀ ਹੈ। ਉਸ ਦੀ ਇਹ ਪਛਾਣ ਨਵੇਂ ਛਪੇ ਕਹਾਣੀ ਸੰਗ੍ਰਹਿ 'ਖ਼ੁਸ਼ਕ ਅੱਖ ਦਾ ਖ਼ਾਬ' (2013) ਰਾਹੀਂ ਹੋਰ ਗੂੜ੍ਹੀ ਹੁੰਦੀ ਹੈ।

ਕਹਾਣੀ ਸਾਹਿਤ ਦਾ ਅਜਿਹਾ ਰੂਪ ਹੈ, ਜਿਸ ਨੇ ਬਦਲਦੇ ਪਰਿਪੇਖ ਵਿਚ ਵਿਭਿੰਨ ਸਮਾਜਿਕ, ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਸਰੋਕਾਰਾਂ ਨੂੰ ਨਿਰੂਪਤ ਕੀਤਾ ਹੈ।ਅਜਮੇਰ ਸਿੱਧੂ ਨੇ ਵੀ ਇਹਨਾਂ ਸਰੋਕਾਰਾਂ ਦੀ ਪੇਸ਼ਕਾਰੀ ਬਾਖ਼ੂਬੀ ਕੀਤੀ ਹੈ।ਜਿਹਨਾਂ ਨੂੰ ਉਸ ਨੇ ਬੜੇ ਹੀ ਸਾਦਮੁਰਾਦੇ , ਰੋਚਕ ਤੇ ਮਾਰਮਿਕ ਢੰਗ ਨਾਲ ਪਾਠਕਾਂ ਦੇ ਸਨਮੁੱਖ ਕੀਤਾ ਹੈ।ਉਸ ਦੀਆਂ ਕਹਾਣੀਆਂ ਦੇ ਕਲੇਵਰ ਵਿਚ ਦਲਿਤ ਸੰਘਰਸ਼, ਅੰਤਰਜਾਤੀ ਵਿਆਹ, ਅਜੋਕੇ ਖ਼ਪਤ ਸਭਿਆਚਾਰ ਦੀਆਂ ਸਮੱਸਿਆਵਾਂ, ਰਿਸ਼ਤਿਆਂ ਦੀ ਵਿਗੜਦੀ ਵਿਆਕਰਣ, ਅਜੋਕੇ ਮਨੁੱਖ ਦੀ ਦਵੰਦਮਈ ਪੀੜਾਗ੍ਰਸਤ ਮਾਨਸਿਕਤਾ, ਡੇਰਾਵਾਦ, ਨੈਤਿਕ ਕਦਰਾਂ ਕੀਮਤਾਂ ਦਾ ਪਤਨ, ਵਿਸ਼ਵੀਕਰਨ ਦੇ ਦੌਰ ਵਿਚ ਬਦਲ ਰਿਹਾ ਸਮਾਜਕ ਮੁੱਲ ਵਿਧਾਨ ਆਦਿ ਬਿਰਤਾਂਤਕੀ ਪ੍ਰਸੰਗ ਸਮਾਏ ਹਨ।

ਅਜਮੇਰ ਸਿੱਧੂ ਦੀਆਂ ਕਹਾਣੀਆਂ ਦਾ ਮੂਲ ਵਿਸ਼ਾ ਜ਼ਿਆਦਾ ਕਰਕੇ ਦਲਿਤ ਤੇ ਦਮਿਤ ਰਿਹਾ ਹੈ।ਉਸ ਨੇ ਦਲਿਤ ਜੀਵਨ ਦੇ ਵਰਗ ਸੰਘਰਸ਼ ਨੂੰ ਆਪਣੀਆਂ ਕਹਾਣੀਆਂ ਦਾ ਰਚਨਾ ਵਸਤੂ ਬਣਾਇਆ ਹੈ।ਪੰਜਾਬ ਦੇ ਹਾਸ਼ੀਆਗਤ ਵਰਗ ਦੀ ਪੀੜਾਗ੍ਰਸਤ ਸਥਿਤੀ ਨੂੰ ਮੁਖ਼ਾਤਿਬ ਹੁੰਦਾ ਹੋਇਆ ਹਾਸ਼ੀਆਗਤ ਵਰਗ ਦੇ ਅਨੇਕਾਂ ਪਾਸਾਰਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ।ਪਰ ਜਿਥੋਂ ਤੱਕ ਹੱਥਲੇ ਕਹਾਣੀ ਸੰਗ੍ਰਹਿ 'ਖ਼ੁਸ਼ਕ ਅੱਖ ਦਾ ਖ਼ਾਬ' ਦਾ ਸੰਬੰਧ ਹੈ ।ਇਸ ਵਿਚ ਬਿਰਤਾਂਤਕਾਰ ਨੇ ਵਿਕੋਲਿਤਰੇ ਸਰੋਕਾਰਾਂ ਅਧੀਨ ਵਰਤਮਾਨ ਦੀਆਂ ਸਮਾਜਿਕ, ਆਰਥਿਕ ਅਤੇ ਰਾਜਸੀ ਪ੍ਰਸਥਿਤੀਆਂ ਨੂੰ ਉਘਾੜਿਆ ਹੈ। ਜਿਹਨਾਂ ਦਾ ਇਕ ਮਹਤੱਵਪੂਰਨ ਪੱਖ ਮੰਡੀਕਰਨ ਤੇ ਗਲੋਬਲਾਈਜ਼ੇਸ਼ਨ ਦਾ ਬਣਦਾ ਹੈ।ਮੰਡੀ ਦੇ ਇਸ ਖ਼ਪਤ ਸਭਿਆਚਾਰ ਵਿਚ ਨੈਤਿਕ ਕਦਰਾਂ ਕੀਮਤਾਂ ਨਿਘਾਰ ਵੱਲ ਜਾ ਦੇਹਵਾਦ ਨੂੰ ਉਤਸ਼ਾਹਿਤ

ਕਰਦੀਆਂ ਹਨ।ਜਿਸ ਦੀ ਇਕ ਝਲਕ ਸਿਰਲੇਖਕ ਕਹਾਣੀ 'ਸ਼ਾਇਦ ਰੰਮੀ ਮੰਨ ਜਾਏ' ਵਿਚ ਵੇਖਣ ਨੂੰ ਮਿਲਦੀ ਹੈ।ਕਹਾਣੀ ਪਾਠ ਵਿਚ ਕ੍ਰਾਂਤੀਕਾਰੀ ਵਿਚਾਰਾਂ ਵਾਲੇ ਸੱਤੇ ਦੀ ਭੈਣ ਤਾਰੋ ਘਰ ਦੀਆ ਤੰਗੀਆਂ ਤੁਰਸ਼ੀਆਂ ਦਾ ਸੰਤਾਪ ਹੰਢਾਉਂਦੀ ਮੰਡੀ ਦੀ ਚਕਾਚੌਂਧ ਵੇਖ ਆਪਣੀ ਧੀ ਰੰਮੀ ਨੂੰ ਦੇਹ ਵਪਾਰ ਲਈ ਮਨਾਉਣ ਦੀ ਕੋਸ਼ਿਸ਼ ਕਰਦੀ ਹੈ।ਜਦੋਂ ਉਹ ਬਿਮਲਾ ਦੀਆ ਧੀਆਂ ਰੱਜੂ ਅਤੇ ਲੱਭੂ ਨੂੰ ਸਟੇਜ ਸ਼ੋਅ ਕਰ ਪੈਸੇ ਬਟੋਰਦਿਆਂ ਵੇਖਦੀ ਹੈ ਤਾਂ ਉਸ ਦਾ ਮਨ ਆਪਣੀ ਧੀ ਰੰਮੀ ਨੂੰ ਵੀ ਦੇਹ ਵਪਾਰ ਵਿਚ ਝੋਕ ਘਰ ਦੀ ਗਰੀਬੀ ਦਾ ਧੋਣਾ ਧੋ ਦੇਣ ਦਾ ਕਰਦਾ ਹੈ।ਮੰਡੀ ਬਜ਼ਾਰ ਵਿਚ ਵਸਤ ਬਣੀ ਨਾਰੀ ਦੇਹ ਦੀ ਇਕ ਝਲਕ ਬਿਮਲਾ ਤੇ ਤਾਰੋ ਦੀ ਵਾਰਤਾਲਾਪ ਵਿਚੋਂ ਵੀ ਕੁਝ ਇਸ ਤਰ੍ਹਾਂ ਉਜਾਗਰ ਹੁੰਦੀ ਹੈ।

"ਢਕੀ ਰਹਿ।ਵਿਆਹ ਪਾਰਟੀਆਂ ਸਾਰਾ ਸਾਲ ਹੁੰਦੇ ਆ ਕਿਤੇ? ਤੁਹਾਨੂੰ ਬਾਦਰਾਂ ਨੂੰ ਕੌਣ ਅਕਲ ਦੇਵੇ।ਇਹ ਗਿੱਧੇ, ਭੰਗੜੇ, ਆਰਕੈਸਟਰਾ, ਸੱਭਿਆਚਾਰਕ ਪ੍ਰੋਗਰਾਮ ਤਾਂ ਬਹਾਨੇ ਐ।ਅਗਲੇ ਪਾਰਟੀ 'ਚੋਂ ਮੁੱਲ ਪਾ ਕੇ ਲੈ ਜਾਂਦੇ ਆ।ਹੁਣੇ ਕਰਾਂ ਫ਼ੋਨ।"

ਬਿਮਲਾ ਦੀ ਜ਼ੁਬਾਨੀ ਸੁਣੀ ਉਸ ਦੀ ਤਰੱਕੀ ਦੀ ਕਹਾਣੀ ਤਾਰੋ ਨੂੰ ਉਸ ਸੁਪਨ ਸੰਸਾਰ ਵਿਚ ਧਕੇਲ ਦੇਂਦੀ ਹੈ।ਜਿਸ ਵਿਚ ਸ਼ਰਮ, ਹਯਾ ਤੇ ਨੈਤਿਕ ਕਦਰਾਂ ਕੀਮਤਾਂ ਨੂੰ ਕੋਈ ਥਾ ਨਹੀਂ।ਸਗੋਂ ਪੈਸੇ ਦੀ ਚਕਾਚੌਂਧ ਮਾਨਵੀ ਮਨ ਤੇ ਕਾਬਜ਼ ਹੋ ਸਭ ਕੁਝ ਨੂੰ ਛਿੱਕੇ ਟੰਗਦੀ ਹੈ।ਬਿਮਲਾ ਜੋ ਕਦੇ ਲੋਕਾਂ ਦੇ ਘਰਾਂ ਵਿਚ ਕੰਮ ਕਰਕੇ ਗੁਜ਼ਾਰਾ ਕਰਦੀ ਸੀ, ਜਿਸ ਦੇ ਕਾਲੇ ਪੀਲੇ ਹੱਥ ਤੇ ਪਾਟੀਆ ਬਿਆਈਆਂ ਹੁੰਦੀਆਂ ਸਨ ਤੇ ਜਿਸ ਦਾ ਪਤੀ ਹੇਮਾ ਵਿਆਹ ਦੇ ਦਿਨਾਂ ਵਿਚ ਚਾਰ ਦਿਨ ਕਿਸੇ ਹਲਵਾਈ ਨਾਲ ਲਗਾ ਕੇ ਮਹੀਨਾ ਮਹੀਨਾ ਵਿਹਲਾ ਬੈਠਾ ਰਹਿੰਦਾ ਸੀ, ਤਾਰੋ ਉਸ ਦੀ ਆਲੀਸ਼ਾਨ ਕੋਠੀ ਤੇ ਕੋਠੀ ਅੰਦਰਲਾ ਸਾਜੋ ਸਮਾਨ ਵੇਖ ਚੁੰਧਿਆ ਜਾਂਦੀ ਹੈ।ਬਿਮਲਾ ਦੇ ਇਕ ਕੱਚੇ ਕੋਠੇ ਤੋਂ ਆਲੀਸ਼ਾਨ ਕੋਠੀ ਤੱਕ ਦੇ ਸਫ਼ਰ ਦਾ ਚਿਹਨਕੀ ਪਰਿਪੇਖ ਤਾਰੋ ਅੰਦਰ ਵੀ ਦੇਹਵਾਦੀ ਰੁੱਚੀਆਂ ਲਈ ਆਕਰਸ਼ਣ ਪੈਦਾ ਕਰਦਾ ਹੈ। ਵਾਸਤਵ ਵਿਚ ਇਥੇ ਇਹ ਬਿਰਤਾਂਤ ਤਾਰੋ ਤੇ ਬਿਮਲਾ ਦੇ ਪਰਿਵਾਰਾਂ ਦਾ ਨਾ ਹੋ ਕੇ ਸਮੁੱਚੇ ਪੰਜਾਬੀ ਸਭਿਆਚਾਰ ਦੇ ਢਹਿ ਢੇਰੀ ਹੁੰਦੇ ਜੀਵਨ ਮੁੱਲਾਂ ਦਾ ਬਣਦਾ ਹੈ।ਜਿਸ ਦਾ ਕੋਹੜ ਹਰ ਪੀੜ੍ਹੀ ਦੇ ਮਨੁੱਖ ਨੂੰ ਆਪਣੀ ਗਿਰਫ਼ਤ ਵਿਚ ਲੈਂਦਾ ਸਭ ਕਾਸੇ ਦਾ ਹੀ ਮਲੀਆਮੇਟ ਕਰਦਾ ਜਾ ਰਿਹਾ ਹੈ।ਜਿਸ ਦੀ ਇਕ ਉਦਾਹਰਣ ਬਿਮਲਾ ਦੇ ਪਾਤਰ ਦੇ ਰੂਪ ਵਿਚ ਵੇਖਣ ਨੂੰ ਮਿਲਦੀ ਹੈ ਜੋ ਆਪਣੀਆਂ ਧੀਆਂ ਦੇ ਤਾਰੀਫ਼ਾਂ ਦੇ ਪੁਲ ਬੰਨ੍ਹਦੀ ਤਾਰੋ ਨੂੰ ਇਸ ਦਾ ਗੁਰਮੰਤਰ ਦੱਸਦੀ ਹੈ।

"ਨੀ, ਤਾਰੋ। ਛੱਡ ਪਰ੍ਹਾਂ"।ਉਹ ਨੇ ਮੇਰਾ ਹੱਥ ਪਲੋਸਿਆ ਸੀ।

"ਜਦੋਂ ਮੇਰੀਆਂ ਧੀਆਂ ਕੰਮ ਤੋਂ ਆਉਂਦੀਆਂ, ਮੈਂ ਇਹ ਕੰਗਣੀ ਵਾਲੇ ਗਲਾਸ ਦੁੱਧ ਦੇ ਭਰ ਕੇ ਪਿਲਾਂਦੀ ਆ।ਹੁਣ ਤਾਂ ਬੀਅਰ ਤੋਂ ਉਰ੍ਹੇ ਗੱਲਾਂ ਨਹੀਂ ਕਰਦੀਆਂ।"

ਅੱਜ ਮੰਡੀਵਾਦ ਦੇ ਦੌਰ ਵਿਚ 'ਕੰਗਣੀ ਵਾਲੇ ਗਲਾਸ' ਦੇ ਸਭਿਆਚਾਰਕ ਅਰਥ ਕਿਵੇਂ ਬਦਲਦੇ ਹਨ।ਅਜਮੇਰ ਸਿੱਧੂ ਇਥੇ ਇਸ ਗੱਲ ਦੀ ਵੀ ਨਿਸ਼ਾਨਦੇਹੀ ਕਰਦਾ ਹੈ।'ਕੰਗਣੀ ਵਾਲਾ ਗਲਾਸ' ਜੋ ਸਾਡੇ ਸਭਿਆਚਾਰ ਵਿਚ ਪੁੱਤਰਾਂ ਨੂੰ ਦਿੱਤੀ ਜਾਂਦੀ ਖ਼ੁਰਾਕ ਦਾ ਇਕ ਮਾਪ ਹੁੰਦਾ ਸੀ ਤੇ ਮਾਂ ਦੀ ਇਸ ਗੱਲ ਵਿਚ ਸੰਤੁਸ਼ਟੀ ਹੁੰਦੀ ਸੀ ਕਿ ਉਸ ਦੇ ਪੁੱਤਰ ਨੇ ਉਹ ਕੰਗਣੀ ਵਾਲਾ ਗਲਾਸ ਦੁੱਧ ਦਾ ਭਰ ਕੇ ਪੀ ਲਿਆ ਹੈ।ਕਿਉਂਕਿ ਪੰਜਾਬ ਦੀ ਅਰਥਵਿਵਸਥਾ ਦਾ ਬਹੁਤਾ ਜੋੜ ਖੇਤੀਬਾੜੀ ਰਹੀ ਹੈ। ਜਿਸ ਦੇ ਲਈ ਸਰੀਰਕ ਸਮਰੱਥਾ ਦੀ ਵਧੇਰੇ ਲੋੜ ਹੁੰਦੀ ਸੀ ਤੇ ਉਸ ਅਰਥਵਿਵਸਥਾ ਵਿਚ ਪੁੱਤਰ ਦਾ ਸੰਕਲਪ ਬਹੁਤਾ ਕਰਕੇ ਕਮਾਊ ਪੁੱਤਰ ਨਾਲ ਹੀ ਜੁੜਿਆ ਰਿਹਾ ਹੈ।ਇਸ ਕਰਕੇ ਧੀ ਦੇ ਪਾਲਣ ਪੋਸ਼ਣ ਨਾਲੋਂ ਪੁੱਤਰ ਦੀ ਪਰਿਵਰਸ਼ ਤੇ ਹੀ ਵਧੇਰੇ ਤਵੱਜ਼ੋ ਦਿੱਤੀ ਜਾਂਦੀ ਰਹੀ ਹੈ।ਪਰ ਅੱਜ ਮੰਡੀਵਾਦ ਦੇ ਦੇਹ ਵਪਾਰ ਨੇ ਇਸ ਦੇ ਵੀ ਅਰਥ ਤਬਦੀਲ ਕਰ ਦਿੱਤੇ ਹਨ।ਇਸੇ ਕਰਕੇ ਬਿਮਲਾ ਨੂੰ ਆਪਣੇ ਪੁੱਤਰਾਂ ਨਾਲੋਂ ਧੀਆਂ



ਦੀ ਸੇਹਤ ਦੀ ਵਧੇਰੇ ਚਿੰਤਾ ਹੈ। ਕਿਉਂਕਿ ਵਿਸ਼ਵ ਸ਼ਰਮਾਏ ਦੇ ਦੇਹਵਾਦ ਵਿਚ ਹੁਣ ਉਸ ਦੀਆਂ ਧੀਆਂ ਬੇਗਾਨਾ ਧਨ ਨਾ ਹੋ ਕੇ ਘਰ ਦੇ ਕੰਮਾਊਂ ਪੁੱਤਰਾਂ ਦੇ ਰੂਪ ਵਿਚ ਤਬਦੀਲ ਹੋ ਚੁੱਕੀਆਂ ਹਨ।

ਪਰ ਇਸ ਦੇ ਵਿਪਰੀਤ 'ਤਾਰੋ ਦੀ ਧੀ ਰੰਮੀ ਦਾ ਵਿਸ਼ਵ ਮੰਡੀ ਦੀ ਇਸ ਗ਼ਲੈਮਰੀ ਦੁਨੀਆ ਪ੍ਰਤੀ ਨਕਾਰਾਤਮਕ ਵਿਵਹਾਰ', 'ਰੰਮੀ ਦੇ ਨਾਇਕ ਸੁਖਦੇਵ, ਰਾਜਗੁਰੂ ਤੇ ਭਗਤ ਸਿੰਘ ਦਾ ਹੋਣਾ', 'ਆਪਣੇ ਮਾਮੇ ਸੱਤੇ ਦੇ ਪਾਏ ਆਦਰਸ਼ਵਾਦੀ ਰਾਹ ਤੇ ਚੱਲਣਾ', ਆਦਿ ਦੇ ਚਿਹਨਕੀ ਜੁੱਟ ਮੰਡੀ ਦੀਆਂ ਦੇਹਵਾਦੀ ਰੁੱਚੀਆਂ ਨੂੰ ਵਿਸਥਾਪਤ ਕਰ ਆਦਰਸ਼ਕ ਜੀਵਨ ਮੁੱਲਾਂ ਨੂੰ ਸਥਾਪਿਤ ਕਰਨ ਦੀ ਰੁੱਚੀ ਵੱਲ ਅਗਰਸਰ ਹੁੰਦੇ ਨਜ਼ਰ ਆਉਂਦੇ ਹੈ ।ਪਾਠ ਵਿਚ ਜਿਸ ਦੀ ਨਿਸ਼ਾਨਦੇਹੀ ਚੇਤਨਾ ਨਾਮ ਦੇ ਨਾਰੀ ਪਾਤਰ ਰਾਹੀਂ ਵੀ ਹੁੰਦੀ ਹੈ।ਇਸੇ ਲਈ ਇਸ ਸਾਰੇ ਕੁਝ ਤੋਂ ਸਹਿਮੀ ਤਾਰੋ ਨੂੰ ਆਪਣੇ ਭਰਾ ਸੱਤੇ ਦੀ ਫ਼ੋਟੋ ਵਿਚੋਂ ਉਸ ਦੀਆਂ ਅੱਖਾਂ ਅੰਗਿਆਰ ਬਣ ਦਗ਼ਦੀਆਂ ਨਜ਼ਰ ਆਉਂਦੀਆ ਹਨ।

"ਜੇ ਭੁੱਖੇ ਮਰਦੇ ਆ ਤਾਂ ਕੀ ਧੀਆਂ ਭੈਣਾਂ ਨੂੰ ਜਿਸਮ ਵੇਚਣ ਲਾ ਦੇਈਏ? ਸਾਲਿਓ ਸ਼ਰਮ ਕਰੋ"।

ਵਸਤੂਕਰਨ ਦੀ ਇਸ ਪ੍ਰਕ੍ਰਿਆ ਨੇ ਮਨੁੱਖ ਦੇ ਬਾਹਰੀ ਜਗਤ ਨੂੰ ਹੀ ਨਹੀਂ ਸਗੋਂ ਉਸ ਦੇ ਆਂਤਰਿਕ ਸੰਕਟ ਨੂੰ ਵੀ ਗਹਿਰਾ ਦਿੱਤਾ ਹੈ।ਜਿਸ ਦੀ ਪੇਸ਼ੀਨਗੋਈ 'ਈਵਾਨ ਈਲੀਚ ਦੀ ਦੂਜੀ ਮੌਤ' ਵਰਤਾਰੇ ਵਿਚ ਭਲੀਭਾਂਤ ਹੋਈ ਮਿਲਦੀ ਹੈ।ਮੰਡੀਵਾਦ ਦੀਆਂ ਨੀਤੀਆਂ ਕਾਰਨ ਅੱਜ ਸਾਡਾ ਸਮਾਜ ਬਹੁਤ ਸਾਰੀਆਂ ਅਹਿਮ ਤਬਦੀਲੀਆ ਵਿਚੋਂ ਗੁਜ਼ਰ ਰਿਹਾ ਹੈ।ਇਹਨਾਂ ਬਦਲਦੀਆਂ ਪ੍ਰਸਥਿਤੀਆਂ ਸਨਮੁੱਖ ਮਾਨਵ ਦੀ ਜੋ ਹਾਰ ਹੋ ਰਹੀ ਹੈ ,ਉਸ ਦਾ ਮੰਜ਼ਰ ਬਹੁਤ ਹੀ ਪੀੜਾਜਨਕ ਹੈ।ਬਿਰਤਾਂਤਕੀ ਪਾਠ ਵਿਚ ਇਸ ਦੀ ਨਿਸ਼ਾਨਦੇਹੀ 'ਈਵਾਨ ਈਲੀਚ ਦੀ ਦੂਜੀ ਮੌਤ' ਦੇ ਪਾਤਰ ਹਰਸੇਵ ਨਾਲ ਹੋਈ ਮਿਲਦੀ ਹੈ।ਅਮਰੀਕਨ ਸ਼ਿਪਿੰਗ ਕੰਪਨੀ ਵਿਚ ਇੰਜਨੀਅਰ ਦੀ ਨੌਕਰੀ ਕਰਨ ਵਾਲਾ ਹਰਸੇਵ ਜੋ ਪੜ੍ਹਾਈ ਵਿਚ ਮਾਅਰਕੇ ਮਾਰਨ ਵਾਲਾ ਮਾਂ ਪਿਉ ਦਾ ਆਗਿਆਕਾਰ ਪੁੱਤਰ ਹੈ।ਜਿਸ ਨੂੰ ਸ਼ਿੱਪ ਤੇ ਵੀ ਆਪਣੇ ਸਾਥੀਆਂ ਦੀਆਂ ਆਪਹੁਦਰੀਆਂ ਤੇ ਰੰਗ ਰਲੀਆਂ ਕਦੇ ਨਹੀਂ ਸੁਹਾਦੀਆਂ।ਜੋ ਆਪਣੇ ਸਾਥੀਆਂ ਨੂੰ ਈਵਾਨ ਈਲੀਚ ਦੇ ਜੀਵਨ ਐਪੀਸੋਡ ਪੜ੍ਹ ਪੜ੍ਹ ਸਣਾਉਂਦਾ ਹੈ।ਉਹੀ ਹਰਸੇਵ ਉਲਟਾ ਸਾਮਰਾਜੀ ਤਾਕਤਾਂ ਦੁਆਰਾ ਫ਼ੈਲਾਏ ਜਾ ਰਹੇ ਉਪਭੋਗਤਾਵਾਦ ਰਾਹੀਂ ਕਾਮ ਤੇ ਭੋਗ ਦੇ ਵੇਗ ਵਿਚ ਵਹਿ 'ਏਡਜ਼' ਦੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਸੰਤਾਪ ਭੋਗਦਾ ਹੈ।ਇਥੇ ਪਾਠ ਦਾ ਇਹ ਕਲਾਤਮਕ ਪਰਿਪੇਖ ਸਾਮਰਾਜੀ ਤਾਕਤਾਂ ਰਾਹੀਂ ਫ਼ੈਲਾਈ ਜਾ ਰਹੀ ਸਭਿਆਚਾਰਕ ਰਾਜਨੀਤੀ ਦਾ ਪਰਦਾਫ਼ਾਸ਼ ਕਰ ਉਹਨਾਂ ਅੰਦਰਲੇ ਕੋਹਜ ਤੇ ਬਦਫ਼ੈਲੀਆ ਨੂੰ ਉਜਾਗਰ ਕਰਦਾ ਹੈ।ਜਿਸ ਵਿਚ ਮੰਡੀਵਾਦ ਦਾ ਸਮੁੱਚਾ ਵਰਤਾਰਾ ਅਮਾਨਵੀ ਸੁਭਾਅ ਵਾਲਾ ਸਿੱਧ ਹੁੰਦਾ ਹੈ।ਜਿਸ ਦੀ ਬੁਨਿਆਦ ਹੀ ਤਾਮਸੀ, ਕਾਮੀ ਤੇ ਲੋਭੀ ਬਿਰਤੀ ਤੇ ਟਿਕੀ ਹੈ।ਵਾਸਤਵ ਵਿਚ ਵਸਤੂਕਰਨ ਦੀ ਪ੍ਰਕ੍ਰਿਆ ਨੇ ਮਨੁੱਖ ਅਤੇ ਉਸ ਦੇ ਰਿਸ਼ਤਿਆਂ ਦਾ ਵੀ ਵਸਤੂਕਰਨ ਕੀਤਾ ਹੈ।ਵਸਤੂ ਦੀ ਖ਼ਰੀਦ ਸ਼ਕਤੀ ਪੈਸਾ ਹੈ।ਜਿਸ ਨਾਲ ਪਰਿਵਾਰਕ ਰਿਸ਼ਤਿਆਂ ਦੀ ਵਿਆਕਰਣ ਵੀ ਬਦਲੀ ਹੈ।ਪਾਠ ਵਿਚ ਇਸ ਦਾ ਪ੍ਰਗਟਾਵਾ ਹਰਸੇਵ ਦੀ ਮਾਂ ਦੇ ਪਾਤਰ ਰਾਹੀਂ ਕੀਤਾ ਮਿਲਦਾ ਹੈ।

"ਅਸੀਂ ਤੈਨੂੰ ਵਰਲਡ ਲੈਵਲ ਦਾ ਇੰਜੀਨੀਅਰ ਬਣਾਇਆ ਤੇ ਤੂੰ ਸਾਨੂੰ ਕੀ ਦਿੱਤਾ, ਓਏਝਬਦਨਾਮੀ।ਸਾਡਾ ਲੋਕਾਂ ਵਿਚ ਜੀਣਾ ਹਰਾਮ ਕੀਤਾ, ਇਹਦੇ ਨਾਲੋਂ ਤਾਂ ਚੰਗਾ ਸੀ ਕੁਲੱਛਣਿਆਂ ਜੰਮਦਾ ਹੀ ਮਰ ਜਾਂਦਾ।ਸਬਰ ਕਰ ਲੈਂਦੇ।"

ਜਦੋਂ ਹਰਸੇਵ ਬਿਮਾਰ ਹੋ ਕੇ ਘਰ ਮੁੜ ਆਉਂਦਾ ਹੈ ਤਾਂ ਕੁਝ ਦੇਰ ਬਾਅਦ ਉਸ ਨੂੰ ਭਈਏ ਵਾਲੇ ਕਮਰੇ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ।ਜਿਥੇ ਗਿਰਾਸੀਮ ਨਾਂ ਦਾ ਨੌਕਰ ਉਸ ਦੀ ਸੇਵਾ ਕਰਦਾ ਹੈ।ਵਸਤੂਕਰਨ ਦੀ ਇਸ ਪ੍ਰਕ੍ਰਿਆ ਵਿਚ ਕੇਵਲ ਗਿਰਾਸੀਮ ਹੀ ਬਚਿਆ ਹੈ ਜੋ ਪੂਰੀ ਤਨਦੇਹੀ ਨਾਲ ਮੌਤ ਨਾਲ ਜੂਝਦੇ ਹਰਸੇਵ ਦੀ ਪੂਰੀ ਤੀਮਾਰਦਾਰੀ ਕਰਦਾ ਹੈ।ਬਿਰਤਾਂਤਕੀ ਪਾਠ ਵਿਚ ਗਿਰਾਸੀਮ

ਭਾਵੇਂ ਕੋਈ ਬਹੁਤਾ ਮਹਤੱਵ ਨਹੀਂ ਰੱਖਦਾ ਪਰ ਵਰਤਮਾਨ ਅਰਥਚਾਰੇ ਵਿਚ ਜਿਥੇ ਹਰ ਪਾਸੇ ਪੂੰਜੀਵਾਦ ਦੀਆਂ ਸਵਾਰਥੀ ਤੇ ਮਨੁੱਖ ਮਾਰੂ ਰੁੱਚੀਆਂ ਆਪਣੀ ਘੁਸਪੈਠ ਕਰ ਰਹੀਆਂ ਹਨ। ਉਥੇ ਗਿਰਾਸੀਮ ਦਾ ਆਦਰਸ਼ਮਈ ਪਾਤਰ ਵਰਤਮਾਨ ਸਮਾਜ ਨੂੰ ਵਿਸਥਾਪਿਤ ਕਰ ਨਵੀਆਂ ਸੰਭਾਵਨਾਵਾਂ ਜ਼ਰੂਰ ਜਗਾਉਂਦਾ ਹੈ।

ਮੰਡੀਵਾਦੀ ਰੁੱਚੀਆਂ ਅਧੀਨ ਵਿਦਿਆ ਦਾ ਵੀ ਵਪਾਰੀਕਰਨ ਹੋ ਰਿਹਾ ਹੈ।ਜਿਸ ਵਿਚ ਮਾਪਿਆਂ ਲਈ ਬੱਚੇ ਬੱਚੇ ਨਾ ਰਹਿ ਕੇ ਪ੍ਰੋਡਕਟ ਬਣਦੇ ਜਾ ਰਹੇ ਹਨ।

"ਓਏ ਰੱਬਾ। ਅਸੀਂ ਕਿਹੜੇ ਰਸਤੇ ਤੁਰ ਪਏ।ਅਸੀਂ ਬੱਚਿਆਂ ਨੂੰ ਬੱਚੇ ਨਹੀਂ ਰਹਿਣ ਦਿੱਤਾ।ਪ੍ਰੋਡਕਟ ਬਣਾ ਦਿੱਤਾੜਤੇ ਮਾਰਕਿਟ ਵਿਚ ਲਾਂਚ ਕਰ ਦਿਤੈ।ਬਖ਼ਸ਼ੀਂ ਵਾਹਿਗੁਰੂ।"

ਪਾਠ ਵਿਚ ਗਿਆਨ ,ਤਾਲੀਮ, ਧਰਮ, ਡੇਰਾਵਾਦ, ਡਾਕਟਰੀ ਸਹੂਲਤਾਂ ਆਦਿ ਦੇ ਚਿਹਨਕੀ ਜੁੱਟ ਜੀਵਨ ਦੇ ਹਰ ਵਰਤਾਰੇ ਦੇ ਇੰਡਸਟਰੀ ਵਿਚ ਤਬਦੀਲ ਹੋਣ ਦੀ ਨਿਸ਼ਾਨਦੇਹੀ ਕਰਦੇ ਹਨ।ਜੀਵਨ ਦਾ ਕੋਈ ਵੀ ਪੱਖ ਅਜਿਹਾ ਨਹੀਂ ਜਿਸ ਨੂੰ ਵਸਤੂਕਰਨ ਦੀ ਸਥਿਤੀ ਨੇ ਪ੍ਰਭਾਵਿਤ ਨਾ ਕੀਤਾ ਹੋਵੇ।ਜਿਸ ਦੀ ਪਕੜ ਨੌਜਵਾਨ ਪੀੜ੍ਹੀ ਤੇ ਸਭ ਤੋਂ ਵਧੇਰੇ ਨਜ਼ਰ ਆਉਂਦੀ ਹੈ। ਨਸ਼ਿਆਂ ਦਾ ਜੋ ਛੇਵਾਂ ਦਰਿਆ ਪੰਜਾਬ ਦੀ ਧਰਤੀ ਤੇ ਵਗ ਰਿਹਾ ਹੈ, ਪਾਠ ਵਿਚ ਉਸ ਦੀ ਨਿਸ਼ਾਨਦੇਹੀ ਵੀ ਹੋਈ ਮਿਲਦੀ ਹੈ। 'ਖ਼ੁਸ਼ਕ ਅੱਖ ਦਾ ਖ਼ਾਬ' ਕਹਾਣੀ ਦਾ ਪਾਤਰ ਪਰਮਵੀਰ ਨਸ਼ਿਆਂ ਦੀ ਪੂਰਤੀ ਲਈ ਆਪਣੇ ਮਾਂ ਪਿਉ ਦੀ ਜ਼ਮੀਨ ਜਾਇਦਾਦ ਹਥਿਆਉਣ ਦੇ ਨਾਲ ਉਹਨਾਂ ਦੀ ਇੱਜ਼ਤ ਨੂੰ ਹੱਥ ਪਾਉਣ ਤੋਂ ਵੀ ਗ਼ੁਰੇਜ਼ ਨਹੀਂ ਕਰਦਾ।ਬਲਦੇਵ ਸਿੰਘ ਜੌਹਲ ਦਾ ਸੁੱਖਾ ਲੱਧਾ ਪੁੱਤਰ ਪਰਮਵੀਰ ਜਿਸ ਨੂੰ ਉਸ ਨੇ ਪੀਰਾਂ ਫ਼ਕੀਰਾਂ ,ਸਾਧੂ ਸੰਤਾਂ ਦੇ ਡੇਰਿਆਂ ਤੇ ਹਸਪਤਾਲਾਂ ਦੇ ਚੱਕਰ ਲਾ ਲਾ ਮਸਾਂ ਪ੍ਰਾਪਤ ਕੀਤਾ ਸੀ।ਉਹੀ ਪੁੱਤਰ ਸਿੱਧੇ ਅਤੇ ਅਸਿੱਧੇ ਢੰਗ ਨਾਲ ਮਾਪਿਆਂ ਤੇ ਕਈ ਤਰ੍ਹਾਂ ਦੇ ਜਾਨਲੇਵਾ ਹਮਲੇ ਕਰਨ ਦੀ ਕੋਸ਼ਿਸ਼ ਕਰਦਾ ਹੈ।ਕਹਾਣੀ ਪਾਠ ਵਿਚ ਪਰਮਵੀਰ ਉਸ ਖ਼ੁਸ਼ਕ ਅੱਖ ਦੇ ਖ਼ਾਬ ਵਜੋਂ ਪੇਸ਼ ਹੁੰਦਾ ਹੈ ਜਿਸ ਦੇ ਪੂਰਾ ਹੋਣ ਦੀ ਕਦੇ ਕੋਈ ਆਸ ਨਜ਼ਰ ਨਹੀਂ ਆਉਂਦੀ।ਦੂਜੇ ਪਾਸੇ ਕੁਲਵਿੰਦਰ ਸਿੰਘ ਦੀ ਧੀ ਜੋਧਿਕਾ ਹੈ ਜੋ ਉਸ ਨੂੰ ਖੇਤਾਂ ਵਿਚੋਂ ਮਿਲਦੀ ਹੈ ।ਜਿਸ ਨੂੰ ਦੋਵੇਂ ਪਤੀ ਪਤਨੀ ਧੀ ਬਣਾ ਕੇ ਪਾਲਦੇ ਹਨ।ਉਹ ਆਪਣੇ ਮਾਪਿਆਂ ਲਈ ਆਪਣੀ ਮੁਹਬੱਤ ਤੇ ਆਪਣੇ ਕੈਰੀਅਰ ਦੀ ਕੁਰਬਾਨੀ ਕਰ ਦੇਣ ਲਈ ਵੀ ਤਿਆਰ ਹੋ ਜਾਂਦੀ ਹੈ। ਪਰਮਵੀਰ ਦੀਆਂ ਹਰਕਤਾਂ ਨੂੰ ਵੇਖ ਕੇ ਕੁਲਵਿੰਦਰ ਆਪਣੀ ਧੀ ਦੀਆਂ ਛੋਟੀਆਂ ਛੋਟੀਆਂ ਗ਼ਲਤੀਆਂ ਨੂੰ ਭੁੱਲ ਉਸ ਨੂੰ ਸੀਨੇ ਨਾਲ ਲਗਾ ਲੈਂਦਾ ਹੈ।

"ਧੀਏ, ਤੂੰ ਸਾਡੇ ਲਈ ਸਾਹ ਬਣੀਂ ਏਂ।ੜਪਰਮਵੀਰ ਨਹੀਂ"।

ਇਥੇ ਅਜਮੇਰ ਸਿੱਧੂ ਧੀ ਤੇ ਪੁੱਤਰ ਦੇ ਵਿਵਹਾਰਕ ਅੰਤਰਾਲ ਦੀ ਪੇਸ਼ਕਾਰੀ ਕਰ ਪੁੱਤਰਾਂ ਨਾਲੋਂ ਧੀਆਂ ਨੂੰ ਮਾਪਿਆਂ ਦੀਆਂ ਹਿੱਤੂ ਕਰਾਰ ਦੇ ਧੀਆਂ ਦੇ ਪੱਖ ਵਿਚ ਵੀ ਭੁਗਤਦਾ ਨਜ਼ਰ ਆਉਂਦਾ ਹੈ।

ਜਿਸ ਤਰ੍ਹਾਂ ਦਾ ਨਿਘਾਰ, ਲਾਲਚ, ਨੀਚਤਾ ਤੇ ਵਹਿਸ਼ਤ ਮਾਨਵੀ ਰਿਸ਼ਤਿਆਂ ਵਿਚ ਪ੍ਰਵੇਸ਼ ਕਰ ਗਿਆ ਹੈ, ਉਸ ਦੀ ਇਕ ਝਲਕ 'ਕਬਰ 'ਚ ਦਫ਼ਨ ਹਜ਼ਾਰ ਵਰ੍ਹੇ' ਵਿਚ ਵੀ ਭਲੀਭਾਂਤ ਉਜਾਗਰ ਹੁੰਦੀ ਹੈ।ਵਿਗਿਆਨ ਅਤੇ ਟੈਕਨੋਲੋਜੀ ਰਾਹੀਂ ਮਨੁੱਖ ਦੇ ਆਪਣੇ ਨਿੱਜੀ ਸਵਾਰਥ ਲਈ ਕੁਦਰਤੀ ਵਸੀਲਿਆਂ ਨੂੰ ਆਪਣੇ ਕੰਟਰੋਲ ਵਿਚ ਕਰਨ ਦਾ ਬਿਰਤਾਂਤ ਸਿਰਜਿਆ ਗਿਆ ਹੈ। ਪਾਠ ਵਿਚ ਯੋਗੇਸ਼ ਦੇ ਪਾਤਰ ਰਾਹੀਂ ਜਿਸ ਤਰ੍ਹਾਂ ਦੀ ਨੈਤਿਕ ਗਿਰਾਵਟ ਦਿਖਾਈ ਗਈ ਹੈ, ਉਹ ਮਾਨਵੀ ਮਨ ਵਿਚ ਘ੍ਰਿਣਾ ਦੇ ਭਾਵ ਜਗਾਉਂਦੀ ਹੈ।ਸੰਪਰਦਾਇਕ ਫ਼ਿਰਕਾਪ੍ਰਸਤੀ ਦਾ ਜਿਹੜਾ ਘਿਨੌਣਾ ਤੇ ਮਾਨਵ ਵਿਰੋਧੀ ਰੂਪ ਕਹਾਣੀ ਪਾਠ ਵਿਚ ਮਿਲਦਾ ਹੈ, ਉਸ ਦਾ ਇਕ ਰੂਪ ਦੇਸ਼ ਵੰਡ ਤੇ ਪੰਜਾਬ ਸੰਕਟ ਦੇ ਪ੍ਰਸੰਗ ਵਿਚ ਵੀ ਨਿਰੂਪਤ ਹੁੰਦਾ ਹੈ।ਜਿਸ ਦਾ ਬਿਰਤਾਂਤ ਬੜੇ ਸੰਘਣੇ ਤੇ ਕਠੋਰ ਯਥਾਰਥ ਦਾ ਲਖਾਇਕ ਹੋ ਸੱਤਾ ਦੀ ਸਿਆਸਤ ਦੇ ਬਖ਼ੀਏ ਉਧੇੜਦਾ ਹੈ ਕਿ ਕੌਣ ਕਦੋਂ ਅਲੱਗ ਹੋ ਜਾਣਾ ਚਾਹੁੰਦਾ ਸੀ ਪਰ ਅਗਲਿਆਂ ਕਰ ਦਿੱਤਾ।ਬਲਦੇ



ਚਿਰਾਗ਼' ਕਹਾਣੀ ਦਾ ਰਿਆਜ਼ ਅਹਿਮਦ 1947 ਦੀ ਵੰਡ ਤੋਂ ਬਾਅਦ 57 ਸਾਲ ਦੀ ਉਮਰ ਵਿਚ ਜਦੋਂ ਵੀਜ਼ਾ ਲੈ ਕੇ ਪਾਕਿਸਤਾਨ ਤੋਂ ਪੰਜਾਬ ਫ਼ੇਰੀ ਤੇ ਆਉਂਦਾ ਹੈ ਤਾਂ ਉਸ ਦੀਆਂ ਆਪਣੀ ਜਨਮ ਭੋਇੰ ਬੰਗਾ ਆ ਬੀਤੇ ਦੀਆਂ ਯਾਦਾਂ ਤਰੋਤਾਜ਼ਾ ਹੋ ਜਾਂਦੀਆਂ ਹਨ।ਜਿਸ ਵਿਚ ਵੰਡ ਵੇਲੇ ਵਿਛੜੀ ਮਾਂ, ਭੈਣ ਤੇ ਭਰਾਵਾਂ ਤੋਂ ਲੈ ਕੇ ਆਪਣੀ ਪ੍ਰੇਮਿਕਾ ਨਿਰਮਲਾ ਦੀ ਮੁਹਬੱਤ ਦਾ ਗ਼ਮ ਸਮਾਇਆ ਹੋਇਆ ਹੈ।ਰਿਆਜ਼ ਤੇ ਨਿਰਮਲਾ ਦੀ ਮੁਹਬੱਤ ਦੇ ਭਾਵ ਤਾਂ ਇੰਨੇ ਗਹਿਰੇ ਹਨ ਕਿ ਉਸ ਦੇ ਚਿਰਾਗ਼ ਦੇਸ਼ ਵੰਡ ਤੋਂ ਬਾਅਦ ਵੀ ਦੋਨਾਂ ਦਿਲਾਂ ਵਿਚ ਨਿਰੰਤਰ ਬਲਦੇ ਰਹਿੰਦੇ ਹਨ ਤੇ ਨਿਰਮਲਾ ਵਿਆਹ ਨਾ ਕਰਵਾਉਣ ਦਾ ਤਲਖ਼ ਫ਼ੈਸਲਾ ਕਰ ਕੁਆਰੀ ਹੀ ਇਸ ਦੁਨੀਆ ਤੋਂ ਚਲੀ ਜਾਂਦੀ ਹੈ।

ਬਿਰਤਾਂਤਕੀ ਪਾਠ ਵਿਚ ਰਿਆਜ਼ ਅਹਿਮਦ ਦਾ ਆਪਣੀ ਵਿਛੜੀ ਭੈਣ ਆਫ਼ਸ਼ਾ ਤੇ ਪ੍ਰੇਮਿਕਾ ਨਿਰਮਲਾ ਦੀ ਯਾਦ ਵਿਚ ਸਾਂਝਾ ਚਿਰਾਗ਼ ਬਾਲਣ ਦਾ ਚਿਹਨਾਤਮਕ ਪਰਿਪੇਖ ਦੋਹਾਂ ਦੇਸ਼ਾਂ ਦੇ ਲੋਕਾਂ ਦੇ ਮਨਾਂ ਅੰਦਰ ਬਲ਼ ਰਹੇ ਮਾਨਵਤਾ, ਆਪਸੀ ਸਾਂਝ, ਭਾਈਚਾਰੇ, ਪਿਆਰ, ਮੁਹਬੱਤ ਦਾ ਪ੍ਰਤੀਕ ਹੈ।ਇਸੇ ਲਈ ਰਿਆਜ਼ ਦੇ ਕਹਿਣ ਤੇ ਪਿੰਡ ਦਾ ਬਜ਼ੁਰਗ ਮੋਹਣਾ ਮੁਹਬੱਤ ਦੇ ਇਸ ਚਿਰਾਗ਼ ਨੂੰ ਹਮੇਸ਼ਾਂ ਲਈ ਬਲਦੇ ਰੱਖਣ ਦੀ ਹਾਮੀ ਭਰਦਾ ਹੈ।

"ਦੋਸਤੋ ਮੇਰੀ ਇਕੋ ਇਕ ਮੰਗ ਆ।ਹਫਤੇ ਬਾਅਦ ਇਥੇ ਕੋਈ ਦੀਵਾ ਬੱਤੀ ਕਰ ਦਿਆ ਕਰੇ। ਨਿਰਮਲਾ ਦੀ, ਮੇਰੀ ਭੈਣ ਦੀ, ਮੇਰੇ ਭਰਾਵਾਂ ਦੀ ਮੇਰੀ ਅੰਮਾਂ ਦੀ ਯਾਦ ਵਿਚ।"

"ਮੈਂ ਇਹ ਚਿਰਾਗ਼ ਬਲ਼ਦਾ ਰੱਖਾਂਗਾ।" ਮੋਹਣੇ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਹੈ।

ਪਾਠ ਵਿਚ ਇਕ ਪਾਸੇ ਅੰਤਾਂ ਦੀ ਹਿੰਸਾ, ਖ਼ੌਫ਼ ਤੇ ਦਹਿਸ਼ਤ ਅਤੇ ਦੂਜੇ ਪਾਸੇ ਅੰਤਾਂ ਦੇ ਪਿਆਰ ਤੇ ਮੋਹ ਦੇ ਚਿਹਨ ਕਥਾ ਜੁਗਤ ਬਣ ਕੇ ਨਵੀਨ ਦਿਸਹੱਦੇ ਸਿਰਜਦੇ ਹਨ।

ਇਸ ਦੇ ਨਾਲ ਹੀ 'ਰਿਆਜ਼ ਦਾ ਨਿਰਮਲਾ ਦੇ ਨਾਲ ਹੀ ਬੰਗੇ ਦੀ ਖ਼ਾਕ ਵਿਚ ਦਫ਼ਨ ਹੋ ਜਾਣ ਦੀ ਚਾਹ', 'ਮਾਚਿਸ ਦੀ ਉਹ ਡੱਬੀ ਜਿਸ ਵਿਚ ਨਿਰਮਲਾ ਰਿਆਜ਼ ਨੂੰ ਆਪਣੀ ਮੁਹਬੱਤ ਦੇ ਪੈਗ਼ਾਮ ਭੇਜਦੀ ਸੀ, ਨੂੰ ਆਪਣੇ ਨਾਲ ਪਾਕਿਸਤਾਨ ਲੈ ਕੇ ਜਾਣ ਦੀ ਜ਼ਿੱਦ', 'ਡੱਬੀ ਨੂੰ ਆਪਣੀ ਦੇਹ ਦੇ ਨਾਲ ਹੀ ਸਪੁਰਦੇ ਖ਼ਾਕ ਕਰਨ ਦੀ ਤਮੰਨਾ', 'ਅਨੇਕਾਂ ਹੀ ਅਜਿਹੀਆਂ ਡੱਬੀਆਂ ਦੀਆਂ ਯਾਦ ਵਿਚ ਅਨੇਕਾਂ ਲੋਕਾਂ ਦਾ ਸਿਸਕਦੇ ਇਸ ਜਹਾਨ ਤੋਂ ਤੁਰ ਜਾਣਾ', ਦੇ ਚਿਹਨਕੀ ਜੁੱਟ ਵੰਡ ਦੀ ਸਖ਼ਤ ਲੀਕ ਨੂੰ ਧੁੰਧਲਾ ਸਦਮਿਆਂ ਅਤੇ ਯਾਦਾਂ ਦੇ ਚਿਹਨਾਤਮਕ ਪਰਿਪੇਖ ਨੂੰ ਪੇਸ਼ ਕਰਦੇ ਹਨ।ਜਿਸ ਵਿਚ ਭਾਈਚਾਰਕ ਸੰਕਲਪਨਾ ਪੁਨਰਸੁਰਜੀਤ ਹੋ ਲੋਕ ਮਨਾਂ ਅੰਦਰ ਆਪਸੀ ਸਾਂਝ ਤੇ ਮੁਹੱਬਤ ਦੇ ਬੀਜ ਨੂੰ ਮੁੜ ਪੁੰਗਰਿਤ ਕਰਦੀ ਹੈ।ਦੋਹਾਂ ਦੇਸ਼ਾਂ ਵਿਚਕਾਰ ਖਿੱਚੀਆਂ ਸਿਆਸੀ ਲਕੀਰਾਂ ਤੋਂ ਪਾਰ ਜਾ ਮਾਨਵਤਾ ਦਾ ਸਭਿਆਚਾਰ ਸਿਰਜਦੀ ਹੈ।ਇਹਨਾਂ ਲਕੀਰਾਂ ਨੂੰ ਅਸੀਂ ਮਿਟਾ ਤਾਂ ਨਹੀਂ ਸਕਦੇ ਪਰ ਕੁਝ ਸਮੇਂ ਲਈ ਨਿਜ਼ਾਤ ਜ਼ਰੂਰ ਪਾਈ ਜਾ ਸਕਦੀ ਹੈ।ਜਿਸ ਦੇ ਲਈ ਅਜਮੇਰ ਸਿੱਧੂ ਦਾ ਇਹ ਕਹਾਣੀ ਪਾਠ ਸੰਪਰਾਦਾਇਕਤਾ ਤੋਂ ਪਰ੍ਹੇ ਹਟ ਮਾਨਵਤਾ ਦੇ ਸਾਰੇ ਦੁਆਰ ਖੋਲ੍ਹ ਦੇਂਦਾ ਹੈ।ਜਿਸ ਵਿਚੋਂ ਸਦੀਆਂ ਤੋਂ ਪਈਆਂ ਭਾਈਚਾਰਕ ਸਾਂਝ ਦੀਆਂ ਗੰਢਾਂ ਹੋਰ ਪੀਢੀਆਂ ਹੁੰਦੀਆਂ ਨਜ਼ਰ ਆਉਂਦੀਆਂ ਹਨ।

ਪਾਠ ਵਿਚ ਪੜ੍ਹਤ ਦੌਰਾਨ ਇਕ ਪਾਸਾਰ ਪੰਜਾਬੀਆਂ ਦੇ ਪਰਵਾਸ ਕਰਨ ਦੀ ਤੀਬਰ ਇੱਛਾ ਦੇ ਤ੍ਰਾਸ ਬੋਧ ਦਾ ਵੀ ਬਣਦਾ ਹੈ।ਰੋਜ਼ੀ ਰੋਟੀ ਤੇ ਆਰਥਿਕ ਤੰਗੀ ਦੀ ਹਾਲਤ ਵਿਚ ਪਰਵਾਸ ਕਰਨ ਦਾ ਰੁਝਾਨ, ਏਜੰਟਾਂ ਦੀਆਂ ਚਲਾਕੀਆਂ ਤੇ ਦਾਅ ਪੇਚ, ਥੁੜ੍ਹਾਂ ਮਾਰੇ ਲੋਕਾਂ ਨੂੰ ਆਕਰਸ਼ਿਤ ਕਰਨ ਦੇ ਢੰਗ ਤਰੀਕੇ, ਡੇਰਿਆਂ ਤੇ ਸਾਧੂ ਸੰਤਾਂ ਰਾਹੀਂ ਨਾਮ ਦਾਨ ਦੇਣ ਦੇ ਬਹਾਨੇ ਏਜੰਟਾਂ ਨਾਲ ਮਿਲ ਕੇ ਪੈਸਾ ਕਮਾਉਣ ਦਾ ਧੰਦਾ, ਪੈਸੇ ਦੀ ਧੋਖਾਧੜੀ, ਕੰਮ ਨਾ ਹੋਣ ਤੇ ਖ਼ੁਦਕੁਸ਼ੀਆਂ ਕਰਨਾ ਅਜਿਹੇ ਸਰੋਕਾਰ ਹਨ ,ਜਿਹਨਾਂ ਦਾ ਅਜਮੇਰ ਸਿੱਧੂ ਬਾਖ਼ੂਬੀ ਪਰਦਾਫ਼ਾਸ ਕਰਦਾ ਹੈ।ਬਿਰਤਾਂਤਕਾਰ ਤਨਜ਼ੀਆ ਲਹਿਜ਼ੇ ਵਿਚ ਬਾਬਿਆ ਦੇ ਏਜੰਟੀ ਔੱਡਿਆਂ ਦੀਆਂ ਧੱਜੀਆਂ ਉਡਾਉਂਦਾ ਹੈ।ਜਿਥੇ ਇਹਨਾਂ ਦੇ ਦਾਅ ਪੇਚਾਂ ਦਾ

ਨੈਟਵਰਕ ਜੈਲਦਾਰ ਤੇ ਸ਼ੇਰਗਿੱਲ ਵਰਗੇ ਏਜੰਟਾਂ ਤੋਂ ਲੈ ਕੇ ਬਾਬਿਆਂ ਦੇ ਡੇਰਿਆਂ ਤੱਕ ਫ਼ੈਲਿਆ ਹੋਇਆ ਹੈ।

"ਹੁਣ ਤਾਂ ਅੱਡੇ ਕੋਲ ਚਾਰ ਠੇਕੇ ਨੇ।ਮੈਂ ਬੋਤਲ ਲਈ ਆ।ੜਅਹਾਤੇ ਵਿਚ ਆ ਗਿਆ ਹਾਂ।ਅੱਧੀ ਨਿਬੇੜ ਦਿੱਤੀ ਆ।ਹੁਣ ਸਾਰਾ ਅਹਾਤਾ ਉਹਨਾਂ ਦੁਖਆਰਿਆ ਨਾਲ ਭਰਿਆ ਲੱਗਦੈ, ਜਿਨ੍ਹਾਂ ਨੂੰ ਭੈਣ ਚੋ ਸ਼ੇਰਗਿੱਲ ਰਗੜ ਗਿਆ ਏ।ਨਾਲੇ ਉਹ ਝੂਠੇ ਬਾਬੇ।ਮਿੰਨੂੰ ਤਾਂ ਲਗਦੈ ਸਾਰਿਆਂ ਦੀ ਮਿਲੀ ਭੁਗਤ ਆ। ਲੈ ਹੁਣ ਬਖਸ਼ਿੰਦਰ ਦੀ ਫਰਮਾਇਸ਼ ਚੇਤੇ ਆ ਗਈ।ਉਹ ਕਹਿੰਦੀ ਸੀ ਖਾਲੀ ਹੱਥ ਨਾ ਆਈ।ਮੈਂ ਨਾਮਧਾਰੀ ਸੀਡ ਸਟੋਰ ਤੇ ਪੁੱਜਾ ਹਾਂ।"

ਬਿਰਤਾਂਤਕੀ ਪਾਠ ਵਿਚ ਡੇਰਾਵਾਦ ਵੀ ਪੂੰਜੀਵਾਦ ਦੇ ਹੀ ਅਗਲੇ ਪਾਸਾਰ ਵਜੋਂ ਪੇਸ਼ ਹੁੰਦਾ ਹੈ। ਜਿਥੇ ਡੇਰਿਆਂ ਵਿਚਲੇ ਬਾਬੇ, ਮਹੰਤ, ਸਾਧੂ ਤੇ ਸਾਧਵੀਆਂ ਲੋਕ ਹਿਤੈਸ਼ੀ ਦਾ ਮੁਖੌਟਾ ਪਹਿਨ ਆਮ ਲੋਕਾਂ ਦਾ ਉੱਲੂ ਬਣਾਉਂਦੇ ਹਨ।

"ਬਨਾਰਸ ਡੇਰਿਆਂ ਦੀ ਬੋਲੀ ਲਗਦੀ ਆ।ਜਿਹੜਾ ਵੱਧ ਬੋਲੀ ਦੇ ਜਾਵੇ, ਉਹ ਮੱਠ ਦਾ ਸੁਆਮੀ ਬਣ ਜਾਂਦਾ।ਦੋ ਸੌ ਅੱਸੀ ਖੇਤਾਂ ਦੇ ਚੜ੍ਹਾਵੇ ਦਾ ਮਸਲਾ।ਯੂ.ਪੀ ਵਾਲੇ ਗੋਬਰਧਨ ਦਾਸ ਨੇ ਮੱਲ ਮਾਰ ਲਈ।ਨਾਲੇ ਮੰਤਰੀ ਦੀ ਸਿਫ਼ਾਰਸ਼ ਵੀ ਆ।ਹੈਰਾਨ ਕਿਉਂ ਹੁੰਦੇ ਹੋ, ਮਾਤਾ ਸ਼੍ਰੀ।ਅਗਲਿਆਂ ਨੇ ਵੋਟਾਂ ਨੀ ਲੈਣੀਆਂ?"

'ਉਣੀਂਦੀ ਨਦੀ' ਦੇ ਬਿਰਤਾਂਤਕੀ ਪਾਠ ਤੇ ਸਾਧਵੀ ਉੱਤਰਾ ਦਾ ਜੀਵਨ ਬਿਰਤਾਂਤ ਸਮੁੱਚੇ ਕਹਾਣੀ ਦੇ ਕੈਨਵਸ 'ਤੇ ਫ਼ੈਲਿਆ ਹੈ।ਮਾਂ ਪਿਉ ਦੇ ਘਰ ਕੋਈ ਔਲਾਦ ਨਾ ਹੋਣ ਕਰਕੇ ਪਲੇਠੀ ਦੀ ਔਲਾਦ ਨੂੰ ਭਗਵਾਨ ਸ਼ਿਵ ਦੇ ਮੱਠ ਤੇ ਚੜ੍ਹਾਉਣ ਦੀ ਸੁੱਖ ਸੱਖੀ ਜਾਂਦੀ ਹੈ।ਜਿਸ ਨੂੰ ਪੂਰਾ ਕਰਨ ਲਈ ਮਾਂ ਪਿਉ ਪੜ੍ਹੀ ਲਿਖੀ ਤੇ ਨੌਕਰੀਪੇਸ਼ਾ ਧੀ ਉੱਤਰਾ ਨੂੰ ਭਗਵਾਨ ਸ਼ਿਵ ਦੇ ਮੱਠ ਤੇ ਚੜ੍ਹਾ ਦੇਂਦੇ ਹਨ। ਜਿਸ ਦੇ ਲਈ ਉੱਤਰਾ ਨੂੰ ਰਿਸ਼ੀ ਨਾਲ ਆਪਣੇ ਪਿਆਰ ਦੀ ਵੀ ਬਲੀ ਦੇਣੀ ਪੈਂਦੀ ਹੈ।ਰਿਸ਼ੀ ਤਾਂ ਇਸ ਸਭ ਕੁਝ ਤੋਂ ਨਿਰਾਸ਼ ਹੋ ਫਿਰ ਵੀ ਵਿਆਹ ਕਰਵਾ ਲੈਂਦਾ ਹੈ ਪਰ ਉੱਤਰਾ ਡੇਰੇ ਦੀ ਸਾਧਵੀ ਹੋਣ ਦਾ ਸੰਤਾਪ ਹੰਢਾਉਂਦੀ ਚੁਣੌਤੀਆਂ ਵਾਲਾ ਦੁਖਾਂਤਕ ਜੀਵਨ ਬਸਰ ਕਰਨ ਲਈ ਮਜ਼ਬੂਰ ਹੋ ਜਾਂਦੀ ਹੈ। ਰਿਸ਼ੀ ਤੋਂ ਵਿਛੜ ਕੇ ਜਿਉਣਾ ਉਸ ਲਈ ਜ਼ਿੰਦਗੀ ਦਾ ਨਾਸੂਰ ਬਣ ਜਾਂਦਾ ਹੈ।

"ਪਚਵੰਜਾ ਸਾਲ ਨੂੰ ਟੱਪੀਓ ਆਂ।ਮੈਂ ਵੀ ਉਹਦੀ ਪਤਨੀ ਦੀ ਤਰ੍ਹਾਂ ਮਾਂ ਬਣਨਾ ਚਾਹੰਦੀ ਸੀ। ਕਿਉਂਕਿ ਔਰਤ ਬੱਚਾ ਪੈਦਾ ਕਰਕੇ ਵੱਡਾ ਕਾਰਜ ਕਰਦੀ ਹੈ।ਮਰਦ ਖੋਜਾਂ ਕਰਦੇ ਹਨ।ਪਰ ਮਾਂ ਨਾਲੋਂ ਵੱਡਾ ਕੰਮ ਨਹੀਂ ਕਰਦੇ।ਇਥੇ ਸ਼ਰਧਾਲੂ ਆਉਂਦੇ ਹਨ, ਬੱਚਿਆ ਦਾ ਮੱਥਾ ਟਿਕਾਉਣ।ਮੈਂ ਕਿਹਦਾ ਮੱਥਾ ਟਿਕਾਵਾਂ? ਮੇਰੇ ਬੱਚੇ..।"

ਸਾਧਵੀ ਉੱਤਰਾ ਦੇ ਲਈ ਜੀਵਨ ਦਾ ਇਹ ਸਫ਼ਰ ਬੜਾ ਤ੍ਰਾਸਮਈ ਹੈ।ਕਹਾਣੀ ਪਾਠ ਵਿਚ 'ਉਣੀਂਦੀ ਨਦੀ' ਦਾ ਬਿਰਤਾਂਤਕੀ ਪਰਿਪੇਖ ਉੱਤਰਾ ਦੇ ਸੰਘਰਸ਼ਮਈ ਜੀਵਨ ਦੀ ਨਜ਼ਰਸ਼ਾਨੀ ਕਰਦਾ ਨਾਰੀ ਚਿੰਤਨ ਤੇ ਚੇਤਨਾ ਦੇ ਵਿਵੇਕ ਨੂੰ ਵੀ ਉਸਾਰਦਾ ਹੈ। 'ਉੱਤਰਾ ਦਾ ਕਰਾਮਾਤਾਂ ਭਰੇ ਪੋਸਟਰਾਂ ਨੂੰ ਘੂਰਨਾ', 'ਭਰਾਵਾਂ ਦਾ ਲਾਲਚ ਵੱਸ ਸ਼ਰਧਾਲੂਆਂ ਨਾਲ ਮਿਲ ਕੇ ਅਲੱਗ ਡੇਰੇ ਦਾ ਨਿਰਮਾਣ ਕਰਨਾ', 'ਉੱਤਰਾ ਨੂੰ ਆਪਣਾ ਆਪ ਝੂਠਾ ਲੱਗਣਾ', 'ਗੁੱਸੇ ਵਿਚ ਆ ਕੇ ਪੋਸਟਰ ਹੀ ਫ਼ਾੜ ਦੇਣਾ' ਦੇ ਚਿਹਨਕੀ ਜੁੱਟ ਉੱਤਰਾ ਅੰਦਰ ਪੈਦਾ ਹੋਏ ਮੂਕ ਵਿਦਰੋਹ ਦਾ ਪ੍ਰਗਟਾਵਾ ਕਰਦੇ ਨਾਰੀ ਚੇਤਨਾ ਦੇ ਤਸੱਵਰ ਅਧੀਨ ਔਰਤ ਦੀ ਵਸਤਮਈ ਹੋਂਦ ਨੂੰ ਆਤਮਸਾਤ ਕਰਦੇ ਹਨ।ਪੂੰਜੀ ਦੀ ਸੱਤਾ ਦੇ ਚੱਕਰਵਿਊ ਵਿਚ ਉੱਤਰਾ ਦੀ ਹੋਂਦ ਤੇ ਅਸਤਿਤੱਵ ਅਜ਼ਾਦੀ ਦੇ ਬੋਲਾਂ ਦੀ ਤਲਾਸ਼ ਕਰਦੇ ਹਨ।ਅਜਿਹੇ ਹਾਲਾਤ ਵਿਚ ਕੀ ਉਸ ਦੇ ਬੋਲ ਸੰਭਵ ਹੋ ਸਕਦੇ ਹਨ।ਇਸ ਸਵਾਲ ਨੂੰ ਉਭਾਰਨਾ ਹੀ ਕਹਾਣੀ ਪਾਠ ਦੀ ਵੱਡੀ ਪ੍ਰਾਪਤੀ ਬਣਦੀ ਹੈ।



ਅਜਮੇਰ ਸਿੱਧੂ ਦੀਆਂ ਕਹਾਣੀਆਂ ਦੇ ਪਾਤਰ ਬਹੁਤਾ ਕਰਕੇ ਅੱਧਾ ਅਧੂਰਾ ਜੀਵਨ ਬਤੀਤ ਕਰਦੇ ਹਨ।ਜਿਹਨਾਂ ਵਿਚ ਹਰਸੇਵ ਤੇ ਇੰਦਰਪ੍ਰੀਤ, ਉੱਤਰਾ ਤੇ ਰਿਸ਼ੀ, ਡਾ. ਸੁਵੀਰ ਤੇ ਆਰਸੀ ਸ਼ਾਹ, ਰਿਆਜ਼ ਅਹਿਮਦ ਤੇ ਨਿਰਮਲਾ ਆਦਿ ਅਜਿਹੇ ਪਾਤਰ ਹਨ ਜੋ ਆਪਣੇ ਪ੍ਰੇਮ ਤੇ ਇਸ਼ਕ ਵਿਚ ਹਾਰਦੇ ਸਮਾਜਕ ਪਰੰਪਰਾਵਾਂ ਤੇ ਰੀਤੀ ਰਿਵਾਜਾਂ ਦੀ ਬਲੀ ਚੜ੍ਹ ਜਾਂਦੇ ਹਨ।ਪਰ ਕੁਝ ਅਜਿਹੇ ਸਸ਼ਕਤ ਨਾਰੀ ਪਾਤਰ ਵੀ ਹਨ ਜੋ ਵਿਵਸਥਾ ਨਾਲ ਟਕਰਾਉਣ ਦੀ ਹਿੰਮਤ ਵੀ ਰੱਖਦੇ ਹਨ। ਜਿਹਨਾਂ ਵਿਚ ਰੰਮੀ ਦਾ ਪਾਤਰ ਸਸ਼ਕਤ ਔਰਤ ਦੀ ਜਿਉਂਦੀ ਜਾਗਦੀ ਮਿਸਾਲ ਹੈ। ਅਜਮੇਰ ਸਿੱਧੂ ਉੱਤੇ ਤਰਕਸ਼ੀਲ ਤੇ ਖੱਬੇ ਪੱਖੀ ਲਹਿਰ ਦਾ ਵੀ ਪੂਰਾ ਪ੍ਰਭਾਵ ਨਜ਼ਰ ਆਉਂਦਾ ਹੈ।ਇਸੇ ਲਈ ਉਹ ਝੂਠੇ ਦੰਭ, ਪਾਖੰਡ, ਕਰਮਕਾਂਡਾਂ ,ਭੂਤਾਂ ਪ੍ਰੇਤਾਂ, ਪੁਨਰ ਜਨਮ, ਜਾਦੂ ਟੂਣਿਆਂ ਦਾ ਖੰਡਨ ਕਰਦਾ ਵਿਗਿਆਨਕ ਤਰਕ ਉਸਾਰਦਾ ਹੈ।ਇਸ ਗੱਲ ਦਾ ਖ਼ੁਲਾਸਾ ਉਸ ਦੀਆਂ ਵੱਖੋ ਵੱਖਰੀਆਂ ਕਹਾਣੀਆਂ ਵਿਚੋਂ ਹੀ ਹੁੰਦਾ ਹੈ।


ਪਾਠ ਵਿਚ ਵਿਚਰਦਿਆਂ ਅਜਮੇਰ ਸਿੱਧੂ ਦਾ ਕਲਾ ਪੱਖ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ। ਕਮਾਲ ਦਾ ਬਿਰਤਾਂਤ ਸਿਰਜਣ ਕੀਤਾ ਹੈ।ਉਹ ਆਪਣੇ ਕਥਾ ਪਾਠ ਵਿਚ ਬੜੇ ਰੋਚਕ ਢੰਗ ਨਾਲ ਬਿਰਤਾਂਤ ਦੀਆਂ ਅਜਿਹੀਆਂ ਮਹੀਨ ਪਰਤਾਂ ਖੋਲ੍ਹਦਾ ਹੈ ਕਿ ਕਥਾ ਦੇ ਮੁੱਖ ਪਾਠ ਵਿਚੋਂ ਅੱਗੇ ਹੋਰ ਕਈ ਪਾਠ ਖੁੱਲ੍ਹਦੇ ਹਨ।ਜਿਸ ਵਿਚ ਆਰੰਭ ਤੋਂ ਲੈ ਕੇ ਅੰਤ ਤੱਕ ਪਾਠਕ ਦੀ ਉਤਸੁਕਤਾ ਬਣੀ ਰਹਿੰਦੀ ਹੈ।ਤੇ ਉਹ ਬੇਰੋਕ ਪਾਤਰਾਂ ਦੇ ਨਾਲ ਵਿਚਰਦੇ ਪ੍ਰਤੀਤ ਕਰਦਾ ਹੈ।ਦੁਆਬੀ ਬੋਲੀ ਤੇ ਮੁਹਾਵਰੇਦਾਰ ਭਾਸ਼ਾਈ ਬਿਆਨ ਪਾਠਕੀ ਮਨ ਨੂੰ ਟੁੰਬਦਾ ਹੈ।ਇਸ ਤਰ੍ਹਾਂ ਅਜਮੇਰ ਸਿੱਧੂ ਆਪਣੇ ਕਥਾ ਪਾਠ ਰਾਹੀਂ ਮਾਨਵੀ ਅਸਤਿੱਤਵ ਨਾਲ ਜੁੜੇ ਮੂਲ ਸਰੋਕਾਰਾਂ, ਮਾਨਸਿਕ ਉਲਝਣਾਂ, ਅੰਤਰ ਵਿਰੋਧਾਂ, ਨੈਤਿਕ ਕਦਰਾਂ ਕੀਮਤਾਂ ਵਿਚ ਆ ਰਹੀ ਗਿਰਾਵਟ ਨੂੰ ਤਰਕਮਈ ਸੂਝ ਰਾਹੀਂ ਪੇਸ਼ ਕਰਕੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਨਵੇਂ ਦਿਸਹੱਦਿਆਂ ਨੂੰ ਅੰਜ਼ਾਮ ਦੇਣ ਵਾਲਾ ਸਫ਼ਲ ਕਥਾਕਾਰ ਹੈ।

---

## ਆਫੀਆ ਸਦੀਕੀ ਦਾ ਜੇਹਾਦ / -ਜਸਵੰਤ ਰਾਏ (ਡਾ.)

'ਆਫੀਆ ਸਦੀਕੀ ਦਾ ਜੇਹਾਦ' ਪੁਸਤਕ ਵਿਚ ਹਰਮਹਿੰਦਰ ਚਹਿਲ ਨੇ ਇਕ ਪਾਕਿਸਤਾਨੀ ਮੁਟਿਆਰ ਆਫੀਆ ਸਦੀਕੀ ਦੇ ਜੇਹਾਦੀ ਜੀਵਨ ਬਿਰਤਾਂਤ ਨੂੰ ਨਾਵਲ ਦੀ ਤਰ੍ਹਾਂ ਅਠਾਰਾਂ ਕਾਂਡਾਂ ਵਿਚ ਬਾਖੂਬੀ ਚਿਤਰਿਆ ਹੈ। ਇਸ ਪੁਸਤਕ ਦੀ ਮਹੱਤਤਾ ਉਦੋਂ ਹੋਰ ਵੀ ਵੱਧ ਜਾਂਦੀ ਹੈ ਜਦੋਂ ਅਸੀਂ ਇਕ ਪਾਸੇ ਪਾਕਿਸਤਾਨੀ ਮੁਟਿਆਰ 'ਮਲਾਲਾ' ਨੂੰ ਔਰਤਾਂ ਦੇ ਹੱਕਾਂ ਪ੍ਰਤੀ ਬੇਖੌਫ਼ ਸੁਹਿਰਦ ਹੋ ਕੇ ਲੜਾਈ ਲੜਦਿਆਂ ਦੇਖਦੇ ਹਾਂ ਅਤੇ ਦੂਜੇ ਪਾਸੇ ਪਾਕਿਸਤਾਨ ਦੀ ਹੀ ਮੁਟਿਆਰ ਆਫੀਆ ਸਦੀਕੀ ਨੂੰ ਜੇਹਾਦ ਦੇ ਪ੍ਰਭਾਵ ਥੱਲੇ ਔਰਤ ਖਿਲਾਫ਼ ਅਤੇ ਮਾਨਵਵਾਦੀ ਵਿਚਾਰਧਾਰਾ ਦੇ ਉਲਟ ਜਨੂੰਨੀ ਲੜਾਈ ਲੜਦਿਆਂ ਦੇਖਦੇ ਹਾਂ।

ਪੁਸਤਕ ਵਿਚ ਚਹਿਲ ਨੇ ਆਫੀਆ ਸਦੀਕੀ ਦੀ ਜ਼ਿੰਦਗੀ ਦੇ ਅਹਿਮ ਦਸਤਾਵੇਜਾਂ ਦੇ ਨਾਲ ਨਾਲ ਪਾਕਿਸਤਾਨੀ ਰਾਜਨੇਤਾਵਾਂ ਦੀਆਂ ਮਨੋਵਿਰਤੀਆਂ ਅਤੇ ਅਮਰੀਕਾ ਦੁਆਰਾ ਸਾਰੇ ਸੰਸਾਰ ਨੂੰ ਆਪਣੇ ਅਧਿਕਾਰ ਖੇਤਰ ਹੇਠ ਰੱਖਣ ਵਾਲੀਆਂ ਨੀਤੀਆਂ ਦਾ ਪਰਦਾਫਾਸ ਕੀਤਾ ਹੈ। ਸੰਤਾਲੀ ਦੀ ਵੰਡ ਤੋਂ ਪਹਿਲਾਂ ਆਫੀਆ ਦਾ ਪਰਿਵਾਰ ਪੱਕੇ ਤੌਰ ਤੇ ਭਾਰਤ ਦਾ ਵਸਨੀਕ ਸੀ। ਪਰ ਵੰਡ ਤੋਂ ਬਾਅਦ ਇਹ ਪਾਕਿਸਤਾਨ ਚਲਾ ਗਿਆ। ਧਰਮ ਦੇ ਨਾਂ ਤੇ ਹਿੰਦੋਸਤਾਨ ਪਕਿਸਤਾਨ ਦੀ ਹੋਈ ਵੰਡੀ ਦੋਹਾਂ ਮੁਲਕਾਂ ਨੂੰ ਹੀ ਰਾਸ ਨਾ ਆਈ। ਸਰਹੱਦ ਉੱਤੇ ਨਿੱਤ ਵਾਪਰਦੀਆਂ ਘਟਨਾਵਾਂ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ। ਪਾਕਿਸਤਾਨ ਵਿਚਲੇ ਧਾਰਮਿਕ ਕੱਟੜਪੰਥੀ ਲੋਕ ਤਾਂ ਬੰਗਲਾ ਦੇਸ਼ ਨੂੰ ਵੀ ਅਜੇ ਤੱਕ ਪੂਰਬੀ ਪਾਕਿਸਤਾਨ ਕਹਿ ਕੇ ਬੁਲਾਉਂਦੇ ਹਨ ਅਤੇ ਇਸ ਦੇਸ਼ ਦੇ ਜਨਮ ਪਿੱਛੇ ਭਾਰਤ ਨੂੰ ਮੁੱਖ ਦੋਸ਼ੀ ਗਰਦਾਨਦੇ ਹਨ।




ਇਸ ਗੱਲ ਵਿਚ ਕੋਈ ਦੋ ਰਾਹਵਾਂ ਨਹੀਂ ਕਿ ਪਾਕਿਸਤਾਨ ਦੇ ਨੁਮਾਇੰਦਿਆਂ ਨੇ ਰਾਜ ਧਰਮ ਨਿਭਾਉਣ ਨਾਲੋਂ ਜੇਹਾਦ ਧਰਮ ਨਿਭਾਉਣ ਨੂੰ ਵੱਧ ਤਰਜੀਹ ਦਿੱਤੀ ਹੈ। ਇਹਨਾਂ ਦੀ ਇਸੇ ਮਨੋ ਅਵਸਥਾ ਨੂੰ ਸਮਝ ਕੇ ਅਮਰੀਕਾ ਨੇ ਆਪਣਾ ਫਾਇਦਾ ਲਿਆ ਹੈ। ਰੂਸ ਦੇ ਟੁੱਟਣ ਤੋਂ ਪਹਿਲਾਂ ਅਮਰੀਕਾ ਨੂੰ ਸਭ ਤੋਂ ਵੱਡਾ ਖਤਰਾ ਰੂਸ ਤੋਂ ਸੀ। ਇਸਨੇ ਪਾਕਿਸਤਾਨ ਨੂੰ ਵਰਤ ਕੇ ਰੂਸ ਦਾ ਨੁਕਸਾਨ ਕਰਨ 'ਚ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ। ਅਮਰੀਕਾ ਨੇ ਆਪਣੀ ਸਾਮਰਾਜਵਾਦੀ ਸੋਚ ਨਾਲ ਹਮੇਸ਼ਾ ਦੂਜੇ ਮੁਲਕਾਂ ਨੂੰ ਦਬਾ ਕੇ ਰੱਖਿਆ ਅਤੇ ਉਹਨਾਂ ਦੇ ਅੰਦਰੂਨੀ ਕੰਮਾਂ ਵਿਚ ਦਖਲ ਅੰਦਾਜੀ ਕੀਤੀ। ਅਫਗਾਨਿਸਤਾਨ, ਸਾਉਦੀ ਅਰਬ, ਇਰਾਨ, ਇਰਾਕ, ਕੁਵੈਤ, ਇਜਰਾਇਲ ਦੀਆਂ ਲੜਾਈਆਂ ਦੀ ਜੜ੍ਹ ਸਾਮਰਾਜਵਾਦੀ ਤਾਕਤਾਂ ਹਨ।

ਜਦੋਂ ਆਫੀਆ ਸਦੀਕੀ ਦੀ ਮਾਂ ਇਸਮਤ ਸਦੀਕੀ ਇਕ ਧਾਰਮਿਕ ਜਥੇਬੰਦੀ ਯੂ. ਐੱਸ. ਓ. ਲਈ ਕੰਮ ਕਰ ਰਹੀ ਸੀ ਉਦੋਂ ਆਫੀਆ ਸਦੀਕੀ ਦੀ ਉਮਰ ਬਾਲ ਵਰੇਸ ਸੀ। ਇਸ ਜਥੇਬੰਦੀ ਕਾਰਨ ਇਸਮਤ ਦੀ ਪਛਾਣ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਿਆ ਉਲ ਹੱਕ ਨਾਲ ਵੀ ਸੀ। ਜਿਆ ਉਲ ਹੱਕ ਨੇ ਉਹਨਾਂ ਕਾਨੂੰਨਾਂ ਨੂੰ ਮਾਨਤਾ ਦੁਆਈ ਜੋ ਔਰਤਾਂ ਦੇ ਵਿਰੁੱਧ ਸਨ। ਉਸਨੇ ਧਾਰਮਿਕ ਲੀਡਰਾਂ ਦਾ ਅਜਿਹੇ ਕੰਮ ਕਰਕੇ ਵਿਸਵਾਸ ਜਿੱਤ ਲਿਆ। ਜਿਆ ਉਲ ਹੱਕ ਦੇ ਸੰਪਰਕ ਕਰਕੇ ਇਸਮਤ ਸਦੀਕੀ ਦਾ ਸਬੰਧ ਉਹਨਾਂ ਜਥੇਬੰਦੀਆਂ ਨਾਲ ਵੀ ਜੁੜ ਗਿਆ ਜੋ ਅਫਗਾਨਿਸਤਾਨ ਵਿਚ ਚੱਲ ਰਹੇ ਜੇਹਾਦ ਨਾਲ ਜੁੜੀਆਂ ਹੋਈਆਂ ਸਨ। ਜਦੋਂ ਇਸ ਤਰ੍ਹਾਂ ਦੇ ਮਾਹੌਲ ਵਿਚ ਆਫੀਆ ਸਦੀਕੀ ਦਾ ਬਚਪਨ ਲੰਘ ਰਿਹਾ ਸੀ ਤਾਂ ਉਸਦੇ ਬਾਲਮਨ ਤੇ ਇਹਨਾਂ ਘਟਨਾਵਾਂ ਦਾ ਅਸਰ ਤਾਂ ਹੋਣਾ ਹੀ ਸੀ।

ਆਫੀਆ ਸਦੀਕੀ ਪੜ੍ਹਨ ਵਿਚ ਬਹੁਤ ਜ਼ਹੀਨ ਸੀ। ਮੁਢਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਡਾਕਟਰੀ ਦੀ ਉੱਚ ਪੜ੍ਹਾਈ ਕਰਨ ਅਮਰੀਕਾ ਚਲੀ ਗਈ। ਇੱਥੇ ਵੀ ਉਸਨੇ ਪੜ੍ਹਨ 'ਚ ਬਹੁਤ ਮਿਹਨਤ ਕੀਤੀ। ਇਹਨਾਂ ਦਿਨਾਂ 'ਚ ਉਸਨੇ ਇਕ ਪਰਚਾ ਲਿਖਿਆ, "ਇਸਲਾਮੀਜੇਸ਼ਨ ਇਨ ਪਾਕਿਸਤਾਨ ਐਂਡ ਇਟਸ ਅਫੈਕਟਸ ਆਫ ਵੋਮੈਨ।" ਇਸ ਪਰਚੇ ਕਾਰਨ ਆਫੀਆ ਨੂੰ ਹਜ਼ਾਰਾਂ ਡਾਲਰਾਂ ਨਾਲ ਸਨਮਾਨਿਤ ਕੀਤਾ ਗਿਆ ਪਰਚੇ ਅਨੁਸਾਰ ਆਫੀਆ ਦਾ ਵਿਚਾਰ ਸੀ ਕਿ ਇਸਲਾਮ ਨੇ ਔਰਤ ਤੇ ਜੋ ਵੀ ਪਾਬੰਦੀਆਂ ਲਾਈਆਂ ਹਨ ਉਹ ਮੁਸਲਮਾਨ ਔਰਤ ਦੇ ਲਈ ਸਹੀ ਹਨ। ਆਫੀਆ ਇੰਨੀ ਦਿਮਾਗੀ ਸੀ ਕਿ ਉਸਨੇ ਆਪਣੇ ਉੱਚ ਦਰਜੇ ਦਾ ਮੈਡੀਕਲ ਥੀਸਜ਼ ਵਿਆਹੁਤਾ ਜ਼ਿੰਦਗੀ ਹੋਣ ਦੇ ਬਾਵਜੂਦ ਮਿੱਥੇ ਸਮੇਂ ਤੋਂ ਪਹਿਲਾਂ ਪੂਰਾ ਕਰ ਲਿਆ।

ਆਫੀਆ ਦੇ ਡਾਕਟਰੀ ਕਿੱਤੇ ਵਿਚ ਸਭ ਤੋਂ ਵੱਡੀ ਅੜਚਨ ਉਸਦੀ ਆਪਣੇ ਧਰਮ ਪ੍ਰਤੀ ਅੰਤਾਂ ਦੀ ਜਨੂੰਨੀ ਮੁਹੱਬਤ ਸੀ। ਅਮਰੀਕਾ ਦਾ ਇਸਲਾਮਿਕ ਦੇਸ਼ਾਂ ਨਾਲ ਵਿਵਹਾਰ ਉਸਨੂੰ ਨਾ ਭਾਇਆ ਤੇ ਉਹ ਪੂਰੀ ਤਰ੍ਹਾਂ ਜੇਹਾਦ ਨੂੰ ਸਮਰਪਿਤ ਹੋ ਗਈ। ਇਸਲਾਮਿਕ ਜੇਹਾਦੀ ਗਰੁਪ ਜਿਨ੍ਹਾਂ ਦੀ ਆਫੀਆ ਮੈਂਬਰ ਸੀ ਉਹ ਸਮਾਜ ਸੇਵਾ ਦੇ ਨਾਂ ਤੇ ਉਸਰੇ ਸਨ। ਪਰ ਅਸਲ ਵਿਚ ਇਹਨਾਂ ਦੀ ਸਮਾਜ ਸੇਵਾ ਦੀ ਤਹਿ ਵਿਚ ਆਪਣਾ ਜੇਹਾਦੀ ਕਾਰਜ ਛੁਪਿਆ ਪਿਆ ਸੀ। ਉਹ ਅਮਰੀਕਾ ਦੇ ਹਰ ਧੱਕੇ ਦਾ ਬਦਲਾ 'ਇੱਟ ਚੁਕਦੇ ਨੂੰ



ਪੱਥਰ ਤਿਆਰ' ਵਰਗੇ ਫਾਰਮੂਲੇ ਤਹਿਤ ਦੇਣ ਲਈ ਬਜਿਦ ਸਨ। ਉਹਨਾਂ ਲਈ ਇਸ ਤਰ੍ਹਾਂ ਦੀ ਹਰ ਕਾਰਵਾਈ ਜਾਇਜ ਸੀ। ਕਿਉਂ ਕਿ ਉਹਨਾਂ ਦੀਆਂ ਅੱਖਾਂ ਵਿਚ ਅਮਰੀਕੀ ਫੌਜ਼ ਦੁਆਰਾ ਇਰਾਕ ਵਿਚ ਕੀਤੇ ਗਏ ਘਿਨਾਉਣੇ ਕਾਰਜ ਰੜਕ ਰਹੇ ਸਨ।

ਪਰ ਦੇਖਿਆ ਜਾਵੇ ਤਾਂ ਬੁਰਾਈ ਦਾ ਬੁਰਾਈ ਨਾਲ ਦਿੱਤਾ ਜਾਂਦਾ ਜਵਾਬ ਕਦੇ ਲਾਭਦਾਇਕ ਨਹੀਂ ਹੋਇਆ। ਆਮ ਜਨਤਾ ਦਾ ਤਾਂ ਸਦਾ ਘਾਣ ਹੀ ਹੋਇਆ ਹੈ। ਚਾਹੇ ਉਹ ਹੀਰੋਸ਼ੀਮਾ ਨਾਗਾਸਾਕੀ ਦੀ ਘਟਨਾ ਹੋਵੇ ਚਾਹੇ 9-11 ਦੇ ਵਰਲਡ ਟ੍ਰੇਡ ਸੈਂਟਰ ਦੀ। ਪੁਸਤਕ ਵਿਚ ਆਫੀਆ ਸਦੀਕੀ ਤੇ ਉਸਦੇ ਪਤੀ ਅਹਿਮਦ ਵਿਚਾਲੇ ਗੱਲਬਾਤ ਅਤੇ ਆਫੀਆ ਸਦੀਕੀ ਦੀ ਆਪਣੇ ਪਿਤਾ ਨਾਲ ਗੱਲਬਾਤ ਬਹੁਤ ਅਹਿਮ ਹੈ। ਆਫੀਆ ਦਾ ਪਤੀ ਤੇ ਪਿਤਾ ਮਾਨਵਵਾਦੀ ਸੋਚ ਦੇ ਧਾਰਨੀ ਹਨ। ਉਹਨਾਂ ਲਈ ਨੈਤਿਕਤਾ ਹੀ ਸੱਚਾ ਧਰਮ ਹੈ। ਆਫੀਆ ਦਾ ਪਤੀ ਕੈਂਸਰ ਦੇ ਮਰੀਜ਼ ਦੀ ਜਾਨ ਬਚਾਉਣ ਨੂੰ ਅਸਲ ਜੇਹਾਦ ਮੰਨਦਾ ਹੈ। ਜਦ ਕਿ ਉਸਦੀ ਪਤਨੀ ਲਈ ਜੇਹਾਦ ਦੇ ਮਾਇਨੇ ਵੱਖਰੇ ਹਨ। ਆਫੀਆ ਅਮਰੀਕਾ ਵਿਚਲੀ ਪੜ੍ਹਾਈ ਅਤੇ ਸਿਹਤ ਸਹੂਲਤਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ। ਇਸੇ ਕਰਕੇ ਉਹ ਆਪਣੇ ਪਿਤਾ ਨੂੰ ਇਲਾਜ ਕਰਾਉਣ ਲਈ ਅਮਰੀਕਾ ਆਉਣ ਦੀ ਸਲਾਹ ਦਿੰਦੀ ਹੈ ਪਰ ਦੂਜੇ ਪਾਸੇ ਧਰਮ ਬਾਰੇ ਸੋਚਦਿਆਂ ਉਹ ਹਰ ਮੋੜ ਤੇ ਅਮਰੀਕਾ ਦੀ ਤਬਾਹੀ ਚਾਹੁੰਦੀ ਹੈ।

ਆਫੀਆ ਦੇ ਪਤੀ ਅਤੇ ਪਿਤਾ ਦੀਆਂ ਸਾਰੀਆਂ ਦਲੀਲਾਂ ਆਫੀਆ ਸਾਹਮਣੇ ਫੇਲ੍ਹ ਹੋ ਜਾਂਦੀਆਂ ਹਨ। ਉਹ ਜੇਹਾਦੀ ਰਸਤੇ ਤੇ ਬਹੁਤ ਦੂਰ ਤੱਕ ਨਿਕਲ ਚੁੱਕੀ ਸੀ, ਜਿਥੋਂ ਵਾਪਸ ਮੁੜਨਾ ਅਸੰਭਵ ਸੀ। ਆਫੀਆ ਦਾ ਪਿਤਾ ਕਹਿੰਦਾ ਹੈ ਕਿ ਜੇਹਾਦੀ ਲੋਕ ਪਵਿੱਤਰ ਕੁਰਾਨ 'ਚੋਂ ਉਨੇ ਕੁ ਲਫ਼ਜ਼ ਚੁੱਕ ਲੈਂਦੇ ਨੇ ਜਿੰਨੇ ਇਹਨਾਂ ਨੂੰ ਆਪਣੇ ਮਕਸਦ ਲਈ ਠੀਕ ਜਾਪਦੇ ਹਨ। ਮੁਹੰਮਦ ਸਾਹਿਬ ਦਾ ਫੁਰਮਾਨ ਹੈ ਕਿ ਇਨਸਾਨ ਦੀ ਜ਼ਿੰਦਗੀ ਵਿਚ ਕਾਮ, ਕ੍ਰੋਧ, ਲੋਭ, ਮੋਹ ਵਰਗੇ ਨੌਂ ਜੇਹਾਦ ਹੋਰ ਵੀ ਨੇ ਅਤੇ ਇਹ ਲੜਾਈ ਝਗੜੇ ਵਾਲਾ ਜੇਹਾਦ ਦਸਵੇਂ ਨੰਬਰ ਤੇ ਆਉਂਦਾ ਹੈ। ਸੰਸਾਰ ਦੇ ਸਾਰੇ ਧਰਮ ਮਾਨਵਵਾਦੀ ਸੋਚ ਨੂੰ ਪ੍ਰਣਾਏ ਹੋਏ ਹਨ। ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹਨ। ਪਰ ਆਫੀਆ ਲਈ ਇਹ ਸਾਰੀਆਂ ਗੱਲਾਂ ਫ਼ਜ਼ੂਲ ਸਨ। ਉਸਦਾ ਸੁਪਨਾ ਤਾਂ ਹਰ ਹੀਲੇ ਪੂਰੀ ਦੁਨੀਆਂ ਨੂੰ ਇਸਲਾਮੀ ਰੰਗ ਵਿਚ ਰੰਗਣ ਦਾ ਸੀ।

ਪਰ ਇਹ ਸਾਰਾ ਕੁੱਝ ਇੰਨਾ ਅਸਾਨ ਨਹੀਂ ਸੀ। ਵਰਲਡ ਟ੍ਰੇਡ ਸੈਂਟਰ ਦੇ ਹਮਲੇ ਪਿਛੋਂ ਆਫੀਆ ਦੇ ਸਾਥੀਆਂ ਦੀ ਫੜੋ ਫੜੀ ਸ਼ੁਰੂ ਹੋ ਗਈ। ਐੱਫ. ਬੀ. ਆਈ. ਉਸਦੇ ਮਗਰ ਹੱਥ ਧੋ ਕੇ ਪੈ ਗਈ। ਆਫੀਆ ਦੇ ਪਰਿਵਾਰ ਦੀ ਬਹੁਤ ਖੱਜਲ ਖੁਆਰੀ ਹੋਈ। ਆਫੀਆ ਗ੍ਰਿਫਤਾਰ ਹੋ ਗਈ। ਪੁਲਿਸ ਨੇ ਉਸਨੂੰ ਰੱਜ ਕੇ ਟਾਰਚਰ ਕੀਤਾ ਪਰ ਉਸ ਪਿਓ ਦੀ ਧੀ ਨੇ ਮੂੰਹ ਨਾ ਖੋਲ੍ਹਿਆ। ਉਸ ਉਪਰ ਕੇਸ ਚੱਲਿਆ ਅੰਤ ਵਿਚ ਹੈਰਾਨੀ ਉਦੋਂ ਹੋਈ ਜਦੋਂ ਜੱਜ ਨੇ ਆਫੀਆ ਨੂੰ ਸਜਾ ਸੁਣਾਈ ਅਤੇ ਆਫੀਆ ਨੇ ਕੋਰਟ ਦੇ ਬਾਹਰ ਭਾਵੁਕ ਹੋਈ ਭੀੜ ਨੂੰ ਸ਼ਾਂਤੀ ਬਣਾਈ ਰੱਖਣ ਲਈ ਸਦਭਾਵਨਾ ਭਰਿਆ ਉੱਤਰ ਦਿੱਤਾ।

ਹਰਮਹਿੰਦਰ ਚਾਹਿਲ ਵਧਾਈ ਦਾ ਹੱਕਦਾਰ ਹੈ। ਜਿਸਨੇ ਜੇਹਾਦ ਨਾਲ ਸਬੰਧਿਤ ਅਤਿ ਸੰਵੇਦਨਸ਼ੀਲ ਜਾਣਕਾਰੀ ਪਾਠਕਾਂ ਨੂੰ ਮੁਹੱਈਆ ਕਰਵਾਈ ਹੈ। ਆਫੀਆ ਸਦੀਕੀ ਇਕ ਜ਼ਹੀਨ ਦਿਮਾਗ਼ ਜਿਸਨੇ ਆਪਣੇ ਡਾਕਟਰੀ ਦੇ ਕਿੱਤੇ ਰਾਹੀਂ ਪਤਾ ਨਹੀਂ ਕਿੰਨੇ ਬੁਝੇ ਹੋਏ ਚਿਰਾਗਾਂ ਨੂੰ ਮੁੜ ਜਗਾ ਕੇ ਰੋਸ਼ਨੀ ਪ੍ਰਦਾਨ ਕਰਨੀ ਸੀ, ਆਪਣੇ ਰਾਹ ਤੋਂ ਭਟਕ ਕੇ ਜਗ ਰਹੇ ਚਿਰਾਗਾਂ ਨੂੰ ਬੁਝਾਉਣ ਦੇ ਰਾਹ ਤੁਰ ਪਈ। ਇਸ ਰਾਹ 'ਤੇ ਤੁਰਦਿਆਂ ਉਸ ਲਈ ਮਾਨਵੀ ਰਿਸ਼ਤੇ ਅਤੇ ਜ਼ਿੰਦਗੀ ਦੀਆਂ ਸੁਖ ਸਹੂਲਤਾਂ ਬੌਣੀਆਂ ਹੋ ਗਈਆਂ ਸ਼ਾਮਰਾਜਵਾਦੀ ਤਾਕਤਾਂ ਦਾ ਕੱਚ-ਸੱਚ ਵੀ ਦੇਖਣ ਨੂੰ ਮਿਲਿਆ ਹੈ ਜੋ ਉਸ ਬਾਂਦਰ ਵਾਂਗ ਹੈ, ਜਿਸਨੇ ਦੋ ਬਿੱਲੀਆਂ ਨੂੰ ਲੜਾ ਕੇ ਹਮੇਸ਼ਾਂ ਆਪਣਾ ਨਫ਼ਾ ਤੱਕਿਆ ਹੈ।


(ਸੰਪਰਕ- 098158-25999 )

## ਪੁਸਤਕ ਪੜਚੋਲ / ਭਗਵੰਤ ਰਸੂਲਪੁਰੀ

### *ਨੈਸ਼ਨਲ ਬੁਕ ਟਰੱਸਟ ਦੀ ਭਾਰਤੀ ਕਹਾਣੀਕਾਰਾਂ ਦੀ ਨਵੀਂ ਸੀਰੀਜ਼ ਇਕ ਅਹਿਮ ਪ੍ਰਾਪਤੀ*

***ਮਨੋਜ ਦਾਸ ਦੀਆਂ ਕਹਾਣੀਆਂ***


***ਅਨੁਵਾਦ : ਬਲਬੀਰ ਪਰਵਾਨਾ, ਮੁੱਲ : 140, ਪੰਨੇ :196***




ਮਨੋਜ ਦਾਸ ਉੜੀਆ ਭਾਸ਼ਾ ਦਾ ਪ੍ਰਤੀਨਿੱਧ ਕਹਾਣੀਕਾਰ ਹੈ, ਜਿਸ ਨੇ ਨਿੱਕੀ ਹੁਨਰੀ ਕਹਾਣੀ ਲਿਖ ਕੇ ਉੜੀਆ ਭਾਸ਼ਾ ਵਿਚ ਆਪਣਾ ਵੱਖਰਾ ਤੇ ਨਿਵੇਕਲਾ ਸਥਾਨ ਸਿਰਜਿਆ ਹੈ।ਪੁਸਤਕ ਵਿਚ ਉਸ ਦੀਆਂ 33 ਕਹਾਣੀਆਂ ਹਨ ਜਿਨ੍ਹਾਂ ਦਾ ਆਕਾਰ ਭਾਵੇਂ ਨਿੱਕਾ ਹੈ ਪਰ ਵਿਸ਼ੇ ਪੱਖ ਤੋਂ ਬਹੁਤ ਵੱਡਾ ਹੈ। ਇਨ੍ਹਾਂ ਕਹਾਣੀਆਂ ਵਿਚ ਉੜੀਸਾ ਦੇ ਸਭਿਆਚਾਰ, ਉਥੋਂ ਦੀਆਂ ਰੀਤਾਂ ਅਤੇ ਭਿੰਨ-ਭਿੰਨ ਲੋਕਾਂ ਦੇ ਕਿੱਤੇ, ਸੁਭਾਅ ਅਤੇ ਵੇਦਨਾਵਾਂ ਬੜੀ ਪ੍ਰਮੁੱਖਤਾ ਨਾਲ ਪ੍ਰਗਟ ਹੁੰਦੇ ਹਨ। ਉਸ ਦੀ ਕਹਾਣੀ ਪ੍ਰੰਪਰਾ ਵਿਚੋਂ ਨਿਕਲਦੀ ਹੈ। ਕਹਾਣੀਆਂ ਦੇ ਪਾਤਰ ਅਧਿਆਤਮਿਕ ਬਿਰਤੀ ਵਾਲੇ ਹਨ। ਭਾਰਤ ਦੀ ਆਜ਼ਾਦੀ ਦਾ ਸਮਾਂ ਅਤੇ ਫਿਰ ਦੂਜੀ ਵੱਡੀ ਜੰਗ ਵਿਚ ਪਿਸਦੀ ਮਨੁੱਖਤਾ ਉਸ ਦੀ ਕਹਾਣੀ ਦਾ ਅਹਿਮ ਅੰਗ ਰਿਹਾ ਹੈ। ਇਸ ਸਮੇਂ ਵਿਚ ਮਨੁੱਖਤਾ ਦਾ ਹੁੰਦਾ ਘਾਣ ਅਤੇ ਉਸ ਦੇ ਵੇਦਨਾ ਦੇ ਬੜੇ ਪ੍ਰਮਾਣਿਕ ਵੇਰਵੇ ਉਸ ਦੀ ਕਹਾਣੀ ਵਿਚੋਂ ਮਿਲਦੇ ਹਨ। ਉਹ ਆਪਣੀ ਕਹਾਣੀ ਵਿਚ ਨੈਗਟਿਵ ਪਾਤਰ ਨੂੰ ਨਹੀਂ ਚਿੱਤਰਦਾ। ਇਹ ਉਹ ਸਮਾਂ ਸੀ ਜਦੋਂ ਮਨੁੱਖਤਾ ਦੇ ਸੁਪਨੇ ਟੁੱਟ ਰਹੇ ਸਨ ਅਤੇ ਸਮਾਜ ਦੀਆਂ ਕਦਰਾਂ-ਕੀਮਤਾਂ ਵਿਚ ਬਦਲਾ ਆ ਰਿਹਾ ਸੀ। ਇਸ ਦੌਰ ਵਿਚ ਕਹਾਣੀਕਾਰ ਵਿਚਾਰਧਾਰਕ ਪ੍ਰਤੀਬੱਧਤਾ ਨਾਲ ਕਹਾਣੀ ਸਿਰਜਦਾ ਹੋਇਆ ਸਮਾਜ ਨੂੰ ਆਪਣੀ ਦਿਸ਼ਾ ਵਿਚ ਲਿਜਾਣ ਦੀ ਸਫ਼ਲ ਕੋਸ਼ਿਸ਼ ਕਰਦਾ ਹੈ। ਸਮਾਜ ਜਦੋਂ ਬਦਲਦਾ ਹੈ ਤਾਂ ਮਨੁੱਖ ਵੀ ਬਦਲਦਾ ਹੈ। ਇਸ ਨੂੰ ਹਰ ਲੇਖਕ ਨੇ ਆਪਣੇ ਤਰੀਕੇ ਨਾਲ ਫੜ੍ਹਨਾ ਹੁੰਦਾ ਹੈ। ਮਨੋਜ ਦਾਸ ਨੇ ਇਨ੍ਹਾਂ ਸਚਾਈਆਂ ਨੂੰ ਫੜਿਆ ਹੈ।

***ਉਪੇਂਦਰਨਾਥ ਅਸ਼ਕ ਦੀਆਂ ਚੋਣਵੀਆਂ ਕਹਾਣੀਆਂ (ਸੰਪਾਦਕ: ਨੀਲਾਭ)***

***ਅਨੁਵਾਦ : ਅਮੀਆ ਕੁੰਵਰ, ਮੁੱਲ : 170, ਪੰਨੇ :238***





ਅਸ਼ਕ ਉਰਦੂ ਦਾ ਪ੍ਰਮੁੱਖ ਕਹਾਣੀਕਾਰ ਹੈ। ਉਸ ਨੇ ਅਨੇਕਾਂ ਯਾਦਗਾਰ ਕਹਾਣੀਆਂ ਲਿਖ ਕੇ ਉਰਦੂ ਜ਼ੁਬਾਨ ਵਿਚ ਵਿਲੱਖਣ ਸਥਾਨ ਪ੍ਰਾਪਤ ਕੀਤਾ ਹੈ।ਪੁਸਤਕ ਵਿਚ ਉਸ ਦੀਆਂ 22 ਕਹਾਣੀਆਂ ਹਨ। ਉਸ ਦੀ ਚੇਤਨਾ ਵਿਚ 47 ਦੇ ਉਜਾੜੇ ਦੇ ਲੂਹ-ਕੰਡੇ ਖੜੇ ਕਰਨ ਵਾਲੇ ਪ੍ਰਸੰਗ ਸਨ ਜਿਨ੍ਹਾਂ ਨੂੰ ਉਹ ਆਪਣੀਆਂ ਕਹਾਣੀਆਂ ਦੇ ਵਿਸ਼ੇ ਬਣਾਉਂਦਾ ਹੈ। ਜ਼ਿੰਦਗੀ ਦੇ ਜਟਿਲ ਪ੍ਰਸੰਗ, ਮੱਧਵਰਗੀ ਬੰਦੇ ਦੀ ਮਾਨਸਿਕਤਾ, ਸ਼ਹਿਰੀ ਜ਼ਿੰਦਗੀ ਦੇ ਬਰੀਕ ਵੇਰਵੇ ਉਸ ਦੀਆਂ ਕਹਾਣੀਆਂ ਦੇ ਉਘੜਵੇ ਵਿਸ਼ੇ ਹਨ। ਅਸ਼ਕ ਜਦੋਂ ਕਹਾਣੀ ਲਿਖਣ ਲੱਗਾ ਉਦੋਂ ਪ੍ਰਗਤੀਵਾਦੀ ਅੰਦੋਲਨ ਦਾ ਦੌਰ ਸੀ, ਇਹ ਵਿਚਾਰਧਾਰਾ ਉਸ ਦੀਆਂ ਕਹਾਣੀਆਂ ਦੀ ਜ਼ਮੀਨ ਤੇ ਵੀ ਪਈ ਹੈ। 'ਪੱਠੇ ਕੁਤਰਨ ਵਾਲੀ ਮਸ਼ੀਨ' ਕਹਾਣੀ ਤਿੱਖੇ ਵਿਅੰਗ ਦੀ ਕਹਾਣੀ ਹੈ। 'ਡਾਚੀ' ਕਹਾਣੀ ਦਾ ਬਾਕਰ ਅਤੇ 'ਕਾਕੜਾਂ ਦਾ ਤੇਲੀ' ਦਾ ਗੋਲੂ ਦੇ ਸ਼ੋਸ਼ਣ ਤੇ ਦੁੱਖ ਨੂੰ ਅਸ਼ਕ ਬੜੀ ਗਹਿਰਾਈ



ਨਾਲ ਚਿੱਤਰਦਾ ਹੈ। ਉਹ ਸਮਾਜ ਦਾ ਕਰੂਰ ਚਿਹਰਾ ਇਨ੍ਹਾਂ ਕਹਾਣੀਆਂ ਵਿਚ ਪੇਸ਼ ਕਰਦਾ ਹੈ। 'ਕਹਾਣੀ ਲੇਖਕਾ ਅਤੇ ਜੇਲ੍ਹਮ ਦੇ ਸੱਤ ਪੁਲ' ਦੀ ਬੁਣਤੀ ਭਾਵੇਂ ਨਾਵਲੀ ਅਕਾਰ ਵਾਲੀ ਹੈ ਪਰ ਕਹਾਣੀ ਵਿਚ ਪਤੀ ਪਤਨੀ ਦੇ ਰਿਸ਼ਤੇ ਨੂੰ ਬਾਖੂਬੀ ਪੇਸ਼ ਕੀਤਾ ਹੈ। ਪਤਨੀ ਦਾ ਸਮਾਜਿਕ ਦਰਜਾ ਅਸ਼ਕ ਕਹਾਣੀ ਦਾ ਮੂਲ ਅਧਾਰ ਬਣਾਉਂਦਾ ਹੈ। ਉਹ ਔਲਾਦ ਦੀਆਂ ਮਾਨਸਿਕ ਗੁੰਝਲਾ ਨੂੰ ਵੀ ਚਿਤਰਦਾ ਹੈ। ਅਸ਼ਕ ਦੀਆਂ ਸਫ਼ਲ ਉਹ ਕਹਾਣੀਆਂ ਹਨ ਜੋ ਤਿੱਖਾ ਵਿਅੰਗ ਸਿਰਜਦੀਆਂ ਹੋਈਆਂ ਸਮਾਜਿਕ ਫ਼ਿਤਰਤ ਤੱਕ ਪਹੁੰਚਦੀਆਂ ਹਨ। ਅਸ਼ਕ ਮਨੁੱਖੀ ਰਿਸ਼ਤਿਆ ਦਾ ਕਹਾਣੀਕਾਰ ਹੈ ਜਿਸ ਨੇ ਪਰਿਵਾਰ ਦੀਆਂ ਬੜੀਆਂ ਗੁੰਝਲਾ ਨੂੰ ਫੜਿਆ ਹੈ।

***ਮ੍ਰਿਦੁਲਾ ਗਰਗ ਸੰਕਲਿਤ ਕਹਾਣੀਆਂ***

***ਅਨੁਵਾਦ : ਬਿੰਦਰ ਬਸਰਾ, ਮੁੱਲ : 160, ਪੰਨੇ :212***





ਮ੍ਰਿਦੁਲਾ ਗਰਗ ਹਿੰਦੀ ਦੀ ਸ਼ਹਿਰੀ ਜ਼ਿੰਦਗੀ ਨੂੰ ਸਮਝਣ ਵਾਲੀ ਅਤੇ ਕਹਾਣੀਆਂ ਵਿਚ ਪੇਸ਼ ਕਰਨ ਵਾਲੀ ਵਿਲੱਖਣ ਕਹਾਣੀਕਾਰ ਹੈ ਜਿਸ ਨੇ ਹਿੰਦੀ ਕਹਾਣੀ ਨੂੰ ਬਹੁਤ ਹੀ ਸ਼ਕਤੀਸ਼ਾਲੀ ਕਹਾਣੀਆਂ ਦਿੱਤੀਆਂ ਹਨ। ਉਸ ਦੀਆਂ ਕਹਾਣੀਆਂ ਅਤੇ ਨਾਵਲ ਭਾਰਤੀ ਤੇ ਵਿਦੇਸ਼ੀ ਜ਼ੁਬਾਨਾ ਵਿਚ ਅਨੁਵਾਦ ਹੋ ਕੇ ਉਸ ਨੂੰ ਵੱਡੀ ਲੇਖਿਕਾ ਬਣਾਉਂਦੇ ਹਨ। ਉਹ ਸਮਾਜ ਵਿਚ ਫੈਲੀਆਂ ਹੋਈਆਂ ਭਿੰਨ-ਭਿੰਨ ਤ੍ਰਸਦੀਆਂ ਨੂੰ, ਉਨ੍ਹਾਂ ਦੇ ਕਲਚਰਲ ਵਖਰੇਵਿਆਂ ਨੂੰ ਤੇ ਮਨੁੱਖ ਦੇ ਪਛਾਣ ਦੇ ਮੁੱਦੇ ਨੂੰ ਫੜਦੀ ਹੈ। ਉਹ ਭਾਰਤੀ ਔਰਤ ਤੇ ਮਰਦ ਦੀ ਜ਼ਿੰਦਗੀ ਨੂੰ ਬਹੁਤ ਨੇੜਿਓ ਦੇਖਦੀ ਹੈ। ਉਸ ਦੀ ਕਹਾਣੀ ਦੀ ਬੁਣਤੀ ਐਨੀ ਕਮਾਲ ਦੀ ਹੈ ਕਿ ਉਹ ਸਮਾਜਿਕ ਪ੍ਰਸੰਗਾ ਨੂੰ ਪੇਸ਼ ਕਰਦੀ ਹੋਈ ਸਾਰਾ ਕੁਝ ਦਿਖਾਉਂਦੀ ਨਹੀਂ। ਪ੍ਰਸੰਗਾ ਨੂੰ ਉਹ ਚਿਹਨਾ ਵਿਚ ਪੇਸ਼ ਕਰਦੀ ਹੋਈ ਪਾਠਕ ਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ। ਪੁਸਤਕ ਵਿਚ ਵਧੇਰੇ ਕਹਾਣੀਆਂ ਔਰਤ ਦੀ ਪੀੜ੍ਹਾ, ਗੁਲਾਮੀ, ਸਵੈ ਸੰਘਰਸ਼, ਸਮਾਜਿਕ ਸੰਵੇਦਨਸ਼ੀਲਤਾ, ਮਨੁੱਖੀ ਅਜ਼ਾਦੀ ਦੀ ਪੇਸ਼ਕਾਰੀ ਕਰਦੀਆਂ ਹਨ। ਉਸ ਨੇ ਆਪਣੀ ਕਹਾਣੀ ਵਿਚ ਮਰਦਾਂ ਦੇ ਬਹੁ-ਪਰਤੀ ਵਿਹਾਰ, ਕਮੀਨਗੀਆਂ, ਤਰਾਸਦੀਆਂ, ਪਾਖੰਡਾਂ ਨੂੰ ਸ਼ਰੇਆਮ ਨੰਗਾ ਕੀਤਾ ਹੈ। ਉਹ ਮਰਦ ਨੂੰ ਔਰਤ ਦੀ ਦ੍ਰਿਸ਼ਟੀ ਤੋਂ ਚਿਤਰਦੀ ਹੈ। ਵੱਡੀ ਗੱਲ ਇਹ ਕਿ ਉਸ ਦੀ ਕਹਾਣੀ ਵਿਚ ਮਨੁੱਖੀ ਜ਼ਿੰਦਗੀ ਧੜਕਦੀ ਹੈ। ਉਸ ਦੀ ਕਹਾਣੀ ਵਿਚ ਪੇਸ਼ ਹੋਈ ਔਰਤ ਵੱਖ ਵੱਖ ਫਿਰਕਿਆ, ਧਰਮਾਂ, ਵਰਗਾਂ, ਜਾਤਾਂ ਅਤੇ ਵੱਖ ਵੱਖ ਉਮਰ ਵਰਗਾ ਦੀ ਹੈ। ਹਰੀ ਬਿੰਦੀ, ਤੁਕ, ਵਿਨਾਸ਼ ਦੂਤ, ਮੀਰਾ ਨੱਚੀ, ਜ਼ੀਰੋ ਅਕਸ, ਤਿੰਨ ਪਲ ਉਸ ਦੀਆਂ ਸਫ਼ਲ ਕਹਾਣੀਆਂ ਹਨ। ਭਾਸ਼ਾ ਦਾ ਸੂਖ਼ਮ ਪ੍ਰਗਟਾਵਾ ਉਸ ਦੀਆਂ ਕਹਾਣੀ ਨੂੰ ਜਾਨਦਾਰ ਬਣਾਉਂਦੇ ਹਨ। ਥੋੜੇ ਸ਼ਬਦਾ ਵਿਚ ਗਰਗ ਦੀ ਕਹਾਣੀ ਦੀ ਗੱਲ ਕਰਨੀ ਸੱਚਮੁੱਚ ਨਿਆ ਹੈ।

***ਚਿੱਤਰਾ ਮੁਦਗਲ ਦੀਆਂ ਕਹਾਣੀਆਂ***

***ਅਨੁਵਾਦ : ਡਾ. ਜਸਵਿੰਦਰ ਕੌਰ ਬਿੰਦਰਾ, ਮੁੱਲ : 150, ਪੰਨੇ :252***


ਚਿੱਤਰਾ ਮੁਦਗਲ ਹਿੰਦੀ ਦੀ ਇਕ ਹੋਰ ਵੱਡੀ ਲੇਖਿਕਾ ਹੋਈ ਹੈ। ਜਿਸ ਨੇ ਮੱਧ ਵਰਗੀ ਮਹਾਂ ਨਗਰਾ ਵਿਚ ਰਹਿੰਦੇ ਮਨੁੱਖ ਨੂੰ ਆਪਣੀਆਂ ਕਹਾਣੀਆਂ ਵਿਚ ਐਨੀ ਬਰੀਕੀ ਨਾਲ ਪੇਸ਼ ਕੀਤਾ ਹੈ ਕਿ ਪਾਠਕ ਉਸ ਦੀ ਸ਼ੈਲੀ ਵਿਚ ਵਹਿ ਜਾਂਦਾ ਹੈ। ਚਿੱਤਰਾ ਨੇ ਬਹੁਤ ਹੀ ਚਰਚਿਤ ਕਹਾਣੀਆਂ ਲਿਖੀਆਂ ਹਨ। ਉਸ ਦੀ ਕਹਾਣੀ ਹੱਡੀ ਹੰਢਾਏ ਅਨੁਭਵ ਦੀ ਕਹਾਣੀ ਹੈ। ਪੁਸਤਕ ਵਿਚ ਉਸ ਦੀਆਂ 16 ਚਰਚਿਤ ਕਹਾਣੀਆਂ ਹਨ। ਚਿੱਤਰਾ ਕੋਲ ਜਗੀਰਦਾਰ ਪਰਿਵਾਰਾਂ ਵਿਚ ਪਿਸ ਰਹੇ ਸਧਾਰਨ ਲੋਕਾਂ ਅਤੇ ਔਰਤ ਦਾ ਅਨੁਭਵ ਸੀ




ਇਹ ਅਨੁਭਵ ਉਸ ਨੇ ਬਹੁਤ ਨੇੜੇ ਤੋਂ ਮਹਿਸੂਸ ਕੀਤਾ। ਸਾਮੰਤਵਾਦ ਵਿਚ ਔਰਤ ਦੀ ਕੀ ਸਥਿਤੀ ਹੁੰਦੀ ਹੈ। ਇਨ੍ਹਾਂ ਸਾਰੇ ਵੇਰਵਿਆਂ ਨੂੰ ਚਿੱਤਰਾ ਆਪਣੀ ਕਹਾਣੀ ਵਿਚ ਲੈ ਕੇ ਆਉਂਦੀ ਹੈ। ਔਰਤ ਦੀ ਅੰਦਰਲੀ ਮਾਨਸਿਕ ਟੁੱਟ-ਭੱਜ ਨੂੰ 'ਪ੍ਰੇਤ ਯੋਨਿ' ਕਹਾਣੀ ਵਿਚ ਇਕ ਔਰਤ ਰਾਹੀ ਪ੍ਰਗਟ ਕਰਦੀ ਹੈ ਜਿਹੜੀ ਟੈਕਸੀ ਵਿਚ ਇਕੱਲੀ ਰਹਿ ਜਾਂਦੀ ਹੈ। ਮਾਂ-ਧੀ ਦਾ ਰਿਸ਼ਤਾ, ਪਤੀ ਪਤਨੀ ਦਾ ਰਿਸ਼ਤਾ, ਪਤਨੀ ਤੇ ਪਰਾਏ ਮਰਦ ਦਾ ਰਿਸ਼ਤਾ, ਔਰਤ ਦੀ ਮਾਨਸਿਕਤਾ ਉਸ ਦੀਆਂ ਕਹਾਣੀਆਂ ਦੇ ਪ੍ਰਮੁੱਖ ਵਿਸ਼ੇ ਹਨ। ਚਿੱਤਰਾ ਨਿਮਨ ਦਰਜੇ ਦੀ ਦਲਿਤ ਔਰਤ ਨੂੰ ਵੀ ਬਹੁਤ ਨੇੜੇ ਤੋਂ ਚਿਤਰਦੀ ਹੈ। 'ਕੁੰਜ' ਕਹਾਣੀ ਮੁੰਬਈ ਵਿਚ ਸ਼ਰਾਬ ਦਾ ਧੰਦਾ ਕਰਨ ਵਾਲੀ ਔਰਤ ਦੀ ਕਹਾਣੀ ਹੈ। ਚਿੱਤਰਾ ਦੀ ਕਹਾਣੀ ਦੀ ਜਿੰਦ ਜਾਨ ਕਹਾਣੀ ਵਿਚ ਪੇਸ਼ ਹੁੰਦੇ ਦ੍ਰਿਸ਼ ਹਨ। ਹਰ ਪਾਤਰ ਆਪਣੀ ਭਾਸ਼ਾ ਲੈ ਕੇ ਕਹਾਣੀ ਵਿਚ ਪੇਸ਼ ਹੁੰਦਾ ਹੈ। ਚਾਹੇ ਉਹ ਝੌਂਪੜੀ ਪੱਟੀ ਦੀ ਔਰਤ ਹੋਵੇ ਚਾਹੇ ਮੱਧ ਵਰਗੀ ਪਰਿਵਾਰ ਦੀ ਔਰਤ ਤੇ ਚਾਹੇ ਜਗੀਰਦਾਰ ਪਰਿਵਾਰ ਦੀ ਔਰਤ। ਉਸ ਦੇ ਵੇਦਨਾ ਭਾਸ਼ਾ ਰਾਹੀਂ ਪ੍ਰਗਟ ਹੁੰਦੀ ਹੈ। ਚਿੱਤਰਾ ਮਨੁੱਖੀ ਮਨ ਦੀਆਂ ਪਰਤਾਂ ਨੂੰ ਬਾਖੂਬੀ ਨਾਲ ਖੋਹਲਦੀ ਹੈ।

***ਰਵਿੰਦਰ ਕਾਲੀਆ ਦੀਆਂ ਚੋਣਵੀਆਂ ਕਹਾਣੀਆਂ***

***ਅਨੁ : ਡਾ. ਗੁਰਚਰਨ ਸਿੰਘ ਅਰਸ਼ੀ, ਮੁੱਲ : 210, ਪੰਨੇ :303***





ਹਿੰਦੀ ਕਹਾਣੀ ਦੇ ਸੱਠਵਿਆਂ ਤੋਂ ਬਾਅਦ ਦੇ ਦਹਾਕੇ ਵਿਚ ਰਵਿੰਦਰ ਕਾਲੀਆ ਦਾ ਨਾਂ ਉਭਰਦਾ ਹੈ। ਜੋ ਕਿ ਆਪਣੀ ਨਿਵੇਕਲੀ ਸੰਵੇਦਨਾ ਤੇ ਸੰਰਚਨਾ ਕਾਰਨ ਕਹਾਣੀ ਵਿਚ ਆਪਣਾ ਸਥਾਨ ਬਣਾਉਂਦਾ ਹੈ। ਪੁਸਤਕ ਵਿਚ 25 ਕਹਾਣੀਆਂ ਸ਼ਾਮਿਲ ਹਨ। ਕਾਲੀਆਂ ਸਧਾਰਨ ਘਟਨਾ ਨੂੰ ਲੈ ਕੇ ਗੰਭੀਰ ਕਹਾਣੀ ਸਿਰਜਣ ਵਾਲਾ ਕਹਾਣੀਕਾਰ ਹੈ। ਕਾਲੀਆ ਦੀ ਕਹਾਣੀ ਦਾ ਪਿਛੋਕੜ ਪੰਜਾਬੀ ਤੇ ਉਰਦੂ ਰਿਹਾ ਹੈ। ਇਸ ਜ਼ਮੀਨ ਵਿਚੋਂ ਉਹ ਹਿੰਦੀ ਵਿਚ ਕਹਾਣੀ ਸਿਰਜਦਾ ਹੈ। ਨਵੀਂ ਸੰਵੇਦਨਾ ਤੇ ਬਦਲ ਰਹੇ ਸਮੇਂ ਦੇ ਯਥਾਰਥ ਨੂੰ ਫੜਨ ਲਈ ਉਹ ਨਵੀਂ ਕਥਾ ਭਾਸ਼ਾ ਤਿਆਰ ਕਰਦਾ ਹੈ। ਆਦਮੀ ਦੇ ਮਸ਼ੀਨ ਵਿਚ ਤਬਦੀਲ ਹੋਣ ਦੇ ਯਥਾਰਥ ਨੂੰ ਉਹ ਕਹਾਣੀ ਵਿਚ ਪੇਸ਼ ਕਰਦਾ ਹੈ। 'ਨੌ ਸਾਲ ਛੋਟੀ ਪਤਨੀ' ਤੇ 'ਇਕ ਡਰੀ ਹੋਈ ਔਰਤ' 'ਚ ਪਤੀ-ਪਤਨੀ -ਪ੍ਰੇਮੀ ਦੀ ਤਿਕੋਣ ਨੂੰ ਨਵੇਂ ਅਰਥ ਦਿੱਤੇ ਹਨ। ਨਵੇਂ ਮਨੁੱਖ ਦੀ ਨਵੀਂ ਸੰਵੇਦਨਾ ਇਨ੍ਹਾਂ ਕਹਾਣੀਆਂ ਵਿਚ ਪੇਸ਼ ਹੋਈ ਹੈ। ਉਹ ਆਪਣੀ ਕਹਾਣੀ ਵਿਚ ਆਜ਼ਾਦੀ ਦੇ ਮੁੱਢਲੇ ਦੌਰ ਦੇ ਖੋਖਲੇ ਸੁਪਨਿਆਂ ਦਾ ਮਖੌਲ ਉਡਾਉਂਦੀ ਹੈ। ਕਹਾਣੀ ਦਾ ਖੇਤਰ ਨਾ ਤਾਂ ਨਗਰ ਤੇ ਕੇਂਦਰਿਤ ਹੈ ਨਾ ਹੀ ਵਿਅਕਤੀ ਕੇਂਦਰਿਤ ਉਸ ਦਾ ਘੇਰਾ ਵਿਸ਼ਾਲ ਹੈ। ਕਾਲੀਆ ਦੀ ਕਹਾਣੀ ਸੰਕਟਕਾਲੀਨ ਸਮਾਜ ਤੇ ਮਨੁੱਖ-ਔਰਤ ਦੀ ਕਹਾਣੀ ਹੈ।

***ਕਾਸ਼ੀਨਾਥ ਸਿੰਘ ਦੀਆਂ ਚੋਣਵੀਆਂ ਕਹਾਣੀਆਂ***

***ਅਨੁਵਾਦ : ਪ੍ਰੇਮ ਪ੍ਰਕਾਸ਼, ਮੁੱਲ : 160, ਪੰਨੇ :216***

ਕਾਸ਼ੀਨਾਥ ਦੀ ਕਹਾਣੀ ਬਦਲ ਰਹੇ ਭਾਰਤ ਦੀਆਂ ਜੜ੍ਹਾਂ ਵਿਚੋਂ ਫੁੱਟਦੀ ਆਧੁਨਿਕਤਾ ਦੇ ਦੌਰ ਨੂੰ






ਉਜਾਗਰ ਕਰਦੀ ਕਹਾਣੀ ਹੈ। ਬਨਾਰਸੀ ਬੰਦੇ ਦੀ ਫਿਤਰਤ ਉਸ ਨੂੰ ਬਨਾਰਸੀ ਠਾਠ ਦਾ ਕਹਾਣੀਕਾਰ ਬਣਾਉਂਦੀ ਹੈ। ਸਧਾਰਨ ਮਨੁੱਖ, ਕਿਰਤੀ, ਮਜ਼ਦੂਰ, ਸਧਾਰਨ ਔਰਤ ਉਸ ਦੀ ਕਹਾਣੀ ਦੇ ਪਾਤਰ ਹਨ। ਉਹ ਆਮ ਆਦਮੀ ਦਾ ਕਹਾਣੀਕਾਰ ਹੈ। ਫੈਂਟਸੀ ਜੁਗਤ ਉਸ ਦੀ ਕਹਾਣੀ ਦੀ ਵਿਲੱਖਣਤਾ ਹੈ। ਆਪਣੇ ਸਮਕਾਲੀਆਂ ਨਾਲੋਂ ਉਹ ਵਿਸ਼ੇ ਵੀ ਵੱਖਰੀ ਕਿਸਮ ਦੇ ਲੈਂਦਾ ਹੈ। 'ਜੰਗਲ ਜਾਤਕਮ' ਜਾਤਕ ਕਥਾਵਾਂ ਦੇ ਇਰਦ ਗਿਰਦ ਘੁੰਮਦੀ ਹੈ। ਉਸ ਦੀਆਂ ਕਹਾਣੀ ਵਿਚ ਦ੍ਰਿਸ਼ਟੀ ਅਹਿਮ ਭੂਮਿਕਾ ਨਿਭਾਉਂਦੀ ਹੈ। ਉਹ ਸਮਕਾਲੀਆਂ ਵਰਗੀ ਕਹਾਣੀ ਨਹੀਂ ਲਿਖਦੇ। ਉਸ ਨੇ ਆਪਣੀ ਕਹਾਣੀ ਦੀ ਜ਼ਮੀਨ ਆਪ ਚੁਣੀ। ਅਤੇ ਇਸ ਜ਼ਮੀਨ ਨੂੰ ਆਪਣੀ ਦ੍ਰਿਸ਼ਟੀ, ਸੋਚ ਅਤੇ ਕੁਸ਼ਲਤਾ ਨਾਲ ਉਪਜਾਊ ਬਣਾਇਆ। ਉਸ ਦੀ ਕਹਾਣੀ ਦੀ ਭਾਸ਼ਾ ਖਾਲਸ ਦੇਸ਼ੀ ਹੈ। ਉਸ ਦੀ ਕਹਾਣੀ ਦਾ ਸੰਸਾਰ 50 ਸਾਲ ਤੱਕ ਫੈਲਿਆ ਹੋਇਆ ਹੈ। ਜਿਸ ਵਿਚ ਭਾਰਤ ਦੀ ਸਮਾਜਿਕ ਦਸਾ ਦਾ ਪਤਾ ਲੱਗਦਾ ਹੈ। ਇਕ ਸ਼ਕਤੀਸ਼ਾਲੀ ਕਹਾਣੀਕਾਰ ਦਾ ਪੰਜਾਬੀ ਵਿਚ ਸਵਾਗਤ ਹੈ।

**ਸੂਰਯਬਾਲਾ ਦੀਆਂ ਚੋਣਵੀਆਂ ਕਹਾਣੀਆਂ**

**ਅਨੁਵਾਦ : ਮਹਿੰਦਰ ਬੇਦੀ ਜੈਤੋ, ਮੁੱਲ : 170, ਪੰਨੇ :230**




ਸੂਰਯਬਾਲਾ ਹਿੰਦੀ ਕਹਾਣੀ ਜਗਤ ਦੀ ਅਜਿਹੀ ਕਥਾਕਾਰ ਹੈ ਜਿਸ ਦੀ ਕਹਾਣੀ ਪਿੰਡ ਤੋਂ ਸ਼ਹਿਰ, ਸ਼ਹਿਰ ਤੋਂ ਮਹਾਂਨਗਰ ਅਤੇ ਮਹਾਂਨਗਰ ਤੋਂ ਪਰਵਾਸ ਵਿਚ ਰਹਿੰਦੇ ਮੱਧਵਰਗੀ ਜੀਵਨ ਅਨੁਭਵਾਂ ਨੂੰ ਸੱਜਰੇ ਚਿਹਨਾ ਨਾਲ ਪੇਸ਼ ਕਰਦੀ ਹੈ। ਮਿਡਲ ਕਲਾਸ ਦੀਆਂ ਮਨੋਗੁੰਝਲਾ ਅਤੇ ਖੰਡਤ ਜੀਵਨ ਨੂੰ ਇਸ ਕਥਾਕਾਰ ਨੇ ਆਪਣੀਆਂ 15 ਕਹਾਣੀਆਂ ਵਿਚ ਪੇਸ਼ ਕੀਤਾ ਹੈ। ਭਾਰਤੀ ਜੀਵਨ ਵਿਚ ਔਰਤ ਦੀ ਕਰੁਣਾ ਉਸ ਦੀ ਕਹਾਣੀ ਦਾ ਇਕ ਹੋਰ ਪਛਾਣ ਚਿੰਨ ਹੈ। ਸਮਾਜ ਵਿਚ ਔਰਤ ਦਾ ਕਰੁਣਾਮਈ ਸਫ਼ਰ ਉਹ ਤਰਕ ਨਾਲ ਬਿਆਨ ਕਰਦੀ ਹੈ। ਕਹਾਣੀ ਵਿਚ ਜਿਹੜੀ ਵੀ ਘਟਨਾ, ਵੇਰਵਾ, ਚਿਹਨ ਜਾਂ ਪਾਤਰ ਆਉਂਦਾ ਹੈ ਉਸ ਵਿਚ ਉਸ ਦੀ ਨਾਰੀ ਪੱਖੀ ਦ੍ਰਿਸ਼ਟੀ ਝਲਕਦੀ ਹੈ। ਸੂਰਯਬਾਲਾ ਦੀ ਕਥਾ ਨੂੰ ਪੜ੍ਹ ਦੇ ਉਹਦੀ ਕਮਾਲ ਦੀ ਸ਼ਿਲਪ ਦਾ ਪਤਾ ਲੱਗਦਾ ਹੈ।

ਇਨ੍ਹਾਂ ਪੁਸਤਕਾਂ ਦੇ ਅਨੁਵਾਦ ਪੰਜਾਬੀ ਦੇ ਕੁਸ਼ਲ ਕਹਾਣੀਕਾਰਾਂ ਅਤੇ ਅਨੁਵਾਦਕ ਵਲੋਂ ਕੀਤਾ ਗਿਆ ਹੈ। ਇਕੋ ਕਿਸਮ ਦੀ ਪੰਜਾਬੀ ਕਹਾਣੀ ਤੋਂ ਬੋਰ ਹੋਏ ਪਾਠਕਾਂ ਲਈ ਇਹ ਸੀਰੀਜ਼ ਪੜ੍ਹਨੀ ਬਹੁਤ ਜ਼ਰੂਰੀ ਹੈ। ਇਨ੍ਹਾਂ ਕਹਾਣੀਆਂ ਵਿਚ ਭਾਰਤ ਦੇ ਭਿੰਨ ਭਿੰਨ ਉਪ ਸਭਿਆਚਾਰ ਅਤੇ ਉਨ੍ਹਾਂ ਦੇ ਅੰਤਰ ਵਿਰੋਧਾ ਦਾ ਪਤਾ ਲੱਗਦਾ ਹੈ। ਨੈਸ਼ਨਲ ਬੁਕ ਟਰੱਸਟ ਵਲੋਂ ਪ੍ਰਕਾਸ਼ਤ ਭਾਰਤੀ ਕਹਾਣੀਕਾਰਾਂ ਦੀ ਇਹ ਸੀਰੀਜ ਪੰਜਾਬੀ ਕਹਾਣੀ ਲੇਖਕਾਂ ਅਤੇ ਪਾਠਕਾਂ ਲਈ ਬਹੁਤ ਲਾਹੇਬੰਦ ਸਿੱਧ ਹੋਵੇਗੀ। ਇਸ ਸੀਰੀਜ਼ ਨੂੰ ਤਿਆਰ ਕਰਨ ਦੀ ਵਿਉਂਤਬੰਦੀ ਪਿੱਛੇ ਟਰੱਸਟ ਦੇ ਜੁਆਇੰਟ ਡਾਇਰੈਕਟਰ ਡਾ. ਬਲਦੇਵ ਸਿੰਘ 'ਬੱਦਨ' ਦੀ ਦ੍ਰਿਸ਼ਟੀ ਕਾਰਜਸ਼ੀਲ ਹੈ।

**ਨੋਟ-ਇਹ ਪੁਸਤਕ ਅਤੇ ਟਰੱਸਟ ਦੀਆਂ ਹੋਰ ਪੁਸਤਕ 'ਕਹਾਣੀ ਧਾਰਾ' ਅਤੇ 'ਪਰਵਾਜ਼ ਪ੍ਰਕਾਸ਼ਨ' ਦੇ ਜਲੰਧਰ ਸਥਿਤ ਦਫ਼ਤਰ ਤੋਂ ਵੀ ਪਾਠਕ ਪ੍ਰਾਪਤ ਕਰ ਸਕਦੇ ਹਨ।**